6 ਜੁਲਾਈ-ਸਤੰਬਰ, 2007

# ਕਹਾਣੀ ਧਾਰਾ



ਮੁੱਲ : 20/-

6 ਜੁਲਾਈ-ਸਤੰਬਰ, 2007

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971



e-mail: kahani_dhara@yahoo.co.in

**ਸੰਪਾਦਕ:**

ਭਗਵੰਤ ਰਸੂਲਪੁਰੀ (94170-64350)

**ਸਹਾਇਕ ਸੰਪਾਦਕ (ਅਨ.)**

ਦੇਸ ਰਾਜ ਕਾਲੀ (93562-67116)

**ਸਹਿਯੋਗੀ**

ਸੁਰਜੀਤ ਸੁਮਨ (98144-30874)

ਟਾਇਟਲ ਫੋਟੋ : PICASSO

**ਰਚਨਾਵਾਂ ਭੇਜਣ ਲਈ ਪਤਾ :**
Editor KAHANI DHARA
V. Dharampura, P.O:. Khambra,
Distt. JALANDHAR-144026
Ph. 0181-2685313

**ਸਾਲਾਨਾ ਚੰਦੇ** : 200 ਰੁਪਏ 10 ਅੰਕ, ਡਾਲਰ 25, ਪੌਂਡ 20
ਪਰਚੇ ਲਈ ਚੰਦੇ ਚੈੱਕ / ਬੈਂਕ ਡਰਾਫਟ / ਮਨੀਆਰਡਰ ਰਾਹੀਂ ਕੇਵਲ
'™181©9 481♣1' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ Bright Printing Press,Mohalla Kishanpura, Jalandhar City ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ, (ਪ੍ਰਕਾਸ਼ਨ ਮਿਤੀ 1 ਅਗਸਤ, 07)

# ਕਹਾਣੀ ਧਾਰਾ

ਜੁਲਾਈ-ਸਤੰਬਰ, 2007

## ਇਸਤਰੀ ਕਹਾਣੀਕਾਰ ਵਿਸ਼ੇਸ਼

ਕਹਾਣੀਆਂ:


| | |
|---|---|
| 1. ਨਿਰਮਲ ਜਸਵਾਲ | ਸਰਸਰਾਹਟ /3 |
| 2. ਸੁਰਿੰਦਰ ਨੀਰ | ਖੁੱਲ ਜਾ ਸਿੰਮ ਸਿੰਮ /5 |
| 3. ਸੋਮਾ ਸਬਲੋਕ | ਜ਼ੀਰੋ ਦੀ ਖੇਡ /16 |
| 4. ਨਰਿੰਦਰ ਕੌਰ ਭੱਚੂ | ਤਮੰਨਾ /22 |
| 5. ਇੰਦਰਜੀਤ ਪਾਲ ਕੌਰ | ਨੋਨਾ /32 |
| 6. ਮਧੂ ਗੁਲਾਟੀ | ਅੰਦਰਲੀ ਤਪਸ਼ /38 |
| 7. ਅੰਮ੍ਰਿਤਪਾਲ ਕੌਰ | ਜਰਾਇਤ /49 |
| 8. ਰੇਮਾ ਖਾਨ | ਜ਼ਿੰਦਗੀ ਦਾ ਕੈਦੀ /54 |

ਮੁਲਾਕਾਤ:

''ਮੈਂ ਸਭ ਨੂੰ ਮਾਫ ਕੀਤਾ''-ਬੇਬੀ ਹਾਲਦਾਰ/ ਮੁਲਾਕਾਤੀ ਪੁਰਿਣਮਾਂ ਪਾਂਡੇ /57

ਆਲੋਚਨਾ ਲੇਖ:

1. ਚੰਦਨ ਨੇਗੀ ਇਕ ਸਾਹਿਤਕ ਮੁਲਾਂਕਣ/ਡਾ. ਜਸਵਿੰਦਰ ਕੌਰ ਬਿੰਦਰਾ /63
2. ਪ੍ਰਵਾਸੀ ਪੰਜਾਬੀ ਨਾਰੀ ਕਥਾ ਜਗਤ ਵਿੱਚ ਨਾਰੀਵਾਦ/ਡਾ.ਅਕਵਿੰਦਰ/67
3. ਆਦਿ-ਕੁਆਰੀ ਦਾ ਸਮਾਜਿਕ ਸਰੋਕਾਰ/ਡਾ. ਜਸਵਿੰਦਰ ਕੌਰ ਬਿੰਦਰਾ/71

ਜਨ ਬੋਧ:

ਰੂਹ ਦਾ ਚੋਲਾ ਬਦਲਨਾ (ਪੁਨਰ ਜਨਮ) ਐਮ. ਐਨ. ਰਾਏ/74

ਪੁਸਤਕ ਪੜਚੋਲ/93

ਹੁੰਗਾਰਾ/96




ਸੰਪਾਦਕੀ

## ਨਾਰੀਵਾਦ ਅਤੇ ਪੰਜਾਬੀ ਇਸਤਰੀ ਕਹਾਣੀਕਾਰ

ਨਾਰੀਵਾਦ ਦਾ ਸੰਕਲਪ ਅੱਜ ਦਾ ਬੜਾ ਵਿਚਾਰ ਉਤੇਜਿਕ ਮੁੱਦਾ ਹੈ। ਨਾਰੀਵਾਦ ਨੂੰ ਸਮਝਣ ਲਈ ਕ੍ਰਿਸਟਲ ਈਸਟਮੈਨ, ਕੈਰੀ ਚੈਪਮੈਨ, ਮਾਰਗੇਟ ਸੈਂਗਰ, ਮਾਰਲਿਨ ਡਿਕਸਨ ਆਦਿ ਵਿਚਾਰਕਾ ਦੇ ਵਿਚਾਰ ਕਾਫੀ ਵਜ਼ਨਦਾਰ ਹਨ। ਪ੍ਰੰਤੂ ਨਾਰੀਵਾਦ ਅਤੇ ਔਰਤ ਦੀ ਸਥਿਤੀ ਨੂੰ ਸਮਝਣ ਦੇ ਲਈ ਸਾਈਮਨ ਡੀ ਬੈਵੋਰ **(Simone de Beauvior)** ਦੀ ਪੁਸਤਕ **Second Sex** ਚੰਗੀ ਮਿਸ਼ਾਲ ਹੈ। ਦੂਜੇ ਪਾਸੇ ਫਰਾਇਡ ਨੇ ਔਰਤ ਦੀ ਸਥਿਤੀ ਨੂੰ ਸਮਝਣ ਵਿਚ ਕੋਈ ਖਾਸ ਰੁਚੀ ਨਹੀਂ ਲਈ। ਉਸ ਨੇ ਪੁਰਸ਼ ਦੀ ਸਥਿਤੀ ਨੂੰ ਹੀ ਥੋੜਾ ਰੁਪਾਂਤਰਿਤ ਕਰਕੇ ਔਰਤ ਦੀ ਸਥਿਤੀ ਨੂੰ ਦੇਖਿਆ। ਮੇਰੀ ਈਗਲਟਨ ਨੇ ਆਪਣੇ ਇਕ ਲੇਖ ਵਿਚ ਇਹ ਮੁੱਦਾ ਉਠਾਇਆ ਕਿ ਔਰਤਾਂ, ਮਰਦਾਂ ਨਾਲੋਂ ਵੱਖਰੇ ਢੰਗ ਨਾਲ ਲਿਖਦੀਆਂ ਹਨ। ਔਰਤ ਲੇਖਕਾਂ ਹੀ ਨਾਰੀਵਾਦੀ ਸੰਵੇਦਨਾ ਨੂੰ ਚੰਗੀ ਤਰ੍ਹਾਂ ਫੜ ਸਕਦੀਆਂ ਹਨ। ਸਾਡੇ ਸਮਾਜ 'ਚ ਔਰਤ ਲੇਖਕਾਂ ਦੀ ਪਛਾਣ ਸਿਰਫ ਇਕ ਔਰਤ ਹੋਣ ਕਰਕੇ ਹੀ ਹੁੰਦੀ ਹੈ।

ਜੇ ਅਸੀਂ ਪੰਜਾਬੀ ਕਹਾਣੀ ਦੀ ਗੱਲ ਕਰੀਏ ਤਾਂ ਪੰਜਾਬੀ ਵਿਚ ਬੜੀ ਸਿੱਦਤ ਨਾਲ ਕੁਝ ਮਰਦ ਕਹਾਣੀਕਾਰਾਂ ਨੇ ਔਰਤ ਮਨ ਦੀਆਂ ਮਨੋ-ਗੁੰਝਲਾ ਨੂੰ ਫੜਿਆ ਹੈ। ਸਾਇਦ ਹੀ ਇਨ੍ਹਾਂ ਮਨੋ-ਗੁੰਝਲਾ ਨੂੰ ਇਸਤਰੀ ਕਹਾਣੀਕਾਰ ਫੜ ਸਕੀਆਂ ਹੋਣ। ਜਿਨ੍ਹਾਂ ਕਹਾਣੀਆਂ ਦੇ ਕੇਂਦਰ ਵਿਚ ਔਰਤ ਅਨੁਭਵਾਂ, ਵਿਚਾਰਾਂ, ਦ੍ਰਿਸ਼ਟੀਆਂ ਅਤੇ ਪ੍ਰਾਪਤੀਆਂ ਤੇ ਅੰਦਰਲੀ ਟੁੱਟ-ਭੱਜ ਨੂੰ ਥਾਂ ਮਿਲੇ, ਉਸ ਕਹਾਣੀ ਨੂੰ ਨਾਰੀਵਾਦੀ ਕਹਾਣੀ ਕਹਿਣਾ ਵਧੇਰੇ ਉਚਿਤ ਹੈ। ਏਥੇ ਨਾਰੀ ਕਹਾਣੀ ਅਤੇ ਨਾਰੀਵਾਦੀ ਕਹਾਣੀ ਦਾ ਨਖੇੜਾ ਕਰਨਾ ਵੀ ਜ਼ਰੂਰੀ ਹੈ।

ਅਜੋਕੇ ਦੌਰ ਵਿਚ ਪੰਜਾਬੀ ਵਿਚ ਇਸਤਰੀ ਕਹਾਣੀਕਾਰ ਘੱਟ ਰਹੀਆਂ ਹਨ। ਸਾਡੇ ਪੰਜਾਬੀ ਵਿਚ 25-30 ਕਹਾਣੀਕਾਰਾਂ ਦਾ ਨਵਾਂ ਪੂਰ ਉੱਠਿਆ ਹੈ ਉਨ੍ਹਾਂ ਵਿਚੋਂ 3-4 ਹੀ ਇਸਤਰੀ ਕਹਾਣੀਕਾਰ ਨਿੱਗਰ ਕਹਾਣੀਆਂ ਲਿਖਦੀਆਂ ਹਨ। ਜੋ ਵੀ ਇਸਤਰੀਆਂ ਕਹਾਣੀਕਾਰਾਂ ਲਿਖ ਰਹੀਆਂ ਹਨ ਉਨ੍ਹਾਂ ਨੇ ਰਵਾਇਤੀ ਇਸਤਰੀ ਦਾ ਬਿੰਬ ਤੋੜਿਆ ਹੈ। ਉਹ ਔਰਤ ਮਨ ਦੀਆਂ ਨਵੀਆਂ ਭਾਵਨਾਵਾਂ ਲੈ ਕੇ ਆਈਆਂ ਹਨ। ਸੁਖਵੰਤ ਕੌਰ ਮਾਨ ਦੀ ਕਹਾਣੀ ਅੱਜ ਵੀ ਉਨੀ ਮੁੱਲਵਾਨ ਹੈ ਜਿਨੀਂ 20 ਸਾਲ ਪਹਿਲਾ ਸੀ ਕਿਉਂਕਿ ਉਸ ਨੇ ਸਮੇਂ ਦੀ ਨਬਜ਼ ਨੂੰ ਫੜਿਆ ਹੈ। ਨਿਰਮਲ ਜਸਵਾਲ, ਵੀਨਾ ਵਰਮਾਂ, ਪਰਵੇਜ ਸੰਧੂ, ਸੋਮਾ ਸਬਲੋਕ ਨੇ ਆਪਣੀ ਕਹਾਣੀ ਵਿਚ ਆਧੁਨਿਕ ਇਸਤਰੀ ਨੂੰ ਫੜਿਆ ਹੈ। 'ਕਹਾਣੀ ਧਾਰਾ' ਕੋਲ ਬਹੁਤ ਸਾਰੀਆਂ ਕਹਾਣੀਆਂ ਜ਼ਮਾ ਹੋ ਗਈਆਂ ਸਨ। ਅਸੀਂ ਉਨ੍ਹਾਂ ਕਹਾਣੀਆਂ ਵਿਚੋਂ ਇਸਤਰੀ ਕਹਾਣੀਕਾਰਾਂ ਦੀਆਂ ਕਹਾਣੀਆਂ ਛਾਂਟ ਕੇ ਵਿਸ਼ੇਸ਼ ਅੰਕ ਬਣਾ ਦਿੱਤਾ। ਕੋਈ ਉਚੇਚਾ ਉਪਰਾਲਾ ਨਹੀਂ ਕੀਤਾ।

੦'ਜਨ ਬੋਧ' ਵਾਲੇ ਭਾਗ ਵਿਚ ਅਸੀਂ ਉਘੇ ਭਾਰਤੀ ਚਿੰਤਨ ਐਮ. ਐਨ. ਰਾਏ ਦਾ ਲੇਖ ਪ੍ਰਕਾਸ਼ਤ ਕਰ ਰਹੇ ਹਾਂ। ਇਸ ਲੇਖ ਵਿਚ ਉਨ੍ਹਾਂ ਪੁਨਰ ਜਨਮ ਦੀ ਇਕ ਕਹਾਣੀ ਨੂੰ ਅਧਾਰ ਬਣਾ ਕੇ ਉਸ ਦਾ ਮਨੋਵਿਗਿਆਨਕ, ਸਮਾਜ ਸਾਸ਼ਤਰੀ ਨਜ਼ਰੀਏ ਤੋਂ ਬੜਾ ਬਰੀਕੀ ਨਾਲ ਅਧਿਐਨ ਕੀਤਾ ਹੈ। ਤਰਕਸ਼ੀਲ ਸੋਚ ਨਾਲ ਜੁੜੇ ਪਾਠਕਾਂ ਲਈ ਇਹ ਲੇਖ ਲਾਹੇਵੰਦ ਤਾਂ ਹੋਵੇਗਾ ਨਾਲ ਹੀ ਆਮ ਪਾਠਕਾਂ ਦੇ ਦਿਮਾਗ ਦੇ ਜੰਗਾਲ ਲੱਗੇ ਕਵਾੜ ਵੀ ਖੋਲੇਗਾ।

੦ ਪਰਚੇ ਨੂੰ ਪ੍ਰੈਸ ਵਿਚ ਭੇਜਣ ਦੀਆਂ ਤਿਆਰੀਆਂ ਕਰ ਹੀ ਰਹੇ ਸਾਂ ਕਿ ਸਾਡਾ ਹਰਮਨ ਪਿਆਰਾ, ਅਜ਼ੀਮ ਤੇ 'ਪਾਸ਼' ਨਾਲੋਂ ਵੱਡਾ ਸ਼ਾਇਰ ਲਾਲ ਸਿੰਘ ਦਿਲ 14 ਅਗਸਤ ਨੂੰ ਵਿਛੋੜਾ ਦੇ ਗਿਆ। ਉਸ ਨੇ ਦਲਿਤ ਲੋਕਾਂ ਦੀ ਪੀੜ ਨੂੰ ਬੜੀ ਕੁਸ਼ਲਤਾ ਨਾਲ ਕਵਿਤਾ ਵਿਚ ਪੇਸ਼ ਕੀਤਾ। ਉਸ ਦੇ ਤੁਰ ਜਾਣ ਨਾਲ ਪੰਜਾਬੀ ਸਾਹਿਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਹ ਬੜੇ ਦੁੱਖ ਦੀ ਗੱਲ ਹੈ ਕਿ ਭਾਸ਼ਾ ਵਿਭਾਗ ਪੰਜਾਬ ਵਰਗੇ ਅਦਾਰੇ ਨੇ 'ਦਿਲ' ਨੂੰ 'ਸ਼੍ਰੋਮਣੀ ਕਵੀ' ਦਾ ਇਨਾਮ ਨਾ ਦੇ ਕੇ ਛੋਟੇ ਕੱਦ ਦੇ ਕਈ ਸਿਖਾਂਦਰੂ ਸ਼ਾਇਰਾ ਨੂੰ ਧੱਕੇ ਨਾਲ ਸ਼੍ਰੋਮਣੀ ਕਵੀ ਬਣਾ ਦਿੱਤਾ। ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆ ਵਿਚ ਅਜਿਹੀ ਲੌਬੀ ਭਾਰੂ ਹੋ ਰਹੀ ਹੈ ਜੋ ਬੜੀ ਬੇਸ਼ਰਮੀ ਨਾਲ ਅਜਿਹੇ 'ਇਨਾਮਾ ਦੀ ਸ਼ੀਰਨੀ' ਦਵਾ ਕੇ ਜਾਤੀਵਾਦ ਉਭਾਰ ਰਹੀ ਹੈ।

*- ਭਗਵੰਤ ਰਸੂਲਪੁਰੀ*

*- ਦੇਸ ਰਾਜ ਕਾਲੀ*

# ਕਹਾਣੀਆਂ

## ਸਰਸਰਾਹਟ / ਨਿਰਮਲ ਜਸਵਾਲ

ਸੱਰ-ਸੱਰ... ਕਿਤੇ ਸਰਸਰਾਹਟ ਜਿਹੀ ਮਹਿਸੂਸ ਹੋਈ। ਚਿਹਰੇ ਤੇ ਮਹੀਨ ਪਾਰਦਰਸ਼ੀ ਦੁਪੱਟਾ ਸੀ। ਕਰਵਟ ਲੈਂਦੇ ਲੈਂਦੇ ਰਹਿ ਗਈ। ਨਾਲ ਹੀ 'ਜ਼ਰੀ' ਸੁੱਤੀ ਪਈ ਸੀ ਤੇ ਉਸਦੇ ਨਾਲ ਸਾਡੇ ਸਾਰਿਆਂ ਦਾ ਦੋਸਤ। ਨਾਟਕ ਦਾ ਅੰਤਿਮ ਸ਼ੋ ਹੋਣ ਦੇ ਕਾਰਨ ਸ਼ਰੀਰ 'ਤੇ ਥਕਾਨ ਥਪਕੀਆਂ ਦੇ ਰਹੀ ਸੀ। ਅੱਜ ਤਾਂ ਖੂਬ ਤਾੜੀਆਂ ਵੱਜੀਆਂ ਤੇ ਸਾਰੇ ਆਪੋ-ਆਪਣੇ ਕਿਰਦਾਰ ਵਿਚ ਸੰਤੁਸ਼ਟ ਸਨ। ਡਾਇਰੈਕਟਰ ਦੀ ਸ਼ਾਬਾਸ਼ੀ, ਲੋਕਾਂ ਦੀਆਂ ਮੁਬਾਰਕਾਂ ਅਤੇ ਇੰਨੀ ਭੀੜ, ਸ਼ੋਰ-ਸ਼ਰਾਬਾ, ਪਾਰਟੀ ਦਾ ਨਸ਼ਾ, ਪਲੇਟਾਂ ਦੀ ਖੜਖੜਾਹਟ...।

ਨਾਟਕ ਖ਼ਤਮ ਹੋਣ ਤੋਂ ਬਾਅਦ ਸਾਰਿਆਂ ਨਾਲ ਟੁਟ ਕੇ ਖਿੰਡ ਜਾਣਾ ਕਿੰਨਾ ਔਖਾ ਸੀ? ਨਾਲ ਹੀ ਸਾਡੇ ਨਾਟਕ ਦੇ ਨਵੇਂ ਸਾਥੀ ਵੀ ਜੋ ਵਿਦਾਈ ਲੈਣ ਤੋਂ ਕਤਰਾ ਰਹੇ ਸਨ, ਉਨ੍ਹਾਂ ਨਾਲ ਤਾਂ ਕਿੰਨੀਆਂ ਹੀ ਗੱਲਾਂ ਕਰਨੀਆਂ ਸਨ, ਜਾਪਿਆ ਜਿਵੇਂ ਸਮਾਂ ਵੀ ਅੱਖ ਨਹੀਂ ਸੀ ਮਿਲਾ ਰਿਹਾ। ਸਾਨੂੰ ਘਰੋਂ ਹਿਦਾਇਤਾਂ ਸਨ ਕਿ ਨਾਟਕ ਤੋਂ ਬਾਅਦ ਸਿੱਧੇ ਘਰ ਆਉਣਾ ਹੈ, 'ਸਾਡੇ ਘਰਾਂ ਦੀਆਂ ਕੁੜੀਆਂ ਰਾਤ ਘਰੋਂ ਬਾਹਰ ਨਹੀਂ ਜੇ ਰਹਿੰਦੀਆਂ, ਰਾਤੀ ਘਰ ਹੀ ਸੌਣਾ ਹੁੰਦਾ ਹੈ।' ਪਰ ਮਜ਼ਬੂਰੀ ਸੀ, ਰਾਤ ਦੇ ਦੋ ਵਜ ਚੁੱਕੇ ਸਨ ਤੇ ਕੋਈ ਵੀ ਵਾਪਿਸ ਨਹੀਂ ਸੀ ਜਾਣਾ ਚਾਹੁੰਦਾ, ਥੱਕੇ ਸਨ ਸਾਰੇ। ਤੈਅ ਹੋਇਆ-ਸਾਰੇ ਤਾਰਿਆਂ ਦੀ ਛਾਵੇਂ ਇਕ ਹੀ ਪੰਗਤ 'ਚ ਸੌਣ ਲਈ ਪੈ ਜਾਣਗੇ।

...ਜ਼ਮੀਨ 'ਤੇ ਪਏ ਪਏ ਹੀ ਕਿੰਨੀਆਂ ਹੀ ਗੱਲਾਂ ਕੁਲਬੁਲਾ ਗਈਆਂ। ਸਾਰਿਆਂ ਦੇ ਸਪਾਟ ਚਿਹਰੇ ਪਿਕਚਰ ਵਾਂਗ ਤੁਰਦੇ ਗਏ। ਉਸ ਦਿਨ 'ਬੱਕਰੀ' ਨਾਟਕ ਦੇ ਲਈ ਪਾਤਰਾਂ ਦੀ ਚੋਣ ਕਰਨੀ ਸੀ। ਤਿੰਨ-ਚਾਰ ਕੁ ਕੁੜੀਆਂ ਅਡੀਸ਼ਨ ਲਈ ਆਈਆਂ ਸਨ, ਦੋ ਕੁੜੀਆਂ ਦੇ ਲਿਬਾਸ ਤੋਂ ਉਨ੍ਹਾਂ ਦੇ ਸਿੱਕੇ ਖਣਕ ਰਹੇ ਸਨ, ਦੂਜੀਆਂ ਸਧਾਰਣ ਰੰਗ-ਰੂਪ ਦੀਆਂ ਸਨ। ਇਕ ਨੂੰ 'ਬੱਕਰੀ' ਨਾਟਕ ਵਿਚ ਬੱਕਰੀ ਦੀ ਮਾਲਕਨ ਗਰੀਬ ਔਰਤ ਦੇ ਰੋਲ ਦੀ ਪੇਸ਼ਕਸ਼ ਕੀਤੀ ਗਈ, ''ਮੈਂ ਇਹ ਰੋਲ ਕਰਾਂਗੀ?'' ਹੈਰਾਨੀ ਤੇ ਗੁੱਸੇ 'ਚ ਮੂੰਹ ਵਟਦੀ ਉਹ ਚਲੇ ਗਈ, ਦੂਜੀ ਨੂੰ ਨ੍ਰਿਤ ਆਉਂਦਾ ਸੀ। ਉਹ ਪਹਿਲਾਂ ਤੋਂ ਹੀ ਹੀਰੋ ਦੀ ਚੋਣ ਸੀ ਹਾਂ ਜ਼ਰੀ ਸੀ ਉਹ, ਜੋ ਇਕ ਨੁਕਰ ਤੇ ਖੜੀ ਹੱਸ ਰਹੀ ਸੀ ਤੇ ਇਕ ਸਧਾਰਣ ਪਹਿਰਾਵੇ ਵਾਲੀ ਕੁੜੀ 'ਤੇ ਹੱਸਦੀ ਹੋਈ ਉਸ ਵੱਲ ਇਸ਼ਾਰਾ ਕਰਦੀ ਕਹਿ ਰਹੀ ਸੀ, ''ਇਹ ਇਸ ਔਰਤ ਦੇ ਰੋਲ ਲਈ ਫਿਟ ਹੈ, ਫੇਰ ਤਾਂ ਸਾਰਿਆਂ ਲਈ ਉਹ 'ਠੀਕ' ਹੋ ਗਈ, ਨਾਟਕ ਹੈ ਇਹ, ਉਹ ਕੁੜੀ ਵੀ ਖੁਸ਼ ਹੋ ਗਈ।

ਫੇਰ ਸਰਸਰਾਹਟ ... ਉਹ ! ਇਹ ਕੀ ਹੈ? ਕੰਨ੍ਹਾਂ 'ਚ ਫੇਰ ਤੋਂ ਫੁਸਫੁਸਾਹਟ ... ਕੀ ਇਹ ਜ਼ਰੀ ਦਿਮਾ.ਗ 'ਚ ਸਵਾਲ ਪੈਦਾ ਹੋਇਆ... ਨਹੀਂ ਨਹੀਂ ਇਹ ਨਹੀਂ ਹੋ ਸਸਦਾ।

ਕਿਉਂ ਨਹੀਂ ਹੋ ਸਕਦਾ... ਉਸ ਦਿਨ ਜ਼ਰੀ ਨੇ ਨੱਕ ਮੂੰਹ ਸੁੰਗੜੇਦੇ ਕਿਹਾ ਸੀ, ''ਮੈਂ ਇਨ੍ਹਾਂ ਮੁੰਡਿਆ ਨੂੰ ਮੂੰਹ ਨਹੀਂ ਲਾਉਂਦੀ, ਇਹ ਸਾਰਿਆਂ ਨੂੰ ਬੱਕਰੀ ਹੀ ਸਮਝਦੇ ਨੇ, ਪਰ ਆਪ ਮੈਂਅ... ਮੈਂਅ ਕਰਦੇ ਫਿਰਦੇ ਨੇ...।'' ਮੈਨੂੰ ਜ਼ਰੀ ਚੰਗੀ ਲੱਗੀ ਸੀ। ਸਾਰਿਆਂ ਵਿਚ ਨੱਚਦੀ-ਟੱਪਦੀ ਵੱਖਰੀ-ਵੱਖਰੀ ਰਹਿੰਦੀ ਸੀ ਉਹ।

ਇਹ ਜ਼ਰੀ ਨਾਂ ਵੀ ਖੂਬ ਹੈ। ਕਹਿੰਦੀ ਹੈ , ''ਮੈਂ ਘਰ ਵਾਲਿਆਂ ਲਈ ਬਹੁਤ ਕਿਸਮਤ ਆਲੀ ਹਾਂ, ਜਦੋਂ ਪੈਦਾ ਹੋਈ ਤਾਂ ਢੇਰ ਸਾਰੇ ਤੋਹਫੇ ਆਏ ਉਨ੍ਹਾਂ ਤੋਹਫਿਆਂ 'ਚ ਜਿਆਦਾਤਰ ਜ਼ਰੀ ਦੀਆਂ ਪੋਸ਼ਾਕਾ ਸਨ ਤੇ ਇਸ ਤਰ੍ਹਾਂ ਉਸ ਦਾ ਨਾਂ ਜ਼ਰੀ ਪੈ ਗਿਆ। ਅਮੀਰ ਮਾਂ-ਬਾਪ ਦੀ ਕੱਲੀ-ਕਾਰੀ ਧੀ।

ਖਿਆਲਾਂ-ਖਿਆਲਾਂ 'ਚ ਹੀ ਮੈਂ ਕਰਵਟ ਲੈ ਲਈ, ਦਿਲ ਧੱਕ ਰਹਿ ਗਿਆ, ਅੱਖ ਖੁੱਲ ਗਈ। ਫੁਸਫੁਸਾਹਟ ਦੋ ਚਿਹਰਿਆਂ 'ਚ ਸੀ, ਜ਼ਰੀ ਵੱਲ ਥੋੜ੍ਹੀ ਦੂਰੀ ਤੇ ਹੀ ਉਸ ਨਾਲ ਪਏ ਹੋਏ ਜਿਸਮ ਦਾ ਚੁੰਮਣ-ਪ੍ਰਤੀ-ਚੁੰਮਣ ਸੀ ਇਹ। ਸਾਰੇ ਸੁੱਤੇ ਪਏ ਜਿਸਮਾਂ ਤੋਂ ਬੇਖਬਰ ਦੋ ਜਿਸਮ, ਇਕ ਦੂਜੇ ਨਾਲ ਲਿਪਟਦੇ ਰਲਗਡ ਕੁਲਬੁਲਾਂਦੇ ਸਰਸਰਾਹਟ 'ਚ ਗੜ੍ਹੱਚ। ਨਜ਼ਰਾਂ ਤੋਂ ਕਈ ਚਿੰਘਾੜੀਆਂ, ਉੱਠਦੀਆਂ, ਡਿੱਗਦੀਆਂ ਬੁੱਝਦੀਆਂ ਰਹੀਆਂ। ਪਰਦਾਰਸ਼ੀ ਦੁਪੱਟਾ ਚਿਹਰੇ 'ਤੇ ਪਿਆ ਸਿਮਟਦਾ, ਸਰਸਰਾਹਟ ਨਾਲ ਉਲਝਦਾ, ਸਿਮਟੇ ਹੋਏ ਕਪੜਿਆਂ 'ਚ ਜ਼ਰੀ ਨੂੰ ਵੇਖਦਾ ਰਿਹਾ। ਆਪਣੇ 'ਤੇ ਗੁੱਸਾ ਆਇਆ, ਮੈਨੂੰ ਕੀ ਹੋਇਆ ਸੀ ਜੋ ਮੇਰੀ ਅੱਖ ਖੁੱਲ੍ਹ ਗਈ। ਇਹ ਕਿਹੋ ਜਿਹਾ ਸੰਨਾਟਾ ਸੀ, ਕਿਹੋ ਜਿਹੀ ਥਾਪ ਸੀ, ਕਿਹੋ ਜਿਹੀ ਕੁਲਬੁਲਾਂਦੇ ਜਿਸਮਾਂ ਦੀ 'ਵਾਜ਼ ਸੀ?



ਸੁਣਿਆ ਸੀ ਗੁਲਾਬ ਦੀ ਖੁਸ਼ਬੋ ਲੈਣ ਵਾਲਾ ਉਸਦੇ ਕੰਡਿਆਂ ਕਾਰਨ ਉਸਨੂੰ ਛੂਹ ਨਹੀਂ ਸੀ ਸਕਦਾ, ਪਰ ਜੇਕਰ ਗੁਲਾਬ ਖ਼ੁਦ ਆਪਣੀ ਪੱਤੀਆਂ ਚਟਕਾ ਕੇ, ਖਿੰਡਾਂ ਕੇ ਸਪੁਰਦ ਕਰ ਦੇ ਫੇਰ?''

ਚਿਹਰੇ 'ਤੇ ਅਟਕੀ ਹੋਈ ਅੱਖ, ਇਨ੍ਹਾਂ ਦੋ ਅੱਖਾਂ 'ਤੇ ਪਾਰਦਰਸ਼ੀ ਦੁਪੱਟਾ ਹੁੰਦੇ ਹੋਏ ਵੀ ਝਪਕਣ ਤੋਂ ਨਾਂਹ ਕਰ ਦਿੰਦੀ ਹੈ ਜਿਵੇਂ ਸ਼ਿਕਵਾ ਕਰ ਰਹੀ ਹੋਵੇ, ''ਵੇਖ-ਵੇਖ ਉਹ ਨਾਦਾਨ ਤੇ ਤਨਹਾਂ ਜਿਸਮ ਇਕ ਖੂਬਸੂਰਤ ਖੁਸ਼ਬੂਦਾਰ ਜਿਸਮ ਦਾ ਸਿਸਕਾ, ਟੁੱਟਣਾ ਤੇ ਹਰ ਵਾਰ ਨਵੇਂ ਮਰਦ ਦੇ ਪਰਛਾਵੇਂ ਨਾਲ ਜੁੜਨਾ...।''

ਪੁੱਛਿਆ ਸੀ ਇਕ ਵਾਰ, ''ਇਕ ਹੀ ਜਿਸਮ 'ਤੇ ਮਰਦਾਂ ਦੀ ਭੁੱਖ ਦਾ ਟੁਟਨਾ , ਇਹ ਕਿਉਂ ਹੈ ਜ਼ਰੀ?' ਉਹ ਖਿੜਖਿੜਾਉਂਦੀ ਹੈ।

''ਕੀ ਇਸ਼ਕ ਇਕੋ ਸਮੇਂ ਕਈ ਲੋਕਾਂ ਨਾਲ ਕੀਤਾ ਜਾ ਸਕਦਾ ਹੈ? ਜਿਸਮਾਂ ਨਾਲ ਲਗਾਅ, ਲਰਜਦੇ ਬੁੱਲਾਂ ਤੇ ਕਈ ਬੁੱਲ੍ਹਾਂ ਦੇ ਸਾਏ ਜ਼ਰੀ ਕੀ ਇਹ ਇਸ਼ਕ ਹੈ?''

ਮੇਰੇ ਅੰਦਰੋਂ ਕੋਈ ਮੈਨੂੰ ਤਾੜਦਾ ਹੈ, ''ਤੂੰ ਤਨਹਾ ਹੈਂ, ਕਿਸੇ ਦੀ ਖੁਸ਼ੀ ਤੈਥੋਂ ਨਹੀਂ ਵੇਖ ਹੁੰਦੀ।' ਇਸ ਸਭ ਨਾਲ ਤੈਨੂੰ ਕੀ? '' ਪਰ ਮੇਰੀ ਈਰਖਾ ਇਹ ਗੱਲ ਮੰਨਣ ਤੋਂ ਮੁਨਕਰ ਹੋ ਜਾਂਦੀ ਹੈ।

'ਜ਼ਰੀ ਨਾਲ ਨਫਰਤ ਹੋ ਰਹੀ ਹੈ।' ਮੈਂ ਆਪਣੀ ਅੰਦਰਲੀ ਔਰਤ ਨੂੰ ਤਾੜਦੀ ਹਾਂ।

''ਨਫਰਤ ! ਉਸਦੇ ਸਜਾਵਟੀ ਜਿਸਮ ਨਾਲ ਜਾਂ ਉਸਦੀ ਆਪਣੀ ਭੁੱਖ ਨਾਲ, ਸੁਗੰਧ ਨਾਲ ਭਰਿਆ ਉਸਦਾ ਜ਼ਿਸਮ...।''

''ਕੰਨਾਂ ਨੇ ਖ਼ੁਦ ਸੁਣਿਆ ਏ... ਉਹ ਮੈਥੋਂ ਪੁਛ ਰਹੀ ਸੈ , 'ਮੈਂ ਅੱਜ ਅਸ਼ਵਨੀ ਨੂੰ ਮਿਲਣ ਜਾ ਰਹੀ ਹਾਂ, ਕਿਹੋ ਜਿਹੀ ਲੱਗ ਰਹੀ ਹਾਂ...।''

''ਖੂਬ ਲਗ ਰਹੀ ਏਂ... ਪਰ ਹੁਣੇ ਹੀ ਤਾਂ ਤੂੰ ਨਵਤੇਜ ਨੂੰ ਮਿਲ ਕੇ ਆਈਂ ਏ...।''

ਉਸਨੇ ਆਪਣੇ ਜਿਸਮ 'ਤੇ ਪੈਆਇਜ਼ਨ ਸੈਂਟ ਛਿੜਕਦੇ ਕਿਹਾ, ''ਹਾਂ ਉਦੋਂ ਚਾਰਲੀ ਲਗਾਇਆ ਸੀ' ਹੱਸਦੀ ਹੈ ਤੇ ਹੱਸਦੇ ਹੱਸਦੇ ਰੁਕ ਜਾਂਦੀ ਹੈ, ਚਿਹਰੇ ਦੇ ਖਿਚਾਅ 'ਚ ਮੁਸਕਰਾਂਦੀ ਹੈ। ਕਿਤੇ ਰੜਕ ਜਿਹੀ ਹੁੰਦੀ ਹੈ, ਅਦਾਵਾਂ 'ਚ ਘਿਰੀ ਮੇਨਕਾ ਜਿਵੇਂ ਆਪਣੇ ਸਰਾਪ ਨੂੰ ਝੱਲ ਰਹੀ ਹੋਵੇ, ਵਿਸ਼ਵਾ ਮਿੱਤਰ ਨੂੰ ਲੁਭਾਣ ਵਾਲਾ ਉਸਦਾ ਇਹ ਨ੍ਰਿਤ-ਸ਼ੈਲੀ 'ਚ ਢਲਿਆ ਜਿਸਮ ਕਿਵੇਂ ਛੱਲ ਰਿਹਾ ਹੈ, ਕਿਸ ਰਿਸ਼ੀ ਦੀ ਤਲਾਸ਼ 'ਚ ਸਿਰਫ ਭੋਗ ਨਾਲ ਲਿਪਟੀ ਹੋਈ ਹੈ ਜ਼ਰੀ? ਕੀ ਔਰਤ ਸਿਰਫ ਭੋਗ ਯੋਗ ਜਾਂ ਛਲਾਵਾ?

ਕਾਸ਼ ! ਜ਼ਰੀ ਤੂੰ ਮੇਰੀਆਂ ਅੱਖਾਂ ਨੂੰ ਬੰਦ ਮਹਿਸੂਸ ਨਾ ਕਰ ਸਕਦੀ, ਮੇਰੀਆ ਅੱਖਾਂ 'ਤੇ ਪਏ ਇਸ ਪਾਰਦਰਸ਼ੀ ਦੁਪੱਟੇ ਨੂੰ ਚੱਕ ਸਕਦੀ ਤਾਂ ਵੇਖਦੀ ਇਹ ਅੱਖ ਸਭ ਕੁਝ ਸੁਣ ਤੇ ਵੇਖ ਰਹੀ ਹੈ।

ਮੇਰੀ ਅੱਖ ਆਪਣੇ ਜਿਸਮ ਨੂੰ ਵੇਖਦੀ ਹੈ।

ਪਾਰੇ ਵਰਗਾ ਮੇਰਾ ਜਿਸਮ ਤੇਰੇ ਜਿਸਮ ਦੀਆਂ ਆਹਟਾਂ ਨਾਲ ਮਰਿਆ ਨਹੀਂ ਸੀ, ਸਗੋਂ ਜੀਵੰਤ ਹੋ ਉੱਠਿਆ ਸੀ। ਭੋਗ ਦੀ ਸੀਮਾਂ ਤੋਂ ਪਰੇ ਖ਼ੁਦ ਸਾਰਾ ਕੁਝ ਟੁੱਟਦਾ ਮਹਿਸੂਸ ਕਰਦਾ ਰਿਹਾ ਸੀ ਇਹ ਮੇਰਾ ਜ਼ਿਸਮ ਜ਼ਰੀ ! ਯਾਦ ਕਰ ਜ਼ਰੀ, ਜਦੋਂ ਤੂੰ ਅਸ਼ਵਨੀ ਤੇ ਨਵਤੇਜ ਨੂੰ ਮਿਲਣ ਬਾਅਦ ਮੇਰੇ ਨਾਲ ਇਧਰ ਤੇ ਪ੍ਰਮੋਦ ਦੀ ਬਗਲ 'ਚ ਉਧਰ, ਹੋਰਨਾਂ ਸਾਥੀਆਂ ਨਾਲ ਬਰਾਂਡੇ ਵਿਚ ਪਈ ਤਾਰਿਆਂ ਦੀ ਰੌਸ਼ਨੀ ਤੋਂ ਅੱਖ ਚੁਰਾ ਰਹੀ ਸੀ ਤੇ ਉਡੀਕ ਰਹੀ ਸੀ ਕਿ ਅਸੀਂ ਸਾਰੇ ਸੌਂ ਜਾਈਏ। ਤੈਨੂੰ ਜਾਪਿਆ ਨਾਟਕ ਖਤਮ ਹੋਣ ਤੇ ਅਸੀਂ ਸਾਰੇ ਥੱਕੇ ਸੌਂ ਗਏ ਹਾਂ। ਮੈਂ ਵੀ ਸੌਂ ਗਈ ਸਾਂ ਸ਼ਾਇਦ। ਪਰ ਮੇਰੀ ਇਹ ਅੱਖ, ਤੇਰੀ ਜੀਨ ਦੀ ਪੈਂਟ ਪਾਈ ਜਿਸਮ ਉੱਤੇ ਪ੍ਰਮੋਦ ਦੇ ਜਿਸਮ ਨੂੰ ਵੇਖ ਤੰਨਹਾਂ ਨਹੀਂ ਸੀ ਰਹਿ ਸਕੀ। ਭੋਗ ਦੀ ਇਸ ਕ੍ਰੀੜਾ ਨੂੰ ਮੇਰੀ ਇਸ ਕੁਆਰੀ ਅੱਖ ਨੇ ਬਹੁਤ ਨੇੜਿਓ ਵੇਖਿਆ ਸੀ ਜਿਵੇਂ ਸਮਾਧੀ 'ਚ ਬੈਠੇ ਵਿਸ਼ਵਾ ਮਿੱਤਰ ਨੇ ਆਪਣੀ ਅੱਖ ਖੋਲ ਲਈ ਹੋਵੇ ਤੇ ਅਚਾਨਕ ਮੈਨੂੰ ਮਹਿਸੂਸ ਹੋਇਆ ਇਹ ਤੂੰ ਨਹੀਂ ਇਹ ਤਾਂ ਮੈਂ ਹਾਂ, ਚਿਹਰਾ ਬਦਲ ਗਿਆ ਹੈ। ... ਮੈਨੂੰ ਦੱਸ, ਛਿਣ ਭਰ ਦੇ ਭੋਗ ਤੋਂ ਮੈਨੂੰ ਕੀ ਪ੍ਰਾਪਤ ਹੋਇਆ ਜ਼ਰੀ? 'ਕਾਮ' ਦਾ ਨਾ ਮੁਕਣ ਵਾਲਾ ਦਰਦ ਸਿਰਫ? ... ਮੈਥੋਂ ਨਹੀਂ, ਇਨ੍ਹਾਂ ਵੇਖਦੀਆਂ-ਸੁਣਦੀਆਂ ਅੱਖਾਂ ਤੋਂ ਪੁਛ ... ਤੂੰ ਇਕ ਲੰਮੀ ਉਮਰ ਸੰਤਰੇ ਦੀ ਫਾੜੀ ਵਾਂਗ ਵੇਗ ਨਾਲ ਸੁਟ ਆਈ ਹੈਂ ! ਉਸ ਪਸ਼ੂ-ਬਿਰਤੀ ਨੂੰ ਮੈਂ ਬੜੇ ਨੇੜਿਓ ਜਾਣਿਆ ਸੀ... ਉਫ਼ !

ਸਭ ਕੁਝ ਸ਼ਾਂਤ, ਥੱਕੇ ਮਾਂਦੇ ਜ਼ਿਸਮ ਇਕ ਦੂਜੇ ਨਾਲ ਲਿਪਟੇ ਪਏ ਹੋਏ ਸਨ।

ਬਾਰਿਸ਼ ਹੋ ਰਹੀ ਹੈ, ਬਾਹਰ ਸੁੱਤੇ ਜਿਸਮ ਹੋਰ ਸਿਮਟ ਗਏ... ਅੰਗੜਾਈ ਲੈਂਦੇ ਸਾਰੇ ਜਾਗ ਪਏ ਨੇ। ਸਮੇਂ ਨੂੰ ਥਪਥਪਾ ਕੇ ਉਨ੍ਹਾਂ ਵਿਚੋਂ ਕਈ ਜਿਸਮ ਇਕ ਇਕ ਕਰਕੇ ਚਲੇ ਗਏ। ਜ਼ਰੀ ਤੇਰੀ ਖੁਸ਼ਬੂ ਨਾਲ ਲਿਪਟਿਆ



ngh
Nagar,

ਹੋਇਆ ਜਿਸਮ ਵੀ ਉੱਠਿਆ ... ਉਸਨੂੰ ਘਰ ਪਹੁੰਚਣ ਦੀ ਬਹੁਤ ਕਾਹਲ ਸੀ। ਸਾਰੇ ਬੇਖਬਰ ਸਨ। ਸਵੇਰ ਹੋ ਚੁੱਕੀ ਸੀ। ਮੇਰੀ ਖੁੱਲ੍ਹੀ ਅੱਖ ਵੀ ਖੁੱਲ੍ਹੀ ਹੀ ਸੌਂ ਗਈ ਸੀ। ਦੋਹਾਂ ਜਿਸਮਾਂ ... ਜਿਵੇਂ ਉਹ ਇਕ ਦੂਜੇ ਨੂੰ ਜਾਣਦੇ ਹੀ ਨਾ ਹੋਣ...।' ਮੁੱਠੀ ਨੂੰ ਕਸ ਕੇ ਘੁੱਟਦੀ ਉਨ੍ਹਾਂ ਨੂੰ ਵੇਖਦੀ ਹਾਂ। ਗੁੱਸਾ ਉਸ ਭੋਗਣ ਵਾਲੇ ਭੋਗੀ ਤੇ ਨਹੀਂ, ਜ਼ਰੀ ਤੇ ਹੈ, ਜਿਸਨੇ ਆਪਣੀ ਭੋਗ ਇੱਛਾ ਨੂੰ ਇੰਨੀ ਸਹਿਜਤਾ ਨਾਲ ਸੰਤੁਸ਼ਟ ਕਰ ਲਿਆ ਜਿਵੇਂ ਕੁਝ ਹੋਇਆ ਹੀ ਨਾ ਹੋਵੇ? ਜ਼ਰੀ ਹਰ ਔਰਤ ਆਪਣੇ ਆਪ 'ਚ ਇਕ ਭੋਗ ਹੈ, ਪਰ ਤੈਨੂੰ ਕਿਵੇਂ ਦੱਸਾ, ਤੇਰੇ ਕੱਚੇ ਅਨੁਭਵ ਦੀ ਕੰਧ ਨੇ ਮੈਨੂੰ ਢਾਹ ਲਿਆ ਹੈ। ਸੁੱਤੇ ਸੁੱਤੇ ਹੀ ਮੈਂ ਉਸਨੂੰ ਸ਼ਾਇਦ ਪੁਛ ਰਹੀ ਹਾਂ, 'ਰਾਤੀਂ ਕੀ ਸੀ ਉਹ...? ਅੱਡ ਅੱਡ ਸੈਂਟ ਦੀ ਖੁਸ਼ਬੋ ਤੈਨੂੰ ਬੂੰਦ ਬੂੰਦ ਖ਼ਤਮ ਹੋਣ ਦਾ ਇਸ਼ਾਰਾ ਨਹੀਂ ਦੇ ਰਹੀ...।''

ਉਸ 'ਤੇ ਮੇਰੀਆਂ ਗੱਲਾਂ ਦਾ ਕੋਈ ਅਸਰ ਨਹੀਂ... 'ਮੇਰੇ ਲਈ ਜਿਸਮ ਦੀ ਇੱਛਾ ਇਕ ਕੰਮਪੋਜ ਦੀ ਟੇਬਲੇਟ ਵਰਗੀ ਹੈ...।''

ਉਹ ਜਵਾਬ ਦਿੰਦੀ ਹੋਈ ਆਪਣੀ ਮੋਟੀ ਜੀਨ ਦੀ ਪੈਂਟ ਨੂੰ ਠੀਕ ਕਰਦੀ ਹੈ ਤੇ ਹਥੇਲੀਆਂ ਨਾਲ ਚਿਹਰੇ ਨੂੰ ਥਪਥਪਾਂਦੀ ਹੈ। ਮੈਂ ਦੁੱਪਟੇ 'ਚੋਂ ਹੀ ਉਸਨੂੰ ਵੇਖ ਰਹੀ ਹਾਂ।

o o o

'ਸੁਣ ਸੁਣ ਉੱਠ ਚਲ ਚੱਲੀਏ ! ਸਵੇਰ ਹੋ ਗਈ ਹੈ।' ਜ਼ਰੀ ਮੇਰਾ ਦੁਪੱਟਾ ਖਿਚਦੀ ਹੈ।

ਰਾਤ ਦੇ ਦ੍ਰਿਸ਼ਾ ਤੋਂ ਡਰਦੀ ਮੇਰੀ ਖੁੱਲੀ ਅੱਖ ਸੌਂ ਰਹੀ ਹੈ, ਅੱਖ ਚੀਖਦੀ ਹੈ, ''ਮੈਨੂੰ ਨਾ ਜਗਾਓ , ਮੈਂ ਬੁਰੀ ਤਰ੍ਹਾਂ ਥੱਕ ਗਈ ਹਾਂ।''

ਮੈਨੂੰ ਲਗਦਾ ਹੈ ਜਿਵੇਂ ਮੈਂ ਉਸ ਭੋਗ ਦੇ ਛਿਣਾਂ 'ਚ ਟੁਟ ਟੁਟ ਕੇ ਕਿਰਦੇ ਦਰੋਪਦੀ ਦੇ ਕੇਸ਼ਾਂ ਵਾਂਗ ਖਿਲਰੀ ਪਈ ਹਾਂ, ਜਿਨ੍ਹਾਂ ਨੂੰ ਬੰਨਣ ਲਈ ਦੋ ਹੱਥ ਨਹੀਂ, ਪੰਜ ਮਰਦਾਂ ਦੇ ਦੋ-ਦੋ ਹੱਥਾਂ ਦੀ ਲੋੜ ਪਵੇਗੀ ਤੇ ਮੇਰੀ ਖੁੱਲ੍ਹੀ ਅੱਖ ਲਹੂ ਨਾਲ ਲਿਬੜੇ ਉਨ੍ਹਾਂ ਰੇਸ਼ਮੀ ਕੇਸ਼ਾਂ ਨੂੰ ਵੇਖ ਰੋ ਪਵੇਗੀ।

'ਜ਼ਰੀ ਤੂੰ ਚੰਗੀ ਤਰ੍ਹਾਂ ਸੁੱਤੀ?' ਵਿਸ਼ਵਾਸ ਨਾ ਕਰਦੇ ਹੋਏ ਵੀ ਮੇਰੀ ਅੱਖ ਉਸਨੂੰ ਟੋਹ ਰਹੀ ਹੈ। ਗੁੱਸਾ ਪਤਾ ਨਹੀਂ ਕਿੱਥੇ ਚਲਾ ਗਿਆ।

'ਚਲ ਚੱਲੀਏ ਸ਼ਾਮੀ ਨਾਟਕ ਦੇ ਸਫਲਤਾ ਦੀ ਪਾਰਟੀ ਹੈ।

ਜ਼ਰੀ ਬੇਖ਼ੌਫ ਹੈ। ਮੈਂ ਆਪਣੇ ਆਪ ਨੂੰ ਟਟੋਲਦੀ ਹਾਂ, ਮੈਂ ਕਿਓਂ ਡਰੀ। ਮੈਨੂੰ ਇਸ ਸਾਰੇ ਨਾਲ ਕੀ?''ਫੇਰ ਜਿਵੇਂ ਗੁਆਚੇ ਹੋਏ ਬੋਲ ਸੁਣਾਈ ਦਿੰਦੇ ਨੇ,

''ਇਹ ਵੀ ਇਕ ਨਾਟਕ ਹੈ, ਸੰਸਾਰ ਦੇ ਭੋਗ ਦਾ, ਆਪਣੀ ਆਪਣੀ ਵਾਰੀ ਨੂੰ ਭੁਗਤਣ ਦਾ, ਭੋਗ ਦੇ ਦੰਭ ਦਾ ਅਗਲੇ ਦਿਨ ਦੇ ਇੰਤਜ਼ਾਰ ਵਿਚ ਉਸੇ ਨਾਟਕ ਨੂੰ ਦੁਹਰਾਉਣਦਾ...।

ਜ਼ਰੀ ਉਸ ਲੰਘ ਚੁੱਕੇ ਛਿਣ ਤੋਂ ਕਿੰਨੀ ਬੇਖ਼ਬਰ-ਬੇਖੌਂਫ ... ਧੁੰਦਲੀ ਸ਼ਾਮ ਵਾਂਗ... ਅਤੇ ਕਿਤੇ ਕੁਦਰਤ ਵਿੱਚ ਵੀ ਪੱਤਿਆਂ ਦੀ ਖੜਖੜਾਹਟ ! ਸਰਸਰਾਹਟ ! o ਪਤਾ- **140, 35 / A, CHANDIGARH**

---

## ਖੁੱਲ੍ਹ ਜਾ ਸਿੰਮ ਸਿੰਮ / ਸੁਰਿੰਦਰ ਨੀਰ

ਦਰਵਾਜ਼ੇ 'ਤੇ ਠਕ-ਠਕ ਹੋ ਰਹੀ ਹੈ। ਸ਼ਾਇਦ ਘੜੀ ਭਰ ਪਹਿਲਾਂ ਹੋਈ ਸੀ, ਪਰ ਮੈਂ ਆਪਣੇ ਵਿਚਾਰਾਂ ਵਿਚ ਗ੍ਰਸਿਆ ਧਿਆਨ ਨਹੀਂ ਸਾਂ ਦੇ ਸਕਿਆ ਪਰ ਹੁਣ ਤਾਂ ਬਹੁਤ ਜ਼ੋਰ ਨਾਲ ਦਰਵਾਜ਼ਾ ਖੜਕ ਰਿਹਾ ਹੈ। ਉਠ ਕੇ ਵੇਖਾਂ? ਕਿਤੇ ਬਾਹਰ ਤੇਜ਼ ਚਲ ਰਹੀ ਹਵਾ ਨਾਲ ਦਰਵਾਜ਼ਾ ਨਾ ਵਜ ਰਿਹਾ ਹੋਵੇ... ਪਰ ਨਹੀਂ ਇਹ ਤਾਂ ਕਿਸੇ ਦੇ ਬੂਹਾ ਖੜਕਾਣ ਦੀ ਹੀ ਅਵਾਜ਼ ਹੈ...

''ਕਰਨਿਆ... ਓ... ਕਰਨਿਆ...।'' ਬਾਹਰੋਂ ਆਵਾਜ਼ ਆਈ ਹੈ। ਹਾਂ ਇਹ ਤਾਂ ਤਾਇਆ ਭਗਤਾ ਹੈ... ਇਸ ਹਨੇਰੀ ਤੇ ਬਰਖਾ ਵਿਚ। ਮੇਰਾ ਬਿਸਤਰੇ 'ਚੋਂ ਉੱਠਣ ਦਾ ਦਿਲ ਨਹੀਂ ਕਰ ਰਿਹਾ... ਦਰਦਾਂ ਕਾਰਨ ਜੋੜ ਜੋੜ ਟੁੱਟਿਆ ਰਹਿੰਦਾ ਹੈ। ਮੁਸ਼ਕਿਲ ਨਾਲ ਉਠਣ ਬੈਠਣ ਹੁੰਦਾ ਹੈ। ਮਸਾਂ ਮਸਾਂ ਭਖਦੀ ਕਾਂਗੜੀ ਲੈ ਕੇ ਬਿਸਤਰਾ ਨਿੱਘਾ ਕੀਤਾ ਸੀ। ਨਹੀਂ ਤਾਂ ਸਿਆਲ ਦੀਆਂ ਇਨ੍ਹਾਂ ਬਰਫੀਲੀਆਂ ਰਾਤਾਂ 'ਚ ਬਿਸਤਰਾ ਕਿਥੇ ਗਰਮ ਹੁੰਦਾ ਹੈ। ਸਾਰੀ ਰਾਤ ਲਗਦਾ ਹੈ ਮੋਗੇ ਦੇ ਰੂੰ ਵਾਲੀਆਂ ਰਜ਼ਾਈਆਂ ਤਲਾਈਆਂ ਵੀ ਪਾਣੀ ਵਿਚ ਗੜੁਚ ਹੋਈਆਂ ਹੋਣ ਇਸੇ ਠੰਡ ਤੋਂ ਬਚਣ ਲਈ ਦੋ ਦੋ ਕਾਂਗੜੀਆਂ ਭਖਾ ਲੈਂਦਾ ਹਾਂ। ਇਕ ਠੰਡੀ ਹੋਏਗੀ ਤੇ ਦੂਜੀ ਲੈ



ਲਵਾਂਗਾ। ਪਰ ਰਾਤੀਂ ਨੀਂਦਰ ਵਿਚ ਕਾਂਗੜੀ ਸੰਭਾਲਣੀ ਵੀ ਕੋਈ ਸੌਖੀ ਗਲ ਥੋੜੀ ਹੈ। ਜ਼ਰਾ ਜਿਹਾ ਪਾਸਾ ਪਰਤਿਆ ਨਹੀਂ ਜੇ ਭਖਦੇ ਅੰਗਿਆਰਾਂ ਵਾਲੀ ਕਾਂਗੜੀ ਬਿਸਤਰੇ ਵਿਚ ਹੀ ਮੂਧੀ ਹੋਈ ਨਹੀਂ। ਫਿਰ ਨਵਾਂ ਸਿਆਪਾ ਅੰਗਿਆਰ ਸਮੇਟਦਿਆਂ ਹਥ ਅਲਗ ਸਾੜੋ, ਬਿਸਤਰੇ ਛੰਡੋ... ਨੀਂਦਰ ਸਤਿਆਨਾਸ ਕਰੋ ਤੇ ਬਿਸਤਰਿਆ ਤੇ ਵੀ ਮਘੋਰੇ ਪਏ ਵੇਖੋ। ਪਿਛਲੇ ਸਾਲ ਦੋ ਰਜਾਈਆਂ ਦੇ ਗਿਲਾਫ਼ ਕਾਂਗੜੀ ਦੇ ਸੇਕ ਨਾਲ ਸੜ ਗਏ। ਇਸ ਸਾਲ ਬੜੀ ਅਹਿਤਿਆਤ ਰਖਦਾ ਹਾਂ... ਅਹਿਤਿਆਤ ਕੀ ਰਖਦਾ ਹਾਂ ਸਗੋਂ ਪੱਕੀ ਨੀਂਦਰ ਸੌਂਦਾ ਹੀ ਨਹੀਂ ਹਾਂ ਮੁੜ ਮੁੜ ਕਾਂਗੜੀ ਟੋਹ ਕੇ ਵੇਖਦਾ ਹਾਂ ਕਿ ਸਿੱਧੀ ਹੀ ਹੈ, ਪੁਠੀ ਤੇ ਨਹੀਂ ਹੋ ਗਈ।

''ਕਰਨਿਆ... ਓ ਭਾਈ ਕਰਨਿਆ...।''ਬਾਹਰੋਂ ਮੁੜ ਉੱਚੀ ਹਾਕ ਵਜੀ ਹੈ।

''ਹਾਂ ਭਗਤਾ ਤਾਇਆ... ਆ ਰਿਹਾ...।'' ਮੈਂ ਅਣਮਨੇ ਜਹੇ ਭਾਵ ਨਾਲ ਬਿਸਤਰੇ 'ਚੋਂ ਮੂੰਹ ਕਢ ਕੇ, ਆਖਦਿਆਂ ਹੌਲੀ ਹੌਲੀ ਉਠਦਾ ਹਾਂ... ਗਰਮ ਬਿਸਤਰੇ 'ਚੋਂ ਨਿਕਲ ਕੇ ਠੰਡੀ ਹਵਾ ਵਿਚ ਜਾਣ ਨਾਲ ਸਰਦ-ਗਰਮ ਹੋ ਜਾਏਂਗਾ। ਜਾਣਦਾ ਹਾਂ। ਪਰ ਭਗਤੇ ਤਾਏ ਨੂੰ ਕੀ ਆਖਾਂ ਜਿਹੜਾ ਇਸ ਹਨੇਰੀ ਤੇ ਮੀਂਹ ਵਿਚ ਆਇਆ ਹੈ। ਪਰ ਉਹ ਐਵੇਂ ਹੀ ਤੇ ਨਹੀਂ ਆਇਆ ਹੋਵੇਗਾ। ਜ਼ਰੂਰ ਕੋਈ ਖਾਸ ਗੱਲ ਹੋਵੇਗੀ। ਮੈਂ ਦਰਵਾਜ਼ਾ ਖੋਹਲਦਾ ਹਾਂ।

''ਆ ਜਾ ਤਾਇਆ... ਓਹੋ... ਬਾਹਰ ਤਾਂ ਮੂਹਲਾਧਾਰ ਬਰਖਾ ਹੋ ਰਹੀ ਹੈ...।''

''ਹਾਂ ਪੁੱਤਰਾ ਅੱਜ ਲਗਦਾ ਬਰਫ਼ ਵੀ ਸਾਰੀ ਰਾਤ ਪਏਗੀ...।'' ਤਾਇਆ ਬਰਾਂਡੀ ਤੇ ਬੂਟ ਖੋਲ੍ਹਕੇ ਅੰਦਰ ਆ ਗਿਆ ਹੈ। ਮੈਂ ਉਸਨੂੰ ਆਪਣੇ ਬਿਸਤਰੇ ਵਿਚ ਬਿਠਾਂਦਾ ਹਾਂ।

''ਤਾਇਆ ! ਕਾਹਵਾ ਪੀਸੇਂ...? '' ਮੈਂ ਦਵਾਲਗੀਰ ਦੀ ਬੱਤੀ ਉੱਚੀ ਕਰਦਿਆਂ ਪੁੱਛਿਆ ਹੈ। ਬਿਜਲੀ ਪਿਛਲੇ ਹਫ਼ਤੇ ਹਨੇਰੀ ਝੁਲਣ ਤੇ ਬੰਦ ਹੋਈ ਸੀ ਅਜੇ ਤਕ ਮੁੜ ਆਈ ਨਹੀਂ ਦਵਾਲਗੀਰ ਦਾ ਸ਼ੀਸ਼ਾ ਵੀ ਕਾਲਾ ਹੋ ਗਿਆ ਹੈ। ਬੜੇ ਦਿਨਾਂ ਤੋਂ ਸਾਫ਼ ਨਹੀਂ ਕੀਤਾ।

''ਪੁੱਤਰਾ ਠੰਡ ਤਾਂ ਬੜੀ ਆ ਕਾਹਵਾ ਪੀਣ ਦਾ ਦਿਲ ਤਾ ਕਰਦਾ ਪਰ ਤੈਨੂੰ ਕੀ ਆਖਾਂ... ਤੂੰ ਕਾਹਵਾ ਬਣਾਏਂਗਾ... ਚੰਗਾ ਨਹੀਂ ਲਗਦਾ ... ਦਿਲ ਚੀਰਿਆ ਜਾਂਦਾ ਤੈਨੂੰ ਵੇਖ ਕੇ। ਕੀ ਹੁੰਦਾ ਸੈਂ ਤੇ ਕੀ ਵੇਖਣਾ ਸੈਂ ਰਿਹਾ ਤੈਨੂੰ।'' ਤਾਇਆ ਨਿਮੋਝੂਣ ਜਿਹਾ ਬੋਲ ਰਿਹਾ, ਮੈਂ ਤਾਏ ਦੀ ਗਲ ਹਾਸੇ ਵਿਚ ਟਾਲਣ ਦੀ ਕੋਸ਼ਿਸ਼ ਕਰਦਾਂ।

''ਨਾ ਤਾਇਆ... ਕੋਈ ਪ੍ਰੇਸ਼ਾਨੀ ਨਹੀਂ ਹੈ... ਨਾਲੇ ਤੂੰ ਤਾਂ ਰਿਟਾਇਰ ਫੋਜੀ ਹੈਂ ਤੈਨੂੰ ਤੇ ਪਤੈ ਬਈ ਜਦ ਤਕ ਹੱਡ ਗੋਡੇ ਸਾਥ ਦੇਣ ਉਦੋਂ ਤਕ ਆਪਣਾ ਸਾਰਾ ਕੰਮ ਆਪ ਕਰਣਾ ਚਾਹੀਦਾ...।'' ਮੈਂ ਰਸੋਈ ਵਿਚ ਜਾ ਕੇ ਸਟੋਵ ਤੇ ਕਾਹਵਾ ਚਾੜਦਾ ਹਾਂ। ਇਲਾਇਚੀ ਦਾਲਚੀਨੀ ਪਾਂਦਿਆ। ਸੋਚਦਾ ਹਾਂ, ਪਹਿਲਾਂ ਜਦੋਂ ਕਦੀ ਮੇਰੇ ਕੋਲ ਕੋਈ ਮਹਿਮਾਨ ਆਉਂਦਾ ਸੀ ਤਾਂ ਬਸ ਕੋਲ ਪਏ ਗਿਲਾਸ ਤੇ ਦੋ ਤਿੰਨ ਵਾਰ ਚਮਚ ਮਾਰਦਾ ਸਾਂ, ਫਿਰ ਵੀ ਕੀ ਸੀ ਕੁਝ ਹੀ ਦੇਰ ਬਾਦ ਮਹਿਕਾਂ ਛਡਦਾ ਕਾਹਵਾ ਨਿਕੀ ਜਹੀ ਪੰਮੀ ਲੈ ਕੇ ਆ ਜਾਂਦੀ ਸੀ।

''ਏਨਾ ਵਕਤ ਲਗਾ ਲੈਂਦੀਆਂ ਓ ਇਕ ਕਪ ਕਾਹਵਾ ਬਣਾਣ 'ਚ ...।'' ਮੈਂ ਰੋਅਬ ਨਾਲ ਪੰਮੀ ਨੂੰ ਆਖਦਾ। ਆਖਦਾ ਮੈਂ ਪੰਮੀ ਨੂੰ ਬੇਸ਼ੱਕ ਸਾਂ ਪਰ ਅਸਲ ਵਿਚ ਸੁਣਾਦਾ ਮੈਂ ਪੰਮੀ ਦੀ ਮਾਂ ਨੂੰ ਸਾਂ। ਜਾਣਦਾ ਸਾਂ ਕਿ ਪੰਮੀ ਨੂੰ ਅੰਦਰ ਭੇਜਦਿਆਂ ਹੀ ਉਹ ਦਰਵਾਜ਼ੇ ਕੋਲ ਆ ਕੇ ਖੜੀ ਹੋ ਗਈ ਹੋਵੇਗੀ। ਸ਼ਾਇਦ ਮੇਰੇ ਮੂੰਹੋਂ ਆਪਣੀ ਬਣਾਈ ਚਾਹ ਦੀ ਤਰੀਫ ਵਿਚ ਕੁਝ ਸੁਣਨ ਲਈ। ਸ਼ਾਇਦ ਉਹ ਚਾਹੁੰਦੀ ਹੋਵੇ ਮੈਂ ਕਾਹਵੇ ਦਾ ਘੁਟ ਭਰਦਿਆਂ ਹੀ ਪਟਾਕਾ ਮਾਰ ਕੇ ਆਖਾਂਗਾ... ਵਾਹ ... ਕਿਆ ਖੁਸ਼ਬੋ ਹੈ... ਮਜ਼ਾ ਆ ਗਿਆ...।'' ਪਰ ਮੈਂ ਮਾਮੂਲੀ ਜਹੀਆਂ ਗੱਲਾਂ ਤੋਂ ਖੁਸ਼ ਹੋ ਕੇ ਕਦੀ ਉਸਨੂੰ ਸਿਰ ਨਹੀਂ ਸਾਂ ਚੜਾਂਦਾ ਇਸੇ ਲਈ ਭਾਵੇਂ ਚੀਜ਼ ਚੰਗੀ ਵੀ ਬਣੀ ਹੋਵੇ ਮੈਂ ਜ਼ਰੂਰ ਉਸ ਦਰਵਾਜ਼ੇ ਪਿਛੇ ਲੁਕੀ ਹੋਈ ਔਰਤ ਜ਼ਾਤ ਨੂੰ ਕੁਝ ਨਾ ਕੁਝ ਸੁਣਾ ਕੇ ਛਡਦਾ ਸਾਂ, ਜਿਸ ਨਾਲ ਉਹ ਹੋਰ ਚੰਗਾ ਕਰਨਾ 'ਚ ਹੋਰ ਚੰਗਾ ਬਣਨ ਤੇ ਮੈਨੂੰ ਹੋਰ ਚੰਗਾ ਲਗਣ 'ਚ ਆਪਣੇ ਆਪਨੂੰ ਤਪਾ ਖਪਾ ਛਡਦੀ ਸੀ। ਤੇ ਇਕ ਦਿਨ ਤਪਦੀ ਖਪਦੀ ... ਸੁਆਹ ਹੋ ਗਈ। ...

''ਲੈ ਤਾਇਆ ਕਾਹਵਾ...।'' ਤਾਏ ਨੂੰ ਸਟੀਲ ਦਾ ਗਿਲਾਸ ਫੜਾਦਿਆਂ ਮੈਂ ਆਪ ਵੀ ਦੋਹਰਾ ਜਿਹਾ ਹੋ ਕੇ ਬਿਸਤਰੇ ਵਿਚ ਬੈਠ ਜਾਂਦਾ ਹਾਂ। ਤਾਇਆ ਕਾਹਵਾ ਪੀ ਰਿਹਾ ਚੁਪ-ਚਾਪ ਜਿਹਾ ਜਾਪਦਾ ਹੈ ਜਿਵੇਂ ਗਹਿਰੀਆਂ ਸੋਚਾਂ ਵਿਚ ਡਿਕੋਡੋਲੇ ਖਾ ਰਿਹਾ ਹੋਵੇ। ਮੈਂ ਸੋਚ ਰਿਹਾ ਤਾਏ ਨੂੰ ਕਿਹੜੀ ਗੱਲ ਵੱਲ ਲਾਵਾਂ ਜੇ ਉਹ ਆਪਣੇ ਦਿਲ ਦੀ ਗੰਢ ਖੋਲੇ।

''ਹੋਰ ਤਾਇਆ ਦੀਪੇ ਦਾ ਕੀ ਹਾਲ ਹੈ, ਠੀਕ ਹੈ ਨਾ, ਪਰਸੋਂ ਮਿਲਿਆ ਸੀ, ਕੁਝ ਖਊਂ-ਖਊਂ ਜਿਹਾ ਕਰਦਾ ਸੀ। ਹੁਣ ਕੈਸਾ ਹੈ?'' ਮੈਂ ਇਕੋ ਸਾਹੇ ਕਿਨਾ ਕੁਝ ਪੁਛ ਗਿਆ। ਤਾਇਆ ਡੂੰਘਿਆ ਗੋਤਿਆ 'ਚੋਂ ਉਭਰਿਆ।

''ਦੀਪਾ ਤਾਂ ਪੁੱਤਰਾਂ ਠੀਕ ਆ, ਤੇਰੇ ਜੋੜਿਆ ਦੀ ਖੈਰਾ ਤੀਂ ਉਸਦਾ ਘਰ ਵਸਦਾ ਰਸਦਾ ਪਿਐ। ਉਸਨੂੰ ਨਿੱਕੀਆਂ ਮੋਟੀਆਂ ਤਕਲੀਫਾਂ ਕੇ ਅਖਰਦੀਆਂ ਨੇ, ਤਕਲੀਫ ਤਾਂ ਬਚਾ ਤੂੰ ਦੇਖ ਰਿਹੈਂ। ਤੂੰ ਦੂਨੀਆਂ ਦੇ ਕੰਮ ਆਇਆ ਪਰ ਤੇਰੇ ਕੰਮ ਕੋਈ ਨਾ ਆਇਆ।'' ਤਾਏ ਦਾ ਜਿਵੇਂ ਗਲਾ ਭਰ ਆਇਆ। ਲਗਦਾ ਸੀ ਜਿਵੇਂ ਕੋਈ ਡੂੰਘੀ ਸੱਟ ਵਜੀ ਹੈ ਇਸਨੂੰ ਅੱਜ।

ਇਸ ਦੀਪੇ ਦੀ ਘਰਵਾਲੀ ਜਦ ਟੁਰ ਗਈ ਸੀ ਤਾਂ ਦੀਪੇ ਦੀ ਵੱਡੀ ਧੀ ਰੱਜੀ ਦੇ ਘਰ ਨਿੱਕਾ ਹੋਇਆ ਸਾਲ ਭਰ ਹੋ ਗਿਆ ਸੀ। ਦੂਜੀ ਧੀ ਰਾਣੀ ਨਰਸ ਲਗੀ ਹੋਈ ਸੀ ਤੇ ਪੁੱਤਰ ਕੀਰਤ ਚੌਧਵੀਂ ਜਮਾਤ ਪੜ੍ਹਦਾ ਸੀ। ਉਮਰ ਵੀ ਉਸਦੀ ਪੰਜਾਹਾਂ ਤੋਂ ਉਪਰ ਸੀ। ਪਰ ਧੰਨ ਹੈਂ ਪੁਤਰ ਤੂੰ, ਜਿਸਨੇ ਸਾਰੇ ਸ਼ਰੀਕੇ ਬਿਰਾਦਰੀ ਨੂੰ ਇਹ ਸਮਝਾਇਆ ਸੀ ਕਿ ਦੀਪੇ ਦੇ ਬਚੇ ਆਪੋ ਆਪਣੇ ਜੋਗੇ ਹੋ ਗਏ ਹੋਏ ਹਨ ਪਰ ਦੀਪੇ ਜੋਗਾ ਕੋਈ ਨਹੀਂ। ਤੂੰ ਕਿੰਨੀ ਕੋਸ਼ਸ਼ ਕੀਤੀ ਕਿ ਕਿਸੇ ਲੋੜਵੰਦ ਨਾਲ ਦੀਪੇ ਦੀ ਮੁੜ ਚਾਦਰ ਪੈ ਜਾਏ। ਜਿਹੜਾ ਸੁਣਦਾ ਸੀ ਉਹ ਮਖੌਲ ਕਰਦਾ ਪਰ ਤੂੰ ਵੀ ਆਖਰ ਦੀਪੇ ਦੇ ਧੀਆਂ ਪੁੱਤਰਾਂ ਨੂੰ ਸਮਝਾ ਹੀ ਦਿੱਤਾ ਕਿ ਇਸ ਉਮਰ 'ਚ ਉਸਦੀ ਦੇਖ ਭਾਲ ਲਈ ਕੋਈ ਸਾਥੀ ਚਾਹੀਦਾ ਹੀ ਹੈ ਤੇ ਫਿਰ ਕਿਨੇ ਹੀਲੇ ਹੁਜਤਾਂ ਕਰ ਕਰਕੇ ਤੂੰ ਕਿਥੋਂ ਕਿਥੋਂ ਕਨਸੋਆਂ ਲੈ ਲੈ, ਅਖੀਰ ਉਸ ਲਈ ਇਕ ਸਾਲ ਲੈ ਹੀ ਆਂਦਾ। ਮਿੰਦਰੋ ਭਾਵੇਂ ਆਪ ਵਿਧਵਾ ਸੀ ਪਰ ਫਿਰ ਵੀ ਇਸ ਉਮਰ 'ਚ ਕਿਸੇ ਦਾ ਸਾਕ ਹੋ ਜਾਵੇ ਅਚੰਭਾ ਹੀ ਸੀ, ਤੇ ਤੂੰ ਉਹ ਅਚੰਭਾ ਕਰ ਵਿਖਾਇਆ। ਹੁਣ ਜੇ ਕਈ ਜਾ ਕੇ ਵੇਖੇਂ ਉਹ ਘਰ ਕਿੰਨਾ ਖੁਸ਼ਹਾਲ ਤੇ ਭਰਿਆ ਭਰੁਚਿਆ ਹੈ ਤਾਂ ਤੈਨੂੰ ਆਪਣੇ ਕੀਤੇ ਪੁੰਨ ਉਤੇ ਫ਼ਖਰ ਹੋਵੇਗਾ। '' ਤਾਈਆ ਇੱਕੋ ਸਾਹੇ ਸਾਰੀ ਕਹਾਣੀ ਸੁਣਾ ਗਿਆ। ਮੈਂ ਜਾਣਦਾ ਹਾਂ ਮੈਂ ਦੀਪੇ ਦਾ ਸਾਕ ਕਿਨੇ ਘਰਾਂ ਤੇ ਕਿਨੇ ਪਿੰਡਾਂ ਦੀ ਖਾਕ ਛਾਣਨ ਬਾਦ ਕਰ ਸਕਿਆ ਸਾਂ। ਅੱਜ ਉਹ ਖੁਸ਼ਹਾਲ ਹੈ ਤਾਂ ਚੰਗੀ ਗਲ ਹੈ ਪਰ ਇਹ ਤਾਇਆ ਭਗਤਾ ਕਿਸ ਗਲੋਂ ਉਦਾਸ ਹੈ? ਮੈਂ ਪੁੱਛਣ ਹੀ ਲਗਾ ਸਾਂ ਕਿ ਉਹ ਆਪ ਹੀ ਬੋਲ ਪਿਆ।

''ਪੁੱਤਰਾਂ ਸੱਚ ਪੁਛੇਂ ਤਾਂ ਤੇਰੀ ਵੀ ਇਹ ਹਾਲਤ ਮੇਰੇ ਤੋਂ ਦੇਖੀ ਨਹੀਂ ਜਾਂਦੀ। ਗੋਡਿਆਂ ਦੇ ਦਰਦ ਉਹ ਕੀ ਆਖਦੇ ਨੇ ਅਗ ਲਗਾ ਗੌਂਟ ਜਿਸ ਤੇਰੇ ਗਿਟੇ ਸੁਜਾਏ ਹੋਏ ਨੇ ਉਹ ਤੈਨੂੰ ਕਿਥੇ ਉਠਣ ਬੈਠਣ ਦਿੰਦਾ। ਫਿਰ ਤੂੰ ਰੋਟੀ ਟੁੱਕ, ਭਾਂਡੇ-ਟੀਂਡੇ, ਘਰ ਦੀ ਸਾਂਭ-ਸੰਭਾਲ ਕਿਵੇਂ ਕਰਦਾ ਹੈਂ? ਸੁਰਗ ਆਏ ਤੇਰੀ ਵਹੁਟੀ ਪ੍ਰੀਤੋ ਨੂੰ ਜਿਸ ਕਦੀ ਦੰਦ ਤੋਂ ਦੰਦ ਨਹੀਂ ਚੁਕਿਆ ਤੇਰੀਆਂ ਸੜੀਆਂ ਭੁਜੀਆਂ, ਵੀ ਸੁਣਦੀ ਰਹੀ। ਤੱਤੀਆਂ-ਠੰਡੀਆਂ ਵੀ ਖਾਂਦੀ ਰਹੀ, ਤੰਗੀਆਂ ਤੁਰਸ਼ੀਆਂ ਜਰਦੀ ਰਹੀ ਪਰ ਕਦੀ ਸੀ ਨਹੀਂ ਕੀਤਾ। ਤੂੰ ਵੀ ਭੈੜਿਆ। ਸੱਚ ਪੁਛੇਂ ਤਾਂ ਉਸ ਗਊ ਵਰਗੀ ਜ਼ਨਾਨੀ ਦੀ ਕਦਰ ਨਾ ਕਰ ਸਕਿਆ। ਉਹ ਤੇਰੇ ਦੋ ਮਿੱਠੇ ਬੋਲਾਂ ਨੂੰ ਤਰਸਦੀ ਛਵੀਆਂ ਦੀ ਅੱਗ ਵਿਚ ਸੜ ਕੇ ਸੁਆਹ ਹੋ ਗਈ। ਸ਼ਾਇਦ ਉਹ ਚਾਹੁੰਦੀ ਸੀ ਕਿ ਤੈਨੂੰ ਉਸਦੀ ਕਦਰ ਆਵੇ...।''

ਤਾਇਆ ਉਂਝ ਵੀ ਮੇਰੇ ਨਾਲ ਅਕਸਰ ਗੱਲਾਂ ਕਰਨ ਆ ਬੈਠਦਾ ਹੁੰਦਾ ਹੈ। ਕਦੀ ਉਹ ਦੋਸਤ ਬਣ ਕੇ ਨਿੱਕੀਆਂ ਨਿੱਕੀਆਂ ਮਜ਼ਾਕੀਆਂ ਗੱਲਾਂ ਕਰਦਾ ਹੈ। ਕਦੀ ਭਰਾ ਬਣਕੇ ਸਮਝਾਦਾ ਹੈ। ਤੇ ਕਦੀ ਪਿਓ ਬਣ ਕੇ ਝਿੜਕ ਦੇਂਦਾ ਹੈ। ਮੈਂ ਕਦੀ ਉਸਦੀ ਕਿਸੇ ਗਲ ਦਾ ਬੁਰਾ ਨਹੀਂ ਮਨਾਇਆ। ਸਗੋਂ ਮੈਨੂੰ ਉਸਦੀ ਘਾਟ ਤੇ ਤਾਂਘ ਜਹੀ ਮਹਿਸੂਸ ਹੋਣ ਲਗ ਪੈਂਦੀ ਹੈ। ਇਸ ਪਿੰਡ ਵਿਚ ਕਦੀ ਮੇਰਾ ਦਬਦਬਾ ਹੁੰਦਾ ਸੀ ਪਰ ਅੱਜ... ਪਿਛਲੇ ਸਾਲ ਤੋਂ ਤਾਂ ਮੈਂ ਸਾਰਿਆਂ ਨਾਲੋਂ ਜਿਵੇਂ ਟੁੱਟ ਜਿਹਾ ਹੀ ਗਿਆ ਹਾਂ। ਗੁਰਦੁਆਰੇ ਵੀ ਮੈਂ ਸੰਧਿਆਂ ਤੋਂ ਪਹਿਲਾਂ ਹੀ ਜਾ ਕੇ ਮੱਥਾਂ ਟੇਕ ਆਉਂਦਾ ਹਾਂ। ਮੈਨੂੰ ਲਗਦਾ ਹੈ ਜਿਵੇਂ ਮੈਂ ਜਿਧਰੋਂ ਲੰਘਦਾ ਹਾਂ ਲੋਕਾਂ ਦੀਆਂ ਅੱਖਾਂ ਮੇਰੀ ਪਿੱਠ ਨਾਲ ਚਿਪਕ ਜਾਂਦੀਆਂ ਹਨ। ਹਾਲਾਂਕਿ ਮੈਂ ਕਦੀ ਲੋਕਾਂ ਦੀ ਪ੍ਰਵਾਹ ਨਹੀਂ ਕੀਤੀ ਪਰ ਉਸ ਬਦਬਖਤ ਕੰਤੋ ਝਲੀ ਦਾ ਐਨਾ ਪਿਟ ਸਿਆਪਾ ਪੈ ਗਿਆ ਕਿ ਮੇਰੇ ਦੋਸਤ ਵੀ ਜਿਵੇਂ ਮੇਰੇ ਦੁਸ਼ਮਣ ਹੋ ਗਏ। ਕੋਈ ਉਨ੍ਹਾਂ ਕੰਜਰਾਂ ਨੂੰ ਭਲਾ ਜਾ ਕੇ ਪੁਛੇ ਕਿ ਸਾਲਿਓ ਮੇਰਿਓ ਜਦ ਬਰਫੀਲੀਆਂ ਸ਼ਾਮਾ ਵਿਚ ਤੁਸੀਂ ਬਿਸਤਰਿਆਂ ਵਿਚ ਦੁਬਕੇ ਘੁਰਾੜੇ ਮਾਰ ਰਹੇ ਹੁੰਦੇ ਹੋ ਜਾਂ ਖੀਰ ਤੇ ਨਸ਼ਾਤਾ ਖਾ ਰਹੇ ਹੁੰਦੇ ਹੋ ਉਦੋਂ ਮੈਂ ਪਿਓ ਤੁਹਾਡਾ ਚੁੱਲ੍ਹਾ ਫੂਕ ਰਿਹਾ ਹੁੰਦਾ ਹਾਂ, ਜਾਂ ਤਵੇ 'ਤੇ ਰੋਟੀਆਂ ਲਾਹ ਰਿਹਾ ਹੁੰਦਾ ਹਾਂ ਜਾਂ ਪਾਰੋਂ ਜ਼ੂਨੀ ਡੂਮਣੀ ਦੇ ਵਿਹੜੇ ਲੱਗੇ ਹੈਂਡ ਪੰਪ ਤੋਂ ਪਾਣੀ ਦੀਆਂ ਬਾਲਟੀਆਂ ਭਰ ਕੇ ਲਿਆਉਂਦਾ ਹਾਂ। ਇਨ੍ਹਾਂ ਕਮਜ਼ੋਰ ਨਜ਼ਰਾਂ ਨਾਲ ਕੜਗ ਦੇ ਪਤਿਆਂ ਤੋਂ ਸਇ (ਕੀਟਾਣੂ) ਸਾਫ ਕਰਕੇ ਛੱਪਗਕ ਕਰਦਾ ਹਾਂ ਤਾਂ ਤੁਹਾਨੂੰ ਮੇਰੀਆਂ ਤਕਲੀਫਾਂ ਦਾ ਅਹਿਸਾਸ ਨਹੀਂ ਹੁੰਦਾ ਸਗੋਂ



ਕਾਨਾਫੂਸੀਆਂ ਕਰਕੇ ਮੇਰੇ ਖਿਲਾ.ਫ ਸਾਰੀ ਬ੍ਰਾਦਰੀ ਨੂੰ ਭੜਕਾ ਛਡਿਆ ਅਖੇ ਇਸਨੇ ਆਪਣੇ ਘਰ ਪਰਾਈ ਜ਼ਨਾਨੀ ਰੱਖੀ ਹੋਈ ਹੈ ਤੇ...

''ਵੇ ਕਰਮਿਆ...।'' ਤਾਇਆ ਖੰਘੂਰਾ ਜਿਹਾ ਮਾਰਕੇ ਮੈਨੂੰ ਸੋਚਾਂ ਵਿਚੋਂ ਬਾਹਰ ਕੱਢਦਾ ਹੈ।'' ਤੂੰ ਤਾਂ ਆਪ ਏਨਾ ਅੰਦਰ ਬਾਹਰ ਜਾਂਦਾ ਏ... ਕਿਹੜੇ ਪਿੰਡ ਤੇ ਕਿਹੜੇ ਕਿਹੜੇ ਸ਼ਹਿਰਾਂ ਵਿਚ ਭਟਕਦਾ ਏਂ... ਦੇਖ ਲੈਣਾ ਸੀ ਕਿਤੇ ਕੋਸ਼ਿਸ਼ ਕਰਕੇ ਕੋਈ ਜੁਗਾੜ ਬਣ ਹੀ ਜਾਂਦਾ ਈ ਤਾਂ...।'' ਮੈਂ ਪਤਾ ਨਹੀਂ ਕੀ ਸੋਚ ਅਚਾਨਕ ਖਿੜਕੀ ਦਾ ਪੱਟ ਖੋਹਲ ਕੇ ਵੇਖਿਆ ਬਾਹਰ ਛੱਜ ਛੱਜ ਬਰਫ ਪੈਣੀ ਸ਼ੁਰੂ ਹੋ ਗਈ ਹੈ। ਪਰਾਤ ਨਹੀਂ ਅਚਾਨਕ ਕਿਹੋ ਜਿਹਾ ਖਿਆਲ ਮੇਰੇ ਦਿਲ ਨੂੰ ਕੰਬਾ ਜਾਂਦਾ ਹੈ। ਮੈਂ ਸੋਚਦਾ ਹਾਂ ਜੇ ਕਦੀ ਅਜੇਹੇ ਮੌਸਮ 'ਚ ਮੈਂ ਕੱਲ-ਮੁਕੱਲਾ ਬਿਮਾਰ ਪੈ ਜਾਵਾਂ... ਤਾਂ ਕੋਣ ਮੇਰੀ ਹਾਕ ਸੁਣੇ... ਕੌਣ ਮੇਰੀ ਮਦਦ ਨੂੰ ਆਏ ... ਮੈਂ ਤਾਂ ਤੜਫ ਤੜਫ ਕੇ ਭਾਵੇਂ ਮਰ ਹੀ ਜਾਵਾਂ ਕਿਸੇ ਨੂੰ ਤਾਂ ਚਾਰ ਦਿਨ ਪਤਾ ਹੀ ਨਾ ਲੱਗੇ...।'

''ਮੈਂ ਕੀਤੀ ਸੀ ਗਲ ਦੀਪੇ ਨਾਲ ਉਸਦੇ ਸੋਹਰਿਆਂ ਵਿਚੋਂ ਹੀ ਬਹੂ ਦੀ ਇਕੋ ਇਕ ਭੂਆ ਹੈ ਵਰ੍ਹਿਆ ਪਹਿਲਾਂ ਛੁਟੜ ਹੋ ਕੇ ਪੇਕਿਆ ਦੇ ਬੈਠੀ ਹੋਈ ਹੈ। ਉਮਰ ਉਸਦੀ ਵੀ ਭਾਵੇਂ ਕੋਈ ਘਟ ਨਹੀਂ ਪਰ ਘੱਟੋ ਘਟ ਘਰ ਬਾਰ ਸੰਭਾਲਣ ਜੋਗੀ, ਰੋਟੀ ਟੁਕ ਬਣਾਣ ਜੋਗੀ ਹੈ ਹੀ ਸੋਚਿਆ ਸੀ ਤੂੰ ਦੀਪੇ ਨਾਲ ਸਕਿਆਂ ਤੋਂ ਚੜ੍ਹਕੇ ਪੁੰਨ ਕਮਾਇਆ ਹੈ, ਅੱਜ ਉਸਦੀ ਪਰਖ ਦਾ ਵੇਲਾ ਆ ਗਿਆ। ਦੇਖਾਂ ਉਹ ਕੀ ਕਰਦਾ... ਪਰ... ।''

ਤਾਇਆ 'ਪਰ' ਆਖ ਕੇ ਚੁੱਪ ਹੋ ਗਿਆ। ਮੈਂ ਵੀ ਪਰ ਨੂੰ ਅਗੇ ਤੋਰਨ ਲਈ ਨਾ ਕੋਈ ਹੁੰਗਾਰਾ ਭਰਿਆ ਨਾ ਹੀ ਸੁਆਲ ਕੀਤਾ... ਜਾਣਦਾ ਸਾਂ ਦੀਪੇ ਨੇ ਤਾਏ ਨੂੰ ਕੀ ਜੁਆਬ ਦਿੱਤਾ ਹੋਵੇਗਾ। ਆਖਿਆ ਹੋਵੇਗਾ। ਕਰਨੇ ਨੂੰ ਰਿਟਾਇਰ ਹੋਇਆਂ ਤਿੰਨ ਸਾਲ ਹੋ ਗਏ ਹਨ। ਉਹ ਬੁੱਢਾ ਹੋ ਗਿਆ ਹੈ। ਉਸਨੂੰ ਹੱਡੀਆਂ ਜੋੜਾਂ ਦਾ ਦਰਦ ਹੈ। ਦਾੜ੍ਹੀ ਕਲ.ਫ ਕਰਦਾ ਹੈ ਤਾਂ ਕੀ ਦੋਹਤਰਿਆਂ-ਪੋਤਰਿਆਂ ਵਾਲਾ ਤਾਂ ਹੈ ਹੀ ਉਸਦੇ ਲਈ ਸਾਕ ਢੂੰਡਣਾ ਆਪਣਾ ਮਖੌਲ ਆਪ ਉਡਾਣਾ ਹੈ। ਪਰ ਇਹ ਕਮਬਖਤ ਦੀਪਾ ਜਿਹੜਾ ਮੇਰੇ ਤੋਂ ਛੋਟਾ ਹੁੰਦਿਆਂ ਹੋਇਆ ਵੀ ਹਮੇਸ਼ਾ ਮੇਰਾ ਦੋਸਤ ਰਿਹਾ ਹੈ, ਕੀ ਕੁਝ ਰਾਜ਼ ਨਹੀਂ ਸਾਂ ਸਾਂਝੇ ਕਰਦੇ ਅਸੀਂ। ਸਾਰੀਆਂ ਲੋੜਾਂ ਤੇ ਥੋੜਾਂ ਉਤੇ ਇਕ ਦੂਜੇ ਨਾਲ ਦੁੱਖ ਸੁੱਖ ਸਾਂਝਾ ਕਰਦੇ ਸਾਂ। ਫਿਰ ਉਸੇ ਦੀਪੇ ਦਾ ਦੁਖ ਮਹਿਸੂਸ ਕਰਦਿਆਂ ਜਦ ਮੈਂ ਉਸਦਾ ਸਾਕ ਕਰਵਾਇਆ ਸੀ ਤਾਂ ਉਸਦੀ ਵੱਡੀ ਧੀ ਦੇ ਘਰ ਵੀ ਤਾਂ ਪੁੱਤਰ ਜੰਮਿਆ ਹੋਇਆ ਸੀ। ਪਰ ਅੱਜ ਮੇਰੀ ਵਾਰੀ... ਖ਼ੈਰ ਇਸ ਤਾਏ ਭਗਤੇ ਨੂੰ ਹੁਣ ਇਸ ਬਾਰੇ ਕੀ ਆਖਾਂ ਉਹ ਤੇ ਵਿਚਾਰਾ ਆਪ ਦੀਪੇ ਦੇ ਇਨਕਾਰ ਤੋਂ ਦੁੱਖੀ ਹੋਇਆ ਮੇਰੇ ਕੋਲ ਬਿਸੂਰਨ ਆਇਆ ਹੈ। ਹੁਣ ਮੈਂ ਵੀ ਉਸ ਉਤੇ ਆਪਣੀਆਂ ਪ੍ਰੇਸ਼ਾਨੀਆਂ ਦੀ ਪੰਢ ਲੱਦ ਦਿਆਂ ਤਾਂ ਇਸਦਾ ਝੁਕਿਆ ਲੱਕ ਹੋਰ ਝੁਕ ਜਾਏਗਾ। ਇਹ ਜੋ ਮੇਰਾ ਦੋਸਤ ਹੈ, ਭਰਾ ਹੈ, ਪਿਓ ਹੈ, ਉਦਾਸ ਤੇ ਪ੍ਰੇਸ਼ਾਨ ਹੋ ਜਾਏਗਾ। ਮੈਨੂੰ ਅਚਾਨਕ ਖਿਆਲ ਆਇਆ ਕਿ ਤਾਏ ਨੂੰ ਅੱਜ ਘਰ ਜਾਣਾ ਯਾਦ ਹੀ ਨਹੀਂ। ਬਾਹਰ ਬਰਫ ਵੀ ਤਾਂ ਕਿੰਨੀ ਪੈ ਰਹੀ ਹੈ ਰੁਕਣ ਵਾਲੀ ਵੀ ਨਹੀਂ ਜਾਪਦੀ। ਮੈਂ ਤਾਏ ਦਾ ਧਿਆਨ ਬਾਹਰ ਵੱਲ ਦਿਵਾਂਦਾ ਹਾਂ।

''ਤਾਇਆ ਅੱਜ ਰਾਤੀਂ ਇਥੇ ਹੀ ਰਹਿ ਪਉ ਮੇਰੇ ਕੋਲ ... ਇਸ ਬਰਫ ਤੇ ਬਰਖਾ ਵਿਚ ਕਿਥੇ ਜਾ ਸਕੇਂਗਾ।''

''ਸੱਚ ਪੁੱਛੇਂ ਤਾਂ ਪੁੱਤਰਾਂ, ਮੇਰਾ ਵੀ ਦਿਲ ਕਰਦਾ ਅੱਜ ਤੇਰੇ ਕੋਲ ਹੀ ਰਹਿਣ ਦਾ, ਪਰ ਬੁੱਢਾ ਸਰੀਰ ਹਾਂ, ਰਾਤੀਂ ਕੋਈ ਦਰਦ ਤਕਲੀ.ਫ ਹੋ ਜਾਏ ਤਾਂ ਤੂੰ ਕੀ ਕਰੇਂਗਾ ਨਾਲੇ ਦਵਾਈ ਦੀਆਂ ਟਿੱਕੀਆਂ ਤੇ ਪੀਣ ਵਾਲੀ ਬੋਤਲ ਵੀ ਤਾਂ ਘਰ ਹੀ ਰਹਿ ਗਈ ਹੈ। ਮੈਨੂੰ ਜਾਣਾ ਹੀ ਪਵੇਗਾ। ਸ਼ਾਇਦ ਰੁਕ ਜਾਏ ਬਰਖਾ ਤੇ ਬਰਫ, ਭਲਾ ਕੀ ਬਜਿਆ ਹੋਵੇਗਾ?

''ਤਾਇਆ ਸਾਢੇ ਸੱਤ ਵਜ ਗਏ ਨੇ। ਸਿਆਲ ਦੇ ਸਤ ਤਾਂ ਗਰਮੀਆਂ ਦੇ ਬਾਰਾਂ ਦੇ ਬਰਾਬਰ ਹੁੰਦੇ ਹਨ। ਦੇਖ ਨਾਂ ਬਾਹਰ ਕਿੰਨਾ ਘੁਪ ਹਨੇਰਾ ਹੋ ਗਿਆ ਹੈ।

''ਵੇ ਪੁੱਤਰਾਂ ਤੂੰ ਰੋਟੀ-ਸ਼ੋਟੀ ਨਹੀਂ ਬਣਾਂਦਾ ਖਾਂਦਾ ਕੁਝ?'' ਅਚਾਨਕ ਤਾਏ ਨੂੰ ਮੇਰੀ ਰੋਟੀ ਦਾ ਫਿਕਰ ਜਾਗਿਆ ਹੈ। ਇਹੋ ਵਕਤ ਹੁੰਦਾ ਹੈ ਜਦ ਸੁਆਣੀਆਂ ਗਰਮਾ ਗਰਮ ਦੇਗਚੀਆਂ ਪਤੀਲਿਆ ਤੋਂ ਢਕਣੇ ਚੁੱਕਦੀਆਂ, ਤੇ ਭੱਤਾ ਪਰੋਸਦੀਆਂ ਹਨ। ਘਰ ਦੇ ਸਾਰੇ ਜੀਅ ਇਕ ਲਾਇਨ 'ਚ ਚੌਂਕੜੀਆਂ ਮਾਰਕੇ, ਸਾਹਮਣੇ ਚੌਂਕੀਆ ਰਖਕੇ ਦਾਲ ਭੱਤੇ ਤੇ ਭਾਜੀ ਦੀ ਥਾਲੀ ਨੂੰ ਨਮਸਕਾਰ ਕਰਦਿਆਂ ਪਹਿਲੀ ਪਿੰਨੀ (ਮੁਠੀ ਬਰ ਭਤਾ) ਕੁੱਤੇ ਲਈ ਜ਼ਰੂਰ ਕਢਕੇ ਸਤਿਨਾਮ ਸ੍ਰੀ ਵਹਿਗੁਰੂ ਸ਼ਬਦ ਉਚਾਰਦਿਆਂ ਰੋਟੀ ਛਕਦੇ ਹਨ। ਸੁਆਣੀਆਂ

ਭਮੀਰੀਆਂ ਵਾਂਗ ਸਭ ਦੇ ਅੱਗੇ ਪਿਛੇ ਚਾਵਲ, ਦਾਲ, ਰੋਟੀ ਲੈ ਕੇ ਫਿਰਦੀਆਂ ਹਨ। ਜੇ ਕਿਸੇ ਨੇ ਆਲਸ ਕਰਕੇ ਪੁਦੀਨੇ ਤੇ ਅਖਰੋਟਾਂ ਦੀ ਚਟਨੀ ਨਾ ਕੁਟੀ ਹੋਵੇ ਤਾਂ ਉਸਦੇ ਨੰਬਰ ਸਮਝੋਂ ਘਟ ਜਾਂਦੇ ਹਨ। ਪੰਮੀ ਦੀ ਮਾਂ ਵੀ ਤਿੰਨੋਂ-ਵਕਤ ਚਟਨੀ ਕੁੱਟਦੀ ਹੁੰਦੀ ਸੀ। ਉਹ ਜਾਣਦੀ ਸੀ ਚਟਨੀ ਵਿਚ ਅਧ-ਰਗੜਿਆ ਪਿਆਜ਼ ਮੈਨੂੰ ਬਹੁਤ ਚੰਗਾ ਲਗਦਾ ਸੀ ਉਹ ਹਰ ਉਹ ਕੰਮ ਕਰਦੀ ਸੀ ਜਿਹੜਾ ਮੈਨੂੰ ਚੰਗਾ ਲਗਦਾ ਸੀ, ਸ਼ਾਇਦ ਚਾਹੁੰਦੀ ਸੀ ਕਿ ਚੰਮ  ਕਾਰਨ ਨਾ ਸਹੀ ਕੰਮ ਕਾਰਨ ਹੀ ਸਹੀ ਪਰ ਉਹ ਮੈਨੂੰ ਚੰਗੀ ਲੱਗੇ। ਜਾਂ ਮੈਂ ਉਸਨੂੰ ਇਹ ਆਖਾਂ ਕਿ ਤੂੰ ਬੜੀ ਚੰਗੀ ਹੈਂ... ਪਤਾ ਨਹੀਂ ਉਹ ਚੰਗੀ ਹੈ ਸੀ ਜਾਂ ਨਹੀਂ ਸੀ ਮੈਂ ਕਦੀ ਉਸ ਬਾਰੇ ਇਹ ਵੀ ਨਹੀਂ ਸੋਚਿਆ। ਨਾ ਕਦੀ ਉਸਦੇ ਗੁਣਾ ਨੂੰ ਗੌਲਿਆ ਤੇ ਨਾ ਹੀ ਕਦੀ ਔਗੁਣਾ ਨੂੰ ਭੰਡਿਆ। ਬਸ ਚੁੱਪ ਦੀ ਇਕ ਦੀਵਾਰ ਸਾਡੇ ਵਿਚਾਲੇ ਹਮੇਸ਼ਾ ਹੀ ਉਸਰੀ ਰਹੀ। ਉਹ ਉਸ ਦਿਵਾਰ ਦੇ ਪਰਲੇ ਪਾਸਿਓ ਅਕਸਰ ਮੈਨੂੰ ਨੀਝ ਲਾਈ ਤਕਦੀ ਮਹਿਸੂਸ ਹੁੰਦੀ। ਕਦੀ ਅੱਖਾਂ ਵਿਚ ਸ਼ਰਾਰਤ ਕਦੀ ਸ਼ਰਧਾ, ਕਦੀ ਖਿਝ ਤੇ ਕਦੀ ਸੁਆਲ ਲਈ। ਮੈਂ ਉਸਦੇ ਸਾਰੇ ਜਜ਼ਬਿਆਂ ਨੂੰ ਬੜੀ ਸੰਗਦਿਲੀ ਨਾਲ ਮਧੋਲ ਛਡਦਾ ਸਾਂ। ਤੇ ਇਹ ਗੱਲ ਕੋਈ ਲੁਕੀ ਛਿਪੀ ਨਹੀਂ ਸੀ ਸਗੋਂ ਕਿਸੇ ਆਣ-ਜਾਣ ਵਾਲੇ ਸਾਹਮਣੇ ਵੀ ਮੈਂ ਕਦੀ ਉਸਦਾ ਲਿਹਾਜ਼ ਨਹੀਂ ਸੀ ਕੀਤਾ। ਕਦੀ ਜੇ ਚਾਹ ਚੰਗੀ ਨਾ ਲਗਦੀ ਤਾਂ ਗਿਲਾਸ ਪਰੇ ਬਰਾਂਡੇ ਵਿਚ ਵਗਾਹ ਮਾਰਦਾ। ਰੋਟੀ ਦੀ ਥਾਲੀ ਫਰਸ਼ੀ ਚਾਦਰਾਂ ਉਤੇ ਖਿਲਰ ਜਾਂਦੀ। ਇਕ ਦਿਨ ਤਾਂ ਹੱਦ ਹੀ ਹੋ ਗਈ ਸੀ ਮੈਂ ਆਪਣੀ ਨਵੀਂ ਕਮੀਜ਼ ਮਿੱਟੀ ਦਾ ਤੇਲ ਸੁਟ ਕੇ ਫੂਕ ਦਿੱਤੀ ਸੀ। ਗੱਲ ਬਸ ਐਨੀ ਸੀ ਕਿ ਧੋਂਦਿਆਂ ਹੋਇਆ ਉਸਦਾ ਇਕ ਬਟਨ ਟੁੱਟ ਗਿਆ ਸੀ। ਅੱਜ ਸੋਚਦਾ ਹਾਂ ਕਿ ਮੈਂ ਸੁਚਮੁਚ ਉਸ ਔਰਤ ਨੂੰ ਨ.ਫਰਤ ਕਰਦਾ ਸਾਂ। ਅਗਰ ਕਰਦਾ ਹੀ ਸਾਂ ਤਾਂ ਚਾਰ ਬੱਚੇ ਕਿਵੇਂ ਜੰਮ ਪਏ ਸਾਡੇ... ਮਰਦ ਔਰਤ ਤੋਂ ਚਾਹੁੰਦੀ ਕੀ ਹੈ?... ਮਰਦ-ਔਰਤ ਨੂੰ ਸਮਝਦਾ ਕੀ ਹੈ? ਕਿਸ ਅਹੰਕਾਰ ਦੀ ਪ੍ਰਚੰਡਤਾ ਇਕ ਪਤੀ ਨੂੰ ਇਨਸਾਨ ਨਹੀਂ ਕੇਵਲ ਮਰਦ ਬਣਾ ਕੇ ਰੱਖ ਦਿੰਦੀ ਹੈ... ਮਰਦਾਨਗੀ ਦਾ ਤਾਜ ਹੈ ਜਿਹੜਾ ਹਰ ਪਤੀ ਆਪਣੇ ਮੱਥੇ ਤੇ ਸਜਾ ਕੇ ਦਾਤਾ ਬਣ ਜਾਂਦਾ ਹੈ ਤੇ ਔਰਤ ਕਾਸਾ... ਉਹ ਉਸ ਵਿਚ ਕਦੀ ਰੋਟੀ ਕਪੜੇ ਦਾ ਦਾਨ ਪਾ ਕੇ ਅਹਿਸਾਨ ਜਤਾਉਂਦਾ ਹੈ ਤੇ ਕਦੀ ਧੀਆਂ-ਪੁੱਤਰਾਂ ਦਾ ਦਾਨ ਪਾ ਕੇ ਉਸਨੂੰ ਗੁਲਾਮ ਬਣਾ ਲੈਂਦਾ ਹੈ। ਮੈਂ ਅਚਾਨਕ ਆਪਣੇ ਖਿਆਲਾਂ ਤੋਂ ਪਰਤਕੇ ਵੇਖਦਾ ਹਾਂ ਤਾਇਆ ਊਂਘਣ ਲਗ ਪਿਆ ਹੈ। ਗਰਮ ਬਿਸਤਰੇ ਦੀ ਕਰਾਮਾਤ। ਤਾਏ ਨੇ ਸਚ  ਹੀ ਆਖਿਐ ਜਿਸ ਔਰਤ ਦੀ ਮੈਂ ਸਾਰੀ ਉਮਰ ਕਦਰ ਨਹੀਂ ਕੀਤੀ ਉਹ ਮਰੀ ਇਸੇ ਲਈ ਤਾਂ ਕਿ ਮੈਨੂੰ ਉਸਦੀ ਕਦਰ ਆਏ... ਹਾਂ ਸੱਚਮੁਚ ਉਸਦੀ ਕਦਰ ਆ ਰਹੀ ਹੈ। ਰਬ ਉਸਨੂੰ ਜਨਤ ਨਸੀਬ ਕਰੇ। ਅਚਨਚੇਤ ਮੈਂ ਹੋਲੀ ਜਹੀ ਹਸ ਪੈਂਦਾ ਹਾਂ ਇਹ ਸੋਚਕੇ ਕਿ ਅਗਰ ਉਸਦੇ ਜੀਦੈ ਜੀ ਮੇਰੇ ਮੂੰਹੋਂ ਕਦੀ ਉਸ ਲਈ ਇਹ ਗੱਲ ਨਿਕਲ ਜਾਂਦੀ ਤਾਂ ਮੈਨੂੰ ਯਕੀਨ ਹੈ ਉਹ ਹੋਰ ਪੰਜਾਹ ਸਾਲ ਨਹੀਂ ਸੀ ਮਰਦੀ। ਪਰ ਉਦੋਂ ਮੇਰੀ ਜੀਭ ਕੋਈ ਹੋਰ ਹੀ ਭਾਸ਼ਾ ਬੋਲਣ ਜਾਣਦੀ ਸੀ।

ਬਾਹਰ ਕਿਸੇ ਦਰਵਾਜ਼ਾ ਖੜਕਾਇਆ ਹੈ। ਮੈਂ ਗੌਰ ਨਾਲ ਸੁਣਦਾ ਹਾਂ। ਕੋਈ ਕੁੱਤਾ-ਬਿੱਲਾ ਨਾ ਹੋਵੇ।

''ਕਰਨਾ ਭਾਪਾ...।'' ਇਹ ਦੀਪੇ ਦੀ ਅਵਾਜ਼ ਹੈ। ਸ਼ਾਇਦ ਤਾਏ ਨੂੰ ਲੈਣ ਆਇਆ ਹੈ। ਪਰ ਤਾਇਆ ਤਾਂ ਮੇਰੇ ਬਿਸਤਰੇ ਵਿਚ ਘੁਰਾੜੇ ਮਾਰ ਰਿਹਾ ਹੈ। ਮੈਂ ਬਾਹਰ ਨਿਕਲ ਕੇ ਦੀਪੇ ਨੂੰ ਅੰਦਰ ਬੁਲਾਂਦਾ ਹਾਂ। ਦੀਪਾ ਸ਼ਰਮਸ਼ਾਰ ਜਿਹਾ ਸਿਰ ਝੁਕਾਏ ਖੜਾ ਹੈ। ਜਾਣਦਾ ਹੈ ਤਾਇਆ ਉਸਦੇ ਇਨਕਾਰ ਤੋਂ ਸੜਿਆ ਭੁਜਿਆ। ਇਥੇ ਆਇਆ ਹੈ ਤੇ ਆ ਕੇ ਉਸਨੇ ਸਾਰਾ ਕੁਝ ਮੈਨੂੰ ਸੁਣਾ ਦਿੱਤਾ ਹੋਵੇਗਾ। ਦੀਪਾ ਸ਼ਰਮਿੰਦਾ ਜਿਹਾ ਖੜਾ ਹੈ। ਮੈਂ ਹੱਸਕੇ ਉਸਨੂੰ ਬਾਂਹ ਫੜੀ ਅੰਦਰ ਲੈ ਆਉਂਦਾ ਹਾਂ।

''ਹੋਰ ਕੀ ਹਾਲ ਚਾਲ ਹੈ?'' ਮੈਂ ਸਹਿਜ-ਸੁਭਾਅ ਪੁੱਛਦਾ ਹਾਂ।

''ਬਸ ਭਾਪਾ, ਇਹ ਬਾਪੂ ਕਦੋਂ ਦਾ ਤੇਰੇ ਘਰ ਆਣਦਾ ਕਹਿ ਕੇ ਆਇਆ ਸੀ ਤੇ ਇਥੇ ਆ ਕੇ ਸੌਂ ਗਿਆ ਹੈ। ਬਾਹਰ ਮਣ ਮਣ ਬਰ.ਫ ਪੈ ਰਹੀ ਹੈ। ਹੁਣ ਇਸਨੂੰ ਕਿਸ ਤਰ੍ਹਾਂ ਲੈ ਜਾਵਾਂ।''

''ਰਹਿਣ ਦੇ ਇਥੇ ਈ ਸੁਤਾ ਹੈ ਨਾ ਜਗਾਸ'' ਮੈਂ ਹੌਲੀ ਜਹੀ ਆਖਦਾ ਹਾਂ।

''ਨਾ ਨਾ ਇਸ ਬਲੱਡ ਪ੍ਰੈਸ਼ਰਾ ਦੀ ਦਵਾਈ ਖਾਣੀ ਹੁੰਦੀ ਹੈ ਨਾਲੇ ਤਾਕਤੀ ਕੈਪਸੂਲ। ਦਵਾਈ ਟੁਟ ਜਾਸ ਤਾਂ ਫਿਰ ਜਾਨ ਖਾਣ ਲਗ ਪੈਸੀ। ਮੈਂ ਇਸਨੂੰ ਘਰ ਹੀ ਲੈ ਜਾਂਦਾ।'' ਆਖਦਿਆਂ ਦੀਪਾ ਜ਼ੋਰ ਦੀ ਖੰਘਿਆ ਹੈ। ਸ਼ਾਇਦ ਝੂਠ ਮੂਠ ਦੀ ਖੰਘ ਤਾਏ ਨੂੰ ਜਗਾਣ ਵਾਸਤੇ। ਤੇ ਤਾਇਆ ਸੱਚਮੁਚ ਜਾਗ ਗਿਆ ਹੈ ਤੇ ਸਾਵਧਾਨ ਜਿਹਾ ਹੋ ਕੇ ਬੈਠ ਗਿਆ ਹੈ।

''ਚਲ ਬਾਪੂ ਰਾਤ ਪੈ ਗਈ ਹੈ। ਘਰ ਨਹੀਂ ਚਲਣਾ ਤੂੰ? ਬਾਹਰ ਬਰਫ ਦੇਖੀ ਕਿਨੀ ਪੈ ਗਈ ਹੈ। ਤੂੰ ਤੇ



ਇਥੇ ਘੋੜੇ ਬੇਚ ਕੇ ਸੋ ਰਿਹੈਂ ...।'' ਮੈਨੂੰ ਲੱਗਾ ਦੀਪਾ ਖਿਝਿਆ ਜਿਹਾ, ਖੌਰਾ ਜਿਹਾ ਬੋਲ ਰਿਹਾ। ਤਾਇਆ ਹੌਲੀ-ਹੌਲੀ ਬਿਸਤਰੇ 'ਚੋਂ ਨਿਕਲ ਕੇ ਆਪਣੀ ਸੋਟੀ ਢੂੰਡ ਰਿਹਾ ਹੈ। ਅਚਾਨਕ ਉਸਨੂੰ ਫਿਰ ਮੇਰੀ ਰੋਟੀ ਦਾ ਫਿਕਰ ਲਗਦਾ ਹੈ। ''ਪੁੱਤਰਾ ਤੂੰ ਤੇ ਰੋਟੀ ਨਾ ਬਣਾਈ ਨਾ ਖਾਧੀ... ਰਾਤੀਂ ਭੁੱਖ ਰਹੇਗਾ?''

''ਤਾਇਆ ਮੈਂ ਜਲਦੀ ਰੋਟੀ ਬਣਾ ਕੇ ਖਾ ਲੈਂਦਾ। ਪੰਜ ਵਜੇ। ਇਹ ਮੇਰਾ ਨਿਤਨੇਮ ਹੈ। ਬਾਦ ਵਿਚ ਖਾਧੀ ਰੋਟੀ ਮੈਨੂੰ ਹਜ਼ਮ ਨਹੀਂ ਹੁੰਦੀ।''

''ਅੱਛਾ ਪੁੱਤਰਾ ਜੀਂਦਾ ਰਹੁ...।'' ਮੈਂ ਹਸ ਪੈਂਦਾ ਹਾਂ। ਤਾਇਆ ਮੇਰੀਆਂ ਪ੍ਰੇਸ਼ਾਨੀਆਂ ਤੋਂ ਪ੍ਰੇਸ਼ਾਨ ਵੀ ਹੁੰਦਾ ਹੈ ਤੇ ਜੀਦੈਂ ਰਹਿਣ ਦੀ ਤੇ ਭੋਗਦੇ ਰਹਿਣ ਦੀ ਅਸੀਸ ਵੀ ਦਿੰਦਾ ਹੈ। ਅਚਾਨਕ ਮੇਰੇ ਮਨ ਵਿਚ ਤਾਏ ਦੀ ਕੋਈ ਗੱਲ ਘੁੰਮ ਜਾਂਦੀ ਹੈ। ਮੈਂ ਬੂਹਿਓ ਬਾਹਰ ਜਾਂਦੇ ਦੀਪੇ ਨੂੰ ਆਖਦਾ ਹੈ।

''ਦੀਪਿਆ ਵੈਸੇ ਇਕ ਗੱਲ ਤੈਨੂੰ ਆਖਾਂ... ਮੈਂ ਅਜੇ ਬੁੱਢਾ ਨਹੀਂ ਹੋਇਆ।'' ਤੂੰ ਦੇਖਿਆ ਨਹੀਂ ਮੈਂ ਆਪਣਾ ਵਜ਼ਨ ਕਿਨਾ ਘਟਾ ਲਿਆ ਹੈ... ਰੋਜ਼ ਇਕ ਘੰਟਾ ਯੋਗਾ ਕਰਦਾ ਹਾਂ... ਸੈਰ ਕਰਨ ਵੀ ਜਾਂਦਾ ਹਾਂ... ਤੇ ਪਹਿਲੇ ਨਾਲੋਂ ਨਰੋਆ ਤੇ ਜੁਆਨ ਮਹਿਸੂਸ ਕਰਦਾ ਹਾਂ... ਇਹ ਵੇਖ...।'' ਮੈਂ ਪਤਾ ਕੀ ਕਿਹੜੀ ਰਉਂ ਵਿਚ ਪੀ. ਟੀ. ਕਰਨ ਦੇ ਅੰਦਾਜ਼ ਵਿਚ ਵਨ-ਟੂ... ਵਨ-ਟੂ ...ਵਨ-ਟੂ-ਥ੍ਰੀ... ਵਨ-ਟੂ... ਥ੍ਰੀ ਕਰਦਾ ਛਾਲਾਂ ਜਹੀਆਂ ਮਾਰਨ ਲਗਦਾ ਹਾਂ ਕਿੰਨਾ ਚਿਰ ਪਤਾ ਨਹੀਂ। ਦੀਪਾ ਸ਼ਰਮਿੰਦਾ ਜਿਹਾ ਮੇਰੇ ਵਲ ਵੇਖਦਾ ਹੈ ਪਰ ਤਾਇਆ ਗੜਾਕਾ ਮਾਰ ਕੇ ਹੱਸ ਪੈਂਦਾ ਹੈ। ਮੈਨੂੰ ਵੀ ਜਿਵੇਂ ਹੋਸ਼ ਪਰਤ ਆਉਂਦੀ ਹੈ। ਛਿੱਥਾ ਜਿਹਾ ਪੈ ਜਾਂਦਾ ਹਾਂ। ਹੱਥ ਲਾ ਕੇ ਵੇਖਿਆ ਮੱਥੇ ਉਤੇ ਪਸੀਨੇ ਦੀਆਂ ਬੂੰਦਾ ਇਸ ਬਰਫੀਲੀ ਰਾਤ ਵਿਚ ਵੀ ਉਭਰ ਆਈਆਂ ਹਨ... ਪਰ ਦੀਪੇ ਸਾਹਵੇ ਮੈਂ ਆਪਣੇ ਆਪਨੂੰ ਸੰਭਾਲਦਿਆਂ, ਉਲਟਾ ਉਸ ਨੂੰ ਸ਼ਰਮਿੰਦਾ ਕਰਨ ਲਈ ਆਖਦਾ ਹਾਂ... ''ਤੈਨੂੰ ਮੈਂ ਬੁੱਢਾ ਲਗਦਾ ਹਾਂ...? ਤੂੰ ਤਾਂ ਮੇਰੀਆਂ ਆਂਦਰਾਂ ਨੂੰ ਵੀ ਜਾਣਦਾ ਹੈਂ... ਤੇਰੇ ਤੋਂ ਕੀ ਲੁਕਿਆ ਹੈ...? ਮੈਂ ਅੱਖਾਂ ਚੁੰਨੀਆਂ ਜਹੀਆਂ ਕਰਕੇ ਦੀਪੇ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਵੇਖਦਾ ਹਾਂ। ਸ਼ਾਇਦ ਦੀਪੇ ਦੇ ਚਿਹਰੇ ਤੇ ਸ਼ਰਮਿੰਦਗੀ ਦਾ ਕੋਈ ਰੰਗ ਮੈਨੂੰ ਨਜ਼ਰ ਆਏ। ਪਰ ਉਹ ਤਾਂ ਮੁਸ੍ਕਾ ਪਿਆ ਹੈ...।'' ਤਾਹੀਓਂ ਕੰਤੋਂ ਝੱਲੀ ਤੇਰੇ ਕੋਲ ਸਾਲ ਕਟ ਕੇ ਗਈ ਹੈ... ਪਰ ਫਿਰ ਉਸਨੂੰ ਕੀ ਹੋ ਗਿਆ... ਚਲੀ ਕਿਉਂ ਗਈ? ਤੇਰੀ ਇਹ ਜਵਾਨੀ ਉਸਨੂੰ ਬੰਨ ਕੇ ਨਾ ਰੱਖ ਸਕੀ ? '' ਦੀਪੇ ਨੇ ਵੀ ਮੇਰੀਆਂ ਅੱਖਾਂ ਵਿਚ ਝਾਕਦਿਆਂ ਵਿਅੰਗ ਕੀਤਾ। ਇਕ ਪਲ ਲਈ ਮਨ ਕੀਤਾ ਇਸ ਹਰਾਮਜ਼ਾਦੇ ਦਾ (ਵਾਹਿਗੁਰੂ-ਵਾਹਿਗੁਰੂ ... ਇਹ ਤਾਂ ਮੇਰੇ ਪਿਆਰੇ ਤਾਏ ਦਾ ਨਾਲਾਇਕ ਪੁੱਤਰ ਹੈ... ਇਸ ਕਮੀਨੇ ਕਾਰਨ ਮੈਂ ਪਿਓ ਵਰਗੇ ਤਾਏ ਨੂੰ ਕਿਉਂ ਲਾਂਛਨ ਲਾਵਾਂ) ਪਰ ਕਿੰਨਾ ਬੇਸ਼ਰਮ ਹੈ ਇਹ, ਦਿਲ ਕਰਦੈ ਦੋ ਜੜ ਦਿਆਂ। ਇਸਨੂੰ ਪਰ ਤਾਇਆ... ਸੋਚ ਕੇ ਮੈਂ ਦੰਦ ਕਰੀਚ ਕੇ ਰਹਿ ਜਾਂਦਾ ਹਾਂ। ਦੀਪਾ ਤਾਏ ਨੂੰ ਛੱਤਰੀ ਹੇਠ ਲੁਕਾਂਦਾ ਲੈ ਗਿਆ ਤੇ ਪਲ ਦੀ ਪਲ ਉਹ ਸਿਆਹ ਹਨੇਰੇ 'ਚ ਗੁਆਚ ਗਏ ਹਨ। ਮੈਂ ਮੁੜ ਅੰਦਰ ਆ ਜਾਂਦਾ ਹਾਂ। ਨੀਂਦਰ ਦਾ ਸਤਿਆਨਾਸ਼ ਹੋ ਗਿਆ ਹੈ ! ਅੱਜ ਨੀਂਦਰ ਕਿਥੇ ਆਏਗੀ। ਅਗਲੀ ਕਾਂਗੜੀ ਠੰਡੀ ਹੋ ਗਈ ਲਗਦੀ ਹੈ। ਮੈਂ ਦੂਜੀ ਅਧਭਖੀ ਕਾਂਗੜੀ ਵਿਚੋਂ ਇੱਟ ਦਾ ਟੋਟਾ ਕੱਢ ਕੇ ਕਾਂਗੜੀ ਨੂੰ ਚਾਲਟੀ ਨਾਲ ਫਲੋਰਦਾ ਹਾਂ। ਹਲਕੀ ਹਲਕੀ ਮਘ ਪੈਂਦੀ ਹੈ। ਮੈਂ ਬਿਸਤਰੇ ਵਿਚ ਵੜ ਜਾਂਦਾ ਹਾਂ ਪਰ ਬੇਚੈਨੀ ਤੇ ਬੇਕਰਾਰੀ ਜੋੜ ਜੋੜ ਵਿਚ ਦਰਦ ਬਣਕੇ ਫੈਲ ਜਾਂਦੀ ਹੈ। ਕਾਸ਼ ਘਰ ਵਿਚ ਕੋਈ ਔਰਤ ਹੁੰਦੀ ਗਰਮ ਪਾਣੀ ਦੀ ਚਲਿਮਚੀ ਪੈਰ ਧੋਣ ਵਾਸਤੇ ਦੇਂਦੀ। ਸਿਆਲ ਦੀਆਂ ਰਾਤਾਂ 'ਚ ਖੌਲਦੇ ਪਾਣੀ ਦੀ ਚਲਿਮਚੀ ਕਿਸੇ ਹਮਾਮ ਦੇ ਇਸ਼ਨਾਨ ਤੋਂ ਘਟ ਸੁਖ ਨਹੀਂ ਦਿੰਦੀ ! ਮੈਨੂੰ ਫਿਰ ਪੰਮੀ ਦੀ ਮਾਂ ਯਾਦ ਆ ਗਈ ਹੈ... ਪੰਮੀ ਦੀ ਮਾਂ। ਨਸੀਬਾਂ ਸੜੀ ਨੂੰ ਮੈਂ ਜੀਉਂਦੇ ਜੀਆ ਵੀ ਕਦੀ ਨਾ ਲੈ ਕੇ ਨਹੀਂ ਬੁਲਾਇਆ ਤੇ ਹੁਣ ਮਰਨ ਬਾਦ ਵੀ ਕਦੀ ਨਾਂ ਲੈ ਕੇ ਯਾਦ ਨਹੀਂ ਕੀਤਾ। ਜਦ ਵੀ ਯਾਦ ਆਉਂਦੀ ਹੈ ਪੰਮੀ ਦੀ ਮਾਂ ਦੇ ਰਿਸ਼ਤੇ ਦੀ ਯਾਦ ਆਉਂਦੀ ਹੈ। ਜਿਵੇਂ ਚਾਰ ਬੱਚੇ ਉਹ ਕਿਧਰੇ ਕਿਸੇ ਕੂੜੇ ਦੇ ਢੇਰ ਤੋਂ ਚੁੱਕ ਲਿਆਈ ਸੀ। ਸਿਆਲ ਦੇ ਦਿਨਾਂ ਵਿਚ ਸ਼ਾਮੀ ਜਦ ਮੈਂ ਪੰਮੀ ਨੂੰ ਆਵਾਜ਼ ਮਾਰ ਕੇ ਗਰਮ ਪਾਣੀ ਪੈਰਾਂ ਲਈ ਮੰਗਦਾ ਸਾਂ ਤਾਂ ਆਪ ਜਾਣ ਬੁਝ ਕੇ ਮੂੰਹ ਤੋਂ ਲੋਈ ਲੈ ਕੇ ਸੁਤੇ ਹੋਣ ਦਾ ਨਾਟਕ ਜਿਹਾ ਰਚਾਂਦਾ ਸਾਂ। ਪੰਮੀ ਦੀ ਮਾਂ ਹੌਲੀ-ਹੌਲੀ ਤੁਰਦੀ ਗਰਮ ਪਾਣੀ ਦੀ ਚਲਿਮਚੀ ਮੇਰੇ ਪੈਰਾਂ ਕੋਲ ਰਖਦੀ ਤੇ ਫਿਰ ਲੋਈ ਹਟਾ, ਮੇਰੇ ਪੈਰ ਹੌਲੀ-ਹੌਲੀ ਪਾਣੀ ਵਿਚ ਪਾ ਦੇਂਦੀ। ਮੈਂ ਇਕ ਵਾਰ ਤ੍ਰਭਕ ਕੇ ਮੂੰਹ ਲੋਈ ਚੋਂ ਬਾਹਰ ਕਢ ਉਹਦੇ ਹੱਥਾਂ 'ਚੋਂ ਪੈਰ ਛੁਡਾਣ ਦੀ ਝੂਠੀ ਜਹੀ ਕੋਸ਼ਿਸ਼ ਕਰਦਾ ਪਰ ਉਹਦੇ ਹੱਥ ਜਿਵੇਂ ਮੇਰੇ ਪੈਰਾਂ ਨੂੰ ਚੰਬੜ ਹੀ ਜਾਂਦੇ ਤੇ ਹੌਲੀ ਹੌਲੀ ਉਹਦੇ ਹੱਥ ਤੇ ਗਰਮ ਪਾਣੀ ਮਿਲ ਕੇ ਮੇਰੇ ਪੈਰਾਂ ਦੀ ਅਜੇਹੀ ਟਕੋਰ ਕਰਦੇ ਕਿ ਸਾਰੀ ਰਾਤ ਬਹਿਸ਼ਤਾਂ ਦੀ ਨੀਂਦਰ ਆਂਦੀ। ਪਤਾ ਹੀ

ਨਾ ਚਲਦਾ। ਰਾਤ ਕਦੋਂ ਪਈ ਤੇ ਸੁਬਹਾ ਕਦੋਂ ਹੋਈ... ਪਰ ਅਜ ਕੌਣ ਦੇਵੇ ਪਾਣੀ... ਮਨ ਮਸੋਸ ਕੇ ਰਹਿ ਜਾਂਦਾ ਹੈ। ਬਿਸਤਰੇ ਵਿਚ ਜਿਵੇਂ ਨਿਕੇ ਨਿਕੇ ਬਿਛੂ ਰੇਂਗ ਰਹੇ ਹੋਣ। ਜਿਸਮ ਤੇ ਅਜੀਬ ਜਹੇ ਛੇਕ ਮਹਿਸੂਸ ਹੋ ਰਹੇ ਹਨ। ਕੁਝ ਦੇਰ ਪਹਿਲਾਂ ਦੀ ਆਪਣੀ ਹਰਕਤ ਯਾਦ ਆਉਂਦਿਆਂ ਆਪਣੇ ਹੋਠ ਚਬਾ ਲੈਂਦਾ ਹਾਂ। ਕੀ ਬੇਵਕੂਫਾ ਦੀ ਤਰ੍ਹਾਂ ਮੈਂ ਉਛਲ ਉਛਲ ਕੇ ਦੀਪੇ ਸਾਂਹਵੇਂ ਆਪਣੇ ਆਪ ਨੂੰ ਜਵਾਨ ਸਿਧ ਕਰਨ ਦੀ ਕੋਸ਼ਿਸ਼ ਕਰ ਰਿਹਾ ਸਾਂ... ਬੇਚੈਨੀ ਬੇਕਰਾਰੀ ਵਧਦੀ ਹੀ ਜਾ ਰਹੀ ਹੈ। ਯਾਦ ਆਇਆ ਕੁਝ ਮਹੀਨੇ ਪਹਿਲਾਂ ਨਵਾਂ ਦੁਕਾਨਦਾਰ ਮੈਨੂੰ ਰਮ ਦੀ ਇਕ ਬੋਤਲ ਦੇ ਗਿਆ ਸੀ। ਅਖੇ ਕਦੀ ਸਰਦੀ-ਵਰਦੀ ਲਗ ਜਾਏ ਤਾਂ ਦਵਾਈ ਵਜੋਂ ਵਰਤ ਲੈਂਣੀ। ਭਲਾ ਅੱਜ ਤੋਂ ਬਾਅਦ ਹੋਰ ਮੈਨੂੰ ਇਸ ਸ਼ੈਂਅ ਦੀ ਕਦ ਲੋੜ ਪਵੇਗੀ। ਮੈਂ ਉਠ ਕੇ ਅਲਮਾਰੀ ਦਾ ਤਾਲਾ ਖੋਲ ਬੋਤਲ ਕਢਦਾ ਹਾਂ। ਥਰਮਸ ਵਿਚ ਪਿਆ ਕੋਸਾ ਪਾਣੀ ਸਟੀਲ ਦੇ ਗਿਲਾਸ ਵਿਚ ਪਾ ਕੇ ਵਿਚ ਅੰਦਾਜ਼ੇ ਨਾਲ ਥੋੜੀ ਜਹੀ ਰਮ ਪਾ ਕੇ ਇਕੋ ਡੀਕ 'ਚ ਪੀ ਜਾਂਦਾ ਹਾਂ। ਜੀਭ ਤੋਂ ਲੈ ਕੇ ਪੇਟ ਤਕ ਅੱਗ ਦੀ ਇਕ ਲਕੀਰ ਜਹੀ ਖਿਚੀ ਗਈ ਹੈ। ਇਹ ਗਲ ਨਹੀਂ ਕਿ ਮੈਂ ਅਗੇ ਕਦੀ ਨਹੀਂ ਪੀਤੀ। ਇਕ ਦੋ ਵਾਰ ਦੋਸਤਾਂ ਯਾਰਾਂ ਦੇ ਵਿਆਹ-ਸ਼ਾਦੀਆਂ ਵਿਚ ਹੀ ਪੀਤੀ ਹੈ। ਹਾਂ ਯਾਦ ਆਇਆ ਆਖਰੀ ਵਾਰ ਤਾਂ ਸਾਲੇ ਦੀਪੇ ਦੇ ਵਿਆਹ ਵਾਲੇ ਦਿਨ ਹੀ ਪੀਤੀ ਸੀ। ਸਿਰਫ ਦੋ ਪੈਗ। ਉਸ ਦਿਨ ਤਾਂ ਮੈਨੂੰ ਚੜ ਵੀ ਗਈ ਸੀ। ਪਤਾ ਨਹੀਂ ਘਰ ਆ ਕੇ ਮੈਂ ਪੰਮੀ ਦੀ ਮਾਂ ਨਾਲ ਕੀ ਗਲ ਕੀਤੀ ਹੋਵੇਗੀ... ਪਤਾ ਨਹੀਂ ਨ.ਫਰਤ ਦੇ ਜ਼ਹਿਰ ਵਿਚ ਘੁਲੀ ਗੱਲ ਜਾਂ ਪਿਆਰ ਦੇ ਮਲਮ ਵਰਗੀ ਕੋਈ ਗੱਲ... ਕਦੀ ਪਤਾ ਹੀ ਨਾ ਲਗਾ ਕਿ ਮੈਂ ਕਦ ਉਸ ਨਾਲ ਕਿਹੜੇ ਮੂੜ ਵਿਚ ਕਿਹੜੀ ਗਲ ਕੀਤੀ। ਸ਼ਾਇਦ ਉਸ ਨਾਲ ਕੀਤੀ ਕਿਸੇ ਗਲ ਦੀ ਮੇਰੇ ਲਈ ਕੋਈ ਅਹਿਮੀਅਤ ਹੀ ਨਹੀਂ ਸੀ... ਇਸ ਕਰਕੇ ਕਦੀ ਕੁਝ ਯਾਦ ਹੀ ਨਹੀਂ ਰਿਹਾ...। ਇਕ ਪੈੱਗ ਹੋਰ ਕੋਸੇ ਪਾਣੀ ਨਾਲ ਮਿਲਾ ਕੇ ਗਲੇ ਤੋਂ ਥੱਲੇ ਕਰ ਲਿਆ ਹੈ। ਹੁਣ ਤਾਂ ਸਾਰੇ ਸਰੀਰ ਵਿਚ ਅੱਗ ਮਚੀ ਮਹਿਸੂਸ ਹੋ ਰਹੀ ਹੈ। ਆਪਣੀ ਅੰਦਰਲੀ ਅੱਗ ਦੇ ਭਾਂਬੜਾਂ ਵਿਚ ਮੈਨੂੰ ਪੰਮੀ ਦੀ ਮਾਂ ਝੁਲਸਦੀ ਤੜਪਦੀ ਹੱਥ ਪੈਰ ਮਾਰਦੀ ਛਟਪਟਾਉਂਦੀ ਦਿਸ ਰਹੀ ਹੈ। ਮੈਂ ਦੋਵੇਂ ਹੱਥ ਆਪਣੇ ਸੀਨੇ ਤੇ, ਪੇਟ ਤੇ ਫੇਰਦਾ ਹਾਂ... ਜ਼ੋਰ ਜ਼ੋਰ ਦੀ... ਸ਼ਾਇਦ ਮੈਂ ਆਪਣੀ ਅੱਗ ਵਿਚ ਝੁਲਸਦੀ ਪੰਮੀ ਦੀ ਮਾਂ ਨੂੰ ਬਚਾਣਾ ਚਾਹੁੰਦਾ ਹਾਂ ਪਰ ਉਹ ਤਾਂ ਅੱਗ ਦੀਆਂ ਲਪਟਾਂ ਵਿਚ ਸੁਆਹ ਹੁੰਦੀ ਜਾ ਰਹੀ ਹੈ। ਮੇਰੀਆਂ ਅੱਖਾਂ ਅੱਗੇ ਨੇਰ੍ਹਾ ਜਿਹਾ ਛਾ ਰਿਹਾ ਹੈ ਪਰ ਜ਼ਿਹਨ ਅੱਗ ਦੇ ਸੇਕ ਕਾਰਨ ਜਾਗ ਰਿਹਾ ਹੈ। ਸਾਰਾ ਸਿਆਪਾ ਤੇ ਇਸ ਜ਼ਿਹਨ ਦਾ ਹੀ ਹੈ। ਇਹੋ ਤਾਂ ਨਹੀਂ ਸੋਂਦਾ ਤੇ ਨਾ ਹੀ ਹੁਣ ਬੇਹੋਸ਼ ਹੋ ਰਿਹਾ ਹੈ...। ਪਤਾ ਨਹੀਂ ਹੁਣ ਇਸ ਜ਼ਿਹਨ ਵਿਚ ਇਹ ਬਦਬਖਤ ਕੰਤੋ ਝੱਲੀ ਕਿਧਰੋਂ ਆ ਵੜੀ ਹੈ। ਸਾਲੀ ਲੁੱਚੀ ਕਿਸੇ ਪਾਸੇ ਦੀ। ਆਪਣਾ ਮਤਲਬ ਕੱਢਣਾ ਸੀ ਤਾਂ ਬੱਕਰੀ ਵਾਂਗ ਮੈਂ ਮੈਂ ਕਰਦੀ ਮੇਰੇ ਘਰ ਆ ਵੜੀ ਪਰ ਆਪਣਾ ਮਤਲਬ ਨਿਕਲ ਗਿਆ ਤਾਂ ਸਭ ਕੁਝ ਤੋੜ ਫੋੜ ਕੇ ਦੌੜ ਗਈ ਨਾਲੇ ਸੋ ਸੋ ਲਾਂਛਨ ਲਾ ਕੇ ਮੇਰੀ ਮਿੱਟੀ ਪਲੀਤ ਕਰ ਗਈ। ਸਾਲੀ ਮੇਰੀ ਨੂੰ ਕੋਈ ਪੁੱਛੇ ਤੂੰ ਕੀ ਸੋਚ ਕੇ ਇਕਲੇ ਮਰਦ ਕੋਲ ਰਹਿਣ ਲਈ ਆ ਗਈ ਸੈਂ? ਤੂੰ ਕੀ ਆਪਣੇ ਆਪ ਨੂੰ ਰਾਣੀ ਝਾਂਸੀ ਸਮਝਦੀ ਸੈਂ ਜਾਂ ਕੋਈ ਦੁਰਗਾ, ਕਾਲੀ ਜਾਂ ਚੰਡੀ...। ਪਹਿਲਾ ਤਾਂ ਕੋਈ ਇਹ ਦਸੇ ਉਸ ਨਾਲ ਮੇਰਾ ਰਿਸ਼ਤਾ ਕੀ ਸੀ? ਮੇਰੇ ਇਕ ਦੋਸਤ ਦੀ ਭੈਣ। ਸਰਕਾਰੀ ਟੀਚਰ ਛੱਤੀਆਂ ਸਾਲਾਂ ਦੀ ਹੋ ਕੇ ਵੀ ਉਸਦਾ ਵਿਆਹ ਨਹੀਂ ਸੀ ਹੋਇਆ। ਦਰਅਸਲ ਜਦ ਉਸਦੇ ਵਿਆਹ ਦੀ ਉਮਰ ਦੀ ਉਹ ਕਿਸੇ ਨੂੰ ਆਪਣੇ ਨੱਕ ਥੱਲੇ ਲਿਆਂਉਂਦੀ ਹੀ ਨਹੀਂ ਸੀ ਤੇ ਜਦ ਉਮਰ ਨਿਕਲ ਗਈ ਤਾਂ ਕੋਈ ਉਸਨੂੰ ਆਪਣੇ ਨੱਕ ਥੱਲੇ ਲਿਆਉਂਦਾ ਹੀ ਨਹੀਂ ਸੀ, ਇਸੇ ਕਸ਼ਮਕਸ ਵਿਚ ਉਹ ਉਮਰ ਦੇ ਛੱਤੀ ਵਰ੍ਹੇ ਗੁਆ ਬੈਠੀ ਸੀ। ਪਰ ਛੱਤੀਆਂ ਵਰਿਆ ਵਿਚ ਉਹ ਛਿਤਾਲੀਆਂ ਦੀ ਲਗਦੀ ਸੀ। ਅਣਵਿਆਹੀ ਤਾਂ ਉਹ ਕਿਸੇ ਵੀ ਸੂਰਤ ਵਿਚ ਨਹੀਂ ਸੀ ਜਾਪਦੀ। ਢਿਲਕੀ ਹੋਈ ਜਵਾਨੀ। ਖ਼ੈਰ ਮੈਨੂੰ ਉਸਦੀ ਜਵਾਨੀ ਨਾਲ ਕੀ ਲੈਣਾ ਸੀ ਮੈਨੂੰ ਤਾਂ ਆਪਣੀਆਂ ਰੋਟੀਆਂ ਨਾਲ ਗਰਜ਼ ਸੀ। ਜਿਸ ਦਿਨ ਉਹਦਾ ਭਰਾ ਯਾਨਿ ਮੇਰਾ ਦੋਸਤ ਉਸਨੂੰ ਮੇਰੇ ਘਰ ਲੈ ਕੇ ਆਇਆ ਸੀ ਤਾਂ ਮੇਰੇ ਚਿਤ ਚੇਤੇ ਵੀ ਇਹ ਗੱਲ ਨਹੀਂ ਸੀ ਆਈ ਕਿ ਇਕ ਮੁਸੀਬਤ ਮੇਰੇ ਘਰ ਆ ਗਈ ਹੈ। ਉਨ੍ਹਾਂ ਆਪਣੀ ਪ੍ਰੇਸ਼ਾਨੀ ਦਸੀ ਸੀ ਕਿ ਇਹ ਬੀਬੀ ਕ੍ਰਾਂਤੀਪਾਲ ਕੌਰ ਸਾਡੇ ਲਾਗਲੇ ਪਿੰਡ ਦੇ ਸਕੂਲ ਵਿਚ ਬਦਲੀ ਹੋ ਕੇ ਆਈ ਹੈ। ਪਰ ਕਿਉਂਕਿ ਉਸਨੂੰ ਘਰੋਂ ਬਹੁਤ ਦੂਰੋਂ ਆਣਾ ਪਵੇਗਾ। ਬੱਸ ਦਾ ਵੀ ਕੋਈ ਬੰਦੋਬਸਤ ਨਹੀਂ ਹੈ ਇਸ ਲਈ ਮੈਂ ਉਸ ਲਈ ਕਿਸੇ ਚੰਗੇ ਘਰ ਵਿਚ ਉਸਦੇ ਲਈ ਕਿਰਾਏ ਤੇ ਕੋਈ ਕਮਰਾ ਢੂੰਡਣ 'ਚ ਮਦਦ ਕਰਾਂ। ਪਲ ਦੀ ਪਲ ਉਨ੍ਹਾਂ ਦੀ ਗਲ ਸੁਣ ਕੇ ਮੇਰੇ ਦਿਮਾਗ ਵਿਚ ਇਕ ਖਿਆਲ ਆਇਆ ਸੀ ਕਿ ਕਿਉਂ ਨਾ ਇਹ ਮੇਰੇ ਘਰ ਰਹਿ ਜਾਏ। ਇਸਦੇ ਰਹਿਣ ਦੀ ਸਮੱਸਿਆ ਹੱਲ ਹੋ ਜਾਏਗੀ ਤੇ ਮੇਰੀ ਰੋਟੀ ਪਾਣੀ ਦੀ। ਰੱਬ



ਜਾਣਦਾ ਮੇਰੀ ਕੀਮਤ 'ਚ ਕੋਈ ਖੋਟ ਨਹੀਂ ਸੀ। ਮੈਂ ਬਸ ਇਹੋ ਸੋਚਿਆ ਸੀ ਕਿ ਦੋਹਾਂ ਦਾ ਮਸਲਾ ਹੱਲ ਹੋ ਜਾਏਗਾ ਤੇ ਮੈਂ ਇਹ ਸੁਝਾਓ ਉਨ੍ਹਾਂ ਭੈਣਾਂ-ਭਰਾਵਾਂ ਨੂੰ ਵੀ ਦੇ ਦਿੱਤਾ ਜਿਸਨੂੰ ਉਨ੍ਹਾਂ ਨੇ ਖੁਸ਼ਦਿਲੀ ਨਾਲ ਕਬੂਲ ਵੀ ਕਰ ਲਿਆ। ਇੰਝ ਉਹ ਕ੍ਰਾਂਤੀਪਾਲ ਕੌਰ ਯਾਨੀ ਕੰਤੋ ਝੱਲੀ ਮੇਰੇ ਘਰ ਦੀ ਉਪਰਲੀ ਮੰਜ਼ਲ 'ਤੇ ਕਾਬਿਜ਼ ਹੋ ਗਈ ਤੇ ਮੈਂ ਹੇਠਲੀ ਮੰਜ਼ਲ ਵਿਚ ਕੈਦ। ਰਸੋਈ ਵਿਚਕਾਰ ਸੀ ਜਿਹੜੀ ਉਸ ਨੇ ਗਹਿਣੀਆਂ ਵਾਂਗ ਸਾਂਭ ਲਈ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਸੁਚੱਜੀਆਂ ਜਨਾਨੀਆਂ ਵਾਂਗ ਮੇਰੇ ਘਰ ਦੀ ਸਾਂਭ ਸੰਭਾਲ ਕਰਦੀ, ਆਏ ਗਏ ਦੀ ਪੁਛ ਪ੍ਰਤੀਤ ਕਰਦੀ। ਮੇਰੇ ਕਪੜੇ ਧੋਂਦੀ ਪ੍ਰੈਸ ਕਰਦੀ। ਆਂਢ-ਗੁਆਂਢ 'ਚ ਅਰਤ-ਵਰਤ ਲੈਂਦੀ। ਸੱਚ ਪੁਛੋ ਤਾਂ ਮੈਨੂੰ ਉਹਦੀ ਆਦਤ ਜਹੀ ਪੈਂਦੀ ਚਲੀ ਗਈ। ਜਾਂ ਉਹ ਹੀ ਮੇਰੇ ਦਿਲ ਤੇ ਦਿਮਾਗ ਨੂੰ ਆਪਣੇ ਕਬਜ਼ੇ ਵਿਚ ਕਰਨ ਦੀ ਕੋਸ਼ਿਸ਼ ਵਿਚ ਜੁਟ ਗਈ। ਕਦੀ ਕਦੀ ਉਹ ਐਵੇਂ ਹੀ ਬੂਹਾ ਖੜਕਾ ਕੇ ਮੇਰੇ ਕਮਰੇ ਵਿਚ ਆ ਕੇ ਬੈਠ ਜਾਂਦੀ ਤੇ ਨਿੱਕੀਆਂ ਨਿੱਕੀਆਂ ਗੱਲਾਂ ਛੋਹ ਲੈਂਦੀ। ਕਦੀ ਕਹਾਣੀਆਂ ਸੁਣਨ-ਸੁਣਾਨ ਲੱਗ ਪੈਂਦੀ। ਅਲਿ.ਫ-ਲੈਲਾ ਦੀਆਂ ਕਹਾਣੀਆਂ 'ਚ ਉਹਦੀ ਖਾਸ ਦਿਲਚਸਪੀ ਸੀ... ਤੇ ਅਕਸਰ ਉਹ ਮਜ਼ਾਕ ਵਿਚ ਅਲੀ ਬਾਬਾ ਚਾਲੀ ਚੋਰ ਵਾਲਾ ਡਾਇਲਾਗ ਬੋਲ ਦਿੰਦੀ। ਖੁਲ ਜਾ ਸਿੰਮ ਸਿੰਮ ਮੈਂ ਜੋ ਆਪਣੀ ਇਕੱਲਤਾ ਤੋਂ ਘਬਰਾਇਆ ਹਰ ਵੇਲੇ ਘਰੋਂ ਬਾਹਰ ਗੁਰਦੁਆਰੇ ਦੇ ਵਿਹੜੇ ਬੈਠੀ ਵੇਹਲਿਆਂ ਦੀ ਟੋਲੀ ਵਿਚ ਭਟਕਦਾ ਰਹਿੰਦਾ ਜਾਂ ਚੁਰਾਹੇ ਵਾਲੇ ਅਕਬਰ ਮੋਚੀ ਦੀ ਦੁਕਾਨ ਤੇ ਬੈਠਿਆ। ਵਕਤ ਟਪਾਂਦਾ ਰਹਿੰਦਾ ਸਾਂ, ਹੁਣ ਵਧ ਤੋਂ ਵਧ ਘਰ ਵਿਚ ਬੈਠਾ ਕਹਾਣੀਆਂ ਸੁਣਦਾ-ਸੁਣਾਂਦਾ ਰਹਿੰਦਾ। ਹੌਲੀ ਹੌਲੀ ਮੈਂ ਤੇ ਕੰਤੋ ਮਿੱਤਰਾਂ ਵਰਗਾ ਵਿਵਹਾਰ ਕਰਨ ਲਗ ਪਏ। ਉਹ ਮੇਰੇ ਮੱਥੇ ਤੇ ਬਾਮ ਮਲ ਦੇਂਦੀ। ਸਿਰ 'ਤੇ ਤੇਲ ਝਸ ਲੈਂਦੀ ਜਾਂ ਹੱਥਾਂ ਦੇ ਨੌਂਹ ਕਟ ਲੈਂਦੀ। ਕਦੀ ਕਦੀ ਮੈਂ ਉਸਨੂੰ ਛੇੜਦਾ, "ਵੇਖ ਕੰਤੋ ਤੂੰ ਮੈਨੂੰ ਆਪਣੀ ਏਨੀ ਆਦਤ ਪਾ ਛੱਡੀ ਹੈ ਕਿ ਕਿਸੇ ਦਿਨ ਜਦ ਤੂੰ ਇਥੋਂ ਬਦਲੀ ਹੋ ਕੇ ਚਲੀ ਜਾਣਾ ਜਾਂ ਸੱਚ ਮੇਰਾ ਘਰ ਕਿੰਨਾ ਖਾਲੀ ਹੋ ਜਾਵੇਗਾ। ਉਹ ਆਖਦੀ, "ਬਦਲੀ ਹੋ ਕੇ ਮੈਂ ਕਿਸੇ ਗੁਫਾ ਵਿਚ ਥੋੜੇ ਨਾ ਜਾ ਕੇ ਛੁਪ ਜਾਣਾ, ਜਿਥੋਂ ਲੱਭ ਨਾ ਸਕਾਂਗੀ।"

"ਤੇ ਸੱਚਮੁਚ ਕਿਸੇ ਗੁਫਾ ਵਿਚ ਛੁਪ ਹੀ ਗਈ ਤਾਂ।"

"ਤਾਂ ਤੁਸੀਂ ਗੁਫਾ ਦਾ ਬਾਹਰ ਆ ਕੇ ਆਖਣਾ ... ਖੁੱਲ੍ਹ ਜਾ ਸਿੰਮ ਸਿੰਮ ਤੇ ਗੁਫਾ ਖੁੱਲ੍ਹ ਜਾਏਗੀ...।"

"ਫਿਰ ...? ਮੈਂ ਦਿਲ ਨੂੰ ਜ਼ੋਰ ਨਾਲ ਧੜਕਣ ਤੋਂ ਰੋਕਦੇ ਪੁਛਦਾ , "ਫਿਰ ਜਾਂ ਤੁਸੀਂ ਅੰਦਰ ਆ ਜਾਣਾ, ਜਾਂ ਮੈਨੂੰ ਅੰਦਰੋਂ ਬਾਹਰ ਕਢ ਲੈਣਾ।"

ਖ਼ੈਰ ਅਲ.ਫ ਲੈਲਾ ਦੀਆਂ ਇਨ੍ਹਾਂ ਕਹਾਣੀਆਂ ਵਿਚ ਦਿਨ ਰਾਤ ਬੀਤਦੇ ਗਏ ਤੇ ਇਨ੍ਹਾਂ ਕਹਾਣੀਆਂ ਦੀਆਂ ਕਹਾਣੀਆਂ ਬਣਨ ਲਗ ਪਈਆਂ। ਧੀਆਂ ਸਹੁਰਿਓ ਆ-ਆ ਉਲਾਮੇ ਤੇ ਨਸੀਹਤਾ ਦੇਣ ਲੱਗੀਆ। ਦੂਜੇ ਸ਼ਹਿਰ ਪੜ੍ਹਦਾ ਪੁੱਤਰ ਧਮਕੀਆਂ ਦੇਣ ਲੱਗ ਪਿਆ। ਪਰ ਮੈਂ ਕਿਸੇ ਦੀ ਗਲ ਨੂੰ ਨਾ ਗਉਲਿਆ। ਕੁੜੀਆਂ ਤੇ ਮੁੰਡਾ ਕੰਤੋ ਨੂੰ ਵੀ ਕੁਝ ਕੁਝ ਉਚਾ ਨੀਵਾਂ ਬੋਲ ਗਏ। ਸਾਰੇ ਆਪੋ ਆਪਣਾ ਰੋਲਾ ਪਾ ਕੇ ਆਪੋ ਆਪਣੇ ਘਰੀਂ ਤੁਰ ਪਏ। ਪਿਛੇ ਫਿਰ ਅਸੀਂ ਦੋਵੇਂ ਇਕੱਲੇ ਉਪਰਲੀ ਮੰਜ਼ਿਲ ਵਿਚ ਉਹ ਤੇ ਹੇਠਲੀ ਮੰਜ਼ਿਲ ਵਿਚ ਮੈਂ। ਜਾਣਦਾ ਸਾਂ ਕੰਤੋ ਮੇਰੇ ਬੱਚਿਆ ਦੇ ਵਿਵਹਾਰ ਕਾਰਨ ਰੁਸੀ ਹੋਈ ਹੈ। ਮੈਂ ਕਿੰਨੀ ਦੇਰ ਉਡੀਕਦਾ ਰਿਹਾ ਕਿ ਉਹ ਰੋਜ਼ ਵਾਂਗ ਅੱਜ ਵੀ ਮੇਰੇ ਕਮਰੇ ਦਾ ਦਰਵਾਜ਼ਾ ਖੋਲ ਕੇ ਮੇਰੇ ਸਾਹਮਣੇ ਆ ਬੈਠੇਗੀ ਤੇ ਮੁਸਕਰਾ ਕੇ ਅਲੀ ਬਾਬਾ ਦੀ ਕਹਾਣੀ ਛੇੜ ਬੈਠੇਗੀ ਪਰ ਉਹ ਹੇਠਾਂ ਨਾ ਆਈ। ਮੈਨੂੰ ਤੌਖਲਾ ਜਿਹਾ ਲੱਗਾ। ਰੋਟੀਆਂ ਦੀ ਚਿੰਤਾ ਜਾਗ ਪਈ। ਸਾਲ ਭਰ ਹੋ ਗਿਆ ਸੀ ਕੰਤੋ ਨੂੰ ਇਥੇ ਰਹਿੰਦਿਆਂ ਤੇ ਉਸਦੇ ਆਉਣ ਤੋਂ ਲੈ ਕੇ ਅੱਜ ਤੱਕ ਮੈਨੂੰ ਘਰ ਦੀ ਕਿਸੇ ਗਲ ਦੀ ਕੋਈ ਚਿੰਤਾ ਨਹੀਂ ਸੀ ਰਹੀ। ਹੁਣ ਤਾਂ ਪਿੰਡ ਦੀਆਂ ਕਸ਼ਮੀਰਨਾ ਦਹੀਂ-ਚਾਵਲ, ਤੇ ਬਾਕੀ ਨਿਕ-ਸੁੱਕ ਦਾ ਹਿਸਾਬ ਕਿਤਾਬ ਵੀ ਕੰਤੋ ਨਾਲ ਹੀ ਕਰ ਜਾਂਦੀਆਂ ਤੇ ਉਹ ਸ਼ਾਮੀ ਮੇਰੇ ਕਮਰੇ ਵਿਚ ਬੈਠਿਆਂ ਹਰ ਗਲ ਮੇਰੇ ਨਾਲ ਸਾਂਝੀ ਕਰ ਲੈਂਦੀ। ਇਥੇ ਰਹਿਣ ਤੋਂ ਬਾਦ ਉਹ ਇਕ ਦੋ ਵਾਰ ਆਪਣੇ ਪਿੰਡ ਵੀ ਹੋ ਆਈ ਸੀ ਤੇ ਆਂਦਿਆਂ ਉਹ ਕਿੰਨਾ ਕੁਝ ਸਮਾਨ ਨਾਲ ਲੈ ਕੇ ਆਈ ਸੀ। ਇਕ ਵਾਰ ਤਾਂ ਸਫੇਦ ਮਲਾਈ ਵਰਗਾ ਧੁੱਸਾ ਮੇਰੇ ਲਈ ਲੈ ਆਈ ਤੇ ਮੇਰੇ ਮੋਢਿਆਂ ਤੇ ਸੁਟਦੀ ਬੋਲੀ, "ਗੁਰਦੁਆਰੇ ਜਾਂਦਿਆਂ ਲਪੇਟ ਕੇ ਲਿਜਾਇਆ ਕਰੋ... ਸਤਿਆਨਾਸ ਹੋਵੇ ਮੇਰੇ ਬੱਚਿਆ ਦਾ ਜਿਨਾਂ ਨੂੰ ਮੇਰਾ ਸੋਖਿਆ ਰਹਿਣਾ ਬਰਦਾਸਤ ਨਾ ਹੋਇਆ ਤੇ ਮੇਰੀ ਹਸਦੀ ਵਸਦੀ ਜ਼ਿੰਦਗੀ ਵਿਚ ਜ਼ਹਿਰ ਘੋਲ ਗਏ। ਉਸ ਰਾਤ ਜਦ ਉਡੀਕ-ਉਡੀਕ ਕੇ ਵੀ ਕੰਤੋ ਥੱਲੇ ਨਾ ਆਈ ਤਾਂ ਬੇਬਸ ਹੋ ਕੇ ਮੈਂ ਹੀ ਉਪਰ ਚਲਾ ਗਿਆ। ਦਰਵਾਜ਼ਾ ਖਟਖਟਾਇਆ। ਉਹਨੇ

ਅਣਜਾਣ ਜਹੇ ਬਣਕੇ ਪੁਛਿਆ , 'ਕੌਣ? ' ਮੈਂ ਕਿਹਾ , 'ਖੁੱਲ ਜਾ ਸਿੰਮ ਸਿੰਮ...।''

''ਚਲੇ ਜਾਓ ਆਪਣੇ ਕਮਰੇ ਵਿਚ...।'' ਉਹ ਚੀਖੀ ਸੀ।

''ਕੰਤੋ, ਮੈਂ ਤੇਰੇ ਨਾਲ ਗੱਲ ਕਰਨੀ ਚਾਹੁੰਦਾ।'' ਮੈਂ ਤਰਲਾ ਜਿਹਾ ਕੀਤਾ।

''ਪਰ ਮੈਂ ਇਸ ਵੇਲੇ ਕੋਈ ਗੱਲ ਨਹੀਂ ਕਰਨੀ ਆਪਣੇ ਕਮਰੇ ਵਿਚ ਜਾਓ।''

''ਪਲੀਜ਼ ਕੰਤੋ... ਇਕ ਵਾਰ ਗੱਲ ਤਾਂ ਕਰ ਵੇਖ ਮੈਂ ਤੈਨੂੰ ਕੁਝ ਕਹਿਣਾ ਚਾਹੁੰਦਾ ਹਾਂ।''

''ਤੁਸੀਂ ਚਲੇ ਜਾਓ ਨਹੀਂ ਤਾਂ ਮੈਂ ਚੀਖ਼ ਚੀਖ਼ ਕੇ ਸ਼ੋਰ ਮਚਾ ਦਿਆਂਗੀ...।'' ਉਹਨੇ ਚੀਖ਼ ਕੇ ਹੀ ਆਖਿਆ ਤੇ ਮੈਂ ਹੱਕਾ ਬੱਕਾ ਜਿਹਾ ਆਪਣੇ ਕਮਰੇ ਵਿਚ ਆ ਗਿਆ। ਪਰ ਮੇਰੇ ਦਿਮਾਗ਼ ਨੂੰ ਜਿਵੇਂ ਅੱਗ ਲੱਗ ਗਈ ਦਿਲ ਕੀਤਾ ਸੀ ਇਸ ਔਰਤ ਨੂੰ ਇਸੇ ਕਮਰੇ ਵਿਚ ਅੱਗ ਲਾ ਕੇ ਸਾੜ ਦਿਆਂ। ਸਾਲੀ ਸਮਝਦੀ ਕੀ ਹੈ ਆਪਣੇ ਆਪ ਨੂੰ ਕਿ ਇਸਨੇ ਮੈਨੂੰ ਆਪਣਾ ਗੁਲਾਮ ਬਣਾ ਲਿਆ ਹੋਇਆ ...? ਸਵੇਰੇ ਮੇਰੇ ਜਾਣ ਤੋਂ ਪਹਿਲਾਂ ਹੀ ਘਰੋਂ ਚਲੀ ਗਈ ਹੋਈ ਸੀ। ਪਰ ਸਮਾਨ ਸਾਰਾ ਉਸਦਾ ਉਥੇ ਹੀ ਸੀ। ਪੌਡਰ-ਕਰੀਮਾਂ, ਕਪੜੇ, ਤੌਲੀਏ, ਦੰਦਾ ਦਾ ਬ੍ਰਸ਼, ਹੋਰ ਨਿਕ ਸੁਕ। ਪਤਾ ਨਹੀਂ ਕਿਉਂ ਬੇਇੰਤਹਾ ਗੁੱਸੇ ਦੇ ਬਾਵਜੂਦ ਵੀ ਮੈਨੂੰ ਤਸੱਲੀ ਜਹੀ ਹੋਈ ਕਿ ਨਹੀਂ ਅਜੇ ਉਹ ਇਥੋਂ ਗਈ ਨਹੀਂ ਹੈ। ਇਥੇ ਹੀ ਮੌਜੂਦ ਹੈ। ਪਰ ਸਾਮ ਤਕ ਉਹ ਵਾਪਸ ਨਾ ਪਰਤੀ। ਅਗਲੇ ਦਿਨ ਉਹ ਆਪਣੇ ਭਰਾ ਯਾਨੀ ਮੱਖਣ ਨੂੰ ਲੈ ਕੇ ਆ ਗਈ। ਮੇਰਾ ਮੱਥਾ ਠਣਕਿਆ। ਮੱਖਣ ਦਾ ਮੂਡ ਅਜੀਬ ਜਿਹਾ ਸੀ। ਕੰਤੋ ਵੀ ਪਹਿਲਾਂ ਵਾਲੀ ਕੰਤੋ ਨਹੀਂ ਸੀ। ਮੱਖਣ ਨੇ ਬਿਨਾ ਕੋਈ ਭੂਮਿਕਾ ਬੰਨਦਿਆਂ ਆਖਿਆ , '' ਕਰਨ ਸਿੰਘ ਜੀ ਅਸੀਂ ਤੁਹਾਨੂੰ ਸ਼ਰੀਫ਼ ਇਨਸਾਨ ਸਮਝ ਕੇ ਆਪਣੀ ਭੈਣ ਨੂੰ ਤੁਹਾਡੀ ਹਿਫਾਜ਼ਤ ਵਿਚ ਤੁਹਾਡੇ ਘਰ ਰੱਖਿਆ ਪਰ... ।''

''ਪਰ ਕੀ? '' ਮੈਂ ਕੰਤੋ ਨੂੰ ਘੂਰ ਕੇ ਵੇਖਦਿਆਂ ਪੁੱਛਿਆ।

''ਪਰ ਤੁਸਾਂ ਤਾਂ ਵਿਸ਼ਵਾਸਘਾਤ ਕੀਤਾ ਸਾਡੇ ਨਾਲ। ਅੱਧੀ ਰਾਤ ਨੂੰ ਤੁਹਾਡਾ ਕੰਤੋਂ ਦਾ ਦਰਵਾਜ਼ਾ ਖਟਖਟਾਣ ਦਾ ਕੀ ਮਤਲਬ ਸੀ।'' ਉਸਦੀ ਗੱਲ ਸੁਣਕੇ ਮੇਰਾ ਦਿਮਾਗ ਜਿਵੇਂ ਫੱਟਣ ਤੇ ਆ ਗਿਆ।

''ਤੂੰ ਕਹਿਣਾ ਕੀ ਚਾਹੁੰਦਾ ਹੈਂ...? '' ਮੇਰੀ ਆਵਾਜ਼ ਉਚੀ ਹੋ ਗਈ। ਕੰਤੋ ਪਤਾ ਨਹੀਂ ਉਠ ਕੇ ਕਿਧਰ ਤੁਰ ਗਈ ਸਾਇਦ ਮੇਰੀ ਉੱਚੀ ਅਵਾਜ਼ ਤੋਂ ਡਰ ਗਈ ਸੀ ।

''ਮਤਲਬ ਇਹ ਕਰਨ ਸਿੰਘਾਂ ਕਿ ਤੇਰੀ ਨੀਅਤ ਖਰਾਬ ਹੋ ਗਈ। ਤੈਨੂੰ ਮੈਂ ਆਪਣਾ ਮਿੱਤਰ ਸਮਝ ਕੇ ਤੇਰੇ ਤੇ ਭਰੋਸਾ ਕਰ ਗਿਆ। ਪਰ ਤੂੰ ਤਾਂ ਭਰੋਸੇ ਦੇ ਕਾਬਿਲ ਹੀ ਨਾ ਨਿਕਲਿਆ, ''ਉਹ ਕਹਿ ਹੀ ਰਿਹਾ ਸੀ ਕਿ ਏਨੀ ਦੇਰ 'ਚ ਕੰਤੋ ਮੇਰੇ ਦੋਵਾਂ ਭਰਾਵਾਂ ਤੇ ਭਰਜਾਈਆਂ ਨੂੰ ਨਾਲ ਲੈ ਕੇ ਅੰਦਰ ਆ ਗਈ। ਵੱਡਾ ਭਰਾ ਗੁੱਸੇ ਨਾਲ ਬੋਲਿਆ, ''ਇਹ ਕੀ ਕੰਜਰਪੁਣਾ ਲਗਾਇਆ ਹੋਇਆ ਤੁਸਾਂ, ਕਰਨਿਆ?'' ਉਨ੍ਹਾਂ ਮੈਨੂੰ ਸੰਬੋਧਨ ਕੀਤਾ, ''ਕੀ ਝਗੜਾ ਹੈ ਬਈ ਇਹ...।'' ਮੈਥੋਂ ਪਹਿਲਾ ਹੀ ਮੱਖਣ ਬੋਲ ਪਿਆ, ''ਭਰਾ ਜੀ, ਕੰਤੋ ਕੱਲ ਘਰ ਆ ਕੇ ਰੋ ਰੋ ਬੇਹਾਲ ਹੋ ਗਈ ਅੱਧੀ ਰਾਤੀ ਇਹ ਮਾਤੜ ਸਾਥੀ ਉਸਦਾ ਦਰਵਾਜ਼ਾ ਖਟਖਟਾਣ ਲੱਗ ਪਿਆ, ''ਉਹ ਤਾਂ ਡਰੀ ਸਹਿਮੀ ਮੂੰਹ ਹਨੇਰੇ ਹੀ ਇਥੋਂ ਨਿਕਲ ਕੇ ਘਰ ਆ ਪੁੱਜੀ ਤੇ ਮੈਨੂੰ ਨਾਲ ਲੈ ਕੇ ਆ ਗਈ, ਉਸ ਨੇ ਮਸਕੀਨ ਜਹੀ ਸੂਰਤ ਬਣਾ ਕੇ ਭਰਾ ਜੀ ਨੂੰ ਦੱਸਿਆ। ਮੈਂ ਵੇਖਿਆ ਦੋਵੇਂ ਭਰਜਾਈਆਂ ਦਰਵਾਜ਼ੇ ਦੇ ਪਰਦਿਆਂ ਪਿੱਛੇ ਲੁਕੀਆਂ ਖੀ ਖੀ ਕਰ ਰਹੀਆਂ ਹਨ। ਮੈਨੂੰ ਅੱਗ ਲੱਗ ਗਈ। ਮੈਂ ਚੀਖ ਪਿਆ...' ਭਰਾ ਜੀ ਇਹ ਦੋਵੇਂ ਭੈਣ ਭਰਾ ਹਰਾਮ ਦੇ ਤੁਖ਼ਮ ਹਨ। ਇਹ ਭੈਣ-ਭਰਾ ਐਵੇਂ ਹੀ ਇਥੇ ਮੇਰੇ ਘਰ ਆ ਕੇ ਡੇਰਾ ਨਹੀਂ ਸੀ ਲਗਾਇਆ। ਦਰਅਸਲ ਚਾਲੀਆਂ ਨੂੰ ਢੁਕ ਰਹੀ ਭੈਣ ਲਈ ਉਸ ਕਮੀਨੇ ਨੂੰ ਖਸਮ ਨਹੀਂ ਲੱਭਦਾ। ਇਸ ਸੋਚਿਆ ਹੋਣਾ ਭਈ ਮੈਂ ਦੋ ਸਾਲ ਪਹਿਲਾਂ ਰਿਟਾਇਰ ਹੋਇਆ। ਚੰਗਾ। ਪੈਸਾ ਧੇਲਾ ਮਿਲਿਆ ਹੋਣਾ। ਬੱਚੇ ਆਪੋ-ਆਪਣੇ ਥਾਂ ਸੈਂਟਲ ਹਨ। ਕੋਈ ਝੰਜਟ ਪ੍ਰੇਸ਼ਾਨੀ ਨਹੀਂ ਤੇ ਇਨ੍ਹਾਂ ਤਿਕੜਮ ਬਾਜ਼ੀ ਕਰਕੇ ਮੇਰੇ ਘਰ ਤੇ ਕਬਜ਼ਾ ਕਰਨ ਦੀ ਪਲਾਨਿੰਗ ਕਰ ਲਈ। ਇਹੋ ਕਮੀਨਾ ਭਰਾ ਆਪਣੀ ਭੈਣ ਨੂੰ ਮੇਰੇ ਕੋਲ ਛੱਡ ਕੇ ਚਲਾ ਗਿਆ... ਸੋਚਿਆ ਹੋਣਾ ਸ਼ਾਇਦ ਮੈਂ ਔਰਤ ਦਾ ਭੁੱਖਾ ਅਕਲੋਂ ਅੰਨਾਂ ਹੋ ਕੇ ਇਕ ਜ਼ਨਾਨੀ ਅੱਗੇ ਝੋਲਾ ਅੱਡ ਕੇ ਮੇਰੇ ਨਾਲ ਵਸ ਜਾਣ ਦੇ ਤਰਲੇ ਕਰਾਂਗਾ। ਤਾਂ ਇਹ ਭੈਣ-ਭਰਾ ਮੇਰੇ ਪੈਸੇ ਮੇਰੀ ਜਾਇਦਾਦ ਤੇ ਐਸ਼ ਕਰਨਗੇ... ਪਰ ਪਰਸੋਂ ਜਦ ਮੇਰੇ ਬੱਚਿਆ ਨੇ ਇਸਨੂੰ ਇਸਦੀ ਉਕਾਤ ਦਸ ਦਿੱਤੀ ਤਾਂ ਇਸਨੂੰ ਲੱਗਾ ਕਿ ਇਸਦੇ ਮਨਸੂਬੇ ਕਾਮਯਾਬ ਨਹੀਂ ਹੋਣੇ ਤਾਂ ਇਹ ਦੂਜੇ ਹਥਿਆਰਾਂ ਉੱਤੇ ਉੱਤਰ ਆਈ ਹੈ...।''

ਮੈਂ ਇਕੋ ਸਾਹੇ ਬੋਲਦਾ ਖੰਘਣ ਲੱਗ ਪਿਆ ਹਾਂ... ਮੇਰਾ ਭਰਾ ਵੀ ਸੰਜੀਦਾ ਜਿਹਾ ਲਗ ਰਿਹਾ ਸੀ। ਗੁੱਸੇ



ਵਿਚ ਮੈਨੂੰ ਬੋਲਿਆ ਤੈਨੂੰ ਕਿਸ ਮੱਤ ਦਿੱਤੀ ਸੀ ਗੰਦਗੀ ਵਿਚ ਡਿੱਗਣ ਦੀ। ਫਿਰ ਛਿਟਾ ਤਾਂ ਪੈਣੀਆਂ ਹੀ ਸਨ ਤੇਰੇ ਤੇ....।''

''ਭਰਾ ਜੀ ਇਹ ਮੇਰੀ ਭੈਣ ਹੈ ਜਿਸ ਬਾਰੇ ਤੁਸੀਂ ਇਸ ਤਰ੍ਹਾਂ ਗੱਲਾਂ ਕਰ ਰਹੇ ਹੋ।'' ਮੱਖਣ ਉਤੇਜਤ ਹੋ ਕੇ ਬੋਲਿਆ।

''ਹਾਂ ਹਾਂ ਜਾਣਦਾ ਹਾਂ ਤੇਰੀ ਭੈਣ ਹੈ... ਪਰ ਮੈਂ ਤੇਰੇ ਤੋਂ ਹੀ ਪੁੱਛਦਾ ਹਾਂ ਤੂੰ ਕੀ ਸੋਚ ਕੇ ਇਸਨੂੰ ਇਥੇ ਛੱਡ ਕੇ ਗਿਆ ਸੈਂ... ਤੈਨੂੰ ਅਕਲ ਜਾ ਸ਼ਰਮ ਨਾ ਆਈ...?''

''ਭਰਾ ਜੀ ਉਹ ਇਥੇ ਪੜਾਣ ਆਈ ਸੀ। ਕਿਰਾਏ ਤੇ ਕਮਰਾ ਲੈ ਕੇ ਰਹਿਣ ਲਈ ਪਰ ਇਸ ਨੇ ਆਪ ਹੀ ਕਿਹਾ ਕਿ ਇਹ ਮੇਰੇ ਦੋਸਤ ਦੀ ਭੈਣ ਹੈ ਇਸ ਲਈ ਇਥੇ ਹੀ ਰਹਿ ਜਾਏ, ਮੈਨੂੰ ਕੀ ਪਤਾ ਸੀ ਕਿ ਇਹ ਅੱਧੀ ਰਾਤੀ ... ਉਸਦਾ ਦਰਵਾਜ਼ਾ ਖਟਕਾਉਣ ਚਲਾ ਜਾਏਗਾ।'' ਮੈਨੂੰ ਉਸ ਭੜੂਏ ਦੀ ਗੱਲ ਸੁਣ ਏਨਾ ਤੈਸ਼ ਆ ਗਿਆ ਕਿ ਜੋ ਗੱਲ ਮੈਂ ਨਹੀਂ ਸਾਂ ਕਹਿਣਾ ਚਾਹੁੰਦਾ ਉਹ ਵੀ ਮੇਰੇ ਮੂੰਹੋਂ ਨਿਕਲ ਗਿਆ,

''ਸਾਲਿਆ ਤੂੰ ਮੇਰਾ ਸਿਰਫ ਬੂਹਾ ਖੱਟਖਟਾਣ ਦੀ ਗੱਲ ਤੇ ਏਤਰਾਜ਼ ਕਰਦਾ ਹੈਂ ਪਰ ਇਹ ਤੇਰੀ ਲਾਜਵੰਤੀ ਭੈਣ ਅੱਧੀ ਅੱਧੀ ਰਾਤ ਤਕ ਮੇਰੇ ਕਮਰੇ ਵਿਚ ਮੇਰੇ ਬਿਸਤਰੇ ਵਿਚ ਬੈਠ ਅਲਿਫ਼ ਲੈਲਾ ਦੀਆਂ ਕਹਾਣੀਆਂ ਸੁਣਦੀ ਤੇ ਤੇ ਖੁਲ ਜਾ ਸਿੰਮ ਸਿੰਮ ਦੇ ਮੰਤਰ ਪੜਾਉਂਦੀ ਰਹਿੰਦੀ ਸੀ ਤਾਂ ਨੀਂ ਕਦੀ ਇਸ ਰੌਲਾ ਪਾਇਆ ਜਾਂ ਤੈਨੂੰ ਬੁਲਾਇਆ...।''

ਮੇਰੀ ਇਸ ਗੱਲ ਨੇ ਜਿਵੇਂ ਸਾਰਿਆ ਉੱਤੇ ਬਿਜਲੀ ਜਹੀ ਸੁਟ ਦਿੱਤੀ। ਭਰਜਾਈਆਂ ਹੌਲੀ-ਹੌਲੀ ਖਿਸਕ ਗਈਆਂ, ਕੰਤੋ ਭੁਸਕਦੀ ਹੋਈ ਉਪਰ ਜਾ ਕੇ ਆਪਣਾ ਸਮਾਨ ਸਮੇਟਣ ਲੱਗ ਪਈ। ਭਰਾ ਖੰਘੂਰਾ ਮਾਰ ਖਾਮੋਸ਼ੀ ਨੂੰ ਤੋੜਦਿਆਂ ਬੋਲਿਆ, ''ਚੱਲ ਜੋ ਹੋ ਗਿਆ ਸੋ ਇਸ ਘਰ ਦੀ ਚਾਰ ਦਿਵਾਰੀ ਅੰਦਰ ਹੀ ਰਹਿਣ ਦਿਓ। ਇਹ ਗੱਲਾਂ ਬਾਹਰ ਨਾ ਨਿਕਲਣ। ਤੇ ਭਾਈ ਤੂੰ ਆਪਣੀ ਭੈਣ ਨੂੰ ਚੁੱਕ ਤੇ ਇੱਥੋਂ ਲੈ ਜਾ। ਅਸੀਂ ਇੱਜ਼ਤ ਬਰਾਦਰੀ ਵਾਲੇ ਲੋਕ ਹਾਂ। ਅੱਗੇ ਹੀ ਸਾਡੀ ਨੱਕ ਵੱਢੀ ਗਈ ਹੈ। ਅਸੀਂ ਵੀ ਧੀਆਂ-ਪੁੱਤਰਾਂ ਵਾਲੇ ਰਿਸ਼ਤੇ ਨਾਤਿਆਂ ਵਾਲੇ ਹਾਂ। ਇਹ ਗੰਦਗੀ ਜਿਨੀ ਘੋਲੀ ਗਈ ਹੈ ਉਸਨੂੰ ਦਫਾ ਕਰੋ ਹੁਣ ਭਾਈ ਆਪਣੇ ਆਪ ਨੂੰ ਸੰਭਾਲੋ, ਤੇ ਸਾਡਾ ਖਹਿੜਾ ਛੱਡੋ...।'' ਭਰਾ ਜੀ ਦੀ ਗੱਲ ਸੁਣ ਦੋਸਤ ਕੀ ਸਾਲਾ ਦੁਸ਼ਮਣ ਭੈਣ ਨੂੰ ਲੈ ਕੇ ਦਫਾ ਹੋ ਗਿਆ। ਤੇ ਉਹ ਕੰਤੋ, ਜਿਸਨੂੰ ਮੈਂ ਕਦੀ ਕੰਤੀ, ਕਦੀ ਕਾਂਤਾ ਤੇ ਕਈ ਕੁੰਤੋਂ ਆਖਦਾ ਸਾਂ, ਉਸ ਦਿਨ ਤੋਂ ਬਾਅਦ ਕੰਤੋ ਝੱਲੀ ਆਖਦਾ ਹਾਂ। ਸਾਰੀ ਜ਼ਾਤ ਬਰਾਦਰੀ ਵਿਚ ਮੇਰੀ ਮਿੱਟੀ ਪਲੀਤ ਕਰ ਗਈ। ਭਾਈ ਜੇ ਬੇਸ਼ਕ ਕਿਹਾ ਸੀ ਕਿ ਇਹ ਗੱਲਾਂ ਘਰ ਦੀ ਚਾਰ ਦਿਵਾਰੀ ਅੰਦਰ ਹੀ ਰਹਿਣ ਪਰ ਐਸੀਆਂ ਗੱਲਾਂ ਚਾਰ ਦਿਵਾਰੀਆਂ ਅੰਦਰ ਕਿਥੇ ਸਿਮਟੀਆਂ ਰਹਿ ਸਕਦੀਆਂ ਹਨ। ਫਿਰ ਉਥੇ ਤਾਂ ਭਰਜਾਈਆਂ ਸ਼ਰੀਕਣਾ ਸਨ। ਉਨ੍ਹਾਂ ਕਿਸ ਗੱਲ ਦਾ ਪਰਦਾ ਰਹਿਣ ਦੇਣਾ ਸੀ। ਉਸ ਤੋਂ ਬਾਦ ਇਹ ਗੱਲਾਂ ਜੰਗਲ ਦੀ ਅੱਗ ਵਾਂਗ ਫੈਲ ਗਈਆਂ। ਮੇਰੇ ਬੱਚੇ ਮੁੜ ਕਦੀ ਮੈਨੂੰ ਮਿਲਣ ਨਹੀਂ ਆਏ। ਪਿੰਡ ਵਾਲੇ ਵੇਖ ਕੇ ਮੂੰਹ ਪਰੇ ਕਰਕੇ ਲੰਘ ਜਾਂਦੇ। ਬਸ ਇਹ ਤਾਇਆ ਭਗਤਾ ਹੀ ਜੋ ਮੇਰੇ ਦੁਖ ਸੁਖ ਵਿਚ ਮੇਰੇ ਨਾਲ ਰਿਹਾ ਪਰ ਕੰਤੋ ਝੱਲੀ ਦਾ ਕਿੱਸਾ ਮੇਰੇ ਪਿਛੇ ਪੂਛ ਵਾਂਗ ਲਗ ਗਿਆ। ਹੋ ਸਕਦੈ ਦੀਪੇ ਦੇ ਸਹੁਰਿਆਂ ਨੇ ਵੀ ਉਸ ਛੁਟੜ ਦੇ ਸਾਕ ਵੇਲੇ ਕੰਤੋ ਝੱਲੀ ਦੇ ਕਿਸੇ ਕਾਰਨ ਹੀ ਨਾਂਹ ਕੀਤੀ ਹੋਵੇ। ਗਰਕ ਜਾਣੀ ਮੇਰਾ ਬੇੜਾ ਗਰਕ ਕਰ ਗਈ।

ਰੰਮ ਦੀ ਲੋਰ ਵਿਚ ਮਿੱਠੀ ਮਿੱਠੀ ਨੀਂਦਰ ਤਾਂ ਆ ਰਹੀ ਹੈ ਪਰ ਦਿਲ ਅੰਦਰ ਘਬਰਾਹਟ ਜਹੀ ਹੋ ਰਹੀ ਹੈ। ਪਤਾ ਨਹੀਂ ਕਿਉਂ ਲਗਦੈ ਜਿਵੇਂ ਅੱਜ ਰਾਤੀ ਮੈਂ ਮਰ ਜਾਵਾਂਗਾ... ਜਿਵੇਂ ਮੈਨੂੰ ਹਾਰਟ ਅਟੈਕ ਹੋ ਜਾਏਗਾ ... ਜਾਂ ਮੇਰਾ ਪਾਸਾ ਮਾਰਿਆ ਜਾਵੇਗਾ... ਜਾਂ ਜਾਂ ਪੰਮੀ ਦੀ ਮਾਂ ਦਾ ਝਾਉਲਾ ਜਿਹਾ ਪੈਂਦਾ। ਜੀਅ ਕਰਦਾ ਹੈ ਉਸਨੂੰ ਆਵਾਜ਼ ਦੇ ਕੇ ਆਖਾਂ, ''ਮੇਰਾ ਦਿਲ ਘਬਰਾ ਰਿਹਾ ਹੈ... ਜ਼ਰਾ ਮੇਰੇ ਸੀਨੇ ਉਤੇ ਹੱਥ ਮਲ... ਸ਼ਾਇਦ ਕੁਝ ਚੈਨ ਮਿਲੇ...।'' ਜਾਪਦਾ ਹੈ ਪੰਮੀ ਦੀ ਮਾਂ ਅੱਖਾਂ ਪੂੰਝਦੀ ਹੋਈ ਮੇਰੇ ਪੈਰਾਂ ਕੋਲ ਬੈਠ ਗਈ ਹੈ। ਹੁਣ ਕੋਈ ਪਰਿਵਾਹ ਨਹੀਂ। ਅਗਰ ਮੈਨੂੰ ਕੁਝ ਹੋ ਵੀ ਗਿਆ ਤਾਂ ਮੈਂ ਇਕੱਲਾ ਨਹੀਂ ਹੋਵਾਂਗਾ। ਇਹ ਮੈਨੂੰ ਬਚਾ ਲਵੇਗੀ। ਮੇਰਾ ਜ਼ਿਹਨ ਅਜੀਬ ਜਹੀ ਸ਼ਾਂਤੀ ਵਿਚ ਸੋ ਜਾਂਦਾ ਹੈ।

ਸਵੇਰੇ ਉੱਠ ਮੈਂ ਹੈਰਾਨ ਹੋ ਕੇ ਆਪਣੇ ਆਪ ਨੂੰ ਵੇਖਦਾ ਹਾਂ ਟੋਹ, ਟੋਹ ਕੇ ! ਮੈਂ ਬਿਲਕੁਲ ਠੀਕ ਠਾਕ ਹਾਂ। ਮੇਰਾ ਹਾਰਟ ਫੇਲ ਵੀ ਨਹੀਂ ਹੋਇਆ, ਨਾ ਹੀ ਪਾਸਾ ਮਾਰਿਆ ਗਿਆ। ਤੇ ਨਾਂ ਹੀ ਮੈਨੂੰ ਮੌਤ ਆਈ। ਮੈਂ ਹਸ ਪੈਂਦਾ ਹਾਂ। ਅਸੀਂ ਭਾਵੇਂ ਜੀਣ ਲਈ ਕਿੰਨਾ ਵੀ ਨਰਕ ਭੋਗਦੇ ਹੋਈਏ ਪਰ ਮੌਤ ਦਾ ਅਹਿਸਾਸ ਹੁੰਦਿਆ ਹੀ

ਅਸੀਂ ਹੋਰ ਜੀਣ ਲਈ ਹੋਰ ਨਰਕ ਭੋਗਣ ਲਈ ਹੀਲੇ ਹੁਜਤਾਂ ਕਰਣ ਸ਼ਾਇਦ ਮਨ ਹੀ ਵਲ ਹੋ ਜਾਵੇ ਨਾਲੇ ਉਸਨੂੰ ਰਾਤ ਵਾਲੀ ਆਪਣੀ ਅਵਸਥਾ ਵੀ ਦਸਾਂਗਾ। ਚਾਹ-ਚੂਹ ਪੀ ਕੇ ਮੈਂ ਬਰਫ ਤੋਂ ਆਪਣੀ ਜੋੜ ਪਟੀ ਨੂੰ ਬਚਾਦਿਆਂ ਤਾਏ ਵੱਲ ਤੁਰ ਪੈਂਦਾ ਹਾਂ। ਉਥੇ ਪੁੱਜਦਿਆਂ ਦੀਪੇ ਦਾ ਵੱਡਾ ਪੁੱਤਰ ਕੀਰਤਾ ਵਿਹੜੇ ਵਿਚ ਹੀ ਮਿਲ ਪੈਂਦਾ ਹੈ। ਸਤਿ ਸ਼੍ਰੀ ਅਕਾਲ ਕਰਕੇ ਉਹ ਮੇਰੇ ਪੈਰ ਛੂੰਹਦਾ ਹੈ। ਮੈਂ ਉਸਨੂੰ ਸ਼ੀਨੇ ਲਗਾ ਲੈਂਦਾ ਹਾਂ ਜਾਪਦਾ ਜਿਵੇਂ ਮੇਰਾ ਆਪਣਾ ਪੁੱਤਰ ਕੇਸਰ ਮੇਰੇ ਸੀਨੇ ਨਾਲ ਲੱਗਾ ਹੋਵੇ। ਕੀਰਤ ਵੀ ਉਸੇ ਸ਼ਹਿਰ ਵਿਚ ਪੜ੍ਹਾਈ ਕਰ ਰਿਹਾ ਹੈ ਜਿਥੇ ਕੇਸਰ ਨੌਕਰੀ ਕਰ ਰਿਹੈ। ਕਿਸਮਤ ਚੰਗੀ ਸੀ ਕੇਸਰ ਦੀ ਕਿਸੇ ਭਲੇ ਵਕਤਾਂ ਵਿਚ ਉਸਨੇ ਅਕਾਉਂਟੈਂਸ ਕਰ ਲਈ ਸੀ। ਹੁਣ ਸ਼ਹਿਰ ਦੀ ਇਕ ਚੰਗੀ ਕੰਪਨੀ ਵਿਚ ਨੌਕਰੀ ਕਰ ਰਿਹੈ। ਦੋ ਸਾਲ ਹੋ ਗਏ ਉਸ ਸ਼ਹਿਰ ਦਾ ਹੋ ਕੇ ਰਹਿ ਗਿਐ। ਮੈਂ ਅੰਦਰ ਚਲਾ ਜਾਂਦਾ। ਤਾਇਆ ਭਗਤਾਂ ਗੁੱਛਾ ਮੁੱਛਾ ਜਿਹਾ ਹੋਇਆ ਬਿਸਤਰੇ ਵਿਚ ਲੇਟਿਆ ਹੋਇਆ ਹੈ ਤੇ ਤਾਈ ਦੁਰਗੀ ਉਠਦੇ ਪੈਰਾਂ ਕੋਲ ਬਿਸਤਰੇ ਵਿਚ ਹੀ ਬੈਠੀ ਮੂੰਗਫਲੀਆਂ ਕਢ ਕਢ ਕੇ ਤਾਏ ਅੱਗੇ ਧਰ ਰਹੀ ਹੈ ਤੇ ਤਾਇਆ ਇਕ ਸਰੂਰ ਜਹੇ ਵਿਚ ਅੱਖਾਂ ਬੰਦ ਕਰੀ ਹੌਲੀ ਹੌਲੀ ਮੂੰਹ ਰਿਹਾ ਹੈ। ਪਲ ਦੀ ਪਲ ਮੇਰੇ ਅੰਦਰੋਂ ਹੂਕ ਜਹੀ ਉਠਦੀ ਹੈ। ਕਾਸ਼ ਪੰਮੀ ਦੀ ਮਾਂ ਵੀ ਜ਼ਿੰਦਾ ਹੁੰਦਾ ਤਾਂ ਸ਼ਾਇਦ ਉਮਰ ਦੇ ਇਸ ਮੋੜ ਤੇ ਅਸੀਂ ਦੋਵੇਂ ਵੀ ਇਸੇ ਤਰ੍ਹਾਂ...

ਮੇਰੀਆਂ ਸੋਚਾਂ ਨੂੰ ਲਗਾਮ ਲਗ ਜਾਂਦੀ ਹੈ। ਦੁਰਗੀ ਤਾਈ ਮੇਰੇ ਵੱਲ ਗਰਦਨ ਮੋੜ ਕੇ ਪੁੱਛਦੀ ਹੈ, 'ਕਰਮਿਆ... ਤੂੰ ਬਲ ਐਂ... ਆ ਬੈਠ... ਤੇਰਾ ਤਾਇਆ ਕਲ ਰਾਤੀਂ ਠੰਡ ਵਿਚ ਆਇਆ ਤਾਂ ਉਦੋਂ ਦਾ ਠਰੂੰ ਠਰੂੰ ਪਿਆ ਕਰਦਾ। ਕਿਤੇ ਤਾਪ ਨਾ ਚੜ੍ਹ ਜਾਵਸ। ਆ ਬੈਠ ਉਹ ਤਾਏ ਦੇ ਨਾਲ ਬੈਠਣ ਦਾ ਇਸ਼ਾਰਾ ਕਰਦੀ ਹੈ ਮੈਂ ਬੈਠ ਜਾਂਦਾ। ਤਾਇਆ ਮੇਰੇ ਵੱਲ ਵੇਖ ਕੇ ਉਠਕੇ ਬੈਠਣ ਦੀ ਕੋਸ਼ਿਸ਼ ਕਰਦਾ ਹੈ, ''ਲੇਟਿਆ ਰਹੁ ਅਰਾਮ ਨਾਲ...।'' ਤਾਈ ਘੁਰਕੀ ਵਟਦੀ ਹੈ। ਤਾਏ ਤੇ ਤਾਈ ਦਾ ਸੁਭਾ ਬਿਲਕੁਲ ਉਲਟ ਹੈ। ਤਾਇਆ ਵਿਨ੍ਰਮ ਮਿਠ ਬੋਲੜਾ ਤੇ ਸਾਊ ਜਿਹਾ ਤੇ ਤਾਈ ਫਫੇਕੁੱਟਣ ਘਰ ਘਰ ਦੀ ਭੇਤੀ ਤੇ ਚੁਗਲਖੋਰ। ਮੈਂ ਤਾਏ ਤੋਂ ਹਾਲ ਚਾਲ ਪੁੱਛਦਾਂ।

''ਕਰਨਿਆ, ਹੁਣ ਤੂੰ ਕੇਸਰ ਦਾ ਵਿਆਹ ਕਰਾ ਹੀ ਲੈ। ਘੱਟੋ ਘੱਟ ਰੋਟੀ ਪਾਣੀ ਕਰਨ ਜੋਗਾ ਕੋਈ ਜੀਅ ਘਰ ਵਿਚ ਤਾਂ ਹੋਵੇਗਾ।'' ਤਾਈ ਮੂੰਗਫਲੀ ਮੈਨੂੰ ਫੜਾਉਂਦਿਆਂ ਆਖਦੀ ਹੈ। ''ਉਹ ਭੋਲੀਏ ਤਾਈਏ... ਕੇਸਰ ਦਾ ਵਿਆਹ ਹੋ ਜਾਏਗਾ ਤਾਂ ਕੀ ਆਪਣੀ ਵਹੁਟੀ ਮੇਰੀ ਸੇਵਾ ਲਈ ਛਡ ਕੇ ਆਪ ਪਰਾਏ ਸ਼ਹਿਰਾਂ ਦੀਆਂ ਟੱਕਰਾਂ ਖਾਂਦਾ ਰਹੇਗਾ।'' ਕਹਿਣ ਨੂੰ ਤਾਂ ਮੈਂ ਤਾਈ ਨੂੰ ਇਹ ਹੀ ਕਿਹਾ ਪਰ ਅਸਲ ਵਿਚ ਮੈਂ ਉਸਨੂੰ ਕਹਿਣਾ ਚਾਹੁੰਦਾ ਸਾਂ ਕਿ ਤਾਈਏ ਜੇ ਕੇਸਰ ਵਿਆਹ ਕਰਕੇ ਮੇਰੀ ਬਹੂ ਨੂੰ ਮੇਰੀ ਰੋਟੀ ਪਾਣੀ ਲਈ ਛੱਡ ਵੀ ਜਾਏ ਤਾਂ ਤੂੰ ਹੀ ਹਨੂੰਮਾਨ ਦੀ ਦੁੰਮ ਵਾਂਗ ਸਾਰੇ ਪਿੰਡ ਭਾਈਚਾਰੇ ਵਿਚ ਅੱਗ ਫੈਲਾਵੀ ਹੈ ਕਿ ਵੇਖੋ ਬੁਢਾ ਸਹੁਰਾ ਜੁਆਨ ਨੂੰਹ ਨੂੰ ਘਰ ਵਿਚ ਬਿਠਾ ਕੇ ਬੈਠਾ ਹੋਇਆ ਇਹ ਦੁਨੀਆਂ ਬੜੀ ਗੋਰਖ ਧੰਦਾ ਹੈ।

''ਨਾ ਪੁੱਤਰਾ ਕੇਸਰ ਦਾ ਵਿਆਹ ...।'' ਅਜੇ ਉਸ ਨੇ ਮਸਾਂ ਏਨਾ ਹੀ ਕਿਹਾ ਸੀ ਕਿ ਕੀਰਤ ਚਾਹ ਦੇ ਦੋ ਕਪ ਲੈ ਕੇ ਆ ਗਿਆ ਤੇ ਕੇਸਰ ਦੇ ਵਿਆਹ ਦੀ ਗਲ ਤੇ ਰੁਕ ਗਿਆ ,

''ਕਿਸਦੇ ਵਿਆਹ ਦੀ ਗੱਲ ਕਰ ਰਹੇ ਹੋ ਚਾਚਾ ਜੀ...।''

''ਕੇਸਰ ਦੇ ਵਿਆਹ ਦੀ ਹੋਰ ਕਿਸ ਦੀ ?'' ਤਾਈ ਜੁਆਬ ਦੇਂਦੀ ਹੈ। ਪਰ ਕੀਰਤ ਦਾ ਮੂੰਹ ਭਖ ਪੈਂਦਾ ਹੈ। ਚਾਹ ਵਾਲੀ ਥਾਲੀ ਚੌਕੀ ਤੇ ਰੱਖਦਿਆਂ ਉਹ ਮੇਰੇ ਮੋਢੇ ਕੋਲ ਬੈਠ ਉਦਾਸੀ ਨਾਲ ਬੋਲਦਾ ਹੈ, ''ਚਾਚਾ ਜੀ ਕੇਸਰ ਵਿਆਹ ਨਹੀਂ ਕਰਾਏਗਾ... ਤੁਸੀਂ ਉਸਦੇ ਵਿਆਹ ਦੀ ਗਲ ਭੁੱਲ ਜਾਓ।'' ਕੀਰਤ ਦੀ ਗੱਲ ਸੁਣ ਮੇਰਾ ਦਿਲ ਜ਼ੋਰ ਨਾਲ ਧੜਕਣ ਲੱਗ ਪੈਂਦਾ ਹੈ। ਕੋਈ ਅਣਹੋਣੀ ਪ੍ਰੇਸ਼ਾਨ ਕਰਦੀ ਹੈ।

''ਕਿਉਂ ਪੁੱਤਰਾ ਕੇਸਰ ਵਿਆਹ ਕਿਉਂ ਨਹੀਂ ਕਰਾਏਗਾ...? ਮੈਂ ਡਰਦਿਆਂ ਡਰਦਿਆਂ ਪੁਛਦਾ ਹਾਂ, ਚਾਚਾ ਜੀ ਤੁਹਾਨੂੰ ਪਤੈ ਕੇਸਰ ਨੂੰ ਕੰਪਨੀ ਵਲੋਂ ਕੁਆਰਟਰ ਮਿਲਿਆ ਹੋਇਐ। ਦੋ ਸਾਲ ਤੋਂ ਉਹ ਉਸੇ ਵਿਚ ਰਹਿ ਰਿਹਾ ਹੈ?''

''ਅੱਛਾਂ? ਮੈਂ ਖੁਸ਼ ਹੋ ਕੇ ਕਹਿ ਬੈਠਦਾ ਹਾਂ।''

''ਹਾਂ ਚਾਚਾ ਜੀ ! ਅਤੇ ਦੋ ਸਾਲ ਤੋਂ ਕੇਸਰ ਇਕ ਔਰਤ ਨਾਲ ਰਹਿ ਰਿਹਾ ਹੈ। ਉਸੇ ਕੁਆਰਟਰ ਵਿਚ ।''

''ਔਰਤ ਨਾਲ ? '' ਕਿਸ ਔਰਤ ਨਾਲ।'' ਮੈਨੂੰ ਆਪਣੀ ਆਵਾਜ਼ ਡੁੱਬਦੀ ਜਾਪਦੀ ਹੈ। ਉਸਦੀ



ਕੰਪਨੀ ਵਿਚ ਹੀ ਕੰਮ ਕਰਣ ਵਾਲੀ ਇਕ ਸਹਿਕਰਮੀ ਜਿਹੜੀ ਤਲਾਕਸ਼ੁਦਾ ਹੈ ਤੇ ਅੱਠ ਸਾਲ ਦੀ ਧੀ ਦੀ ਮਾਂ ਵੀ ਹੈ।'' ਮੈਨੂੰ ਮੇਰਾ ਦਿਲ ਬੈਠਿਆ ਮਹਿਸੂਸ ਹੁੰਦਾ ਹੈ।

''ਉਨ੍ਹਾਂ ਵਿਆਹ ਕਰਾ ਲਿਆ ਹੋਇਆ ਹੈ ਤੇ ਸਾਨੂੰ ਦਸਿਆ ਵੀ ਨਹੀਂ।'' ਮੈਂ ਅੱਖਾਂ ਵਿਚ ਭਰ ਆਏ ਪਾਣੀ ਨੂੰ ਉਂਗਲਾਂ ਨਾਲ ਪੂੰਝਦਿਆਂ ਪੁੱਛਦਾ ਹਾਂ।

''ਉਨ੍ਹਾਂ ਵਿਆਹ ਨਹੀਂ ਕਰਾਇਆ ਚਾਚਾ ਜੀ, ਬਿਨਾ ਵਿਆਹ ਦੇ ਹੀ ਨਾਲ ਨਾਲ ਰਹਿ ਰਹੇ ਹਨ, ਨਵੇਂ ਸ਼ਹਿਰਾਂ ਦੀ ਨਵੀਂ ਬਿਮਾਰੀ ਹੈ ਚਾਚਾ ਜੀ। ਔਰਤ ਮਰਦ ਬਿਨਾ ਵਿਆਹ ਦੇ ਵਰ੍ਹਿਆਂ ਵਰਿਆਂ ਤੋਂ ਇਕੱਠੇ ਰਹਿਣ ਲਗ ਪਏ ਨੇ। ਇਸਨੂੰ ਲਿਵ-ਇਨ ਰਿਲੇਸ਼ਨ ਆਖਦੇ ਹਨ। ਤੇ ਕੇਸਰ ਵੀ ਆਪਦੇ ਤੋਂ ਚਾਰ ਪੰਜ ਸਾਲ ਵੱਡੀ, ਇਕ ਅੱਠ ਸਾਲ ਦੀ ਧੀ ਦੀ ਮਾਂ ਨਾਲ ਇਸੇ ਰਿਸ਼ਤੇ ਅਧੀਨ ਉਸ ਕੁਆਰਟਰ ਵਿਚ ਰਹਿ ਰਿਹਾ ਹੈ ਤੇ ਆਖਦਾ ਹੈ ਕਿ ਉਹ ਕਦੀ ਵਿਆਹ ਨਹੀਂ ਕਰਾਉਣਗੇ। ਬਿਨਾਂ ਵਿਆਹ ਦੇ ਹੀ ਨਾਲ ਰਹਿਣਗੇ...।''

ਕੀਰਤ ਦੇ ਮੂੰਹੋਂ ਇਸ ਨਵੀਂ ਬਿਮਾਰੀ ਬਾਰੇ ਸੁਣਕੇ ਮੇਰਾ ਦਿਲ ਉਸੇ ਤਰ੍ਹਾਂ ਡੁੱਬਣ ਲੱਗਾ ਹੈ ਜਿਵੇਂ ਕੋਈ ਇਹ ਆਖ ਦੇਵੇ ਕਿ ਕੇਸਰ ਨੂੰ ਏਡਜ਼ ਹੋ ਗਿਆ ਹੈ। ਜਿਸਦਾ ਇਲਾਜ਼ ਨਹੀਂ। ਪਰ ਚਲੋ ਜੇ ਉਹ ਇਕ ਦੂਜੇ ਨੂੰ ਪਸੰਦ ਹੀ ਕਰਦੇ ਹਨ, ਨਾਲ ਨਾਲ ਰਹਿ ਹੀ ਰਹੇ ਹਨ ਤਾਂ ਵਿਆਹ ਹੀ ਕਰਾ ਲੈਣ, ਕੌਣ ਰੋਕ ਸਕਦਾ ਹੈ ਅੱਜ ਦੇ ਬੱਚਿਆ ਨੂੰ। ਕਰ ਲੈਣ ਆਪਣੀ ਮਨ ਮਾਨੀ। ਪਰ ਵਿਆਹ ਕਰਾਉਣ ਤੋਂ ਬਿਨਾ ਵਿਆਹ ਦੇ ਵਾਂਗ ਰਹਿਣਾ... ਇਹ ਕੀ ਹੋਇਆ?''

''ਚਾਚਾ ਜੀ ਕੇਸਰ ਆਖਦਾ ਉਸ ਔਰਤ ਨੇ ਦਸ ਸਾਲ ਵਿਆਹੁਤਾ ਜ਼ਿੰਦਗੀ ਨੂੰ ਨਰਕ ਵਾਂਗ ਭੋਗਿਆ ਤੇ ਇਕ ਭੇੜੀਏ ਨੂੰ ਬਰਦਾਸ਼ਤ ਕੀਤਾ ਹੈ ਹੁਣ ਉਸ ਨੂੰ ਵਿਆਹ ਦੇ ਬੰਧਨ ਤੋਂ ਖੌਫ਼ ਆ ਰਿਹਾ ਹੈ ਤੇ ਕੇਸਰ ਆਪਣੇ ਬਾਰੇ ਆਖਦਾ ਹੈ ਕਿ ਮੈਂ ਸਾਰੀ ਉਮਰ ਆਪਣੇ ਮਾਂ-ਬਾਪ ਨੂੰ ਵਿਆਹ ਦੇ ਨਾਂ ਤੇ ਜ਼ੁਲਮ ਕਰਦੇ ਤੇ ਜ਼ੁਲਮ ਸਹਿੰਦੇ ਵੇਖਿਆ ਹੈ। ਉਸਦਾ ਵੀ ਇਸ ਝੂਠੇ ਰਿਸ਼ਤੇ ਤੋਂ ਵਿਸ਼ਵਾਸ ਉਠ ਗਿਆ ਹੈ। ਉਹ ਦੋਵੇਂ ਆਖਦੇ ਹਨ ਕਿ ਅਸੀਂ ਇਸ ਬੰਧਨ ਤੋਂ ਬਿਲਕੁਲ ਆਜ਼ਾਦ ਆਪਣੇ ਇਕ ਸੁਤੰਤਰ ਰਿਸ਼ਤੇ ਨੂੰ ਨਾਲ ਨਾਲ ਰਹਿਕੇ ਜੀਆਂਗੇ। ਇਕ ਦੂਜੇ ਦਾ ਆਦਰ ਸਤਿਕਾਰ ਕਰ ਸਕਾਂਗੇ। ਜੋ ਵਿਆਹ ਕਰਕੇ ਗੁਆਚ ਜਾਂਦਾ ਹੈ।''

ਕੀਰਤ ਕੇਸਰ ਦੀਆਂ ਗੱਲਾਂ ਸੁਣਾ ਰਿਹਾ ਹੈ ਪਰ ਮੈਨੂੰ ਲਗਦਾ ਹੈ ਜਿਵੇਂ ਅਲਿਫ਼ ਲੈਲਾ ਦੀਆਂ ਕਹਾਣੀਆਂ ਅਲੀ ਬਾਬਾ ਚਾਲੀ ਚੋਰ ਹਕੀਕਤ ਵਿਚ ਬਦਲ ਗਈ ਹੈ। ਮੈਂ ਕਿਸੇ ਵਚਿਤ੍ਰ ਗੁਫ਼ਾ ਵਿਚ ਕੈਦ ਹੋ ਕੇ ਰਹਿ ਗਿਆ ਹਾਂ ਮੈਂ ਚੀਖ ਚੀਖ ਕੇ ਕਹਿ ਰਿਹਾ ਹਾਂ। ਖੁੱਲ ਜਾ ਸਿੰਮ ਸਿੰਮ ਪਰ ਕੋਈ ਦਰ-ਦਰਵਾਜ਼ਾ ਨਹੀਂ ਖੁੱਲਦਾ... ਗੁਫਾ ਦੇ ਬਾਹਰ ਕੰਤੋਂ ਝੱਲੀ ਗੜ੍ਹਾਕੇ ਮਾਰ ਮਾਰ ਹਸ ਰਹੀ ਹੈ... ਉੱਚੀ ਉੱਚੀ ਤਾਲੀਆਂ ਪਿਟ ਰਹੀ ਹੈ, ਨ੍ਰਿਤ ਕਰ ਰਹੀ ਹੈ ਤੇ ਗੁਫਾ ਦੇ ਅੰਦਰ ਪੰਮੀ ਦੀ ਮਾਂ ਮੈਨੂੰ ਕਿਸੇ ਪਾਸੇ ਵਲ ਇਸ਼ਾਰੇ ਨਾਲ ਬੁਲਾ ਰਹੀ ਹੈ। ਮੈਂ ਉਹਦੇ ਪਿਛੇ ਦੌੜਦਾ ਹਾਂ... ਆਵਾਜ਼ਾਂ ਲਗਾ ਰਿਹਾ ਹਾਂ... ਪ੍ਰੀਤੋ ... ਪ੍ਰੀਤੋ ....ਪ੍ਰੀਤੋ...।'' ਤੇ ਮੈਂ ਧਾਹਾਂ ਮਾਰ ਕੇ ਰੋਣ ਲਗ ਪੈਂਦਾ ਹਾਂ।੦

ਪਤਾ- **C/o Conservator of Forest, East Exchange Road, JAMMU-180001**

## ਜ਼ੀਰੋ ਦੀ ਖੇਡ / ਸੋਮਾ ਸਬਲੋਕ

'ਜੇਕਰ ਹੁਣ ਦੇ ਵਕਤਾ ਵਿੱਚ ਸੂਰਜ ਆਖੇ ਕਿ ਮੈਂ ਧਰਤੀ ਦੀ ਕੁੱਖ ਤੋਂ ਹੀ ਜਨਮ ਲੈਣਾ ਹੈ ਤਾਂ ਇਹ ਉਸ ਲਈ ਸੰਭਵ ਹੋਵੇਗਾ?'' ਨੀਤਾ ਪੁਰੀ ਨੇ ਅਚਨਚੇਤੀ ਹੀ ਇਹ ਪ੍ਰਸ਼ਨ ਦਾਗ ਦਿੱਤਾ।

''ਸੂਰਜ ਕਹੇ ਤਾਂ ਸਹੀ... ਧਰਤੀ ਨੂੰ ਮਨਾ ਲਵਾਂਗਾ।'' ਰਾਜ ਚੰਨੀ ਨੇ ਵੀ ਸੁਭਾਵਿਕ ਹੀ ਜਵਾਬ ਵਗਾਹ ਮਾਰਿਆ।

''ਤੇਰੀ ਧਰਤੀ ਹੁਣ ਮੰਨੇਗੀ ਨਹੀਂ... ਸੱਜਣ ਜੀ... ਤੇਰੀ ਧਰਤੀ ਕਿਨਾ ਅੱਗੇ ਲੰਘ ਗਈ ਏ... ਬਹੁਤ ਦੂਰ... ਉਹ ਕਦੇ ਵੀ ਸੂਰਜ ਦੀ ਇੱਛਾ ਪੂਰੀ ਨਹੀਂ ਕਰੇਗੀ... ਵਕਤ ਬਹੁਤ ਦੂਰ ਜਾ ਚੁੱਕਾ ਏ...।''

ਰਾਜ ਚੰਨੀ ਨੱਕ ਤੇ ਡਿੱਗ ਪਈ ਐਨਕ ਦੇ ਵਿਚੋਂ ਦੀ ਨੀਤਾ ਪੁਰੀ ਨੂੰ ਤਾੜਦਾ ਰਿਹਾ ਤੇ ਨੀਤਾ ਪੁਰੀ ਕੁਰਸੀ ਦੀ ਬਾਂਹ ਤੇ ਕੂਹਣੀ ਟਿਕਾ ਕੇ ਬੰਦ ਮੁੱਠੀ ਦੇ ਸਹਾਰੇ ਗੱਲ੍ਹ ਟਿਕਾਈ ਬੈਠੀ ਰਹੀ... ਦੋਹਾਂ ਵਿਚਾਲੇ ਚੁੱਪ ਦਾ ਰਾਜ ਐਨਾ ਛਾਅ ਗਿਆ ਕਿ ਲਵ ਸੰਘੋਂ ਥੱਲੇ ਜਾਂਦਾ ਵੀ ਸੁਣਨ ਲੱਗਾ।

o o o

ਰਾਜ ਚੰਨੀ, ਨੀਤਾ ਪੁਰੀ ਨੂੰ ਸਮਝਾ-ਸਮਝਾ ਕੇ ਥੱਕ ਹਾਰ ਗਿਆ ਸੀ, ਪਰ ਨੀਤਾ ਪੁਰੀ ਹੁਣ ਹਾਂ ਜੀ-ਹਾਂ ਜੀ ਕਰਨ ਵਾਲੀ ਨੀਤਾ ਪੁਰੀ ਨਹੀਂ ਸੀ ਰਹੀ।

''ਮੈਂ ਕਿਸੇ ਦਾ ਦੇਣਾ ਤਾਂ ਨਹੀਂ ਕੀਤਾ ਹੋਇਆ... ਅਖੇ ਲਿਆਇਆ ਵੀ ਤਾਂ ਮੈਂਹੀ ਹਾਂ ਤੈਨੂੰ ਇੱਥੇ... ਜਿੱਦਾਂ ਵਿਆਹ ਕੇ ਲਿਆਇਆ ਹੁੰਦਾ... ਮਨ ਭਰ ਗਿਆ ਮੇਰਾ ਤਾਂ ਇਸ ਜਗ੍ਹਾ ਤੋਂ ... ਤੇ ਨਾਲੇ...।''

ਤੇਰੇ ਮਨ ਭਰਨ ਦੀ ਵਜ੍ਹਾ ਮੈਂ ਸਮਝਦਾ... ਇੱਕ ਤਾਂ ਸ਼ਾਇਦ ਇਹ ਕਿ ਤੂੰ ਇੱਥੇ ਇੱਕਲੀ ਏਂ... ਤੇ ਦੂਜੀ ਇਹ ਕਿ ਤੇਰੀ ਬੇਤੁਕੀ ਸਹਿਮਤੀ ਜੋ ਤੂੰ ਇੱਥੇ ਆਉਣ ਲਈ ਦਿੱਤੀ...।'

ਇਹੋ ਤਾਂ ਗੱਲ ਏ... ਕੋਈ ਵੀ ਆਦਮੀ ਆਪਣੇ ਆਪ ਨੂੰ ਉਸ ਸੰਤੁਲਨ ਨਾਲ ਪਰਖਦਾ ਜਿਸਨੂੰ ਉਹ ਆਪਣੀਆਂ ਜ਼ਰੂਰਤਾਂ ਮੁਤਾਬਕ ਸਮਝਦਾ ਸੁਣ ਰਿਹਾ ਏ ਨਾ? ... ਇਹ ਜ਼ਰੂਰਤਾਂ ਸਰੀਰਕ ਹੋਣ ਜਾਂ ਮਾਨਸਿਕ ... ਬੱਸ ਦੂਜੇ ਤੇ ਲੱਦਣਾ ਆਪਣਾ ਹੱਕ ਸਮਝਦਾ ਏ... ਬਿਨ੍ਹਾਂ ਇਹ ਸੋਚੇ ਕਿ ਦੂਜੇ ਦੀਆਂ ਵੀ ਇਹੋਂ ਜ਼ਰੂਰਤਾਂ ਹੋ ਸਕਦੀਆਂ ਨੇ...।''

ਕਹਿੰਦਿਆਂ ਨੀਤਾ ਪੁਰੀ ਨੇ ਆਪਣੀਆਂ ਨਜ਼ਰਾਂ ਉਸ ਵਲੋਂ ਹਟਾ ਲਈਆਂ ਤੇ ਫੇਰ ਕਾਗਜ਼ ਤੋੜ-ਮਰੋੜ ਕੇ ਬਣਾਈ ਹੋਈ ਗੇਂਦ ਅੱਗ ਵਿਚ ਵਗਾਹ ਮਾਰੀ।

ਰਾਜ ਚੰਨੀ ਉਸ ਦੀ ਇਸ ਗੱਲ ਤੇ ਬੱਸ ਮਾੜਾ ਜਿਹਾ ਮੁਸਕਰਾਇਆ ਪਰ ਬੋਲਿਆ ਕੁੱਝ ਨਾ। ਅਚਾਨਕ ਉਸ ਨੇ ਆਪਣਾ ਚਿਹਰਾ ਉਸ ਵੱਲ ਵਧਾ ਦਿੱਤਾ। ਅੱਗ ਦੀ ਲੋਅ ਵਿੱਚ ਉਮਾ ਦੀ ਗੱਲ੍ਹ ਦਾ ਸੱਜਾ ਹਿੱਸਾ ਚਮਕ ਰਿਹਾ ਸੀ ਅਤੇ ਕਿਸੇ ਵਜ੍ਹਾ ਕਾਰਣ ਉਸ ਦੀ ਆਵਾਜ਼ ਅਤੇ ਨਜ਼ਰ ਵਿੱਚ ਥੋੜਾ ਜੋਸ਼ ਸੀ।

''ਮੈਡਮ ਨੀਤਾ ਪੁਰੀ ... ਕੀ ਮੈਂ ਇਹ ਪੁੱਛਣ ਦੀ ਗੁਸਤਾਖੀ ਕਰ ਸਕਦਾ ਕਿ ਮੈਂ ਤੁਹਾਡੇ ਲਈ ਕਿੰਨਾ ਕੁ ਫਾਇਦੇ ਮੰਦ ਹੋ ਸਕਦਾ?'' ਕਹਿੰਦਿਆਂ ਉਹ ਕਮਰੇ ਦੇ ਵਿਚਕਾਰ ਲਟਕ ਰਹੇ ਪੀਲੀ ਲਾਈਟ ਵਾਲੇ ਬਲਬ ਵੱਲ ਦੇਖਣ ਲੱਗਾ। ਉਸਦੀ ਇਸ ਤਰ੍ਹਾਂ ਦੇਖਣ ਕ੍ਰਿਆ ਤੇ ਨੀਤਾ ਪੁਰੀ ਦਾ ਜਵਾਬ ਸੁਣਨ ਲਈ ਉਤਸੁਕ ਕੰਨਾਂ ਦੀ ਆਪਸੀ ਸਾਂਝ ਖਤਮ ਹੋ ਗਈ ਸੀ।

ਨੀਤਾ ਪੁਰੀ ਨੇ ਬਿੰਦ ਕੁ ਭਰ ਲਈ ਉਸ ਵੱਲ ਤੱਕਿਆ ਤੇ ਫੇਰ ਉੱਠ ਕੇ ਕਮਰੇ ਵਿੱਚ ਟਹਿਲਣ ਲੱਗੀ...। ਰਾਜ ਚੰਨੀ ਨੇ ਇੱਕ ਯਕਸ਼ ਪ੍ਰਸ਼ਨ ਉਸ ਸਾਹਮਣੇ ਰੱਖ ਦਿੱਤਾ ਸੀ।

'ਸੋਚਣ ਲਈ ਵਕਤ ਚਾਹੀਦਾ... ਰਾਜ ... ਮੈਂ ਲੇਟ ਹੋ ਰਹੀ ਆ... ਪਲੀਜ਼ ਮੈਨੂੰ ਘਰ ਜਾਣ ਦਿਓ...'

ਸ਼ਬਦ ਕੰਨੀਂ ਪੈਂਦਿਆਂ ਹੀ ਰਾਜ ਚੰਨੀ ਗੈਰ ਹਾਜਰ ਜਿਹਾ ਹੋ ਗਿਆ।

o o o

ਨੀਤਾ ਪੁਰੀ ਘਰ ਪਰਤੀ। ਸਣੇ ਡਰੈੱਸ ਉਹ ਲੇਟ ਗਈ... ਬਦਹਵਾਸੀ ਜਿਹੀ ਉਸ ਨੂੰ ਘੇਰ ਕੇ ਬਹਿ ਗਈ। ... ਫੇਰ ਜਲਦੀ ਹੀ ਉਹ ਉੱਠ ਖੜੋਤੀ... ਕੱਪੜੇ ਬਦਲੇ... ਹੱਥ ਮੂੰਹ ਧੋਤਾ... ਨਾਨ ਸਟਿਕ ਤੇ ਆਮਲੇਟ ਬਣਾਇਆ ਤੇ ਬਿਨਾਂ ਬਰੈੱਡ ਦਹੀਂ ਖਾ ਲਿਆ।

ਦੁਬਾਰਾ ਲੇਟੀ... ਨਜ਼ਰ ਕਿਧਰੇ ਗਵਾਚ ਗਈ... ਅੱਖਾਂ ਸਾਹਵੇਂ ਤਾਰੇ-ਤਾਰੇ ਜਿਹੇ ਹੀ ਦਿਸਣ ਲੱਗੇ... 'ਲੇਡੀ ਕਰਮਚਾਰੀ ਦੀ ਸਫਲਤਾ ਕੀ ਉਸ ਦੇ ਫੀਮੇਲ ਹੋਣ ਕਾਰਣ ਹੀ ਹੈ? ... ਮਿਹਨਤ ਨਹੀਂ... ਟੁੱਟ ਟੁੱਟ ਮਰਨਾ... ਤੇ ਇਸ ਮਰਨ ਦਾ ਸਿੱਟਾ...? ਊਲ ਜ਼ਲੂਲ ਬਦਖੋਹੀ ... ਅਖੇ ਕੁਰੱਖਤ ਹੈਗੀ... ਮਜ਼ਾ ਚਖਾਵਾਂਗੇ... ਕੁੱਤੇ...।''

ਦੂਜੇ ਹੀ ਪਲ ਉਸ ਆਪਣੇ ਆਪ ਨੂੰ ਹੱਲਾ ਸ਼ੇਰੀ ਦਿੱਤੀ... 'ਅੱਗੇ ਕਦੀ ਨਹੀਂ ਡੋਲੀ ਤੇ ਹੁਣ ਕਿਉਂ ਡੋਲਦੀ ਏਂ... ਬੋਲਡ ਮੰਨੀ ਜਾਂਦੀ ਏਂ... ਹੁਣ ਵੀ ਬੋਲਡ ਹੋ... ਕੋਈ ਮੂੰਹ ਵਿੱਚ ਨਹੀਂ ਪਾ ਲਵੇਗਾ..., ... ਬੈੱਡ ਤੋਂ ਉੱਠ ਖਲੋਤੀ... ਫ੍ਰਿੱਜ ਵਿਚੋਂ ਚਾਕਲੇਟ ਕੱਢਿਆ ਤੇ ਖਿੜਕੀ ਕੋਲ ਖੜ੍ਹ ਕੇ ਖਾਣ ਲੱਗੀ। ਦੂਰਬੀਨ ਚੁੱਕੀ ਤੇ ਸੜਕ ਤੇ ਆਉਂਦੇ ਜਾਂਦੇ ਨੂੰ ਬੜੀ ਗਹੁ ਨਾਲ ਉਦੋਂ ਤੱਕ ਤੱਕਦੀ ਰਹੀ ਜਦੋਂ ਤੱਕ ਉਹ ਅੱਖਾਂ ਤੋਂ ਉਹਲੇ ਨਾ ਹੋ ਜਾਂਦਾ। ਸੱਚ, ਇਸੇ ਘਾਟੀ ਦਾ ਲੋਕ ਜੀਵਨ ਤਾਂ ਰਾਤ ਨੂੰ ਹੀ ਸ਼ੁਰੂ ਹੁੰਦਾ ਹੈ।

o o o

ਦੂਜੇ ਦਿਨ ਸੁਾਜਰੇ ਉੱਠ ਖਲੋਤੀ ਸੀ। ਚਿਹਰਾ ਨੀਂਦਰ ਨਾਲ ਹਜੇ ਵੀ ਭਾਰਾ ਸੀ ਤੇ ਸ਼ਰੀਰ ਐਨੀ ਠੰਡ ਵਿੱਚ ਵੀ ਪਸੀਨੋ-ਪਸੀਨੀ ਹੋਇਆ ਪਿਆ ਸੀ। ਉਹ ਆਦਮ ਕਦ ਸ਼ੀਸ਼ੇ ਸਾਹਵੇਂ ਜਾ ਖਲੋਤੀ। ਸਿਰ ਤੋਂ ਲੈ ਕੇ



ਪੈਰ ਤੱਕ ਆਪਣੇ ਆਪ ਤੇ ਨਿਗਾਹ ਮਾਰੀ... ਬੜੀ ਸੁਹਣੀ ਲੱਗੀ ਉਹ ਆਪਣੇ ਆਪ ਨੂੰ। ਮੋਹਿਤ ਹੋ ਗਈ ਉਹ ਆਪਣੇ ਆਪ ਤੇ...।

'ਮੇਰਾ ਆਪਣਾ ਹੀ ਇਹ ਹਾਲ ਏ ਮੇਰੇ ਆਪਣੇ ਆਪ ਨਾਲ ... ਤਾਂ ਦੂਜਿਆਂ ਦਾ ਤਾਂ ਹੋਣਾ ਈ ਏ... ਨੀਤਾ ਪੁਰੀ ... ਲੋਕ ਤੇਰੇ ਨਾਲ ਤਾਹੀਓਂ ਖਾਰ ਖਾਂਦੇ ਨੇ... ਤੂੰ ਉਹਨਾਂ ਦੇ ਹੱਥ ਨਹੀਂ ਲਗਦੀ ਤਾਂ ਉਹ ਪੁੱਠੀਆਂ-ਸਿੱਧੀਆਂ ਗੱਲਾਂ ਕਰਦੇ ਨੇ... ਤੇਰਾ ਮਨੋਬਲ ਡੇਗਣ ਲਈ... ਪਰ ਤੂੰ ਸ਼ੇਰ ਦੀ ਬੱਚੀ ਬਣ... ਸ਼ੇਰ ਦੀ ਬੱਚੀ...।'' ਹੁਣ ਸੱਚ ਮੁੱਚ ਉਸ ਅੰਦਰ ਇੱਕ ਤਰ੍ਹਾਂ ਦੀ ਕੰਮ ਪ੍ਰਤੀ ਲਗਨ ਠਾਠਾਂ ਮਾਰਨ ਲੱਗ ਪਈ ਸੀ। ਉਹ ਸਮਝ ਗਈ ਸੀ ਕਿ ਮਨੁੱਖ ਦੇ ਚਿਹਰੇ ਦੀ ਸ਼ੋਭਾ ਉਸ ਦੇ ਅੰਦਰੂਨੀ ਤੇ ਉਪਯੋਗੀ ਸੱਚ ਦੀ ਲਖਾਇਕ ਹੁੰਦੀ ਹੈ। ਉਸ ਦਾ ਚਿਹਰਾ ਦੱਸਦਾ ਹੈ ਕਿ ਉਹ ਕੀ ਕਰ ਸਕਦੀ ਹੈ... ਉਹਨਾਂ ਲੋਕਾਂ ਦੀਆਂ ਹੋਛੀਆਂ ਹਰਕਤਾਂ ਉਸ ਦਾ ਕੁਝ ਨਹੀਂ ਵਿਗਾੜ ਸਕਦੀਆਂ... ਉਦੋਂ ਤੱਕ ਜਦੋਂ ਤੱਕ ਉਹ ਆਪਣੀ ਰਾਹ ਤੇ ਸਹੀ ਚੱਲ ਰਹੀ ਹੈ।

ਖਿੜਿਆ ਚਿਹਰਾ ਲਈ ਉਹ ਰਸੋਈ 'ਚ ਗਈ... ਕਾਫੀ ਦੀ ਪਿਆਲੀ ਬਣਾਇਆ ਤੇ ਸਟੱਡੀ ਟੇਬਲ 'ਤੇ ਆ ਬੈਠੀ... ਕੱਲ ਦਫ਼ਤਰ ਵਿੱਚ ਅਧੂਰੀ ਰਹਿ ਗਈ ਸੂਚਨਾ ਨੂੰ ਕੰਪਾਇਲ ਕਰਨ ਲੱਗੀ... ਅੰਕੜਿਆ ਦੀ ਪਿਛਲੀ ਰਿਪੋਰਟ ਨਾਲ ਹੁਣ ਦੀ ਰਿਪੋਰਟ ਮਿਲਾਉਣ ਲਈ ਉਸ ਲੈਪਟੌਪ ਆਨ ਕੀਤਾ ਤੇ ਫੇਰ ਚੱਲ ਸੋ ਚੱਲ... ਪਤਾ ਈ ਨਾ ਲੱਗਾ ਕਿ ਕਦੋਂ ਦਿਨ ਦਾ ਇੱਕ ਵੱਜ ਗਿਆ... ਉੱਠੀ ... ਫਟਾਫਟ ਦੋ ਕੇਲੇ ਖਾਧੇ ਤੇ ਜੂਸ ਦਾ ਗਿਲਾਸ ਭਰ ਕੇ ਟੀ ਵੀ ਮੂਹਰੇ ਆ ਬੈਠੀ... ਸਕਿੰਟੋ ਸਕਿੰਟੀਂ ਰਿਮੋਟ ਦੱਬ ਕੇ ਸਾਰੇ ਚੈਨਲ ਘੁਮਾ ਗਈ... ਕਿਸੇ ਵੀ ਚੈਨਲ ਤੇ ਮਨ ਨਾ ਰਮਿਆ। ਮੁੜ ਲੈਪਟੌਪ 'ਤੇ ਕੰਮ ਕਰਨ ਲੱਗੀ...।

ਛੱਤੀ ਦੀ ਰਕਮ ਤੇ ਆ ਕੇ ਉਹ ਤ੍ਰਿਭਕ ਜਿਹੀ ਗਈ... ਛੱਤੀ ਦਾ ਇਹ ਆਂਕੜਾ ... ਛੱਤੀ ਦੇ ਇਸ ਅੰਕੜੇ ਦਾ ਮਨੋਵਿਗਿਆਨ ... ਅਪਾਹਿਜ ਭਾਵੁਕਤਾ ਵਿੱਚ ਡੁੱਬੇ ਇਨਸਾਨ ਨੂੰ ਜਦੋਂ ਠੋਸ ਧਰਾਤਲ ਦਾ ਸਾਹਮਣਾ ਕਰਨਾ ਪੈਂਦਾ ... ਪਤਾ ਉਦੋਂ ਹੀ ਲੱਗਦਾ ... ਬਈ ਕੀ ਭਾਅ ਵਿਕਦੀ ਏ... ਖੋਰ... ਗਿੰਦਰ ਮਾਣੀਏ ਨਾਲ ਜੁੜਨ ਤੇ ਵੀ ਕੁਝ ਇਹੋ ਉਸ ਨਾਲ ਹੋਇਆ... ਕਿੰਨਾ ਮਿੱਠਾ-ਮਿੱਠਾ ਬੋਲਿਆ ਸੀ ਉਹ... ਉਸ ਦਿਨ ... ਉਸ ਘੜੀ...।

'ਵਿਸ਼ਵਾਸ ਕਰ ਲੈ ਮੇਰਾ ਬਾਬਾ ਜੀ... ਨਹੀਂ ਜਾਣਦੀ ਤੂੰ? ਦੁਨੀਆਂ ਵਿੱਚ ਕੋਈ ਵੀ ਦਰਦ ਬਹੁਤਾ ਗਹਿਰਾਂ ਨਹੀਂ ਹੁੰਦਾ... ਪਛਤਾਵੇਂ ਵੀ ਬਹੁਤੇ ਗਹਿਰੇ ਨਹੀਂ ਹੁੰਦੇ... ਯਾਦਾਂ ਵੀ ਕੋਈ ਖਾਸ ਵੱਡੀਆਂ ਨਹੀਂ ਹੁੰਦੀਆਂ ... ਇਹੀ ਸਭ ਜ਼ਿੰਦਗੀ ਦੇ ਬਾਰੇ ਦੁੱਖ ਦੀ ਗੱਲ ਹੈ... ਪਰ ਨਾਲ ਦੀ ਨਾਲ ਇਹ ਖੁਸ਼ੀ ਦੀ ਵੀ ਗੱਲ ਹੈ... ਇਹੀ ਤਾਂ ਅਸਲੀਅਤ ਨੂੰ ਦੇਖਣ ਦਾ ਇੱਕ ਤਰੀਕਾ ਹੈ। ... ਉਹ ਜ਼ਰੂਰਤ ਸਮੇਂ ਤੇ ਸਾਨੂੰ ਪੈਂਦੀ ਰਹਿੰਦੀ ਹੈ। ਇਸ ਕਰ ਕੇ ਹੀ ਤਾਂ ਬੰਦਾ ਸਾਥ ਭਾਲਦਾ... ਜੀਵਨ ਵਿੱਚ ਕੋਈ ਗਹਿਰਾ ਪਿਆਰ ਹੋਣਾ ਹੀ ਚਾਹੀਦਾ ... ਕੋਈ ਬਦਨਸੀਬ ਜਿਹੀ ਚਾਹਤ... ਘੱਟੋ ਘੱਟ ਉਹਨਾਂ ਮਾਯੂਸੀਆ ਲਈ ਕੋਈ ਬਹਾਨਾ... ਕੁੱਝ ਸ਼ਿੱਦਤ... ਜਿਨ੍ਹਾਂ ਤੋਂ ਅਸੀਂ ਬੇਮਤਲਬ ਹੀ ਆਪਣੇ ਆਪ ਨੂੰ ਸਤਾਇਆ ਹੋਇਆ ਸਮਝਦੇ ਹਾਂ...

''ਨਹੀਂ ... ਤੂੰ ਇਸ ਸਾਰੇ ਵਰਤਾਰੇ ਨੂੰ ਬੇਮਤਲਬ ਹੀ ਸਮਝ ਰਿਹੈਂ? ਇਹੀ ਕਿ ... ਇਵੇਂ ਹੁੰਦਾ ਈ ਏ...? ਜਿਨ੍ਹੇ ਵੀ ਇਹ ਕੁਝ ਕੀਤਾ... ਤੂੰ ਇਸਨੂੰ ਉਸ ਦੀ ਸੁਹਿਰਤਾ ਤਾਂ ਨਹੀਂ ਕਹਿ ਸਕਦਾ...।''

''ਛੱਡ ਭਲੀਏ, ਤੂੰ ਵੀ ਕੀ ਨਿੱਕੀਆਂ ਨਿੱਕੀਆਂ ਤੇ ਨਕਾਰੀਆਂ ਗੱਲਾਂ ਦੇ ਹਿਸਾਬ-ਕਿਤਾਬ 'ਚ ਪੈ ਜਾਨੀ ਏ...।''

''ਹਾਏ ਉਏ... ਕਿੱਦਾਂ-ਕਿੱਦਾਂ ਦਿਆਂ ਨਾਲ ਵਾਹ ਪੈਂਦਾ... ਕਮੀਣ...।'' ਇੱਕ ਪੁਰਖ ਵਿੱਚ ਇਹਨਾਂ ਸ਼ਬਦਾਂ ਨਾਲ ਸ਼ਰਣ ਲੈ ਕੇ ਉਸਨੇ ਆਪਣੇ ਆਪ ਨੂੰ ਇੱਕ ਗੁੰਮ-ਸੁੰਮ ਜਿਹੇ ਡਰ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ।

''ਤੇਰੀ ਬੋਲੀ ਦੁਨੀਆਂ ਨਾਲ ਤੇਰੀ ਸਹਿਭਾਗਤਾ ਦਰਸਾ ਰਹੀ...।''

''ਲਗਦਾ ... ਮੌਕੇ ਦਾ ਫਾਇਦਾ ਉਠਾ ਕੇ ਹੀ ਦਮ ਲਵੇਂਗਾ... ਵੈਸੇ ਦੱਸ ਤੂੰ ਮੈਨੂੰ ਚਾਹੁੰਨਾ ਜਾਂ...।' ਉਸ ਵੇਲੇ ਉਸ ਨੇ ਮੱਲੋਮੱਲੀ ਕੱਢੇ ਸਨ ਇਹ ਸ਼ਬਦ ਮੂੰਹੋਂ।

''ਮੈਂ ਕਦ ਕਿਹਾ ਕਿ ਮੈਂ ਤੈਨੂੰ ਚਾਹੁੰਦਾ...? ਚਾਹਤਾਂ ਦਾ ਸਾਂਝੀਆਂ ਹੁੰਦੀਆਂ ... ਤੇ ਤੂੰ ਇਹ ਸਾਂਝ ਪਾਉਣ ਲਈ ਤਿਆਰ ਏਂ...? ਤਿਆਰ ਨਹੀਂ ਏਂ...? '' ਗਿੰਦਰ ਉੱਠਿਆ ਤੇ ਖਿੜਕੀ ਵੱਲ ਨੂੰ ਤੁਰ ਪਿਆ ਸੀ। ਕਮਰੇ ਦੀ ਛੱਤ ਦੇ ਕਦ ਦੀ ਖਿੜਕੀ ਦੇ ਵਿਚੋਂ ਬਾਹਰ ਨੂੰ ਦੇਖਦਿਆਂ ਕਹਿਣ ਲੱਗਾ ਸੀ, ''ਐਨੀ ਰਾਤ ਨੂੰ

ਤਾਰਿਆ ਦੀਆਂ ਮੰਡਲੀਆਂ ਜੁੰਡਲੀਆਂ ਦਿਸ ਰਹੀਆਂ ਮੈਨੂੰ ਜਿਹੜੀਆਂ ਮਸਤੀ ਦੀ ਥਾਂ ਹੋਛੀਆਂ ਹਰਕਤਾਂ ਕਰ ਰਹੀਆਂ ਨੇ... ਮੇਰੇ ਮਨ ਵਿੱਚ ਪਿਛਲੇ ਗੁਜਰੇ ਹੋਏ ਕੁਝ ਕੁ ਦਿਨਾਂ ਲਈ ਐਨੀ ਨਫਰਤ ਸ਼ਾਇਦ ਹੀ ਕਦੇ ਭਰੀ ਹੋਵੇ ਜਿੰਨੀ ਹੁਣ ਭਰ ਰਹੀ ਏ ਨੀਤਾ... ਐਨਾ ਮਾਨਸਿਕ ਤਸ਼ੱਦਦ ... ਐਨਾ ਗੁਬਾਰ ਮੈਨੂੰ ਆਪਣੀ ਦੇਹ ਦੇਹ ਨਹੀ, ਥੇਹ ਜਾਪਣ ਲੱਗੀ ਏ ਹੁਣ। ਇੱਕ ਵਾਰ ਫੇਰ ਉਹ ਮੇਰੇ ਵੱਲ, ਨੀਤਾ ਪੁਰੀ ਵੱਲ ਮੁੜਿਆ... ਇਸ ਤੋਂ ਪਹਿਲਾਂ ਕਿ ਉਹ ਕੁਝ ਬੋਲਦਾ, ਮੈਂ ਹੀ ਕਹਿਣ ਲੱਗੀ,

'ਗਿੰਦਰ ਤੂੰ ਮੇਰੀ ਜਗ੍ਹਾ ਤੇ ਆਪਣੇ ਆਪ ਨੂੰ ਰੱਖ ਵੇਖ ਇੱਕ ਮਿੰਟ ਲਈ... ਸੋਚ, ਤੂੰ ਨੀਤਾ ਏਂ... ਨੀਤਾ ਸਰੂਪ... ਨੀਤਾ ਪੁਰੀ...।"

"ਇਹ ਸਭ ਤਾਂ ਬਾਅਦ 'ਚ ਵੀ ਸੋਚਿਆ ਜਾ ਸਕਦਾ... ਨੀਤਾ ਤੇ ਗਿੰਦਰ ਰਲ ਕੇ ਵੀ ਸੋਚ ਸਕਦੇ...।"

"ਬਸ, ਇਹੀ ਰਲਨਾ ਤਾਂ ਮੈਨੂੰ ਰਲਾਉਂਦਾ ਨਹੀਂ... ਉਹਨੇ ਵੀ ਨਹੀਂ ਰਲਾਇਆ ਤੇ ਉਹਨੇ ਵੀ ਨਹੀਂ... ਜਦ ਹੁਣ ਕੁਝ ਕਰਨ ਜੋਗੀ ਹੋਈ ਤਾਂ ਤੂੰ ਰਲਣ ਲਈ ਕਹਿਨਾ... ਕੀ ਮੈਂ ਪਤਾਸਾ ਵਾਂ... ਕਿਉਂ ਸਾਰੇ ਮਰਦ ਔਰਤ ਨੂੰ ਥੇਹ ਬਨਾਉਣ ਦਾ ਠੇਕਾ ਲਈ ਬੈਠੇ ਨੇ...? "

"ਨੀਤਾ ਸਰੂਪ... ਨੀਤਾ ਪੁਰੀ... ਬੁਝਾਰਤਾਂ ਜਿਹੀਆਂ ਕਿਉਂ ਪਾਉਣ ਲੱਗੀ ਏਂ...? "

"ਚੱਲ ਬੁਝਾਰਤ ਈ ਸਹੀਂ... ਮੈਂ ਪਾਉਨੀ ਬੁਝਾਰਤ... ਸੁਣ, ਤੂੰ ਮੇਰੀ ਜ਼ਿੰਦਗੀ 'ਚ ਕਦੋਂ ਆਇਆ? ... ਜੁੰਮਾ ਜੁੰਮਾ ਚਾਰ ਕੁ ਦਿਨ ਈ ਤਾਂ ਹੋਏ ਨੇ... ਤੂੰ ਕੀ ਜਾਣਿਆ ਮੇਰੇ ਬਾਰੇ...? ਮੇਰੇ ਬੀਤੇ ਬਾਰੇ...? ਮੇਰੇ ਘਰ ਪਰਿਵਾਰ ਬਾਰੇ ... ਮੇਰੀ ਰੋਟੀ ਰੋਜ਼ੀ ਬਾਰੇ? "

"ਕੁਝ ਨਹੀਂ ਜਾਣਿਆ, ਮੈਂ ਤਾਂ ਸਿਰਫ ਤੈਨੂੰ ਜਾਣਿਆ ਨੀਤਾ ਪੁਰੀ ਨੂੰ... ਪਰ ਅਹਾ ਜਿਹੜਾ ਤੂੰ ਨੀਤਾ ਸਰੂਪ ਕਹਿ ਰਹੀ... ਇਹ ਕੀ ਏ...? "

"ਨੀਤਾ ਜਦੋਂ ਜੰਮੀ ਸੀ... ਮਾਪਿਆ ਨੇ ਨਾਂ ਦਿੱਤਾ ਸੀ... ਨੀਤਾ ਸਰੂਪ ਜਦੋਂ ਸਰੂਪ ਨਾਲ ਵਿਆਹੀ ਗਈ... ਨੀਤਾ ਪੁਰੀ, ਜਦੋਂ ਹੰਸ ਪੁਰੀ ਨੇ ਆਪਣੀ ਬਣਾਈ...।"

" .........!"

"ਤੇ ਹੁਣ ਗਿੰਦਰ ਮਾਣੀਆ ਕਰਕੇ ਨੀਤਾ ਗਿੰਦਰ ਬਣੂ...?"

"ਕਿੱਥੇ ਦੀ ਛਾਲ ਮਾਰ ਲਈ...? "

"ਸਿਰਫ ਛਾਲ ਹੀ ਨਹੀਂ ਮਾਰੀ, ਹਾਈ ਜੰਮ ਮਾਰੀ ਏ... ਮਰਵਾਈ ਗਈ ਏ...।"

"ਸਰੂਪ ਨਾਲ ਤਲਾਕ ਹੋਇਆ ਸੀ...?"

"ਕਦ ਜੰਮੀ ਕਦ ਸਿਵਿਆ ਦੇ ਰਾਹ...।"

"ਮਤਲਬ...?"

"ਮਤਲਬ ਇਹ ਕਿ ਸਰੂਪ ਵੀ ਹੈਗਾ ਹਜੇ... ਪੁਰੀ ਵੀ ਹੈਗਾ, ਸਰੂਪ ਪਿੰਡ 'ਚ ਤੇ ਪੁਰੀ ਇੱਥੇ...।"

"ਤੇਰੀਆਂ ਬੁਝਾਰਤਾਂ ਵਾਕਈ... ਜਵਾਬ ਕਿਵੇਂ ਲੱਭਾਗਾਂ...।"

"ਜ਼ਰੂਰਤ ਈ ਨਹੀਂ ਪੈਣੀ... ਮੈਂ ਜਵਾਬ ਤੇਰੇ ਮੂਹਰੇ ਈ ਆਂ...।"

"ਮਸ਼ਕਰੀਆਂ ਕਿਉਂ ਕਰਦੀ ਏਂ...? ਸਨਿਆਸੀ ਤਾਂ ਨਹੀਂ...? ਐਵੀ ਉਲਝਾਈ ਜਾਨੀ ਏਂ... ਚੰਗਾ ਭਲਾ ਬੰਦਾ ... ਆ।"

"ਗੁਰਵਿੰਦਰ, ਤੁਸੀਂ ਚੰਗੇ ਭਲੇ ਓ... ਹਰੇਕ ਬੰਦਾ ਚੰਗਾ ਭਲਾ ਹੁੰਦਾ... ਬੱਸ... ਜਨਾਨੀ ਵੀ ਇੱਕੋ ਹੀ ਗੱਲ ਲਈ ਹੁੰਦੀ ਤਾਂ ਚੰਗੀ... ਪਰ ਉਸ ਦਾ ਸਮਾਂ ਈ ਨਹੀਂ ਇੱਕ ਚੰਗਾ ਭਲਾ ਹੁੰਦਾ... ਜੋ ਨੀਤਾ ਦਾ ਸਮਾਂ ... ਸ਼ਾਇਦ ਵਿੱਧ ਮਾਤਾ ਨੇ ਵੀ ਕਦੀ ਇਹ ਸੁਫਨੇ 'ਚ ਨਹੀਂ ਸੋਚਿਆ ਹੋਣਾ ਕਿ ਜਨਾਨੀ ਲਈ ਅਜਿਹਾ ਸਮਾਂ ਵੀ ਆਉਣਾ... ਬਈ ਜਦੋਂ ਬਾਹਰ ਜਾਣ ਦੀ ਖਾਤਰ ਪਤੀ ਹੀ ਆਪਣੀ ਜਨਾਨੀ ਦਾ ਵਿਆਹ ਆਪ ਕਰੇ ਤੇ ਉਸਨੂੰ ਸੱਤ ਸਮੁੰਦਰੋਂ ਪਾਰ ਭੇਜ ਦੇਵੇ...? "

ਝੂਠੇ ਸੁੱਖ ਦੇ ਦਿਨ ਨੀਤਾ ਨੂੰ ਚੂੰਢੀਆਂ ਵੱਢਣ ਲੱਗੇ... ਉਸ ਦੇ ਆਤਮ ਸਨਮਾਨ ਨੂੰ ਸੱਟ ਮਾਰਨ ਵਾਲਾ... ਸੱਚ ਕਿਸੇ ਵੀ ਤਰ੍ਹਾਂ ਅਗੋਚਰ ਨਹੀਂ ਸੀ ਉਸ ਲਈ... ਪਿੰਡੇ ਤੇ ਹੰਢਾਇਆ ਸੱਚ... ਅਜਿਹਾ ਸੱਚ ਜਿਹੜਾ ਕਿਸੇ ਅਪਾਹਿਜ ਭਾਵੁਕਤਾ ਦਾ ਮੁਥਾਜ ਨਹੀਂ...।"

ਵਾਤਾਵਰਣ ਕੁਝ ਦਾ ਕੁਝ ਬਣਦਾ ਜਾ ਰਿਹਾ ਸੀ। ਨੀਤਾ ਆਪਣੇ ਆਪ ਵਿੱਚ ਇੱਕ ਪਹੇਲੀ ਇੱਕ



ਬੁਝਾਰਤ ਬਣਦੀ ਜਾ ਰਹੀ ਸੀ, ਜਿਸਦਾ ਜਵਾਬ ਸਿਰਫ ਤੇ ਸਿਰਫ ਸੱਚ ਸੀ... ਦੇਹ ਦਾ ਸੱਚ। ਗੱਲ ਕਰਦਿਆਂ ਉਹ ਉਤੇਜਿਤ ਹੋ ਰਹੀ ਸੀ... ਆਸ ਨਾਲੋਂ ਵੱਧ... ਐਨੀ ਕੁ ਵੱਧ ਜਿਸ ਨਾਲ ਉਹ ਆਪਣੇ ਆਪ ਨੂੰ ਉਤਸਾਹਿਤ ਮਹਿਸੂਸ ਕਰ ਰਹੀ ਸੀ... ਸੋਚ ਰਹੀ ਸੀ, ਚਲੋ਼ ਹੁਣ ਕੋਈ ਤਾਂ ਹੈ ਜਿਸ ਨਾਲ ਉਹ ਆਪਣੇ ਮਨ ਦੀ ਗੱਲ ਕਰ ਸਕਦੀ ਹੈ।

"ਗੁਰਵਿੰਦਰ ਖੁੱਲ੍ਹੇ-ਡੁੱਲ੍ਹੇ ਸੁਭਾਅ ਦੀ ਮੈਂ ਪੇਂਡੂ ਅੱਲ੍ਹੜ... ਸਰੂਪ ਦੇ ਲੜ ਲੱਗੀ ਨਾ ਪਰ ਘਰ ਦੀ ਪੇਤਲੀ ਜਿਹੀ ਦਸ਼ਾ ਨੇ ਮੈਨੂੰ ਉੱਥੇ ਰਹਿਣ ਦੀ ਇਜਾਜਤ ਨਾ ਦਿੱਤੀ। ਸਰੂਪ ਬਾਹਰ ਜਾਣਾ ਚਾਹੁੰਦਾ ਸੀ... ਪਰ ਸਬੱਬ ਕੋਈ ਨਹੀਂ ਸੀ... ਆਖਿਰ ਜੀਜਾ ਪੂਰਨ ਉਰਫ਼ ਪੁਰੀ ਜਦੋਂ ਪੰਜਰਾਂ ਦਿਨਾਂ ਦੀ ਛੁੱਟੀ ਆਇਆ ਤਾਂ ਪਤਾ ਨੀਂ ਉਹਨੇ ਸਰੂਪ ਦੇ ਕੰਨ ਵਿੱਚ ਕੀ ਫੂਕ ਮਾਰੀ, ਸਰੂਪ ਖੁਸ਼ ਰਹਿਣ ਲੱਗਾ, ਬਾਹਰ ਜਾਣ ਦੇ ਸੁਫਨੇ ਪੱਕੇ ਹੁੰਦੇ ਨਜ਼ਰ ਆਉਣੇ ਸ਼ੁਰੂ ਹੋ ਗਏ ਉਸਨੂੰ...।"

"ਜੀਜੇ ਨੇ ਸਦਾਅ ਲਿਆ ਹੋਣਾ ਉਸਨੂੰ ਬਾਹਰ...? "

"ਉਹਨੂੰ ਨਹੀਂ ਮੈਨੂੰ... ਮੈਨੂੰ ਨੀਤਾ ਪੁਰੀ ਬਣਾ ਕੇ... ਸਰੂਪ ਨੇ ਮੇਰੀਆਂ ਲਾਵਾਂ ਕਰਵਾਈਆਂ ਉਹਦੇ ਨਾਲ... ਬਈ ਕਾਨੂੰਨ ਮੁਤਾਬਿਕ ਮੈਂ ਪੁਰੀ ਨਾਲ ਵਿਆਹ ਕਰਵਾ ਕੇ ਬਾਹਰ ਜਾ ਸਕਦੀ ਸੀ ਬਾਅਦ ਵਿੱਚ ਪੱਕੀ ਹੋ ਜਾਣ ਤੇ ਉਸ ਕੋਲੋਂ ਤਲਾਕ ਲੈ ਕੇ ਇੰਡੀਆ ਜਾਵਾਂ, ਉਹਦੇ ਨਾਲ ਫੇਰ ਵਿਆਹ ਰਚਾਵਾਂ ਤੇ ਉਹਨੂੰ ਆਪਣਾ ਖਾਵੰਦ ਦੱਸ ਕੇ ਬਾਹਰ ਸੱਦਾਂ। ਇਵੇਂ ਸਰੂਪ ਜਾ ਸਕਦਾ ਸੀ ਬਾਹਰ। ਸਦਾਅ ਵੀ ਲਿਆ ਸੀ ਮੈਂ...।"

"ਪਰ ਵਿਚਕਾਰਲੇ ਸਮੇਂ ਤੂੰ ਪੁਰੀ ਦੇ ਘਰ ਰਹੀ ਕਿਵੇਂ...?"

"ਦਿੱਦਾਂ ਭੈਣ ਰਹਿੰਦੀ ਸੀ ਯਾਨਿ ਕੇ ਨਛੱਤਰਾਂ ਮੇਰੀ ਨਨਾਣ।"

"ਹੂੰਅ... ਜਾਨਿ ਕਿ...।"

"ਹਾਂ, ਬਿਲਕੁਲ ਤੂੰ ਸੱਚ ਕਹਿ ਰਿਹਾ... ਗਿੰਦਰ, ਜਨਾਨੀ ਦੀ ਦੇਹ ਦਾ ਸਰੂਪ ਹੈ ਹੀ ਇਹੋ ਜਿਹਾ ਚੀਜ... ਇਹ ਰਿਸ਼ਤੇ ਨਹੀਂ ਦੇਖਦਾ... ਰਿਸ਼ਤਿਆ ਦੇ ਉਹਲੇ ਇਸ ਦੇ ਵੱਟੇ ਜੋ ਮਰਜੀ ਲਓ... ਕੁੜੀ ਕੋਲ ਇਹ ਸਰੀਰ ਹੈਗਾ ਤਾਂ ਪੇਕਿਆਂ ਦੇ ਵਾਰੇ ਨਿਆਰੇ... ਨੂੰਹ ਕੋਲ ਹੈਗਾ ਤਾਂ ਸਹੁਰਿਆਂ ਦੇ ... ਬਸ ਸਰੀਰ ਉਸਦਾ ਆਪਣਾ ਹੀ ਨਹੀਂ ਹੁੰਦਾ... ਮਨ ਵੀ ... ਤੇ ਚਾਹਤ ਵੀ ਉਸ ਨੂੰ ਗਹਿਣੇ ਰੱਖਣੇ ਪੈਂਦੇ ਨੇ ਕਈ ਵਾਰੀ। ਇਕ ਤਰ੍ਹਾਂ ਦੀ ਵਿਅਕਤੀਹੀਣਤਾ... ਤੇ ਮੈਂ ... ਮੈਂ ਤਾਂ ਇਹ ਵਿਅਕਤੀ ਹੀਣਤਾ ਐਨੀ ਮਹਿਸੂਸ ਕਰਦੀ ਆਂ ਗੁਰਵਿੰਦਰ ਦਿਲ ਕਰਦਾ...।"

"ਦੇਖ ਡੀਅਰ ... ਨੀਤਾ ਪੁ... ਨਹੀਂ ਹੁਣ ਮੈਂ ਤੈਨੂੰ ਪੁਰੀ ਨਹੀਂ ਕਹਾਂਗਾ... ਤੂੰ ਸਿਰਫ ਨੀਤਾ ਏਂ... ਇਸ ਵਕਤ ਮੇਰੇ ਕੋਲ... ਸੋ ਨੈਚੁਰਲੀ... ਮੇਰੀ ... ਠੀਕ...? ਹਾਂ... ਤਾਂ ਮੈਂ ਕਹਿ ਰਿਹਾ ਸੀ... ਇਹ ਤਾਂ ਹੋਰ ਵੀ ਚੰਗਾ। ਆਪਣੀ ਸਰੀਰਕ ਤਾਕਤ ਦਾ ... ਸੁੰਦਰ ਦਿਖ ਤੇ ਅਲੌਕਿਕ ਖਿੱਚ ... ਦਾ ਅਹਿਸਾਸ ਤਾਂ ਹੈ ਤੈਨੂੰ...? ਹੈਂਅ... ਤੇ ਇਹੋ ਅਹਿਸਾਸ ਸੱਚਾ ਮਨੋਵਿਗਿਆਨ ਏ... ਵੈਸੇ ਇਸ ਨਾਲ ਕੋਈ ਖਾਸ ਫਰਕ ਨਹੀਂ ਪੈਂਦਾ... ਅਸੀਂ ਜਿਵੇਂ ਚਾਹੁੰਦੇ ਹਾਂ ਉਵੇਂ ਜਿਉਣ ਲਈ ਸਾਡੇ ਕੋਲ ਕਈ ਵਾਰੀ ਹਾਲਾਤ ਹੀ ਨਹੀਂ ਹੁੰਦੇ ਤੇ ਬਹੁਤੀ ਵਾਰ ਸਮਾਂ ਨਹੀਂ ਹੁੰਦਾ... ਬਸ ਚੁਟਕੀ ਕੁ ਵਕਤ ਹੁੰਦਾ ਹੈ ਕਿ ਖੁਸ਼ ਭਰ ਹੋ ਲਈਏ... ਜੇਕਰ ਤੂੰ ਬੁਰਾ ਨਾ ਮੰਨੇ ਤਾਂ ਪੁੱਛ ਸਕਨਾ ਕਿ ਵਿਅਕਤੀ ਹੀਣਤਾ ਤੋਂ ਤੇਰਾ ਕੀ ਭਾਵ ਏ...? "

"ਗਿੰਦਰ ਜੀ... ਜੇ ਤੁਸੀਂ ਬੁਰਾ ਨਾ ਮੰਨੋ ਤਾਂ ਕੀ ਮੈਂ ਪੁੱਛ ਸਕਦੀ ਆ ਕਿ ਮੈਂ ਕਿਧਰੇ ਤੁਹਾਡਾ ਮੂਡ ਤਾਂ ਚੌਪਟ ਨਹੀਂ ਕਰ ਰਹੀ? ... ਤੈਨੂੰ ਵੈਸੇ ਸਹੀਂ ਦੱਸਾਂ ਜਦੋਂ ਤੋਂ ਮੈਂ ਕੁਝ ਗੱਲਾਂ ਬਾਰੇ ਸੋਚਣਾ ਛੱਡ ਦਿੱਤਾ ਏ ਨਾ, ਉਦੋਂ ਤੋਂ ਮੈਂ ਉਹਨਾਂ ਨੂੰ ਭੁੱਲ ਗਈ ਲਗਦੀ ਆ... ਪਰ ਫੇਰ ਵੀ ਆਪਣੀ ਜ਼ਿੰਦਗੀ ਤੇ ਉਸਦੇ ਗੂੜ੍ਹ ਸਵਰੂਪ ਦੀ ਸਮੀਖਿਆ ਕਰਦੀ ਆ ਤਾਂ ਮੇਰੇ ਅੰਦਰ ਇੱਕ ਤੁਫਾਨ ਉੱਠਣ ਲਗਦਾ ... ਹੰਝੂਆਂ ਦਾ ਸਾਗਰ ਡੁੱਲ੍ਹ ਡੁੱਲ੍ਹ ਪੈਂਦਾ... ਜਿਹੜਾ ਕਿ ਇੱਕੋ ਸਮੇਂ ਵਰਖਾ ਵੀ. ਏ.. ਇੱਕੋ ਸਮੇਂ ਧੁੱਪ ਵੀ ਏ... ਦੁਪਹਿਰ ਵੀ ਏ ਤੇ ... ਤੇ ਮੱਧਰਾਤ ਵੀ... ਗਿੰਦਰ... ਦੋ ਦੋ ਸੁਹਾਗ ਰਾਤਾਂ ... ਇੱਕ ਦਾ ਜੁਗਾੜ ਮਾਪਿਆਂ ਨੇ ਕੀਤਾ ਤੇ ਦੂਜੀ ਦਾ... ਪਤੀ ਪਰਮੇਸ਼ਰ ਜੀ ਨੇ... ਕਹਿੰਦੇ ਹੁੰਦੇ ਨੇ ਜਨਾਨੀ ਪਤੀ ਦੀ ਚੀਜ਼ ਹੁੰਦੀ... ਜਾਇਦਾਦ ਪਰ ਮੈਂ...? " ਹੁਣ ਮੈਂ ਇਕੋ ਵਾਰ ਕਈ ਹੋਰ ਭੂਮਿਕਾਵਾਂ ਨਹੀਂ ਨਿਭਾਉਣਾ ਚਾਹੁੰਦੀ ਇਹਨਾਂ ਰਿਸ਼ਤਿਆਂ 'ਤੇ ਮੇਰਾ ਯਕੀਨ ਘਟ ਗਿਆ ਏ ਗਿੰਦਰ... ,

"ਪਰ ਮੈਂ ਵਾਇਦਾ ਕਰਦਾ...।"

''ਗੱਲ ਸੁਣ, ਅਗਨੀ ਦੇ ਸਨਮੁੱਖ ਕੀਤੇ ਵਾਇਦੇ ਨਾਲੋਂ ਹੋਰ ਕਿਹੜਾ ਵਾਇਦਾ ਪੱਕਾ ਹੋ ਸਕਦਾ...? ... ਬੱਸ, ਹੁਣ ਮੈਨੂੰ ਹੋਰ ਕੁੱਝ ਨਹੀਂ ਚਾਹੀਦਾ... ਕੰਮ ਦੇ ਇਹ ਘੰਟੇ ਮੈਂ ਤਾਂ ਹੁਣ ਇਹਨਾਂ ਵਿੱਚ ਹੀ ਗਵਾਚੀ ਰਹਿਣਾ ਚਾਹੁੰਨੀ ਆ... ਹੋਰ ਕੁਝ ਮੇਰੀ ਬਰਦਾਸ਼ਤ ਤੋਂ ਬਾਹਰ ਹੈ ਹੁਣ...।''

''ਵਿੱਚ ਵਿਚਾਲੇ ਜਿਹੇ ਮੈਂ ਸਮਝਣ ਲੱਗ ਪਈ ਸੀ ਕਿ ... ਕਰਮ ਕਰਨਾ, ਪਿਆਰ ਕਰਨਾ ਤੇ ਕਸ਼ਟ ਭੋਗਣਾ... ਬੱਸ ਇਹੋ ਜ਼ਿੰਦਗੀ ਏ ... ਸੱਚਮੁੱਚ ਦੀ ਜ਼ਿੰਦਗੀ ... ਪਰ ਨਾਲ ਹੀ ਹੁਣ ਇਹ ਵੀ ਤਾਂ ਸੋਚਦੀ ਹਾਂ ਕਿ ... ਇਹ ਜ਼ਿੰਦਗੀ ਉਸੇ ਹੱਦ ਤੱਕ ਹੈ ਜਦੋਂ ਤੱਕ ਅਸੀਂ ਪਾਰਦਰਸ਼ੀ ਹਾਂ, ਰਹੀ ਪਿਆਰ ਕਰਨ ਦੀ ਗੱਲ.. ਫਿਲਾਸਫੀ ਠੀਕ ਏ... ਪਰ ਜੀਵਨ ਇਸ ਤਰ੍ਹਾਂ ਚਲਦਾ ਨਹੀਂ ... ਲਗਦਾ ਬਹੁਤ ਦਰਦ ਸਹਿਣ ਕਰਨਾ ਪਵੇਗਾ ਉਹਨਾਂ ਨੂੰ ਜੋ ਤੈਨੂੰ ਪਿਆਰ ਕਰਦੇ ਨੇ...।''

''ਪਤੀ ਦੇ ਪਿਆਰ ਨਾਲੋਂ ਹੋਰ ਕਿਹੜਾ ਪਿਆਰ ਵੱਧ ਹੋ ਸਕਦਾ...? ਤੇ ਜਦੋਂ ਉਹਨੇ ਹੀ ਪਿਆਰ ਨੂੰ ਕੋਈ ਹੋਰ ਪਰਿਭਾਸ਼ਾ ਦੇ ਦਿੱਤੀ ਤਾਂ ਬਾਕੀ ਕੀ ਬਚਿਆ...?''

''ਉਹ ਸਭ ਕੁਝ ਜੋ ਮੈਂ ਇੱਕ ਪੁਰਖ ਹੋਣ ਕਾਰਣ ਅਨੁਭਵ ਤੋਂ ਸਿੱਖਿਆ ਏ... ਮੈਂ ਤੈਨੂੰ ਬਹੁਤ ਚਾਹੁੰਨਾ ਨੀਤਾ... ਤੇਰੀ ਕਾਇਆ ਛਣ... ਤੇਰੀ ਵਿਚਾਰ ਭਾਸ਼ਾ ... ਇਹਨਾਂ ਨੇ ਹੀ ਤਾਂ ਤੈਨੂੰ ਐਨਾ ਕੁਝ ਸਿਖਾ ਦਿੱਤਾ ਕਿ..., ... ਗਿੰਦਰ ਸੋਫੇ ਤੋਂ ਉੱਠ ਖੜ੍ਹਾ ਹੋਇਆ ... ਪਰ ਹੌਲੀ-ਹੌਲੀ ਫਿਰ ਬੈਠ ਗਿਆ। ਉਸ ਦਾ ਚਿਹਰਾ ਬੁੱਝਦੀ ਹੋਈ ਅੱਗ ਦੀ ਲਾਲੀ ਵਿੱਚ ਚਮਕਣ ਲੱਗਾ... ਅਚਾਨਕ ਖਿੜਕੀ ਦੇ ਪਰਦਿਆਂ ਪਿੱਛੇ ਅਜਿਹਾ ਲੱਗਾ ਜਿਵੇਂ ਰਾਤ ਦੇ ਹਨ੍ਹੇਰੇ ਵਿੱਚ ਕੋਈ ਬਹੁਤ ਤੇਜ਼ ਜੋਤੀ ਕਿਰਨ ਚਮਕੀ ਹੋਵੇ... ਉਸ ਆਪਣੀ ਗੱਲ ਜਾਰੀ ਰੱਖੀ...।

''ਨੀਤਾ... ਤੇਰੀ ਦੇਹ ਹੈਗੀ ... ਕੋਈ ਸ਼ੱਕ ਨਹੀਂ ਪਰ ਇਸ ਵੇਲੇ ਤਾਂ ਮੈਂ ਹੋਰ ਹੀ ਤਰ੍ਹਾਂ ਦੀ ਖਿੱਚ ਦੇਖ ਰਿਹਾਂ ਤੇਰੇ ਵਿੱਚ... ਸੱਚ, ਪਲ ਦੋ ਪਲ ਲਈ ਤਾਂ ਤੂੰ ਮੇਰਾ ਵਿਚਾਰ ਈ ਬਦਲ ਦਿੱਤਾ... ਹਰੇਕ ਉਹ ਬੰਦਾ, ਜਿਸ ਵਿੱਚ ਅਕਲ ਹੈ, ਜਿਸ ਦੀ ਸ਼ਕਲ ਹੈ... ਜਿਸ ਵਿੱਚ ਖੁਸ਼ ਹੋਣ ਦੀ ਤਲਬ ਹੈ, ਉਹੀ ਧਨੀ ਹੈ...

''ਗਿੰਦਰ ਜੀ, ਕਈ ਵਾਰ ਬੜਾ ਦੁੱਖ ਆਉਂਦਾ... ਕਿ ਮੇਰਾ ਜੀਵਨ ਮੇਰੇ ਬਿਨਾਂ ਹੀ ਉਪਭੋਗ ਹੋ ਗਿਆ... ਦੋ ਦੋ ਥਾਂਈ...।''

''ਅਜਮਾਉਣ ਲਈ ਇਹ ਜ਼ੋਖਿਮ ਚੰਗਾ ਰਿਹਾ...।''

''ਨਹੀਂ ਅਜਮਾਏ ਜਾਣ ਲਈ...।''

''ਤਾਹੀਓਂ ਤਾਂ ਹੁਣ ਇਤਿਹਾਸ ਬਣਨਾ ...।''

''ਕੀਦ੍ਹਾ...?''

''ਜਿਨ੍ਹਾਂ ਨੂੰ ਠੋਕਰਾਂ ਦਾ ਅਨੁਭਵ ਹੁੰਦਾ... ਸੁਣਿਆ ਕਦੇ ਕਿ ਸੁਖੀ ਲੋਕਾਂ ਦਾ ਕੋਈ ਇਤਿਹਾਸ ਹੁੰਦਾ... ਮਿਲਦਾ ਕਿਤੇ...? ਪੜ੍ਹਿਆ ਕਦੇ...?''

''ਲਗਦਾ, ਮੇਰੇ ਬਾਬਤ ਸਮਝਣ ਲੱਗ ਗਏ ਓ...।''

''ਲੱਗ ਨਹੀਂ ਗਿਆ, ਬਹੁਤ ਕੁਝ ਸਮਝ ਲਿਆ... ਨੀਤਾ... ਸੁਣਦਾ ਹੁੰਦਾ ਸੀ ਔਰਤਾਂ ਸੁਭਾਵਕ ਹੀ ਆਪਣੇ ਫਿਤੂਰਾਂ ਨੂੰ ਆਪਣੀ ਸੰਵੇਦਨਾ ਨਾਲੋਂ ਵੱਧ ਮਹੱਤਤਾ ਦੇਂਦੀਆਂ... ਪਰ ਇੱਥੇ ਤਾਂ ਮੈਨੂੰ ਉਲਟ ਲੱਗ ਰਿਹਾ...

''ਗਿੰਦਰ ਜੀਓ... ਪਾਓ ਕਿਆਂਸ ... ਕਿ ਮੇਰੇ ਵਿੱਚ ਕੋਈ ਫਿਤੂਰ ਰਹਿ ਜਾਊ ਹੁਣ... ਜੀਹਦੇ ਖੱਬੇ ਸੱਜੇ ਉਹ ਵਸ ਰਹੇ ਹੋਣ ਜਿਨ੍ਹਾਂ ਲਈ ਉਸਨੂੰ ਪਤਾ ਨਹੀਂ ਕੀ ਕੁਝ ਦਾਅ ਤੇ ਲਾਉਣਾ ਪਿਆ। ... ਫੇਰ ਕਹਿੰਦੇ ਬੰਦਾ ਉਪਭੋਗੀ ਬਣ ਗਿਆ ਹੁਣ ਦੇ ਵਕਤਾਂ 'ਚ ਠੀਕ... ਹੈਗਾ। ... ਜਨਾਨੀ ਲਈ ਇਹ ਗਾਲ੍ਹ ਤੇ ਮਰਦ ਲਈ ਉਸ ਦਾ ਹੱਕ... ਇਹੋ ਨਾ...?''

''ਨੀਤਾ ਮੈਨੂੰ ਇਹੋ ਜਾਪ ਰਿਹੈ ਕਿ ਤੇਰੇ ਤੇਰੀ ਜ਼ਿੰਦਗੀ ਦੇ ਸਭ ਤੋਂ ਚੰਗੇ ਤੱਥ ਇਕਦਮ ਖਰਾਬ ਤੱਥਾਂ ਵਿੱਚ ਪੱਕੀ ਤਰ੍ਹਾਂ ਘੁਲ ਮਿਲ ਗਏ ਨੇ... ਖੁਸ਼ੀ ਦੀ ਪ੍ਰਾਪਤੀ ਲਈ ਤੂੰ ਸਮੇਂ ਦੀ ਅਧੀਨਗੀ ਮੰਨੀ ਸਮੇਂ ਨਾਲ ਸਮਝੌਤਾ ਵੀ ਕੀਤਾ... ਬੜਾ ਡਰਾਉਣਾ ਜਿਹਾ ਅਨੁਭਵ ਹੈਗਾ ਇਹ... ।''

''ਦੇਖ ਲਓ ਗੁਰਵਿੰਦਰ... ਸਮਾਂ ਉਹ ਵੀ ਦੇਖਿਆ ਸਰੂਪ ਕਹੇ ਤੂੰ ਪੁਰੀ ਕੋਲ ਰਹੀ ਐਨਾ ਵਕਤ ਤੇ ਹੁਣ ਮੈਂ ਤੈਨੂੰ ਕਿੱਦਾਂ ਰੱਖਾਂ...? ਪੁਰੀ ਕਹੇ ਸਰੂਪ ਨਾਲ ਹੋਈ ਗੱਲ ਮੁਤਾਬਕ ਉਹਨੂੰ ਬਾਹਰ ਸੱਦ ਲਿਆ ਹੁਣ



ਤੁਸੀਂ ਦੋਵੇਂ ਆਪਣਾ ਘਰ ਵਸਾਓ... ਤੇ ਮੈਂ...? ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ... ਖੈਰ ! ਆਹ ਹੈਗਾ , ਹੁਣ ਮੇਰੇ ਕੋਲ ਘਰ ਘਾਟ ਵੀ... ਨੌਕਰੀ ਵੀ, ਆਪਣੇ ਜੋਗੀ ਹੈਗੀ ਆਂ... ਪੁਰੀ ਕੋਲੋਂ ਮਿਲਿਆ ਜੈਕ ਪਾਲ ਰਹੀ ਆਂ ਹੋਰ ਦੋ ਸ਼ਾਲਾਂ ਨੂੰ ਖੰਭ ਖਿਲਾਰਨੇ ਸ਼ੁਰੂ ਕਰ ਦਵੇਗਾ ਉਹ ਵੀ...

''ਸੱਚ ਈ ਕਿਸੇ ਨੇ ਕਿਹਾ ਕਿ ਜਨਾਨੀ ਅਨੁਭਵਾਂ ਦੀ ਖਾਣ ਹੁੰਦੀ ... ਤੇ ਭੇਡਾਂ ਦੀ ਕੁੰਜੀ ਵੀ...।''

''ਮਿੰਦਰ, ਮੈਂ ਸਾਰੇ ਅਨੁਭਵ ... ਜ਼ਿੰਦਗੀ ਨਾਲ ਸਾਰੇ ਗਿਲੇ-ਸ਼ਿਕਵੇ ਇੱਕ ਪਾਸੇ ਰੱਖ ਦਿੱਤੇ ਹਨ... ਬੀਤੀ ਜ਼ਿੰਦਗੀ ਵਿੱਚ ਜੋ ਕੁਝ ਗਵਾਚ ਗਿਆ... ਕੋਈ ਮਲਾਲ ਨਹੀਂ ਹੁਣ ਮੈਨੂੰ ... ਮੈਂ ਆਪਣੇ ਆਪ ਨੂੰ ਮੁਕਤ ਮਹਿਸੂਸ ਕਰਦੀ ਆਂ... ਮੇਰੇ ਕੋਲ ਕੰਮ ਹੀ ਐਨਾ ਕਿ ਸੋਚਣ ਲਈ ਸਮਾਂ ਈ ਨਹੀਂ...।''

''ਹੂੰਅ...।''

''ਗਿੰਦਰ ਇੱਕ ਸਮਾਂ ਸੀ ਜਦੋਂ ਮੈਂ ਸੋਚਦੀ ਹੁੰਦੀ ਸੀ... ਆਪਣੇ ਆਪ ਨਾਲ ਗੱਲਾਂ ਕਰਦੀ ਹੁੰਦੀ ਸੀ... ਆਪਣੇ ਆਪ ਨੂੰ ਜਿਉਣ ਲਈ ਤਿਆਰ ਕਰਦੀ ਹੁੰਦੀ ਸੀ... ਮੈਂ ਚਾਹੁੰਦੀ ਹੁੰਦੀ ਸੀ ਕਿ ਜ਼ਿੰਦਗੀ ਨੂੰ ਰਵੇਦਾਰ ਮਿਸ਼ਰੀ ਦੀ ਡਲੀ ਸਮਝਾ ਤੇ ਇਹਨੂੰ ਚੱਟਦੀ ਰਹਾਂ ਪਰ...।''

'' ............।''

''ਮੇਰੀ ਇਕਮਾਤਰ ਇੱਛਾ... ਜੋ ਹੁਣ ਹੈ... ਗਿੰਦਰ ... ਮੈਂ ਆਪਣੇ ਆਪ ਵਿੱਚੋਂ ਆਪਣੇ ਆਪ ਨੂੰ ਗ਼ੈਰ ਹਾਜਰ ਨਹੀਂ ਹੋਣ ਦੇਣਾ ਚਾਹੁੰਦੀ ਹੁਣ... ਮੈਂ ਹੁਣ ਆਪਣੇ ਆਪ ਨਾਲ ਨਾ ਤਾਂ ਹੋਰ ਵਿਸ਼ਵਾਸਘਾਤ ਕਰਨਾ ਚਾਹੁੰਦੀ ਹਾਂ ਤੇ ਨਾ ਹੀ ਕਿਸੇ ਹੋਰ ਨੂੰ ਇਸ ਦੀ ਇਜਾਜਤ ਦੇਣਾ ਚਾਹੁੰਦੀ ਹਾਂ... ਬਸ... ਛੱਤੀ ਦੇ ਅੰਕੜੇ ਦੀ ਖੇਡ ਨਾਲੋਂ ਤਾਂ ਇਹ ਜ਼ੀਰੋ ਦੀ ਖੇਡ ਕਿਧਰੇ ਵੱਧ ਚੰਗੀ ਏ ਗਿੰਦਰ ਘਣੀਆ ਜੀ... ਗੁਰਵਿੰਦਰ ਜੀਓ !'' ਨੀਤਾ ਨੇ ਇਹ ਨਵਾਂ ਸੌਦਾ ਬਹੁਤ ਦੁੱਖ ਝੇਲ ਕੇ ਪੈਦਾ ਕੀਤਾ ਸੀ।

ਨੀਤਾ ਦੀਆਂ ਦਲੀਲਾ 'ਚ ਗੁਰਵਿੰਦਰ ਨੂੰ ਕੋਈ ਤਵਾਰੀਖ ਸਮਝ ਆਉਣ ਲੱਗੀ... ਉਹਨੂੰ ਲੱਗਿਆ ਜਿਵੇਂ ਸਮੁੰਦਰ 'ਚ ਸ਼ਿਕਨ ਪੈ ਗਏ ਹੋਵੇ...। ਉਸ ਵੀ ਜ਼ੀਰੋ ਲਿਖ ਕੇ ਆਪਣੀ ਖੇਡ ਸ਼ੁਰੂ ਕਰਨ ਦਾ ਮਨ ਬਣਾ ਲਿਆ। ੦ ਪਤਾ- **3 / 75, Ajnaat Vas, Mohalla Bedian, BANGA**

## ਤਮੰਨਾ / ਨਰਿੰਦਰ ਕੌਰ ਭੱਚੂ

''ਸੋਹਣਿਓ ! ਬੜੇ ਸੋਹਣੇ ਲੱਗਦੇ ਓ ਅੱਜ !''

ਭੀੜ ਵਿੱਚੋਂ ਲੰਘਦਿਆਂ , ਮੈਂ ਅੱਖਾਂ ਚੁੱਕ ਕੇ ਕਹਿਣ ਵਾਲੇ ਦੇ ਮੂੰਹ ਵੱਲ ਵੇਖਿਆ। ਉਹਨੇ ਹੱਸ ਕੇ ਖੱਬੀ ਅੱਖ ਦੱਬ ਦਿੱਤੀ। ਅੰਦਰੋਂ ਭਾਵੇਂ ਮੈਂ ਆਪਣੀ ਪ੍ਰਸ਼ੰਸ਼ਾ ਸੁਣ ਕੇ ਖ਼ੁਸ਼ ਸਾਂ। ਬਾਹਰੋਂ ਮੈਂ ਤੇਵਰ ਚੜ੍ਹਾ ਕੇ ਉਹਦੇ ਵੱਲ ਵੇਖਿਆ।

''ਮਰ ਜਾਣਾ, ਮੋਇਆ... ਅੱਜ ਸੋਹਣੀ ਲੱਗਦੀ ... ਅੱਗੇ ਮੈਨੂੰ ਕੀੜੇ ਪਏ ਹੋਏ ਕਿਤੇ।''

ਉਹਨੂੰ ਮੈਂ ਕੁਝ ਨਾ ਕਿਹਾ, ਮਨ 'ਚ ਹੀ ਗਿਣਤੀਆਂ-ਮਿਣਤੀਆਂ ਕੀਤੀਆਂ। ਏਨਾ ਮੈਨੂੰ ਵੀ ਪਤਾ, ਰੱਬ ਨੇ ਮੈਨੂੰ ਸਰੱਪਨ ਦੇਣ ਲੱਗਿਆ, ਹੱਥ ਨਹੀਂ ਘੁੱਟਿਆ। ਮੇਰੇ ਘੂਰਨ 'ਤੇ ਦੋਵੇਂ ਮੋਟਰ-ਸਾਈਕਲ ਸਵਾਰ ਹਿੜ-ਹਿੜ ਕਰਨ ਲੱਗੇ,

''ਹਾਏ ਓਏ, ਮਾਰ ਸਿੱਟਿਆ... ਗੁੱਸਾ ....।''

ਮੈਂ ਚੱਪ ਕਰਕੇ ਨੀਵੀਂ ਪਾ ਲਈ। ਬਾਜ਼ਾਰ 'ਚ ਜ਼ਿਆਦਾ ਭੀੜ ਹੋਣ ਕਰਕੇ ਲੋਕ ਇਕ ਦੂਜੇ ਨਾਲ ਖਹਿ-ਖਹਿ ਕੇ ਆ ਜਾ ਰਹੇ ਵੱਡੇ ਵੱਡੇ ਵਾਹਨਾਂ ਕਰਕੇ ਆਵਾਜਾਈ 'ਚ ਵਿਘਨ ਪੈ ਰਿਹਾ ਸੀ। ਭੀੜ-ਭੜੱਕੇ 'ਚ ਬਚ ਬਚ ਕੇ ਆਪਣਾ ਰਾਹ ਟੋਲਦੀ ਮੈਂ ਲੰਘ ਗਈ। ਏਸੇ ਤਰ੍ਹਾਂ ਹਰ ਪੈਦਲ ਰਾਹੀ ਆਪਣਾ ਪੱਲੂ ਬਚਾਉਂਦਾ ਅੱਗੇ ਸਰਕ ਰਿਹਾ ਸੀ।

ਮੋਟਰ ਸਾਈਕਲ ਚਾਲਕ ਗੋਰਾ, ਲੈਰਾ ਜਿਹਾ ਜਵਾਨ, ਜਾਂ ਕਹਿ ਲਓ ਬੜਾ ਪਿਆਰਾ , ਸੋਹਣਾ। ਸਟਾਇਲਿਸ਼ ਦਾੜ੍ਹੀ, ਗੋਰੀ ਠੋਡੀ ਉਪਰ ਤਿੰਨ ਕਾਲੀਆਂ ਲਾਈਨਾ। ਇਕ ਗਭੇ, ਇੱਕ ਸੱਜੇ। ਇੱਕ ਖੱਬੇ।

ਅਨੋਖੀ ਗੁਦਗੁਦੀ ਦੀ ਲਹਿਰ ਮੇਰੇ ਅੰਦਰ ਉੱਠੀ। ਇਹ ਮੈਨੂੰ ਪਤਾ ਨਾ ਲੱਗਾ, ਆਪਣੀ ਤਾਰੀਫ਼ ਸੁਣ ਕੇ ਹੋਈ ਸੀ ਜਾਂ ਉਹਦੀ ਸੁੰਦਰਤਾ ਦੇਖ ਕੇ ਜਾਂ ਆਲੇ-ਦੁਆਲੇ ਕਿਸੇ ਸੁਣ ਨਾ ਲਿਆ ਹੋਵੇ, ਕਿਸੇ ਅਣਜਾਣੇ

ਭੈਅ ਕਾਰਨ। ਇਕਦਮ ਤੱਕਦਿਆਂ ਮੈਨੂੰ ਉਹ ਜਿੰਨਾ ਪਿਆਰਾ ਲੱਗਾ, ਉਹਦੀ ਮੀਚੀ ਅੱਖ ਮੈਨੂੰ ਉਨੀ ਬੁਰੀ ਲੱਗੀ। ਤਾਹੀਓਂ ਮੇਰੇ ਅੰਦਰੋਂ ਆਵਾਜ਼ ਆਈ, 'ਮਰ ਜਾਣਾ, ਮੋਇਆ।'

ਉਹਦੇ ਪਿੱਛੇ ਬੈਠੇ ਜਵਾਨ ਦੀ ਕਣਕਵੰਨੀ ਦਿੱਖ ਵੀ ਸਲਾਹੁਣਯੋਗ ਸੀ। ਪਰ ਦੋਹਾਂ ਦੀ ਘਟੀਆ ਹਿੜ-ਹਿੜ ਨੇ ਮੈਨੂੰ ਚਿੜ੍ਹ ਚੜ੍ਹਾ ਦਿੱਤਾ। ਮੈਂ ਗੁੱਸੇ ਵਾਲਾ ਮੂੰਹ ਬਣਾ ਕੇ ਉਹਨਾਂ ਨੂੰ ਦੇਖਿਆ। ਉਹਨਾਂ ਹੱਸ ਕੇ ਹੌਲੀ ਹੌਲੀ ਰੁੜ੍ਹਦੇ ਮੋਟਰ ਸਾਈਕਲ ਦੀ ਸਪੀਡ ਵਧਾਈ ਤੇ ਅੱਗੇ ਨਿਕਲ ਗਏ।

ਕਾਫੀ ਅੱਗੇ ਆ ਕੇ ਮੈਂ ਬੇਮਤਲਬ ਹੀ ਪਿੱਛੇ ਦੇਖਿਆ। ਉਹ ਮੈਨੂੰ ਕਿਧਰੇ ਨਜ਼ਰ ਨਾ ਆਏ, ਸੁਭਾਵਕ ਮੇਰੇ ਚਿਤ 'ਚ ਆਈ, 'ਬੇਵਕੂਫ।''

ਵੈਸੇ ਵੀ ਇਹ ਵਾਕਿਆ ਪਹਿਲੀ ਵਾਰ ਥੋੜ੍ਹੇ ਵਾਪਰਿਆ ਸੀ। ਜਦ ਦੀ ਮੈਂ ਸੁਰਤ ਸੰਭਾਲੀ, ਅਜਿਹੇ ਬੋਲਾਂ-ਕੁਬੋਲਾਂ ਦਾ ਸਾਹਮਣਾ ਕਰਦੀ ਜਵਾਨ ਹੋਈ। ਪਹਿਲਾਂ-ਪਹਿਲ ਬਹੁਤ ਬੁਰਾ ਲੱਗਦਾ ਸੀ। ਕਈ ਤਰ੍ਹਾਂ ਦੇ ਸ਼ੰਕੇ ਮਨ 'ਚ ਘਰ ਕਰੀ ਰੱਖਦੇ ਸੀ। ਆਪਣੀ, ਮਾਂ-ਬਾਪ ਦੀ ਇੱਜ਼ਤ ਦਾ ਖਿਆਲ ਚੁਫੇਰੇ ਘੂਰਦੀਆਂ ਅੱਖਾਂ ਦਾ ਸਹਿਮ। ਵੱਡੇ ਭਰਾਵਾਂ ਦੇ ਦਬਕੇ ਦਾ ਡਰ। ਅਸੁਰੱਖਿਆ ਦੀ ਭਾਵਨਾ ਤੇ ਹੋਰ ਵੀ ਕਈ ਕੁਝ।

ਸਹਿਜੇ ਸਹਿਜੇ ਸਾਰਾ ਕੁਝ ਸਹਿਣ ਦੀ ਆਦੀ ਹੋ ਗਈ। ਇਹਨਾਂ ਵਿਚੋਂ ਕਈ ਗੱਲਾਂ ਬੇ-ਮਾਇਨੇ ਲੱਗਣ ਲੱਗੀਆਂ। ਕੋਈ ਕੋਲੋਂ ਲੰਘਦਾ 'ਸੋਹਣਿਉ' ਆਖਦਾ ਤਾਂ ਦਿਲ 'ਚ ਫੁਲਝੜੀਆਂ ਖਿੜਨ ਲਗਦੀਆਂ। ਸਾਰਾ ਆਲਾ-ਦੁਆਲਾ ਈ ਖੂਬਸੂਰਤ ਲਗਦਾ। ਕਈ ਵਾਰ ਤਾਂ ਦਿਲ ਕਰਦਾ, ਪੰਛੀਆਂ ਵਾਂਗ ਮੇਰੇ ਪਰ ਹੁੰਦੇ ਮੈਂ ਮੈਂ ਬ.ਗੈਰ ਕਿਸੇ ਰੋਕ ਟੋਕ ਨੀਲੇ ਗਗਨ 'ਚ ਉਡਾਰੀਆਂ ਲਾਉਂਦੀ । ਪਰ ਅਫਸੋਸ। ਅਜਿਹਾ ਨਾ ਹੋਇਆ ਨਾ ਹੋ ਸਕਣ ਦੀ ਸੰਭਾਵਨਾ ਸੀ।

ਖ਼ੈਰ ਆਖਦੇ ਨੇ ਰੱਬ ਜਾਣੀ ਕੁਦਰਤ ਜੀਹਨੂੰ ਜਿੱਥੇ ਰੱਖੇ, ਰਹਿਣਾ ਪੈਂਦਾ। ਕੁਦਰਤ ਨੇ ਮਨੁੱਖੀ ਜਨਮ ਦਿੱਤਾ, ਇਸ ਤੋਂ ਚੰਗੀ ਦੁਰਲੱਭ ਗੱਲ ਹੋਰ ਕਿਹੜੀ ਹੋ ਸਕਦੀ ਹੈ। ਕੁੜੀਆਂ ਨੂੰ, ਭਾਵੇਂ ਸ਼ਕਲ-ਸੂਰਤ ਸੋਹਣੀ ਹੋਵੇ ਜਾਂ ਨਾ ਏਹੋ ਜਿਹੇ ਨਿੱਕੇ-ਨਿੱਕੇ ਹਾਦਸਿਆ ਦਾ ਸ਼ਿਕਾਰ ਹੋਣਾ ਹੀ ਪੈਂਦਾ ਹੈ। ਜਰਨਾ ਵੀ ਪੈਂਦਾ ਹੈ।

ਹੈਰਾਨੀ ਮੈਨੂੰ ਇਸ ਗੱਲ ਦੀ ਸੀ, ਮੈਂ ਪੈਂਤੀਵਾਂ ਵੀ ਟੱਪ ਗਈ ਆ। ਮੇਰੇ ਸੁਹੱਪਣ ਦੀ ਤਰੀ.ਫ ਕਰਨ ਵਾਲੇ ਮਸੀਂ ਬਾਈਵੇਂ-ਤੇਈਵੇਂ ਵਿੱਚ ਹੋਣਗੇ।

ਮੇਰਾ ਦਿਲ ਕਾਫੀ ਜਿਆਦਾ ਸਕੂਨ ਮਹਿਸੂਸ ਕਰ ਰਿਹਾ ਸੀ। ਮਨ ਵੀ ਖੁਸ਼ ਸੀ ਕਿ ਮੈਂ ਇਸ ਉਮਰ 'ਚ ਵੀ ਲੋਕਾਂ ਨੂੰ ਸੋਹਣੀ ਲਗਦੀ ਹਾਂ, ਸੋਹਣੇ ਲਗਣਾ ਹਰੇਕ ਦਾ ਸੁਭਾਅ ਹੈ, ਕੋਈ ਦੂਸਰਾ ਤਾਰੀ.ਫ ਕਰੇ, ਮਨ 'ਚ ਲੱਡੂ ਭੁਰਨ ਲਗਦੇ ਹਨ। ਉਦਾਂ ਹਰ ਗੱਲ ਦਾ ਕਾਇਦਾ-ਕਾਨੂੰਨ ਹੁੰਦਾ ਹੈ। ਸਲੀਕਾ ਹੁੰਦਾ ਹੈ। ਐਵੇਂ ਰਾਹ-ਖਹਿੜੇ ਆਉਂਦੀਆਂ ਜਾਦੀਆਂ, ਕੁੜੀਆਂ-ਬੁੜੀਆਂ ਨੂੰ ਮਖੌਲ ਕਰਨੇ ਅਸੱਭਿਅਕ ਹੋਣ ਦੀ ਨਿਸ਼ਾਨੀ ਹੈ।

ਕਈ ਦਿਨ ਬੀਤਣ ਉਪਰੰਤ ਵੀ ਉਹਨਾਂ ਨੌਜਵਾਨਾਂ ਦੇ ਬੋਲੇ ਬੋਲ ਮੈਨੂੰ ਸੁਣਾਈ ਦੇਈ ਜਾ ਰਹੇ ਸਨ। ਮੈਨੂੰ ਲਗਦਾ, ਮੈਂ ਅੱਜ ਵੀ ਭੀੜ-ਭੜੱਕੇ ਵਿਚੋਂ ਗੁਜਰ ਰਹੀ ਹਾਂ। ਉਹਨਾਂ ਨੂੰ ਘੂਰਦੀ ਹਾਂ। ਉਹਨਾਂ ਦੇ ਸੁਨੱਖੇ ਚਿਹਰੇ ਜਿਉਂ ਦੇ ਤਿਉਂ ਮੇਰੇ ਜ਼ਿਹਨ 'ਚ ਉਭਰ ਰਹੇ ਹਨ। ਚੰਗੇ ਚੰਗੇ ਸੋਹਣੇ-ਸੋਹਣੇ। ਉਹਨਾਂ ਦਾ ਅੱਖ ਦੱਬਣਾ, ਹਿੜ ਹਿੜ ਕਰਨਾ, ਮੇਰੇ ਅੰਦਰ ਮੱਠੀ ਮੱਠੀ ਪੀੜ ਪੈਦਾ ਕਰਦਾ ਹੈ।

ਉਸ ਦਿਨ ਘਰ ਆ ਕੇ ਮੈਂ ਬਹੁਤਾ ਚਿਰ ਆਪਣਾ ਆਪ ਸ਼ੀਸ਼ੇ 'ਚ ਨਿਹਾਰਦੀ ਰਹੀ। ਵਾਰ ਵਾਰ ਉਪਰ ਵਾਲੇ ਦਾ ਸ਼ੁਕਰੀਆਂ ਅਦਾ ਕਰਨ ਨੂੰ ਦਿਲ ਕਰਦਾ ਸੀ, ਜਿਸ ਨੇ ਐਨ ਵਿਹਲੇ ਹੋ ਕੇ ਮੇਰੀ ਸਿਰਜਣਾ ਕੀਤੀ। ਮੇਰਾ ਅੰਗ-ਅੰਗ ਨੀਝ ਲਾ ਕੇ ਤਰਾਸ਼ਿਆ। ਮਖਮਲ ਵਰਗਾ ਕੂਲਾ ਬਦਨ, ਮੋਟੀਆਂ ਹਰੀਆਂ ਅੱਖਾਂ, ਗੋਲ ਮੁਖੜਾ 'ਤੇ ਤਿੱਖਾ ਨੱਕ। ਲੰਮੇ ਕਾਲੇ ਕੇਸ।

ਮੇਰਾ ਲੱਕੀ ਮੈਨੂੰ ਬਹੁਤ ਵਾਰ ਕਹਿੰਦਾ, ਮੰਮਾ, ਯੂ ਆਰ ਵੈਰੀ ਸਮਾਰਟ, ਵੈਰੀ ਬਿਊਟੀਫੁੱਲ। ਮੇਰੇ ਨਾਲ ਪਿਆ। ਮੇਰੇ ਸਰੀਰ 'ਤੇ ਕੂਲੇ-ਕੂਲੇ ਹੱਥ ਫੇਰਦਾ, ਬਹੁਤ ਰਾਹਤ ਮਿਲਦੀ ਮੈਨੂੰ, ਕਿੰਨੀਆਂ ਖ਼ੁਸ਼ਨਸੀਬ ਹੁੰਦੀਆਂ ਉਹ ਔਰਤਾਂ, ਜਿਹਨਾਂ ਨੂੰ ਰੱਬ ਮਾਂ ਬਣਨ ਦਾ ਸੁਭਾਗ ਦਿੰਦਾ।

ਨੌਂ ਮਹੀਨੇ ਕੁੱਖ 'ਚ ਬੱਚੇ ਨੂੰ ਪਾਲਣਾ, ਪਲ-ਪਲ ਸ਼ਿੱਦਤ ਨਾਲ ਉਹਨੂੰ ਵੱਧਦੇ ਦੇਖਣਾ, ਉਹਦੇ ਆਉਣ ਦੀਆਂ ਘੜੀਆਂ ਦਾ ਬੇਸਬਰੀ ਨਾਲ ਇੰਤਜ਼ਾਰ ਕਰਨਾ। ਇੰਤਹਾ ਪੀੜ ਸਹਿ ਕੇ ਬੱਚੇ ਨੂੰ ਜਨਮ ਦੇਣਾ, ਦੁੱਧ ਚੁੰਘਾਉਂਦਿਆਂ ਅੰਤਾਂ ਦਾ ਸੁੱਖ ਮਹਿਸੂਸ ਕਰਨਾ। ਬੱਚੇ ਦੇ ਚਾਅ 'ਚ ਆਪਾ ਭੁੱਲ ਕੇ ਉਹਦੀ ਪਾਲਣਾ ਕਰਨਾ ਹੱਸਦੇ ਬੱਚੇ ਨਾਲ ਹੱਸਣਾ, ਖੁਸ਼ ਹੋਣਾ, ਰੋਂਦਾ ਦੇਖ ਕੇ ਉਦਾਸ-ਦੁਖੀ ਹੋਣਾ। ਦੁੱਖ-ਤਕਲੀਫ ਵੇਲੇ ਦਵਾ-ਦਾਰੂ ਤੇ



ਦੁਆ ਕਰਨੀ। ਮੰਦਰਾਂ, ਗੁਰਦਵਾਰਿਆਂ, ਮਸਜਿਦਾ 'ਚ ਲਿਜਾ ਕੇ ਬੱਚੇ ਦਾ ਹੱਥ ਹੌਲਾ ਕਰਾਉਣਾ, ਬੁਲਾਵਾਂ 'ਤੋਂ ਬਚਾਉਣਾ।

ਆਪਣੇ ਬੱਚੇ ਦੀ ਖ਼ੁਮਾਰੀ 'ਚ ਸਾਂਭ-ਸੰਭਾਲ 'ਚ ਪਤਨੀ ਦਾ ਪਤੀ ਵਲੋਂ ਜ਼ਰਾ ਅਵੇਸਲੇ ਹੋਣਾ ਤੇ ਪਤੀ ਦੀ ਨਰਾਜ਼ਗੀ ਦਾ ਸਾਹਮਣਾ ਕਰਨਾ। ਕਿੰਨਾ ਨਾਜ਼ੁਕ ਸਮਾਂ ਹੁੰਦਾ ਔਰਤ ਲਈ। ਇੱਕੋ ਵੇਲੇ ਪਤਨੀ, ਮਾਂ, ਬਹੂ, ਬੇਟੀ, ਹਰ ਰੂਪ 'ਚ ਹਰ ਰਿਸ਼ਤੇ ਨੂੰ ਖ਼ੁਸ਼ ਰੱਖਣਾ। ਮੇਰੇ ਪਤੀ ਬਹੁਤ ਖੁਸ਼ ਹਨ ਮੇਰੇ ਤੋਂ। ਉਹ ਅਕਸਰ ਮੈਨੂੰ ਆਖਦੇ , ''ਤੈਨੂੰ ਪਹਿਲੀ ਵਾਰ ਜਦੋਂ ਮੈਂ ਦੇਖਣ ਗਿਆ ਸੀ, ਦੇਖਦਿਆਂ ਈ ਮਨ 'ਚ ਇਕ ਤਰੰਗ ਉੱਠੀ, ਜਗਜੀਤ , ਏਹੋ ਤੇਰੀ ਜੀਵਨ ਸੰਗਨੀ ਏ।''

ਕਹਿ ਕੇ ਹੱਸ ਪੈਣਗੇ। ਕੁੜੀਆਂ ਇਕ ਦੋ ਪਹਿਲਾਂ ਵੀ ਵੇਖੀਆ ਸਨ। ਦਿਲ ਨੇ ਕਦੇ ਹਾਮੀ ਨਹੀਂ ਭਰੀ, ਮੰਮੀ ਮੇਰੀ ਹਾਂ ਦੀ ਉਡੀਕ ਕਰਦੇ ਮੈਂ ਮਲਕ ਦੇਣੀ ਸਿਰ ਫੇਰ ਦਿੰਦਾ, ਮੰਮੀ ਨਾਰਾਜ਼ ਹੁੰਦੇ, ਕੁੜੀਆਂ ਵਾਂਗੀ ਕੁੜੀ ਸੀ, ਕੀ ਕਮੀ ਸੀ ਕੁੜੀ 'ਚ ਹੱਥ ਲਾਇਆ ਮੈਲ਼ੀ ਹੁੰਦੀ ਸੀ, ਪੜ੍ਹੀ-ਲਿਖੀ ਪਤਾ ਨ੍ਹੀਂ ਏਹਨੂੰ ਕਿਹੜੀ ਹੂਰ ਪਰੀ ਚਾਹੀਦੀ। ''

ਇਸ ਤਰ੍ਹਾਂ ਗੱਲਾਂ ਕਰਦੇ ਇਹ ਮੈਨੂੰ ਘੁੱਟ ਕੇ ਕਲਾਵੇ 'ਚ ਲੈ ਲੈਂਦੇ। ਕਈ ਵੇਰਾਂ ਚੁੱਕ ਕੇ ਘੁੰਮਣ ਲਗਦੇ, ''ਓ ਮੇਰੀ ਹੂਰ-ਪਰੀ... ਲਵ ਯੂ ਵੈਰੀ ਮੱਚ ਵੈਰੀ ਵੈਰੀ।''

ਇਹ ਇਸ ਤਰ੍ਹਾਂ ਉਦੋਂ ਕਰਦੇ। ਜਦ ਘਰਾਂ 'ਚ ਕੋਈ ਨਾ ਹੁੰਦਾ ਜਾਂ ਜਦ ਅਸੀਂ ਆਪਣੇ ਬੈੱਡ ਰੂਮ 'ਚ ਹੁੰਦੇ।

ਇਕ ਵੇਰਾਂ ਏਵੇਂ ਈ ਇਹਨਾਂ ਮੈਨੂੰ ਚੱਕਿਆ ਹੋਇਆ ਸੀ। ਮੇਰੀ ਮਾਸੀ ਸੱਸ ਆ ਗਈ, ਦਰਵਾਜ਼ਾ ਖੁੱਲ੍ਹਾਂ ਰਹਿ ਜਾਣ ਕਰਕੇ, ਉਹ ਸਿੱਧੀ ਸਾਡੇ ਕਮਰੇ 'ਚ ਆ ਗਈ।

'ਵੇ ਜੱਗਿਆ, 'ਲੈਦਾ ਰੰਨ ਲਿਆਂਦੀ ਤੂੰ ਵਿਆਹ ਕੇ ... ਹੇਖਾਂ... ਮੋਢਿਆ ਤੇ ਚੁੱਕੀ ਫਿਰਦਾ... ਬਾਹਲਾ ਨ੍ਹੀਂ ਸਿਰ ਚੜ੍ਹਾਈ ਦੀਆਂ ਤੀਵੀਆਂ... ਹੇਖਾਂ ਕੁਲਯੁੱਗ ਦਾ ਪਹਿਰਾ, ਨਾ ਮੁੰਡਿਆ ਨੂੰ ਸ਼ਰਮ, ਨਾ ਰੰਨਾਂ ਨੂੰ ਹਯਾ ਹੇਖਾਂ...।''

ਮਾਸੀ ਸਾਡੇ ਸਾਹਮਣੇ ਖੜ੍ਹੀ ਪਾਣੀ-ਪਾਣੀ ਹੋ ਗਏ ਇਹ। ਪਾਣੀਓ-ਪਤਲੀ ਹੋਈ ਨੂੰ ਮੈਨੂੰ ਕੁਛ ਔੜੇ ਨਾ। ਛਿੱਥੀ ਜਿਹੀ ਪੈ ਗਈ ਮੈਂ। ਇਹਨਾਂ ਝੂਠੇ ਜਹੇ ਮੂੰਹ ਨਾਲ ਮਾਸੀ ਜੀ ਦੇ ਪੈਰੀਂ ਹੱਥ ਲਾਇਆ, ਮੈਂ ਵੀ ਚੁੰਨੀ ਚੁੱਕ ਕੇ ਸਿਰ 'ਤੇ ਲੈ ਕੇ ਪੈਰੀ ਪੈਣਾ ਕੀਤਾ।

''ਜੁੱਗ ਜੁੱਗ ਜੀਵੋ, ਜਵਾਨੀਆਂ ਮਾਣੋ... ਐਂ ਨੀ ਚੰਗਾ ਲਗਦਾ, ਪਰਦੇ 'ਚ ਜੋ ਮਰਜ਼ੀ ਕਰੀ ਜਾਵੋ।'' ਮਾਸੀ ਜੀ ਨੇ ਮੇਰੇ ਵੱਲ ਘੋਖਵੀਂ ਨਜ਼ਰ ਸੁੱਟੀ। ਮੇਰੇ ਪਾਏ ਖੁੱਲ੍ਹੇ ਸੂਟ ਵੱਲ ਦੇਖ ਕੇ ਬੋਲੇ, ''ਵਹੁਟੀਏ ਹੈ ਕੁਛ?''

ਉਹਨਾਂ ਮੇਰੀ ਕੰਡ 'ਤੇ ਉਪਰੋਂ ਹੇਠਾਂ ਹੇਠੋਂ ਉਪਰ ਨੂੰ ਕਈ ਵੇਰਾਂ ਹੱਥ ਫੇਰਿਆ, ਖਰਾ , ਏਹਨਾਂ ਦਿਨਾਂ 'ਚ ਸਰੀਰ ਢਿੱਲਾ ਰੱਖਣਾ ਚਾਹੀਦਾ।''

ਮੈਂ ਮਾਸੀ ਜੀ ਦੀ ਗੱਲ ਸੁਣ ਕੇ ਸੁੰਨ ਹੋ ਗਈ, ਧੁਰ ਅੰਦਰ ਤੱਕ ਮੇਰੇ ਕੁਝ ਚੁੱਭਿਆ ਜਿਵੇਂ ਤਿੱਖੇ ਤੀਰ ਨਾਲ ਮੈਂ ਵਿੰਨੀ ਗਈ ਹੋਵਾਂ। ਪੀੜੀ-ਪੀੜ ਹੋਈ ਮੈਂ ਚੁੱਪ ਰਹੀ। ਮੇਰੀਆਂ ਅੱਖਾਂ ਕੋਲੋਂ ਮੇਰਾ ਦਰਦ ਸਹਿਣ ਨਾ ਹੋਇਆ, ਉਹ ਦੁੱਖੀ ਹੋਈਆਂ ਛਲਕ ਪਈਆਂ ! ਮੇਰੇ ਹੰਝੂ ਦੇਖ ਕੇ ਮੇਰੇ ਪਤੀ .ਗਮ 'ਚ ਗੁ੍ਸੇ ਗਏ। ਉਹਨਾਂ ਆਪਣੇ ਅੰਦਰ ਢੇਰ ਸਾਰੀ ਹਿੰਮਤ ਇਕੱਠੀ ਕਰਕੇ, ਅੱਖਾਂ ਰਾਹੀਂ ਮੈਨੂੰ ਦਲੇਰ ਬਣੇ ਰਹਿਣ ਦਾ ਹੌਸਲਾ ਦਿੱਤਾ, ਘਸੇ ਹੋਏ ਬੋਲ ਉਹਦੇ ਮੂੰਹੋਂ ਮਸੀਂ ਨਿਕਲੇ,

''ਜਾ, ਮੰਮੀ ਜੀ ਨੂੰ ਦੱਸ ਮਾਸੀ ਜਾ ਆਏ ਨੇ...।'' ਉਹਨਾ ਦੇ ਕਹਿਣ ਦਾ ਅਰਥ ਮੈਂ ਜਾਣ ਗਈ, ਉਹ ਨਹੀਂ ਚਾਹੁੰਦੇ ਸਨ ਕਿ ਮੈਂ ਬਹੁਤੀ ਦੇਰ ਮਾਸੀ ਜੀ ਕੋਲ ਬੈਠਾ, ਇਹ ਨਾ ਹੋਵੇ, ਮਾਸੀ ਜੀ ਕੁਝ ਹੋਰ ਕਹਿ ਦੇਣ, ਜੋ ਮੇਰੇ ਮਨ ਨੂੰ ਦੁਖੀ ਕਰੇ। ਮਾਸੀ ਜੀ ਨੂੰ ਐਵੇਂ ਬੋਲੀ ਜਾਣ ਦੀ ਆਦਤ ਹੈ।

ਮਾਸੀ ਜੀ ਨੇ ਮੇਰੀ ਕੰਡ ਉਪਰ ਹੱਥ ਫੇਰਿਆ, ਮੇਰੇ ਢਿੱਲੇ ਸੂਟ ਹੇਠਾਂ, ਕੱਸਿਆ ਕੱਪੜਾ ਉਹਨਾਂ ਦੇ ਹੱਥ ਨਾ ਲੱਗਾ, ਉਹਨਾਂ ਸਮਝ ਲਿਆ। ਮੈਂ ਪਰੈਗਨੈਂਟ ਹੋ ਗਈ ਆਂ। ਉਹ ਏਨੇ 'ਚ ਈ ਖੁਸ਼ ਹੋ ਗਏ, ਅਸੀਂ ਦੋਵੇਂ ਜੀਅ ਗਹਿਰੀ ਉਦਾਸੀ 'ਚ ਡੁੱਬ ਗਏ।

ਉਦੋਂ ਸਾਡੇ ਵਿਆਹ ਨੂੰ ਦੋ ਸਾਲ ਦੋ ਮਹੀਨੇ ਬੀਤ ਚੁੱਕੇ ਸਨ। ਮਾਸੀ ਜੀ ਦੀ ਕੁੜੀ ਦਾ ਵਿਆਹ ਸਾਡੇ ਤੋਂ

ਇਕ ਮਹੀਨਾ ਪਹਿਲਾਂ ਹੋਇਆ ਸੀ। ਵਿਆਹ ਤੋਂ ਦਸਵੇਂ ਮਹੀਨੇ ਬਾਅਦ ਉਹਦੇ ਮੁੰਡਾ ਜੰਮਿਆ। ਇਕ ਸਾਲ ਦਾ ਮੁੰਡਾ ਹੋਇਆ, ਉਹ ਦੁਬਾਰਾ ਗਰਭਵਤੀ ਹੋ ਗਈ। ਮੈਨੂੰ ਇਹ ਸੁਭਾਗ ਅਜੇ ਪ੍ਰਾਪਤ ਨਹੀਂ ਹੋਇਆ ਸੀ। ਮਾਸੀ ਜੀ ਚਾਈਂ ਚਾਈਂ ਡਿੰਪੀ ਦੇ ਪੈਰ ਭਾਰੀ ਹੋਣ ਦਾ ਜ਼ਿਕਰ ਕਰ ਰਹੇ ਸਨ। ਮੈਨੂੰ ਇਵੇਂ ਲਗਦਾ ਸੀ। ਮਾਸੀ ਜੀ ਜਾਣ ਬੁੱਝ ਕੇ, ਮੈਨੂੰ ਸੁਣਾ ਸੁਣਾ ਕੇ ਲਾ ਕੇ ਗੱਲਾਂ ਕਰਦੇ ਹੋਣ। ਹੋ ਸਕਦਾ ਉਹ ਸਹਿਜ ਸੁਭਾਅ ਦੱਸ ਰਹੇ ਹੋਣ। ਉਹਨਾਂ ਦੀਆਂ ਸਾਰੀਆਂ ਗੱਲਾਂ ਮੇਰੇ ਦਿਲ 'ਚ ਛੇਕ ਕਰੀ ਜਾਂਦੀਆਂ ਸਨ। ਮੈਨੂੰ ਲਗਦਾ ਸੀ ਮੇਰਾ ਦਿਲ ਛਾਲਣੀ ਹੋਈ ਜਾ ਰਿਹਾ। ਹੁਣੇ ਧੜਕਣੋਂ ਬੰਦ ਹੋ ਜਾਵੇਗਾ, ਮੈਂ ਮਰ ਜਾਵਾਂਗੀ। ਮੈਂ ਨਾ ਉਦੋਂ ਮਰੀ ਨਾ ਬਾਅਦ 'ਚ ਅੱਜ ਤੱਕ ਜਿਓ ਰਹੀ ਆ।

ਲੱਖ ਟੱਕਰਾਂ ਮਾਰਨ 'ਤੇ ਵੀ ਕਈ ਵੇਰਾਂ ਕਾਮਯਾਬੀ ਹੱਥ ਨਹੀਂ ਆਉਂਦੀ। ਮੇਰੇ ਨਾਲ ਵੀ ਕੁਝ ਏਸੇ ਤਰ੍ਹਾਂ ਵਾਪਰਿਆ, ਵਾਪਰ ਰਿਹਾ। ਫਿਰ ਵੀ ਮੈਂ ਖੁਸ਼ ਆ। ਮੇਰੇ ਪਤੀ, ਮੇਰਾ ਸਹੁਰਾ ਪਰਿਵਾਰ ਬਹੁਤ ਚੰਗਾ। ਕਦੇ ਕਿਸੇ ਮੈਨੂੰ ਬੁਰਾ-ਭਲਾ ਨਹੀਂ ਕਿਹਾ। ਮੈਂ ਖੁਦ ਨੂੰ ਸੁਭਾਗਣ ਸਮਝਦੀ ਹਾਂ।

ਮੈਂ ਮੰਮੀ ਜੀ ਨੂੰ ਬੁਲਾਉਣ ਚੱਲੀ, ਮਾਸੀ ਜੀ ਵੀ ਮੇਰੇ ਨਾਲ ਈ ਤੁਰ ਪਏ, ਚੱਲ ਮੈਂ ਵੀ ਉਧਰ ਭੈਣ ਕੋਲ ਚੱਲਦੀ ਆ। ''

ਅਸੀਂ ਵਿਹੜਾ ਲੰਘ ਕੇ ਵੱਡੇ ਦਲਾਨਾ 'ਚ ਮੰਮੀ ਜੀ ਕੋਲ ਚਲੇ ਗਈਆਂ। ਮੰਮੀ ਜੀ ਲੰਮੇ ਪਏ ਸੀ। ਮਾਸੀ ਜੀ ਦੀ ਆਵਾਜ਼ ਸੁਣਕੇ ਉੱਠ ਗਏ। ਦੋਵੇਂ ਗਰਮੀਆਂ ਦੇ ਦਿਨ ਸਨ, ਮੈਂ ਸਕੰਜਵੀਂ ਬਣਾਉਂਦੀ ਸੋਚੀਂ ਜਾਵਾਂ, ਸਾਡਾ ਦਰਵਾਜ਼ਾ ਕਿਵੇਂ ਖੁੱਲ੍ਹਾ ਰਹਿ ਗਿਆ? ਚਿਟਕਣੀ ਢਿੱਲੀ ਹੋ ਗਈ ਹੋਣੀ ਜਾਂ ਲਾਈ ਨ੍ਹੀਂ ਹੋਣੀ !''

ਅਜੇ ਤੱਕ ਨਮੋਸ਼ੀ ਨੇ ਮੇਰਾ ਪਿੱਛਾ ਨਹੀਂ ਛੱਡਿਆ ਸੀ। ਮੈਂ ਜ਼ਾਹਰ ਏਸ ਤਰ੍ਹਾਂ ਕਰ ਰਹੀ ਸੀ, ਜਿਵੇਂ ਕੁਝ ਹੋਇਆ ਈ ਨਾ ਹੋਵੇ।

ਕਈ ਵੇਰਾਂ ਮੇਰੇ ਮਨ 'ਚ ਖਿਆਲ ਆਉਂਦਾ, ਏਡਾ ਅਨਰਥ ਵੀ ਕਿਹੜਾ ਹੋ ਗਿਆ ਸੀ, ਪਤੀ-ਪਤਨੀ ਆਪਣੇ ਕਮਰੇ 'ਚ ਇਕੱਠੇ ਨਹੀਂ ਬੈਠਣਗੇ ਤਾਂ ਹੋਰ ਕਿੱਥੇ ਬੈਠਣਗੇ।

ਉਹ ਦਿਨ ਗਿਆ, ਅੱਜ ਦਾ ਆਇਆ, ਅਸੀਂ ਦੋਵੇਂ ਜਣਿਆਂ ਦਰਵਾਜੇ ਦਾ ਕੁੰਡਾ ਲਾਉਣ ਤੋਂ ਕਦੇ ਘੌਲ ਨਹੀਂ ਕੀਤੀ। ਏਹੋ ਜਿਹੀਆਂ ਗੱਲਾਂ ਦਾ ਮੇਰੀ ਗਵਾਂਢਣ ਪ੍ਰੀਤੀ ਦੇ ਘਰ ਬੜਾ ਰੌਲਾ ਪਿਆ ਰਹਿੰਦਾ ਸੀ। ਕਿਉਂਕਿ ਉਹਦੀ ਸੱਸ ਆਪਣੇ ਪੁੱਤ ਨੂੰ ਕਹਿੰਦੀ ਸੀ, ''ਰਾਤ ਨੂੰ ਬੂਹਾ ਲਾ ਕੇ ਨਾ ਸੌਇਆ ਕਰੋ, ਸਾਨੂੰ ਕੱਲਿਆਂ ਨੂੰ ਡਰ ਆਉਂਦਾ।''

ਪ੍ਰੀਤੀ ਦਾ ਸੱਸ-ਸਹੁਰਾ ਬਰਾਂਡੇ ਵਿਚ ਸੌਂਦੇ ਹੁੰਦੇ ਸਨ। ਪ੍ਰੀਤੀ ਤੇ ਗੁਰਦੀਪ ਮੋਹਰਲੀ ਬੈਠਕ ਵਿੱਚ। ਜਦ ਚਾਰ ਸਾਢੇ ਚਾਰ ਦਾ ਟਾਇਮ ਹੁੰਦਾ। ਪ੍ਰੀਤੀ ਦੀ ਸੱਸ, ਆਪਣੇ ਪੁੱਤ ਨੂੰ 'ਵਾਜ਼ਾ ਮਾਰਨੀਆਂ ਸ਼ੁਰੂ ਕਰ ਦਿੰਦੀ। ਮੂਹਰਿਓਂ ਕੋਈ ਨਾ ਬੋਲਦਾ, ਉਹ ਦਰਵਾਜ਼ੇ ਨੂੰ ਧੱਕੇ ਮਾਰਦੀ। ਜੇ ਦਰਵਾਜ਼ਾ ਖੁੱਲ੍ਹਾਂ ਹੁੰਦਾ ਤਾਂ ਉਹ ਉਹਨਾਂ ਦੇ ਕਮਰੇ 'ਚ ਆ ਜਾਂਦੀ। ਵਾਖਰੂ-ਵਾਖਰੂ ਕਰਦੀ ਬੈਠਕ ਦਾ ਬਾਹਰਲਾ ਦਰਵਾਜ਼ਾ ਖੋਲ੍ਹ ਦਿੰਦੀ। ਜਦ ਉਹਦੀ ਸੁਹਾਗ ਰਾਤ ਵਾਲੀ ਸਵੇਰ ਨੂੰ ਇਸ ਤਰ੍ਹਾਂ ਹੋਇਆ ਸੀ ਤਾਂ ਉਹ ਡੌਰ-ਭੌਰੀ ਹੋਈ ਕੱਚੀ ਜਿਹੀ ਹੋ ਗਈ ਸੀ। ਪ੍ਰੀਤੀ ਦੱਸੇ,

''ਸ਼ੁਕਰ ਆ ਰੱਬ ਦਾ, ਓਸ ਵੇਲੇ ਅਸੀਂ ਜੁਦਾ-ਜੁਦਾ ਪਏ ਸੀ। ਸਾਡੇ ਉਪਰ ਚਾਦਰ ਵੀ ਲਈ ਹੋਈ ਸੀ... ਮੈਨੂੰ ਸ਼ੁਰੂ ਤੋਂ ਕੱਪੜੇ ਲੈ ਕੇ ਸੌਣ ਦੀ ਆਦਤ ਆ... ਉਸ ਵੇਲੇ ਤਾਂ ਲੈਣਾ ਈ ਸੀ... ਏਹਨੇ ਵੀ ਆਵਦੇ ਹੇਠਲੇ ਹਿੱਸੇ 'ਤੇ ਲਈ ਹੋਈ ਸੀ ਦੂਈ ਚਾਦਰ... ਬੁੱਢੀ ਨੇ ਭੋਰਾ ਸ਼ਰਮ ਨਾ ਕੀਤੀ। ਕੜਾਕ ਕਰਦਾ ਬੂਹਾ ਖੁੱਲਾਂ, ਖੜਕਾ ਸੁਣ ਕੇ ਮੈਨੂੰ ਜਾਗ ਆ ਗਈ। ਸਾਹ ਰੋਕ ਕੇ ਲੰਮੀ ਪਈ ਅੱਖਾਂ ਦੀਆਂ ਝੀਥਾਂ ਥਾਣੀਂ ਮੈਂ ਕਦੇ ਬੁੱਢੀ ਦਾ ਕਦੇ ਉਹਦੇ ਪੁੱਤ ਦਾ ਮੂੰਹ ਵੇਖਾਂ। ਸਮਝ ਨਾ ਆਵੇ ਕੁਛ। ਜਾਗ ਉਹਨੂੰ ਵੀ ਆ ਗਈ, ਪਹਿਲਾਂ ਮਾਂ ਵੱਲ ਵੇਖ ਕੇ ਮਚਲਾ ਹੋ ਕੇ ਪਿਆ ਰਿਹਾ... ਸਾਨ੍ਹਣੀ ਬੂਹੇ 'ਚ ਖੜ੍ਹੀ ਘਗਾਰ ਸੁੱਟੀ ਜਾਵੇ... ਮੈਂ ਉੱਠ ਕੇ ਬੈਠਣ ਜੋਗੀ ਨਾ, ਬਹਿੰਦੀ ਕਿਵੇਂ, ਜੇ ਉੱਠਦੀ ਚਾਦਰ ਲਹਿਣ ਦਾ ਡਰ... ਏਹਦੇ ਦਿਲ 'ਚ ਪਤਾ ਨ੍ਹੀਂ ਕੀ ਆਈ, ਟੁੱਟ ਕੇ ਪੈ ਗਿਆ ਮਾਂ ਨੂੰ, ''ਬੀਬੀ, ਬੂਹਾ ਲਾਦੇ ਖਾਂ।''

''ਉਠੋਂ ਉਠੋਂ ਦਿਨ ਚੜ੍ਹ ਆਇਆ।''

ਸਾਡੇ ਵੱਲ ਮੂੰਹ ਕਰਕੇ ਬੋਲੀ। ਖੜੀ ਦਰਾਂ ਈ ਰਹੀ।

''ਜਾ ਤੂੰ ਭਾਪੇ ਕੋ, ਉੱਠਦੇ ਅਸੀਂ।''



ਭੜਕ ਕੇ ਬੋਲਿਆ ਤਾਂ ਬੁੜ-ਬੁੜ ਕਰਦੀ ਨਿਕਲੀ ਅੰਦਰੋਂ, ਉਹ ਬਾਹਰ ਗਈ, ਇਹ ਮੇਰੇ ਦੁਆਲੇ ਹੋ ਗਿਆ।

''ਤੈਨੂੰ ਪਤਾ ਨ੍ਹੀਂ ਸੀ, ਬੂਹਾ ਲਾਉਣਾ ਚੰਗੀ ਤਰ੍ਹਾਂ...।''

ਨਵੀਂ ਨਵੀਂ , ਸਹਿਮੀ ਹੋਈ ਮੈਂ ਏਨਾ ਈ ਬੋਲੀ,

''ਤੁਸੀਂ 'ਤੇ ਆਖਿਆ ਸੀ, ਬੀਬੀ ਕਹਿੰਦੀ, ਬੂਹਾ ਨਾ ਲਾਈਂ...।''

''ਮੈਂ ਕਹਿਤਾ ਤੂੰ ਮੰਨ ਲਈ, ਤੇਰਾ ਡਮਾਕ ਕੰਮ ਨ੍ਹੀਂ ਸੀ ਕਰਦਾ, ਰਤਾ ਨ੍ਹੇਰੇ ਹੋਏ ਲਾ ਦਿੰਦੀ। '' ਮੈਨੂੰ ਇਹਤੇ ਗੁੱਸਾ ਆਵੇ, ''ਅਕਲ ਦਿਆ ਕੱਚਿਆ, ਤੇਰੇ ਘਰ 'ਚ ਮੇਰਾ ਪਹਿਲਾ ਦਿਨ, ਪਹਿਲੀ ਰਾਤ। ਤੇਰੇ ਘਰ ਦਾ ਤੈਨੂੰ ਪਤਾ ਕਿ ਮੈਨੂੰ... ਤੂੰ ਤਾਂ ਐਂ ਟੁੱਟ ਕੇ ਪੈ ਗਿਆ ਮੈਨੂੰ... ਜਿਉਂ ਮੈਂ ਤੈਨੂੰ ਫੇ ਥਿਆਉਣਾ ਨ੍ਹੀਂ... ਬਲਾ ਤੂੰ ਦਿਖਾ ਦਿੰਦਾ ਆਵਦੀ ਅਕਲ... ਕਿੰਨਾ ਚਾਅ ਸੀ ਮੇਰੇ ਚਿਤ 'ਚ ਮੇਰਾ ਵਿਆਹ ਹਊ...ਮੇਰਾ ਘਰਵਾਲਾ ਮੈਨੂੰ ਪਿਆਰ ਕਰੂ... ਕਿੰਨਾ-ਕਿੰਨਾ ਚਿਰ ਮੈਂ ਉਹਦੇ ਪੱਟ 'ਤੇ ਸਿਰ ਰੱਖ ਕੇ ਗੱਲਾਂ ਕਰਿਆ ਕਰੂੰ... ਸੋਚਿਆ ਕੀ ਸੀ, ਬਣਿਆ ਕੀ? ... ਹਬਸ਼ੀ ਜਹੇ ਨੇ, ਨਾ ਕੋਈ ਗੱਲ ਕੀਤੀ ਨਾ ਬਾਤ... ਅੰਦਰ ਵੜਦਾ ਈ ਭੁੱਖੀ ਗਿਰਝ ਵਾਂਗੂੰ ਮਾਸ ਨੋਚਣ ਲੱਗ ਪਿਆ... ਔਂਤਰੀ ਦਾ ਮਾਂ ਵਰਗਾ... ਹੜਬੂੰ-ਹੜਬੂੰ ਕਰਦਾ ਫਿਰੂੰ...ਪਹਿਲੇ ਦਿਨੋਂ ਵੀ ਬੁੱਢੀ ਮੇਰੇ ਮਨੋ ਲਹਿ ਗਈ।''

ਕਿਸੇ ਵੇਲੇ ਪ੍ਰੀਤੀ ਮੇਰੇ ਕੋਲ ਬੈਠਦੀ ਤਾਂ ਏਸ ਗੱਲ ਦਾ ਜ਼ਰੂਰ ਗਿਲਾ ਕਰਦੀ। ਦੋਹਾਂ ਦੇ ਦੋ ਬੱਚੇ ਪੈਦਾ ਹੋ ਗਏ। ਦੋਹਾਂ ਵਿੱਚ ਪਿਆਰ, ਵਿਸ਼ਵਾਸ, ਮੋਹ ਪੈਦਾ ਨਾ ਹੋਇਆ। ਗੁਰਦੀਪ ਨੇ ਕਦੇ ਪ੍ਰੀਤੀ ਦਾ ਮਨ ਟਟੋਲਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਕਦੇ ਉਹਦੀ ਇੱਛਾ ਦਾ ਖਿਆਲ ਨਹੀਂ ਕੀਤਾ। ਉਹ ਸਿਰਫ਼ ਉਹਦੇ 'ਤੇ ਹੁਕਮ ਚਲਾਉਂਦਾ, ਉਹਨੂੰ ਇਕ ਵਸਤੂ ਸਮਝਦਾ, ਜਿੰਨੀ ਲੋੜ ਹੁੰਦੀ, ਉਨੀ ਵਰਤਦਾ।

ਪਤੀ ਦੀਆਂ ਏਹਨਾਂ ਹਰਕਤਾਂ ਕਰਕੇ ਉਹ ਸੜੀ-ਭੁੱਜੀ ਰਹਿੰਦੀ, 'ਨਿੱਜੜਾ ਆਵਦੀ ਅੱਗ ਬੁਝਾਉਂਦਾ... ਅੱਜ ਲਾ ਕੇ ਦੇਖੇ ਤਾਂ ਮੈਨੂੰ ਹੱਥ... ਕਲ੍ਹੈਣਾ...।'' ਕਮਜ਼ੋਰ ਪ੍ਰੀਤੀ ਸਮਾਂ ਪਾ ਕੇ ਅੰਦਰੋਂ ਮਜ਼ਬੂਤ ਹੋ ਗਈ ਪਤੀ ਦੀਆਂ ਮਨ-ਮਰਜ਼ੀਆਂ ਦਾ ਸਾਹਮਣਾ ਕਰਦੀ। ਏਸੇ ਤਰ੍ਹਾਂ ਕਈ ਵਾਰ ਹੋਇਆ ਰਾਤ ਪੈਂਦੀ। ਪ੍ਰੀਤੀ ਨਾਂਹ ਨੁਕਰ ਕਰਦੀ, ਵਿਰੋਧ ਕਰਦੀ। ਗੁਰਦੀਪ ਅੱਤ ਚੁੱਕ ਲੈਂਦਾ। ਵੱਡੀਆਂ-ਵੱਡੀਆਂ ਗੰਦੀਆਂ ਗਾਲ੍ਹਾਂ ਕੱਢਦਾ। ਪ੍ਰੀਤੀ ਡੱਟ ਕੇ ਮੁਕਾਬਲਾ ਕਰਦੀ। ਗੁਰਦੀਪ ਜ਼ਹਿਰ ਥੁੱਕ ਨਿਗਲਦਾ। ਕੰਧ ਨਾਲ ਖੜ੍ਹਾ ਨਵਾਰ ਦਾ ਮੰਜਾ ਵਿਹੜੇ ਡਾਹ ਕੇ ਲੰਮਾ ਪੈ ਜਾਂਦਾ। ਗਾਲ੍ਹਾਂ ਦੀ ਵਛਾੜ ਦਾ ਰੁੱਖ ਉਹ ਪ੍ਰੀਤੀ ਵੱਲ ਰੱਖਦਾ। ਪ੍ਰੀਤੀ ਦੀ ਸੱਸ ਵੀ ਪ੍ਰੀਤੀ ਨੂੰ ਕੋਸਦੀ, ''ਨੀ ਖਸਮ ਆ ਤੇਰਾ... ਨਾ ਹੋਇਆ ਦੀ... ਵਛੇਰੀ ... ਛੜਾਂ ਮਾਰਦੀ ਮੁੰਡੇ ਨੂੰ...।''

''ਪਾ ਲਾ ਆਵਦੇ ਨਾ... ਝਾਤੀਆਂ ਵੀ ਮਾਰਨ ਆਉਂਨੀ ਤੂੰ ਅੰਦਰ...।'' ਪ੍ਰੀਤੀ ਗੁੱਸਾ ਉਗਲਦੀ।

ਉਹਦਾ ਸਹੁਰਾ ਚੁੱਪ ਚਾਪ ਤਮਾਸ਼ਾ ਦੇਖਦਾ। ਕੁਝ ਨਾ ਬੋਲਦਾ, ਲਗਦਾ ਸੀ, ਆਪਣੀ ਪਤਨੀ ਅੱਗੇ ਬੋਲਣ ਦੀ ਹਿੰਮਤ ਉਹਨੇ ਜਵਾਨੀ 'ਚ ਹੀ ਗਵਾ ਲਈ ਸੀ। ਉਸ ਨੂੰ ਕਦੇ ਕਿਸੇ ਬੋਲਦਿਆਂ ਨਹੀਂ ਸੁਣਿਆ ਸੀ। ਪ੍ਰੀਤੀ ਸਾਹੋ ਸਾਹੀ ਹੋਈ, ਬੈਠਕ ਦੇ ਦਰਵਾਜ਼ੇ ਚੰਗੀ ਤਰ੍ਹਾਂ ਬੰਦ ਕਰਕੇ ਆਪਣੇ ਬੱਚਿਆ ਨੂੰ ਨਾਲ ਲੈ ਕੇ ਆਪਣੇ ਕਰਮਾਂ 'ਤੇ ਵਿਰਲਾਪ ਕਰਦੀ ਸੌਂ ਜਾਂਦੀ।

ਕਦੇ ਮੇਰੇ ਕੋਲ ਆਉਂਦੀ , ਆਖਦੀ, ''ਭਰਾ ਜੀ, ਸਾਊ ਆ, ਤੇਰੀ ਸੱਸ ਵੀ ਚੰਗੀ ਆ ਭੈਣ ਜੀ, ਤੈਨੂੰ ਤੰਗ ਨ੍ਹੀ ਕਰਦੇ। ਤੇਰੇ ਦਿਲ ਦੀ ਗੱਲ ਬੁੱਝਦੇ ਆ। ਤੇਰੇ ਆਂਗੂੰ ਮੈਂ ਹੁੰਦੀ, ਏਹਨਾਂ ਕਲਜੋਗੀਆਂ, ਮੈਨੂੰ ਕਿੱਥੇ ਟਿਕਣ ਦੇਣਾ ਸੀ... ਭੈਣ ਜੀ ਤੂੰ ਫੇ ਕਰਮਾਂ ਆਲੀ ਆਂ। ਰੱਬ ਜ਼ਰੂਰ ਲਾਊ ਭਾਗ ਤੈਨੂੰ, ਰੱਬ ਦੇ ਘਰ ਦੇਰ ਆ ਨ੍ਹੇਰ ਨ੍ਹੀਂ।''

ਉਹ ਮੈਨੂੰ ਕਰਮਾਵਾਲੀ ਆਖਦੀ, ਮੈਂ ਆਪਣੇ ਕਰਮਾਂ ਦੀ ਪੁਣ-ਛਾਣ ਕਰਦੀ ਰਹਿੰਦੀ। ਸੱਚਮੁੱਚ ਮੈਂ ਕਰਮਾਂ ਵਾਲੀ ਆ ! ਮੇਰੇ ਵਰਗੀ ਅਭਾਗਣ ਕੋਈ ਨਾ ਹੋਵੇ। ਮੇਰੇ ਘਰਵਾਲੇ ਮੈਨੂੰ ਏਨਾ ਪਿਆਰ ਕਰਦੇ ਨੇ, ਮੈਂ ਰੋ ਵੀ ਨਹੀਂ ਸਕਦੀ ਉਹਨੇ ਦੇ ਮੋਹ ਅੱਗੇ, ਮੈਂ ਆਪਣੇ ਅੱਥਰੂ ਦਿਲ 'ਚ ਈ ਦਫ਼ਨ ਕਰ ਲੈਨੀ ਆ। ਜਦ ਦਿਲ 'ਚ ਦਰਦ ਉਠਦਾ, ਲੁੱਕ-ਲੁੱਕ ਕੇ ਆਹਾਂ ਭਰਦੀ ਆ, ਕਿਸੇ ਦੇ ਮੋਹਰੇ ਹੋ ਕੇ ਹਊਂਕਾ ਵੀ ਨਹੀਂ ਲੈ ਸਕਦੀ। ਪਤੀ ਮੋਹਰੇ ਤਾਂ ਬਿਲਕੁਲ ਨਹੀਂ। ਹੱਥੀਂ ਛਾਵਾਂ ਕਰਦੇ ਨੇ, ਮੇਰੇ ਹਰ ਦੁੱਖ-ਸੁੱਖ ਦਾ ਮੇਰੇ ਤੋਂ ਵੱਧ ਧਿਆਨ ਰੱਖਦੇ ਨੇ। ਕਈ ਵਾਰ ਰਸੋਈ 'ਚ ਕੰਮ ਕਰਦੀ ਪਿਆਜ਼ ਕੱਟਣ ਦੇ ਬਹਾਨੇ ਰੋ ਲੈਨੀ, ਦਿਲ 'ਚ ਆਉਂਦਾ, ਰੱਬਾ ਮੈਨੂੰ ਡਾਢੀ ਸੱਸ ਵੀ ਦੇ ਦਿੰਦਾ, ਮੈਨੂੰ ਤਾਹਨੇ ਮਿਹਣੇ ਮਾਰਦੀ, ਸਤੀ ਹੋਈ ਮੈਂ ਰੋ ਲੈਂਦੀ, ਦਿਲ ਦਾ ਗੁਬਾਰ ਕੱਢ

ਲੈਂਦੀ, ਹਲਕੀ ਹੋ ਜਾਂਦੀ। ਘਰਦੇ ਮੇਰੇ ਮੈਨੂੰ ਹੁਣ ਵੀ ਹਲਕੀ ਫੁੱਲ ਵਰਗੀ ਰੱਖਦੇ ਆ। ਉਹਨਾਂ ਦੀ ਖੁਸ਼ੀ ਲਈ ਮੈਂ ਹਰ ਵੇਲੇ ਹੱਸਦੀ ਆ। ਖਿੜ੍ਹੀ ਰਹਿੰਨੀ ਆ। ਮੈਂ ਅੱਜ ਤੱਕ ਕਿਸੇ ਨੂੰ ਨਹੀਂ ਦੱਸਿਆ ਮਣਾਂ-ਮੂੰਹ ਭਾਰ ਹੇਠਾਂ ਮੈਂ ਦੱਬੀ ਹੋਈ ਆ। ਸਿਰਫ਼ ਇਸ ਲਈ ਕਿ ਸਾਰੇ ਦੁਖੀ ਹੋਣਗੇ।

ਕਈ ਵੇਰਾਂ ਮੈਨੂੰ ਲਗਦਾ ਮੇਰੇ ਪਤੀ ਤੇ ਮੰਮੀ ਵੀ ਆਪਣੀ ਆਪਣੀ ਥਾਂ ਚਿੰਤਾ 'ਚ ਡੁੱਬੇ ਰਹਿੰਦੇ ਨੇ। ਤਾਹੀਂਓਂ ਮੰਮੀ ਥਾਂ-ਥਾਂ ਸੁੱਖਣਾ ਸੁੱਖਦੇ ਰਹਿੰਦੇ ਹਨ। ਕਦੇ ਪਾਂਧੇ ਕੋ ਪੱਤਰੀ ਖੁਲਾਉਣ ਜਾਣਗੇ, ਕਦੇ ਗੁਰਦਵਾਰੇ ਅਰਦਾਸ ਕਰਉਣਗੇ। ਘਰ ਕਿੰਨਾ ਕਿੰਨਾ ਚਿਰ ਹੱਥ ਜੋੜ ਕੇ ਬੈਠੇ ਰਹਿਣਗੇ।

ਸਾਡਾ ਫੈਮਿਲੀ ਡਾਕਟਰ ਆ, ਡਾ. ਅਰੋੜਾ। ਉਹਦੇ ਨਾਲ ਵੀ ਸਲਾਹ-ਮਸ਼ਵਰਾ ਹੁੰਦਾ ਰਹਿੰਦਾ। ਅਸੀਂ ਚੈਕਅੱਪ ਵੀ ਕਰਵਾ ਕੇ ਦੇਖ ਲਿਆ। ਹਰ ਤਰ੍ਹਾਂ ਦੇ ਟੈਸਟ ਵੀ ਹੋਏ, ਡਾ. ਦਾ ਏਹੋ ਕਹਿਣਾ, 'ਸਭ ਰਿਪੋਰਟਸ ਠੀਕ ਨੇ। ਦਵਾ ਦੇ ਨਾਲ ਨਾਲ ਦੁਆ ਕਰ ਕਰ ਕੇ ਹੰਭ ਗਏ। ਮਾਸਾਂ ਫਰਕ ਨ੍ਹੀਂ ਪਿਆ। ਹੁਣ ਦੀਦੀ ਵੀ ਆਉਂਦੇ ਆ। ਇਸ ਬਾਰੇ ਗੱਲ ਨ੍ਹੀਂ ਕਰਦੇ। ਪਹਿਲੋਂ ਪਹਿਲ ਮਿਲਣ ਆਏ, ਮੈਨੂੰ ਪੁੱਛਣ ਲੱਗਦੇ ਸਨ, ''ਕੋਈ ਖ਼ੁਸ਼ਖਬਰੀ ਹੈ ਤਾਂ ਮੂੰਹ ਮਿੱਠਾ ਕਰਾ।'' ਕੋਲੋਂ ਮੰਮੀ ਜੀ ਬੋਲਦੇ,

''ਕਹਾਲੀ ਨਾ ਪਓ, ਦੇ ਦੇਣਗੇ ਖ਼ੁਸ਼ਖਬਰੀ... ਬੱਚੇ ਆ ਅਜੇ।''

''ਕਿਉਂ, ਆਹ ਬੱਚਾ ਆ, ਸਤਾਈਵਾਂ ਸਾਲ ਏਹਨੂੰ ਜਾਂਦਾ... ਜਦੋਂ ਮੈਂ ਪੱਚੀ ਦੀ ਸੀ ਤਾਂ ਮੇਰੇ ਤਿੰਨ ਬੱਚੇ ਸੀ... ਕਿਉਂ ਉਏ ਜੱਗੂ, ਧੂਫ਼ ਦਿੰਦਾ ਰਹਿੰਨਾ ਏਹਨੂੰ ਸਾਰੀ ਰਾਤ... ਪਹਿਲਾਂ ਪਹਿਲਾਂ ਹੋ ਜਾਣ, ਹੋ ਜਾਣ ਬਾਅਦ 'ਚ ਉਮਰਾਂ ਪੱਕ ਜਾਂਦੀਆਂ, ਛੇਤੀ ਨ੍ਹੀਂ ਹੁੰਦੇ ... ਹੁੰਦਾ-ਹਾਂਦਾ ਵੀ ਤੇਤੋਂ ਕੁਛ ਕਿ ਨਈਂ।'' ਨੇੜੇ ਬੈਠਾ ਮੇਰਾ ਨਣਦੋਈਆ, ਦੀਦੀ ਦੀ ਬੇਹਯਾਈ ਤੇ ਉਹਨੂੰ ਖਾਣ ਨੂੰ ਪਿਆ,

''ਬੁੱਢੀ ਹੋ ਗਈ, ਅਕਲ ਨਾ ਆਈ ਗੱਲ ਕਰਨ ਦੀ।''

''ਬੱਸ ਕਰ ਕੁੜੀਏ ਹੱਦ ਹੁੰਦੀ ਹਰੇਕ ਗੱਲ ਦੀ।''

ਜਦ ਮੰਮੀ ਜੀ ਨੇ ਕਿਹਾ, ਦੀਦੀ ਰੋਣ ਲੱਗ ਪਈ। ਏਸ ਘਰ 'ਚ ਮੇਰੀ ਪਹਿਲੇ ਦਿਨੋਂ ਈ ਕਦਰ ਹੈਨੀ। ਜੱਗਡੂ ਨੂੰ ਸਾਰੇ ਪਿਆਰ ਕਰਦੇ ਆ। ਇਹ ਕੋਲੋਂ ਉੱਠ ਕੇ ਬਾਹਰ ਚਲੇ ਗਏ ਸਨ। ਮੰਮੀ ਜੀ ਨੇ ਮੈਨੂੰ ਸੈਨਤ ਮਾਰ ਕੇ ਕੋਲ ਬੁਲਾਇਆ।

''ਬੇਟਾ ਰੋਟੀ ਟੁੱਕ ਦਾ ਪ੍ਰਬੰਧ ਕਰਲਾ, ਨੇ੍ਰੇ ਹੋਏ ਔਖੇ ਹੋਵੀਦਾ।''

ਬਹਾਨੇ ਨਾਲ ਉਹਨਾਂ ਮੈਨੂੰ ਰਸੋਈ 'ਚ ਭੇਜ ਦਿੱਤਾ ਆਪ ਵੀ ਮਗਰ ਆ ਗਏ।

''ਸ਼ਿੰਦੀ ਦੀ ਕਿਸੇ ਗੱਲ ਦਾ ਗੁੱਸਾ ਨਾ ਕਰੀਂ... ਮਨ ਚਿੱਤ ਹੈਨੀ ਏਹਦੇ... ਬੜਬੋਲੀ ਆ... ਮੇਰੇ ਬਹੁਤੇ ਲਾਡ ਨੇ ਏਹਨੂੰ ਸਿਰੇ ਚੜ੍ਹਾਤਾ। ਕੱਲ੍ਹੀ-ਕੱਲੀ ਸੀ ਪਹਿਲੋਂ ਜਗਜੀਤ ਏਹਤੋਂ ਦਸੀਂ ਵਰ੍ਹੀਂ ਮਗਰੋਂ ਹੋਇਆ ਸੀ।''

ਮੰਮੀ ਜੀ ਦੇ ਪਿਆਰ ਦੀ ਇਹ ਮਿਸਾਲ ਆ। ਏਹੋ ਜਿਹੇ ਬਹੁਤ ਸਾਰੇ ਵਾਕਿਆ ਹੋਣਗੇ, ਮੰਮੀ ਜੀ ਸਦਾ ਮੇਰੇ ਪੱਖ 'ਚ ਖੜ੍ਹੇ ਹੋਵੇ। ਦੀਦੀ ਜੀ ਵੀ ਦਿਲ ਦੀ ਮਾੜੀ ਨਹੀਂ... ਸਾਰੇ ਜਣੇ ਕਹਿਣਗੇ, ਇਹ ਆਪਣੀ ਮਾਸੀ 'ਤੇ ਗਈ। ਉਹਦੇ ਵਾਂਗੂੰ, ਕਿਸੇ ਵੇਲੇ ਲੋੜੋਂ ਵੱਧ ਬੋਲ ਜਾਂਦੀ। ਆਪਣੇ ਸਹੁਰਿਆ, ਰਿਸ਼ਤੇਦਾਰਾਂ 'ਚ ਸਹੇਲੀਆਂ 'ਚ ਮੇਰੇ ਸੋਹਲੇ ਗਾਉਂਦੀ ਰਹਿੰਦੀ,

''ਮੇਰੀ ਭਰਜਾਈ ਬਹੁਤ ਚੰਗੀ, ਸੂਰਤ ਤੇ ਸੀਰਤ ਵੀ... ਜਦੋਂ ਜਾਊ ਹੱਸ ਕੇ ਮਿਲਦੀ ... ਚੰਨ ਦਾ ਟੁਕੜਾ ਨਿਰੀ ... ਮਿਲ ਕੇ ਦੱਸੀਂ।''

ਉਦੋਂ ਆਪਣੀ ਜਠਾਣੀ ਨੂੰ ਦਸਦੀ ਸੀ ਜਦੋਂ ਅਸੀਂ ਏਹਨਾਂ ਨੂੰ ਮਿਲਣ ਗਏ ਸੀ। ਦੀਦੀ ਦੀ ਜਠਾਣੀ ਮੈਨੂੰ ਦੇਖਣ ਆਈ,

''ਸ਼ਰਨਜੀਤ, ਸੱਚੀਂ ਮੰਨ ਗਏ ਬਈ... ਬਹੁਤ ਸੋਹਣੀ ਤੇਰੀ ਭਰਜਾਈ।''

ਉਨ੍ਹੇ ਮੈਨੂੰ ਦੱਸਿਆ ਸੀ ਕਿ ਤੇਰੀ ਨਨਾਣ ਬਹੁਤ ਖੁਸ਼ ਆ, ਹਰ ਕਿਸੇ ਕੋਲ ਤੇਰੀਆਂ ਸਿਫ਼ਤਾ ਕਰਦੀ ਨਹੀਂ ਥੱਕਦੀ। ਤਾਂ ਹੀ ਮੈਂ ਦੀਦੀ ਦੀ ਕਿਸੇ ਗੱਲ ਦਾ ਕਦੇ ਗੁੱਸਾ ਨਹੀਂ ਕੀਤੀ।

ਤੇਰਾਂ ਸਾਲ ਮੇਰੇ ਵਿਆਹ ਨੂੰ ਹੋ ਗਏ। ਲੱਕੀ ਵੀ ਛੇ ਸਾਲ ਦਾ ਹੋ ਗਿਆ। ਉਹਦੇ ਭਾਣਏ ਨੂੰ ਮੰਨ ਲਿਆ। ਲੱਕੀ ਮੈਨੂੰ ਬਹੁਤ ਪਿਆਰ ਕਰਦਾ। ਆਪਣੀ ਪੂਰੀ ਮਮਤਾ ਏਹਦੇ 'ਤੇ ਨਿਛਾਵਰ ਕਰਦੀ ਆ ਮੈਂ... ਫਿਰ ਵੀ ਪਤਾ ਨਹੀਂ... ਛਿੱਲਤ ਆ ਕੋਈ... ਜਿਹੜੀ ਦਿਲ ਦੀ ਕਿਸੇ ਨੁੱਕਰ 'ਚ ਧੱਸੀ ਹੋਵੀ ਆ... ਕਦੇ ਕਦੇ ਰੜਕਣ ਲੱਗ ਪੈਂਦੀ... ਮੱਠਾ ਮੱਠਾ ਦਰਦ ਹੋਣ ਲਗਦਾ। ਇਹ ਵੀ ਪਤਾ ਨਹੀਂ ਲੱਗਦਾ ਕਿ ਲੱਕੀ ਨੂੰ ਕਿਵੇਂ



ਪਤਾ ਲੱਗ ਜਾਂਦਾ, ਉਸ ਵੇਲੇ ਜਿੱਥੇ ਵੀ ਹੋਵੇ, ਮੇਰੇ ਕੋਲ ਦੌੜਿਆ ਆਉਂਦਾ,

''ਮੰਮਾਂ ਤੁਸ਼ੀਂ ਬੁਲਾਇਆ ਮੀਨੂੰ।''

ਮੈਂ ਹੈਰਾਨੀ ਨਾਲ ਉਹਦੇ ਵੱਲ ਦੇਖਦੀ। ਅੱਖਾਂ ਮੀਚ ਕੇ ਬਾਹਾਂ ਫੈਲਾ ਦਿੰਦੀ ਆ,

''ਹਾਂ ਬੇਟੇ !''

ਮੇਰੀਆਂ ਅੱਖਾਂ 'ਚ ਤ੍ਰਿਪ-ਤ੍ਰਿਪ ਹੰਝੂ ਟਪਕਣ ਲਗਦੇ। ਉਹ ਨਿੱਕੇ ਨਿੱਕੇ ਪੈਰ ਚੁੱਕਦਾ, ਦੌੜ ਕੇ ਮੇਰੀ ਛਾਤੀ ਨਾਲ ਆ ਲਗਦਾ,

''ਮੰਮਾਂ ਰੋਨੇ ਕਿਉਂ ਤੁਸੀਂ?''

''ਨਹੀਂ , ਬੇਟੇ !''

ਮੇਰੇ ਕੋਲੋਂ ਹੋਰ ਕੁਝ ਕਿਹਾ ਹੀ ਨਹੀਂ ਜਾਂਦਾ।

''ਮੰਮਾ ਅੱਜ ਮੇਰੀ ਮੈਡਮ ਨੇ ਪਤਾ ਮੀਨੂੰ ਕੀ ਕਿਆ,

''ਹੂੰ ...ਆ... ! !''

''ਕਿਆ ਯੂਅਰ ਮੰਮ ਵੈਰੀ ਲੱਕੀ, ਸੋ ਨਾਇਸ।''

ਮੇਰਾ ਰੋਣਾ ਥੰਮਦਾ ਨਹੀਂ ਸਗੋਂ ਜ਼ਿਆਦਾ ਹੋ ਜਾਂਦਾ, ਮੇਰਾ ਢਿੱਡ ਮੇਰੀ ਛਾਤੀ ਉਪਰ ਹੇਠਾਂ ਹੁੰਦਾ ਦੇਖ ਕੇ ਉਹ ਖੁਸ਼ ਹੁੰਦਾ, ਮੇਰਾ ਮੂੰਹ ਦੇਖ ਕੇ ਉਦਾਸ ਹੋ ਜਾਂਦਾ।

''ਮੰਮਾ ਪਾਪਾ ਨੇ ਮਾਰਿਆ? ''

''ਨਈਂ... ।'' ਮਸਾਂ ਮੇਰੇ ਮੂੰਹੋਂ ਨਿਕਲਦਾ।

ਰੋਨੇ ਕਿਉਂ ਤੁਸੀਂ।''

ਉਹਦੀ ਤੁਸ਼ੀਂ ਤੁਸ਼ੀਂ ਸੁਣ ਕੇ ਮੇਰਾ ਹਾਸਾ ਨਿਕਲ ਜਾਂਦਾ। ਤੁਸੀਂ ਨੂੰ ਤੁਸ਼ੀਂ ਕਹੂਗਾ। ਉਹਨੇ ਰੋਣ ਵਰਗਾ ਮੂੰਹ ਬਣਾਇਆ ਹੋਇਆ ਸੀ, ਮੇਰੇ ਵੱਲ ਵੇਖ ਕੇ ਖਿੜ੍ਹ ਖਿੜ ਕਰਕੇ ਹੱਸ ਪਿਆ। ਮੇਰੀ ਚੁੰਨੀ ਨਾਲ ਮੇਰੀਆਂ ਅੱਖਾਂ ਪੂੰਝਣ ਲੱਗ ਪਿਆ।

ਜੰਮਦੇ ਲੱਕੀ ਨੂੰ ਅਸੀਂ ਗੋਦ ਲੈ ਲਿਆ ਸੀ। ਗੋਦ ਲੈਣ ਦੀ ਪਲੈਨਿੰਗ ਨਾਲ ਹੀ ਲੱਕੀ ਦਾ ਜਨਮ ਹੋਇਆ। ਮੇਰੇ ਪਤੀ ਦੇ ਮਾਮਾ ਜੀ ਦੀ ਨੂੰਹ ਤੀਸਰੀ ਵਾਰ ਗਰਭਵਤੀ ਹੋ ਗਈ, ਉਹ ਅਬਾਰਸ਼ਨ ਕਰਾਉਣ ਬਾਰੇ ਸੋਚ ਰਹੇ ਸੀ। ਸਾਡੇ ਕੋਲ ਆ ਗਏ। ਉਹਨਾਂ ਮੰਮੀ ਨੂੰ ਸਾਰਾ ਕੁਛ ਦੱਸਿਆ। ਕਹਿੰਦੇ, ਤੁਹਾਡਾ ਡਾ. ਸਿਆਣਾ ਉਥੇ ਲੇਡੀ ਡਾ. ਵੀ ਹੈਗੀ, ਅਸੀਂ ਅਬਾਰਸ਼ਨ ਕਰਾਉਣਾ ਸਾਡੇ ਨਾਲ ਚੱਲੋ... ਫਸ ਗਏ ਆ... ਤੀਸਰਾ ਬੱਚਾ ਨਈਂ ਚਾਹੁੰਦੇ ਅਸੀਂ।''

ਮੰਮੀ ਜੀ ਨੂੰ ਪਤਾ ਨ੍ਹੀਂ ਕੀ ਸੁੱਝੀ ਉਸੇ ਵੇਲੇ ਸਾਰਿਆ ਨਾਲ ਸਲਾਹ ਕਰਕੇ ਆਪਣੇ ਭਜੀਜੇ-ਭਤੀਜ-ਨੂੰਹ ਨੂੰ ਕਹਿਤਾ, ''ਗੁਰਜੰਟ ਤੁਸੀਂ ਮੇਰੇ ਘਰ ਆਏ... ਇਹ ਪਾਪ ਨ੍ਹੀਂ ਹੋਣ ਦੇਣਾ ਮੈਂ... ਕੁੜੀ ਹੋਵੇ, ਭਾਵੇਂ ਮੁੰਡਾ ਸਾਡਾ ਰਿਹਾ ... ਭਾਈ ਵੀਰਾ ਸਮਝ ਲਉ, ਸਾਡੀ ਅਮਾਨਤ ਤੁਹਾਡੇ ਕੋਲ ਅੱਜ ਤੋਂ।''

ਗੁਰਜੰਟ ਭਾਜੀ ਮੰਜੇ ਤੇ ਬੈਠੇ ਸੀ, ਮੰਮੀ ਜੀ ਦੇ ਪੈਰਾਂ ਤੇ ਝੁਕ ਗਏ,

''ਭੂਆ ਜੀ, ਜੋ ਹੁਕਮ !''

ਮੰਮੀ ਜੀ ਨੇ ਉਦੋਂ ਵੇਸਣ ਦੇ ਲੱਡੂ ਮੰਗਵਾਏ। ਸਾਰਿਆ ਦਾ ਮੂੰਹ ਮਿੱਠਾ ਕਰਵਾਇਆ,

''ਦਾਤਿਆ ਸ਼ੁਕਰ ਆ ਤੇਰਾ, ਤੂੰ ਸਭ ਦੀਆਂ ਰੱਖਣ ਵਾਲਾ? '

ਉਹਨਾਂ ਦਿਨਾਂ 'ਚ ਮੰਮੀ ਜੀ ਨੇ ਪੰਮੀ ਭਰਜਾਈ ਦਾ ਬਹੁਤ ਖਿਆਲ ਰੱਖਿਆ, ਕਈ ਕਈ ਦਿਨ ਉਹਨੂੰ ਆਪਣੇ ਕੋਲ ਰੱਖਣਾ, ਕਈ ਕਈ ਦਿਨ ਮੈਨੂੰ ਉਥੇ ਭੇਜ ਦੇਣਾ।

ਲੱਕੀ ਦੇ ਗਰਭ 'ਚ ਪੈਣ ਤੋਂ ਲੈ ਕੇ ਚਾਰ ਮਹੀਨੇ ਦਾ ਹੋਣ ਤੱਕ ਅਸੀਂ ਦੋਵੇਂ ਜ਼ਿਆਦਾਤਰ ਇਕੱਠੀਆਂ ਰਹੀਆਂ ਜਦੋਂ ਇਹ ਜੰਮਿਆ, ਨਰਸਾਂ ਨੇ ਨੁਹਾ-ਧੁਆ ਕੇ ਸਿੱਧਾ ਮੇਰੀ ਗੋਦ 'ਚ ਪਾਇਆ, ਸਾਰੇ ਮੈਨੂੰ ਵਧਾਈਆਂ ਦੇਣ। ਮੈਨੂੰ ਕੁਛ ਨਾ ਸੁੱਝੇ ਮੇਰੀਆਂ ਅੱਖਾਂ ਵਗੀ ਜਾਣ, ਮੰਮੀ ਕਹਿਣ ਲੱਗੀ,

''ਹੈ ਨਾ ਨਿਰਾ ਪੁਰਾ ਤੇਰੇ ਵਰਗਾ। ਮੱਖਣ ਦਾ ਪੇੜਾ।''

ਘੜੀ ਘੜੀ ਮੇਰਾ ਮੱਥਾ ਚੁੰਮਣ,

''ਚੱਕ ਆਵਦੇ ਬਲੂੰਗੜੇ ਨੂੰ... ਲਾ ਛਾਤੀ ਨਾ... ਬੱਚੇ ਨੂੰ ਪਿਆਰ ਨਾਲ ਛਾਤੀ ਨਾਲ ਲਾਉ, ਝੱਟ ਦੁੱਧ

ਉਤਰ ਆਉਂਦਾ।''

ਮੰਮੀ ਜੀ ਮੈਨੂੰ ਏਉਂ ਵਰਾਉਣ ਜਿਵੇਂ ਬੱਚੇ ਨੂੰ ਖਿਡੌਣਾ ਦੇ ਕੇ ਵਰਾਈਦਾ। ਵਧਾਈਆਂ ਦੇਣ ਵਾਲਿਆਂ ਨੂੰ ਵੀ ਮੰਮੀ ਨੇ ਦਿਲ ਖੋਲ੍ਹ ਕੇ ਖੁਸ਼ ਕੀਤਾ।

ਨਿੱਕੇ ਜੇ ਲੱਕੀ ਨੂੰ ਮੈਂ ਡਰਦੀ ਡਰਦੀ ਨੇ ਚੱਕਣਾ। ਛਾਤੀ ਨਾਲ ਲਾ ਕੇ ਬੜੀ ਵਾਹ ਲਾਉਣੀ। ਮੇਰੀਆਂ ਛਾਤੀਆਂ 'ਚੋਂ ਮੇਰੇ ਅੰਦਰੋਂ ਮਮਤਾ ਦੀ ਫ਼ੁਹਾਰ ਫੁੱਟ ਬਣੇ। ਕੁਛ ਨਾ। ਏਹਨੂੰ ਨਾਲ ਲੈ ਕੇ ਪਈ ਵੀ ਰਹਿਣਾ। ਮਮਸਤਾ ਦੇ ਸਾਗਰ 'ਚੋਂ ਕੋਈ ਛੱਲ ਨਾ ਉੱਠਣੀ, ਮੈਂ ਸੁੱਤੀ ਰਹਿਣਾ, ਪੰਮੀ ਭਰਜਾਈ ਦੀਆਂ ਛਾਤੀਆਂ 'ਚੋਂ ਧਰਾਲਾਂ ਪੈਣੀਆ। ਮੇਰੀ ਗੋਦੀ 'ਚ ਪਏ ਲੱਕੀ ਨੇ ਚਊਂ-ਚਊਂ ਕਰੀ ਜਾਣਾ। ਮੈਂ ਕਸੀਸ ਵੱਟ ਲੈਣੀ। ਭਰਜਾਈ ਨੇ ਸੱਜਾ ਹੱਥ ਮੇਰੇ ਵੱਲ ਕਰਨਾ, ਖੱਬੇ ਹੱਥ ਨਾਲ ਆਵਦੀਆਂ ਛਾਤੀਆਂ ਨੂੰ ਦੱਬੀ ਰੱਖਣਾ,

''ਫੜਾ ਅੜੀਏ, ਆਵਦਾ ਪੁੱਤ ਮੈਨੂੰ... ਮੇਰਾ ਬੁਰਾ ਹਾਲ ਹੋਈ ਜਾਂਦਾ। ਆਪ ਮਾਂ-ਪੁੱਤ ਮਸਤੀਆਂ ਮਾਰਨ ਡੈਅ ਹੋਏ ਆ।''

ਮੈਂ ਕਾਹਲੀ ਨਾਲ ਲੱਕੀ ਭਰਜਾਈ ਨੂੰ ਫੜਾਉਣਾ। ਜਿਉਂ ਇਹ ਜਨਮਾਂ ਦਾ ਪਿਆਸਾ ਹੋਵੇ, ਏਹਨੇ ਭਰਜਾਈ ਨਾਲ ਲੱਗ ਕੇ ਏਉਂ ਦੁੱਧ ਚੁੰਘਣਾ।

ਏਹਨੇ ਦੁੱਧ ਪੀ ਕੇ ਸਾਂਤ ਹੋ ਜਾਣਾ। ਭਰਜਾਈ ਦੀ ਗੋਦ 'ਚ ਸੌਂ ਜਾਣਾ। ਉਹਨੇ ਹੌਲੀ-ਹੌਲੀ ਏਹਦੇ ਹੱਥਾਂ ਪੈਰਾਂ ਨੂੰ ਪਲੋਸੀ ਜਾਣਾ। ਜਦ ਮੈਂ ਦੋਹਾਂ ਦੇ ਮੂੰਹ ਵੱਲ ਵੇਖਣਾ। ਸ਼ੰਤੁਸਟ ਸਹਿਜ ਸ਼ਾਂਤ ਦੇਖ ਕੇ ਮੈਨੂੰ ਹਉਕਾ ਆ ਜਾਣਾ। ਮੈਂ ਅਸ਼ਾਂਤ ਹੋ ਜਾਣਾ, ਮੇਰੀ ਤੜਫਣਾ ਵਧ ਜਾਣੀ। ਮੇਰੇ ਬਦਨ 'ਚੋਂ ਲਾਟਾਂ ਨਿਕਲਣੀਆਂ। ਜੀ ਕਰਨਾ ਉੱਠ ਕੇ ਠੰਢੇ ਪਾਣੀ 'ਚ ਗੋਤਾ ਲੈ ਲਵਾਂ। ਢਿੱਡ 'ਚ ਮੁੱਕੀਆਂ ਮਾਰਾਂ। ਨਹੁੰ ਮਾਰ ਕੇ ਛਾਤੀਆਂ ਛਿੱਲ ਲਵਾਂ। ਉਸੇ ਵੇਲੇ ਮੈਨੂੰ ਏਹਨਾਂ ਦਾ ਧਿਆਨ ਆਉਣਾ, ਕਿੰਨਾਂ ਪਿਆਰ ਕਰਦੇ ਮੈਨੂੰ... ਜੇ ਮੈਂ ਏਦਾਂ ਕਰਨ ਲੱਗ ਪਈ, ਕੀ ਕਹਿਣਗੇ ਮੈਨੂੰ, ਮੈਂ ਪਾਗਲ ਹੋ ਗਈ। ਮੈਂ ਸਾਰਾ ਦਰਦ ਪੀ ਕੇ ਮਸਾਂ ਸੰਭਲਣਾ।

ਕਈ ਵਾਰ ਤਾਂ ਮੈਨੂੰ ਏਉਂ ਲਗਦਾ ਹੁੰਦਾ ਸੀ, ਮੇਰਾ ਦੁੱਖ ਕੋਈ ਨਹੀਂ ਸਮਝਦਾ। ਔਰਤ ਦਾ ਬਾਂਝ ਹੋਣਾ। ਉਹਦੇ ਲਈ ਸਭ ਤੋਂ ਵੱਡਾ ਦੁੱਖ ਹੈ। ਮੈਨੂੰ ਰੱਬ 'ਤੇ ਵੀ ਗਿਲਾ ਰਹਿੰਦਾ, ਉਹਨੇ ਮੈਨੂੰ ਹਰ ਸੁੱਖ ਦਿੱਤਾ। ਮਾਤਰੀ-ਸੁੱਖ ਤੋਂ ਵਾਂਝੀ ਰੱਖਿਆ। ਪਤਾ ਨਹੀਂ ਕਿਹੜਾ ਪਾਪਾਂ ਦੀ ਸਜ਼ਾ ਮੈਨੂੰ ਮਿਲੀ, ਜੋ ਇਹ ਸੰਤਾਪ ਮੈਨੂੰ ਝੱਲਣਾ ਪਿਆ।

ਹੁਣ ਤਾਂ ਸਾਡਾ ਦੋਹਾਂ ਦਾ ਆਪਸ ਵਿੱਚ ਮੋਹ ਈ ਬੜਾ। ਰੰਗ ਰੂਪ, ਸ਼ਕਲ ਐਨ ਮੇਰੇ ਵਰਗੀ। ਇਕ ਦਿਨ ਇਹ ਪੌੜੀ ਦੇ ਹੇਠਲੇ ਪੌਡੇ ਤੋਂ ਡਿੱਗ ਪਿਆ। ਮਾੜੀ ਜ੍ਹੀ ਰਗੜ ਕੀ ਲੱਗੀ, ਮੇਰੀ ਤਾਂ ਜਾਨ ਨਿਕਲਗੀ। ਮੰਮੀ ਜੀ ਬਾਜ਼ਾਰ ਗਏ ਹੋਏ ਸੀ, ਮੈਂ ਚੱਕ ਕੇ ਏਹਨੂੰ ਹਸਪਤਾਲ ਦੌੜੀ ਉਤੇ ਜਾ ਕੇ ਇਹ ਮੈਨੂੰ ਪੱਪੀਆਂ ਕਰੀ ਜਾਵੇ। ਡਾ. ਅਰੋੜਾ ਦੇਖ ਕੇ ਹੱਸ ਪਿਆ।

''ਬੇਟਾ ਮਾਮੂਲੀ ਜਹੀ ਰਗੜ ਏ, ਡਿਟੋਲ ਨਾਲ ਸਾਫ਼ ਕਰ ਦਿੰਦੇ...।''

ਉਹਨਾਂ ਏਹਦੇ ਮਲ੍ਹਮ ਜ੍ਹੀ ਲਾ ਕੇ ਸਾਨੂੰ ਘਰ ਘੱਲਤਾ। ਬਜ਼ਾਰੋਂ ਆਈ ਮੰਮੀ ਜੀ ਨੂੰ ਦੱਸਿਆ , ਉਹ ਬੋਲੇ,

''ਇਹ ਹੁੰਦਾ ਆ ਮਾਂ ਦਾ ਦਿਲ... ਬੱਚੇ ਡਿੱਗ ਡਿੱਗ ਵੱਡੇ ਹੁੰਦੇ, ਤੂੰ ਤਾਂ ਐਵੇਂ ਘਾਬਰ ਗਈ।''

ਜਿਸ ਦਿਨ ਹਸਪਤਾਲੋਂ ਲੱਕੀ ਨੂੰ ਲੈ ਕੇ ਘਰ ਆਉਂਣਾ ਸੀ। ਉਸ ਤੋਂ ਇਕ ਦਿਨ ਪਹਿਲਾਂ ਮੈਂ ਏਹਨਾਂ ਦੇ ਗਲ ਲੱਗ ਕੇ ਬੜਾ ਰੋਈ,

''ਮੈਨੂੰ ਕੁਛ ਨਹੀਂ ਚਾਹੀਦਾ... ਮੇਰਾ ਹਰ ਸੁੱਖ ਲੈ ਲਵੋ, ਮੈਨੂੰ ਇੱਕ ਸੁੱਖ ਦੇ ਦਿਉ... ਮੈਂ ਮਾਂ ਬਣਨਾ ਚਾਹੁੰਨੀ... ਆਪਣੇ ਬੱਚੇ ਦੀ ਮਾਂ।''

ਤਕਾਲਾਂ ਦਾ ਵੇਲਾ ਸੀ। ਏਹਨਾਂ ਦਾ ਮਨ ਵੀ ਬਹੁਤ ਔਖਾ ਹੋਇਆ, ਰੋਣ ਈ ਲੱਗ ਪਏ ਇਹ ਵੀ।

''ਇੰਦੂ... ਇੰਦਰਪ੍ਰੀਤ ਨਾਂ ਮੇਰਾ। ਮੈਨੂੰ ਪਿਆਰ ਨਾਲ ਇਹ ਇੰਦੂ ਕਹਿੰਦੇ, ਕਦੇ ਇੰਦਰਾਣੀ। ਕਹਿਣਗੇ ਤੂੰ ਏਸ ਘਰ ਦੀ ਰਾਣੀ ਏਂ।''

ਥਥਲਾ ਜੇ ਕੇ ਬੋਲੇ, ''ਇੰਦੂ ਝੱਲੀ ਨਾ ਬਣ... ਸੰਭਾਲ ਆਪਣੇ ਆਪ ਨੂੰ ... ਦਿਲ ਛੋਟਾ ਨਾ ਕਰੀਂ... ਮੈਂ ਜੋ ਆਖਣ ਲੱਗਾ... ਸਮਝ...।''

ਇਹ ਪਹੇਲੀ ਜਿਹੀ ਪਾਈ ਜਾਣ, ਮੇਰਾ ਦਿਲ ਬੈਠਦਾ ਜਾਵੇ। ਮੈਂ ਕਾਹਲੀ ਪੈ ਗਈ,

''ਦੱਸੋ ਛੇਤੀ... ਮੇਰੇ ਦਿਲ ਨੂੰ ਕੁਛ ਹੋਈ ਜਾਂਦਾ? '' ਇਹਨਾਂ ਢਿੱਲਾ ਜਿਹਾ ਮੂੰਹ ਬਣਾ ਲਿਆ,



''ਗੱਲ ਤਾਂ ... ਕੁਛ ਖਾਸ... ਨਈਂ... ਡਾ. ਸਾਹਿਬ... ਕਹਿੰਦੇ...।''

''ਕੀ ਕਹਿੰਦੇ ਡਾ. ਸਾਹਿਬ...?''

ਹਰ ਗੱਲ ਮੈਂ ਇਹਨਾਂ ਦੇ ਮੂੰਹ 'ਚੋਂ ਖੋਹਣ ਲੱਗੀ, ਦਿਲ ਮੇਰਾ ਧੱਕ ਧੱਕ ਕਰੀ ਜਾਵੇ।

''ਹੈਂ ...ਅ... ਕੀ ਕਹਿੰਦੇ? ਦੱਸਦੇ ਕਿਉਂ ਨਈਂ !''

''ਆਂਹਦੇ ਬਈ, ਤੁਸੀਂ... ਨਈਂ ... ਬਣ ਸਕਦੇ। ''

ਇਹਨਾਂ ਮੂੰਹ ਦੂਜੇ ਪਾਸੇ ਕਰ ਲਿਆ। ਮੈਂ ਲਪਕ ਕੇ ਇਹਨਾਂ ਦੇ ਸਾਹਮਣੇ ਹੋ ਗਈ, ਇਹਨਾਂ ਘੁੱਟ ਕੇ ਮੈਨੂੰ ਛਾਤੀ ਨਾਲ ਲਾ ਲਿਆ। ਮੈਂ ਛਾਤੀ ਨਾਲ ਲੱਗੀ ਨੇ ਕਾਹਲੀ ਪੈ ਕੇ ਪੁੱਛਿਆ,

''ਕੀ ... ਕੀ ਨਈਂ ਬਣ ਸਕਦੇ? ''

''ਮੰਮੀ-ਡੈਡੀ।''

ਗੱਲ ਕਰਦੇ ਇਹ ਖੜ੍ਹੇ ਸੀ। ਝੱਟ ਦੇਣੀ ਆਖ ਕੇ ਕੁਰਸੀ ਤੇ ਬਹਿ ਗਏ। ਗੋਡਿਆ ਪਰਨੇ, ਮੈਂ ਵੀ ਇਹਨਾਂ ਦੀਆਂ ਲੱਤਾਂ 'ਤੇ ਸਿਰ ਸੁੱਟ ਕੇ ਫੁੱਟ ਫੁੱਟ ਕੇ ਰੋਣ ਲੱਗੀ। ਮੈਨੂੰ ਲੱਗੇ ਕਿ ਮੈਂ ਸੱਚਮੁੱਚ ਦੀ ਕੌੜ ਵੇਲ ਆ। ਜੀਹਨੂੰ ਕੌੜੀ ਹੋਣ ਕਰਕੇ ਫ਼ਲ ਫੁੱਲ ਨਈਂ ਲਗਦੇ। ਕੁੜੀਆਂ ਨੂੰ ਕਹਿ ਜੁ ਦਿੰਦੇ ਕੌੜੀ ਵੇਲ ਵਾਂਗੂੰ ਵਧਦੀਆਂ।''

ਮੈਨੂੰ ਉਹ ਵੇਲਾ ਅੱਜ ਵੀ ਯਾਦ ਆਉਂਦਾ। ਦਿਲ 'ਚ ਆਉਂਦੀ, ਮੈਂ ਬਚ ਕਿਵੇਂ ਗਈ, ਮਰੀ ਕਿਉਂ ਨਾ ਉਸ ਵੇਲੇ। ਆਪੇ ਸੋਚਦੀ, ਜਮਣਾ-ਮਰਣਾ ਕੋਈ ਇਨਸਾਨ ਦੇ ਵੱਸ ਆ। ਸ੍ਰਿਸ਼ਟੀ ਦੀ ਡੋਰ ਉਹਦੇ ਹੱਥ 'ਚ ... ਅਸੀਂ ਤਾਂ ਸਿਰਫ਼ ਕੱਠਪੁੱਤਲੀਆਂ।

ਉਦੋਂ ਮੰਮੀ ਜੀ ਪਾਠ ਕਰਦੇ ਸੀ, ਮੇਰਾ ਰੋਣਾ ਸੁਣ ਕੇ ਵਿਚੋਂ ਉੱਠ ਕੇ ਆ ਗਏ। ਉਹਨਾਂ ਨੂੰ ਤਾਂ ਪਹਿਲਾਂ ਸਾਰਾ ਕੁਝ ਪਤਾ ਸੀ। ਸਿਰਫ਼ ਮੇਰੇ ਤੋਂ ਲਕੋ ਰੱਖਿਆ ਸੀ। ਮੈਨੂੰ ਰੋਂਦੀ ਦੇਖ, ਰੋਈ ਜਾਣ, ਨਾਲੇ ਪਿਆਰ ਕਰੀ ਜਾਣ,

''ਤੈਨੂੰ ਕਿਹਾ ਕਿਸੇ ਕੁਛ?''

''ਨਈਂ...... ਮੰਮੀ ਜੀ ਮੈਂ ਬਾਂਝ ਆਂ। ''

ਮੈਂ ਉਹਨਾਂ ਦੇ ਗਲ ਨਾਲ ਚੰਬੜ ਕੇ ਧਾਹਾਂ ਮਾਰਨ ਲੱਗੀ। ਉਹ ਵੀ ਹੌਂਰੂੰ-ਹੌਂਰੂੰ ਹੋ ਗਏ। ਪਰ ਹਿੰਮਤ ਨਾ ਛੱਡੀ,

''ਚੱਲ ਕਮਲੀ ਨਾ ਹੋਵੇ ਤੇ... ਰੱਬ ਨੇ ਤੈਨੂੰ ਕਿਆ ਸੋਹਣਾ ਹੀਰੇ ਵਰਗਾ ਲਾਲ ਦਿੱਤਾ... ਸ਼ੁਕਰ ਕਰ ਓਹਦਾ ... ਆ ਆ ਕਰਦੇ ਨੇ ਤੇਰੇ ਕੁੱਛੜੋਂ ਨ੍ਹੀਂ ਲ੍ਹਿਆ ਕਰਨ। ਉਹਨੇ... ਫੇ ਤੂੰ ਸਾਨੂੰ 'ਵਾਜ਼ਾਂ ਮਾਰਿਆ ਕਰਨੀਆਂ... ਫੜੋ ਏਹਨੂੰ ... ਬਹੁ ਸ਼ਰਾਰਤੀ ਹੋ ਗਿਆ... ਤੰਗ ਕਰਦਾ ਮੈਨੂੰ ...।''

ਮੰਮੀ ਜੀ ਗੱਲ ਨੂੰ ਟਾਲਣ, ਹਾਸੇ 'ਚ ਪਾਉਣ, ਦਿਲਬਰੀਆਂ ਦੇਈ ਜਾਣ, ਉੱਠ ਕੇ ਦੀਵਾਨ 'ਤੇ ਲੰਮੇ ਪੈ ਗਏ। ਟਿਕਟਿਕੀ ਲਈ ਘੜੀ ਵੱਲ ਵੇਖੀ ਜਾਣ। ਮੈਂ ਨਿੰਮੋਝੂਣੀ ਮੰਮੀ ਦਾ ਹੱਥ ਫੜ੍ਹ ਕੇ ਬੈਠੀ, ਮੰਮੀ ਨੇ ਉਪਰ ਵੱਲ ਵੇਖਿਆ,

''ਵਾਹਵਾ ਨ੍ਹੇਰਾ ਹੋ ਗਿਆ, ਕੋਈ ਕੋਈ ਤਾਰਾ ਵੀ ਚਮਕਣ ਲੱਗ ਪਿਆ ਸੀ... ਉਠ, ਮੂੰਹ-ਹੱਥ ਧੋ ਕੇ ਪਾਠ ਕਰਲਾ, ਤੇਰਾ ਚਿੱਤ ਹੋਰ ਥਾਂ ਪਊ... ਕੱਲ੍ਹ ਨੂੰ ਐਸ ਵੇਲੇ ਦੇਖੀ, ਕਿੱਦਾਂ ਕਾਕੇ ਦੀਆਂ ਕਿਲਕਾਰੀਆਂ ਨਾ ਘਰ ਗੂੰਜਦਾ।''

ਉਦਣ ਮੰਮੀ ਜੀ ਨੇ ਰਸੋਈ ਸਾਂਭੀ। ਰਾਤ ਨੂੰ ਸਾਡੇ ਨਾਲ ਵੀ ਸੁੱਤੇ। ਦੇਰ ਰਾਤ ਤੱਕ ਗੱਲਾਂ ਕਰਦੇ ਰਹੇ। ਉਹਨਾਂ ਦੀ ਕੋਈ ਗੱਲ ਮੈਨੂੰ ਸੁਣੇ, ਕੋਈ ਨਾ। ਇਹ ਛੇਤੀ ਪਾਸਾ ਵੱਟ ਕੇ ਸੌਂ ਗਏ। ਮੇਰੇ ਅੰਦਰ ਕੁਛ ਟੁੱਟਦਾ, ਕੁਛ ਜੁੜਦਾ ਰਿਹਾ। ਬੱਚੇ ਦੀਆਂ ਕਿਲਕਾਰੀਆਂ, ਹੱਸਣਾ ਰੋਣਾ, ਮਾਂ-ਮਾਂ, ਮੰਮੀ-ਮੰਮੀ, ਪਾਪਾ-ਪਾਪਾ ਮੈਨੂੰ ਸੁਣਦਾ ਰਿਹਾ। ਮੈਨੂੰ ਚੱਜ ਨਾ ਨੀਂਦ ਨਾ ਆਈ, ਜਾਗੋ ਮੀਟੀ 'ਚ ਮੈਂ ਆਹਾਂ ਭਰ ਭਰ ਹੱਸਦੀ ਰਹੀ। ਸਵੇਰ ਹੋਣੀ, ਅਸੀਂ ਉਠੇ, ਮੰਮੀ ਜੀ ਉਦਾਸੇ-ਉਦਾਸੇ ਖ਼ੁਸ਼ ਸਨ। ਆਖਣ ਲੱਗੇ,

''ਛੇਤੀ ਨਾ ਖਾ ਪੀ ਕੇ ਤਿਆਰ ਹੋ ਜੋ। ਆਪਾਂ ਕਾਕੇ ਨੂੰ ਲੈਣ ਜਾਣਾ। ਅੱਜ ਤੁਹਾਡੇ ਬਾਪੂ ਜੀ ਜਿਉਂਦੇ ਹੁੰਦੇ, ਉਹਨਾਂ ਡਾਢੇ ਚਾਅ 'ਚ ਹੋਣਾ ਸੀ। ਆਂਹਦੇ ਹੁੰਦੇ ਸੀ, ਜਦ ਮੇਰੇ ਪੋਤਾ ਹੋਇਆ, ਮੈਂ ਗੱਜ ਵੱਜ ਕੇ ਪਾਰਟੀ ਕਰੂੰ... ਕੋਠੇ ਚੜ੍ਹ ਕੇ ਪੁੱਠੀਆਂ ਛਾਲਾਂ ਮਾਰੂੰ, ਮੈਂ ਆਖਣਾ, 'ਮੈਂ ਵੀ ਦੇਖੂੰ, ਤੁਸੀਂ ਕੈਂ ਪੁੱਠੀਆਂ ਛਾਲਾਂ ਮਾਰਦੇਂ।'' ਰੱਬ ਦੀ ਮਾਇਆ, ਉਹਨੂੰ ਕੁਛ ਹੋਰ ਵੀ ਮਨਜ਼ੂਰ ਸੀ... ਬੰਦੇ ਦੇ ਕੀ ਵੱਸ।''

ਫੇ ਆਪਣੇ ਕਮਰੇ 'ਚੋਂ ਦੀ ਹੁੰਦੇ ਪਿੱਛੇ ਸਟੋਰ 'ਚ ਚਲੇ ਗਏ। ਉਥੇ ਜਾ ਕੇ ਇਹਨਾਂ ਨੂੰ 'ਵਾਜ਼ਾ ਮਾਰਨ, ਇਹਨਾਂ ਨਾਲ ਮੈਂ ਵੀ ਸਟੋਰ 'ਚ ਚਲੇ ਗਈ। ਮੰਮੀ ਜੀ ਪੇਟੀ 'ਤੇ ਰੱਖੇ ਟਰੰਕ ਉਪਰ ਖੜੇ। ਬਾਹਾਂ ਪਰਛੱਤੀ ਵੱਲ ਚੱਕੀਆਂ ਹੋਈਆਂ, ਹੱਥਾਂ 'ਚ ਕੁਛ ਫੜ੍ਹਿਆ ਹੋਇਆ, ਮੰਮੀ ਜੀ ਵੱਲ ਵੇਖ ਕੇ ਇਹ ਕੋਲ ਹੋ ਕੇ ਹੈਰਾਨੀ ਨਾਲ ਬੋਲੇ,

''ਮੰਮੀ ਇਹ ਕੀ? ''

''ਉਪਰ ਚੜ੍ਹ ਕੇ ਲਾਹ...।''

ਮੁੜ੍ਹਕਾ ਆਇਆ ਹੋਇਆ, ਸਾਹ ਚੜ੍ਹਿਆ ਹੋਇਆ, ਮੰਮੀ ਜੀ ਹੱਸ ਪਏ,

''ਪੰਘੂੜਾ... ਆਪਣਾ ਖਾਨਦਾਨੀ...।''

ਇਹਨਾਂ ਪੇਟੀ 'ਤੇ ਚੜ੍ਹ ਕੇ ਪੰਘੂੜਾ ਹੇਠਾਂ ਉਤਾਰਿਆ। ਬਾਅਦ 'ਚ ਮੰਮੀ ਜੀ ਨੂੰ ਵੀ ਚੁੱਕ ਕੇ ਪੇਟੀ ਤੋਂ ਲਾਹਿਆ। ਮੰਮੀ ਜੀ ਨੇ ਪੰਘੂੜੇ ਨੂੰ ਬਹੁਤ ਸੋਹਣੇ ਢੰਗ ਨਾਲ ਪੈਕ ਕਰਕੇ ਰੱਖਿਆ ਹੋਇਆ ਸੀ, ਪੈਕਿੰਗ ਖੋਲ੍ਹੀ ਜਾਣ। ਗੱਲਾਂ ਕਹੀ ਜਾਣ,

''ਤੁਸੀਂ ਦੋਵੇਂ ਭੈਣ-ਭਰਾ ਏਹਦੇ 'ਚ ਪਲੇ... ਤੁਰਾਡੀ ਦਾਦੀ ਜੀ ਦੱਸਦੀ ਹੁੰਦੀ ਸੀ, ਤੁਹਾਡੇ ਬਾਪੂ ਜੀ ਤੇ ਦਾਦਾ ਜੀ ਵੀ ... ਆਂਹਦੇ ਹੁੰਦੇ ਸੀ, ਏਹਨੂੰ ਖਰਾਬ ਨਾ ਕਰਿਆ ਜੇ ਤੋੜਿਓ ਨਾ... ਆਪਣੇ ਜੱਗੂ ਦੇ ਨਿੱਕੇ-ਨਿਆਣੇ ਏਹਦੇ 'ਚ ਝੂਲਿਆ ਕਰਨਗੇ। ਮੇਰਾ ਪੋਤਾ ਵੱਡੀਆਂ ਉਮਰਾਂ ਵਾਲਾ ਹੋਵੇ, ਕਰਮਾਂ ਭਾਗਾਂ ਵਾਲਾ ਹੋਵੇ। ਇੰਦਰ ਬੇਟੀ, ਆਪਣੀ ਮੰਮੀ ਹੋਰਾਂ ਨੂੰ ਵੀ ਫੋਨ ਕਰ ਦੇਣਾ ਸੀ, ਅੱਜ ਉਹ ਵੀ ਆ ਜਾਂਦੇ।''

''ਮੰਮੀ ਤੁਸੀਂ ਆਪ ਈ ਕਰਿਓ।'' ਖੁਮਾਰੀ ਜਹੀ 'ਚ ਮੈਂ ਕਿਹਾ ਸੀ।

ਦੋਹਾਂ ਕੁੜਮਣੀਆਂ ਦੀ ਆਪਸ ਵਿਚੋਂ ਸਹੇਲੀਆਂ ਵਾਂਗ ਬਣਦੀ। ਡੈਡੀ ਜੀ ਮੇਰੇ ਘੱਟ ਬੋਲਦੇ, ਬਾਪੂ ਜੀ ਗਾਲ੍ਹੜੀ ਸਨ। ਸਾਡੇ ਬਾਪੂ ਜੀ ਚਾਰ ਸਾਲ ਪਹਿਲਾਂ ਹਾਰਟ ਅਟੈਕ ਨਾਲ ਪੂਰੇ ਹੋ ਗਏ । ਨਿਮਰ, ਚੰਗੇ, ਰੱਬ ਨੂੰ ਮੰਨਣ ਵਾਲੇ ਸਨ।

ਆਪਣੇ ਸਹੁਰੇ ਘਰ ਆ ਕੇ ਆਪਣੇ ਪੇਕਿਆ ਨੂੰ ਮੈਂ ਜਿੱਦਾਂ ਭੁੱਲ ਈ ਗਈ ਸਾਂ। ਸ਼ੁਰੂ ਸ਼ੁਰੂ ਵਿਚ ਛੇਤੀ ਛੇਤੀ ਮਿਲ ਆਈਦਾ ਸੀ, ਬਾਅਦ 'ਚ ਕਿੰਨਾ ਕਿੰਨਾ ਚਿਰ ਪੇਕੇ ਜਾਂਦੀ ਨਾ... ਹੁਣ ਵੀ ਛੇ ਮਹੀਨੇ ਹੋ ਗਏ ਗਈ ਨੂੰ... ਘੰਟੇ ਦਾ ਰਾਹ ਸਾਰਾ। ਮੇਰੀ ਮੰਮੀ, ਦੋਵੇਂ ਭਰਜਾਈਆਂ ਬਹੁਤ ਜ਼ੋਰ ਲਾਉਂਦੀਆਂ। ਚਾਰ ਦਿਨ ਸਾਡੇ ਕੋ ਰਹਿ ਜਾ। ਜਦ ਕਦੇ ਮਿਲਣ ਜਾਨੀ, ਆਉਣ ਲੱਗਾ ਤਾਂ ਮੇਰੇ ਭਤੀਜੇ ਭਤੀਜੀਆਂ ਲੱਤਾਂ ਨੂੰ ਚਿੰਬੜ ਜਾਣਗੇ, ਕੋਈ ਪਰਸ ਲਕੋਊ, ਕੋਈ ਜੁੱਤੀ,

''ਭੂਈ ਜੀ ਅੱਜ ਸਾਡੇ ਕੋ ਰਹਿ ਜੋ ਨਾ।''

''ਅਗਲੀ ਵਾਰ ਆਈ ਤਾਂ ਰਹੂੰਗੀ।''

ਹਰ ਵਾਰ ਮੈਂ ਏਹੋ ਲਾਰਾ ਲਾਉਂਨੀ। ਇਹਨਾਂ ਨੂੰ ਮੈਂ ਪਹਿਲੋਂ ਈ ਕਹਿ ਦੇਣਾ, 'ਜੇ ਤੁਹਾਨੂੰ ਕਹਿਣ ਛੱਡ ਜਾ।' ਕਹਿ ਦਿਓ 'ਸਾਡਾ ਸਰਦਾ ਨ੍ਹੀਂ'

ਇਹ ਹਰ ਵਾਰ ਮਲ੍ਹਕ ਜਹੇ ਬੁੱਲ ਹਿਲਾ ਦੇਣਗੇ, ਜੇ ਮੈਨੂੰ ਪੁੱਛਿਆ ਮੈਂ ਕਹਿ ਦੇਣਾ ਚਾਰ ਦਿਨ ਕੀ, ਮਹੀਨਾ ਰੱਖ ਲਓ, ਨਾਲੇ ਮੇਰੀ ਜਾਨ ਸੌਖੀ।''

ਮੈਂ ਤੀੜੀਆ ਪਾ ਲੈਨੀ, ਕਹਿ ਕੇ ਦੇਖਿਓ ਤਾਂ।'' ਮੈਂ ਕਈ ਵਾਰ ਸੋਚਦੀ, ਕੁੜੀਆਂ ਪਤਾ ਨ੍ਹੀਂ ਪੇਕੇ ਜਾ ਕੇ ਕਿੰਨਾ ਕਿੰਨਾ ਚਿਰ ਕਿੱਦਾਂ ਕੱਟਦੀਆਂ। ਮੇਰਾ ਆਪਣੇ ਪਤੀ ਤੇ ਸੱਸ ਬਗ਼ੈਰ ਜੀ ਨ੍ਹੀ ਲਗਦਾ। ਮੈਂ ਸਾਉਣ ਮਹੀਨਾ ਵੀ ਨ੍ਹੀਂ ਕੱਟਣ ਗਈ ਸੀ। ਮੈਂ ਮੰਮੀ ਜੀ ਨੂੰ ਪਹਿਲਾਂ ਈ ਕਹਿਤਾ ਸੀ। ਮੰਮੀ ਜੀ ਮੈਂ ਮਹੀਨੇ ਲਈ ਪੇਕੇ ਨ੍ਹੀਂ ਜਾਣਾ। ਤੁਸੀਂ ਜਾਣਾ, ਭਾਵੇਂ ਚਲੇ ਜਾਈਓ, ਨਈਂ ਤਾਂ ਆਪਾਂ ਇਕ-ਦੂਜੇ ਕੋਲੋਂ ਘੁੰਡ ਕੱਢ ਲਿਆ ਕਰਾਂਗੀਆਂ। ਬਾਪੂ ਜੀ ਬੜੇ ਖੁਸ਼ ਹੋਏ, ਕਹਿੰਦੇ , 'ਠੀਕ ਕਹਿੰਦੀ ਸਾਡੀ ਧੀ।' ''

ਘਰ 'ਚ ਕੋਈ ਹਿੜਕ ਝਿੜਕਦੀ ਕੋਈ ਕਮੀ ਹੁੰਦੀ, ਸ਼ਾਇਦ ਮੇਰਾ ਵੀ ਦਿਲ ਪੇਕੇ ਜਾਣ ਨੂੰ ਕਰਦਾ।

ਕਮੀ ਮੈਨੂੰ ਏਹੋ ਮੇਰੀ ਕੁੱਖ ਹਰੀ ਨਈਂ ਹੋਈ। ਮੇਰੀ ਗੋਦ ਸੁੰਨੀ ਸੀ। ਉਸ ਸਿਰਜਣਹਾਰ ਨੇ ਇਹ ਵੀ ਢੋਅ-ਮੇਲਾ ਬਣਾਤਾ, ਮੇਰੀ ਗੋਦ ਭਰਤੀ, ਪਿਆਰਾ ਜਿਹਾ ਨਿੱਕਾ ਜਿਹਾ ਲੱਕੀ ਮੇਰੀ ਝੋਲੀ ਪਾਤਾ। ਲੱਕੀ ਨਾਂ ਬੜਾ ਲੱਕੀ, ਬੜਾ ਲੱਕੀ ਕਰਦਿਆਂ ਪੱਕ ਗਿਆ, ਏਹਦੇ ਆਹਰ 'ਚ ਮੈਂ ਆਪਣਾ ਥੋੜਾ ਦੁੱਖ ਭੁੱਲ ਗਈ। ਪਹਿਲਾਂ-ਪਹਿਲਾਂ ਕਿਸੇ ਵੇਲੇ ਮਨ 'ਚ ਆ ਜਾਣੀ,



''ਜੇ ਮੇਰੇ ਬੇਟੇ ਦੀ ਮਾਂ ਦੀ ਮਮਤਾ ਜਾਗ ਪਈ।''

ਸੋਚ ਕੇ ਵੀ ਮੈਨੂੰ ਧੁਰ ਅੰਦਰ ਤੱਕ ਕਾਂਬਾਂ ਛਿੜ ਪੈਣਾ। ਮੈਨੂੰ ਇਹ ਵੀ ਪਤਾ ਸੀ, ਇਸ ਤਰ੍ਹਾਂ ਨਈਂ ਹੋ ਸਕਦਾ। ਕਾਗਜ਼ਾਂ 'ਚ ਸਾਰਾ ਲਿਖ ਲ਼ਿਖਾ ਹੋਇਆ । ਅਸੀਂ ਏਹਦੇ ਅਸੂਲੀ ਮਾਂ-ਬਾਪ ਆ। ਜਨਮ ਦੇਣ ਵਾਲਿਆ ਤਾਂ ਕਦੇ ਮੋਹ ਦਿਖਾਇਆ ਵੀ ਨ੍ਹੀਂ। ਹੁਣ ਤਾਂ ਇਹ ਸਾਡੇ ਵਿੱਚ ਵੀ ਰਚ-ਮਿਚ ਗਿਆ। ਹੂਬਹੂ ਮੁਹਾਂਦਰਾ ਮੇਰੇ ਵਰਗਾ। ਕੋਈ ਦੇਖ ਕੇ ਕਹਿ ਨ੍ਹੀਂ ਸਕਦਾ ਮੈਂ ਏਹਦੀ ਮਾਂ... । ਏਦਾਂ ਈ ਕਦੇ ਕਦੇ ਦਿਲ ਦੀ ਕਿਸੇ ਨੁੱਕਰ 'ਚ ਖੱਭੀ ਹੋਈ ਛਿੱਲਤ ਪੀੜ ਕਰਨ ਲੱਗ ਜਾਂਦੀ। ਮਨ 'ਚ ਇਹ ਵੀ ਆਉਂਦਾ ਕਿਤੇ ਕੋਈ ਏਹਨੂੰ ਸਾਡੇ ਵਿਰੁੱਧ ਭੜਕਾ ਨਾ ਦੇਵੇ। ਜਿੱਦਾਂ ਵਧਾਈਆਂ ਦੇਣ ਆਈਆਂ ਮੁਹੱਲੇ ਦੀਆਂ ਤੀਵੀਆਂ ਘੁਸਰ ਮੁਸਰ ਕਰਦੀਆਂ ਸੀ,

''ਵਕਤ ਦੱਸੂ, ਬਗਾਨੇ ਬੋਹੜ ਦੀ ਛਾਂ ਨਸੀਬਾ 'ਚ ਹੁੰਦੀ ਕਿ ਨਈਂ।''

ਸੁਣ ਕੇ ਸਾਡੇ ਨੂੰਹ-ਸੱਸ ਦੇ ਕੰਨ ਖੜ੍ਹੇ ਹੋ ਗਏ, ਮੰਮੀ ਜੀ ਨੇ ਮੇਰੇ ਸਿਰ 'ਤੇ ਪਿਆਰ ਨਾਲ ਹੱਥ ਫੇਰਿਆ, ਗੁੱਸੇ ਨਾਲ ਤੀਵੀਆਂ ਨੂੰ ਸੁਣਾ ਕੇ ਕਹਿਣ ਲੱਗੇ,

''ਦਿਲ ਨੂੰ ਨਾ ਲਾਵੀਂ, ਕਿਸੇ ਦੀ ਗੱਲ... ਬਗਾਨਾ ਨਈਂ ਇਹ... ਬੋਹੜ ਸਾਡਾ ਆਪਣਾ ਆਪਣੇ ਹੱਥੀਂ ਅਸੀਂ ਆਪ, ਵਿਹੜੇ ਆਪਣੇ 'ਚ ਲਾਇਆ। ਸਾਰੀ ਉਮਰ ਪਿਆਰ ਦਾ ਪਾਣੀ ਪਾਵਾਂਗੇ। ਅਸੀਂ ਏਹਦੀ ਨਿੱਘੀ ਛਾਂ ਵੀ ਮਾਣਾਂਗੇ... ਲੋਕਾਂ ਦੇ ਐਵੇਂ ਢਿੱਡ ਦੁਖਦੈ।''

ਮੰਮੀ ਜੀ ਦੀਆਂ ਕਰਾਰੀਆਂ ਕਰਾਰੀਆਂ ਸੁਣ ਕੇ ਤੀਵੀਂ ਹੀਂ ਹੀਂ ਕਰਨ ਲੱਗ ਪਈ,

''ਭਾਗਾਂ ਵਾਲਾ ਹੋਵੇ ਭੈਣ ਕਾਕਾ।''

ਕਾਕਾ ਹੁਣ ਵੱਡਾ ਹੋ ਗਿਆ। ਮੰਮੀ ਕਈ ਵਾਰ ਕਹਿ ਚੁੱਕੇ ਪੰਘੂੜਾ ਚੁੱਕ ਕੇ ਪਰਛੱਤੀ 'ਤੇ ਰੱਖ ਦਿਓ। ਮੇਰਾ ਦਿਲ ਨਈਂ ਮੰਨਦਾ, ਮੈਂ ਆਪਣੇ ਕਮਰੇ 'ਚ ਵੀ ਇਕ ਪਾਸੇ ਰੱਖਿਆ ਹੋਇਆ। ਮੈਂ ਉਹਦੇ ਵੱਲ ਉਹ ਮੇਰੀ ਵੱਲ ਇਕਟੱਕ ਵੇਖਦਾ ਰਹਿੰਦਾ। ਆਸ ਦੀ ਕੰਨੀ ਮੈਂ ਅਜੇ ਛੱਡੀ ਨਈਂ। ਹਰ ਵਾਰੀ ਹਫਤਾ ਕੁ ਉਪਰ ਹੁੰਦਾ, ਚਾਅ ਜਿਆ ਚੜ੍ਹਨ ਲਗਦਾ... ਅੱਠੀਂ ਨੌਂਈਂ ਦਿਨੀਂ ਨਿਰਾਸ਼ ਹੋ ਜਾਨੀ। ਡਾ. ਨੂੰ ਪੁੱਛਿਆ, ਕਹਿੰਦਾ, ਏਥੇ ਕੁ ਆ ਕੇ ਦਿਲ ਉਪਰ-ਥੱਲੇ ਹੋ ਜਾਂਦੇ। ਅੱਜ-ਕੱਲ ਏਸ ਉਮਰ 'ਚ ਲੋਕਾਂ ਦੇ ਦਿਲ ਉਪਰ-ਥੱਲੇ ਹੋ ਜਾਂਦੇ। ਅੱਜ ਕੱਲ ਲੋਕਾਂ ਦੇ ਵਿਆਹ ਈ ਹੁੰਦੇ ਆ। ਅਜੇ ਉਮਰ ਹੈ ਮੇਰੀ... ਹੋ ਸਕਦਾ... ਨਈਂ ਤਾਂ... ਸੋਚਦੀ ਆ... ਕੋਈ ਬਾਹਰਲਾ ਏਹਦੇ ਕੰਨ 'ਚ ਜ਼ਹਿਰ ਨਾ ਭਰ ਦੇਵੇ, ਜਰਾ ਵੱਡੇ ਹੋਏ ਨੂੰ ਆਪ ਈ... ਸਾਰਾ ਕੁਛ ਔਖਾ ਵੀ ਲਗਦਾ। ਹੋਰ ਕੋਈ ਰਾਹ ਵੀ ਨਈਂ। ... ਲੱਕੀ ਲੱਕੀ... ਧੁਰ ਅੰਦਰੋਂ ਆਵਾਜ਼ ਨਿਕਲਦੀ ਮੇਰੇ ਨਾ ਦਿਸੇ, ਦਿਲ ਨੂੰ ਕੁਛ ਹੋਣ ਲਗਦਾ ਕਈ ਵਾਰ ਖੋਹ ਪੈਣ ਲਗਦੀ... ਦਿਲ ਕਾਹਲਾ ਪੈਣ ਲਗਦਾ... ਆਪੇ ਹੱਥ ਜੁੜ ਜਾਂਦੇ... ਰੱਬਾ ਭੁੱਲ ਜਾ... ਇੱਕ ਮੇਰੇ ਆਪਣੇ ... ਅੱਖਾਂ 'ਚੋਂ ਪਾਣੀ ਵਗਣ ਲਗਦਾ... ਲੱਕੀ ਦੌੜਿਆ ਆਉਂਦਾ, ਮੰਮਾ ਜੀ... ਮੰਮਾ ... ਅੱਖਾਂ ਪੂੰਝ ਕੇ ਉਨੂੰ ਹਿੱਕ ਨਾਲ ਲਾ ਲੈਨੀ... ਮੇਰਾ ਬੱਚਾ !''੦

*ਪਤਾ- ਮੁਹੱਲਾ ਸੁਰੈਣਿਆਂ, ਬੀ-3/119, ਨੂਰਮਹਿਲ-144039, ਜ਼ਿਲਾ ਜਲੰਧਰ*

## ਨੋਨਾ / ਇੰਦਰਜੀਤ ਪਾਲ ਕੌਰ

ਜਦੋਂ ਮੈਂ ਪਹਿਲੀ ਵਾਰ ਉਸ ਨੂੰ ਵੇਖਿਆ, ਉਹ ਪੈਰਾਂ ਭਾਰ ਥੋੜ੍ਹਾ ਅੱਗੇ ਝੁਕ ਕੇ ਬੈਠੀ ਹੋਈ ਸੀ। ਉਸ ਨੇ ਆਪਣੀਆਂ ਹੱਥੇਲੀਆਂ ਜ਼ਮੀਨ 'ਤੇ ਇਓਂ ਰੱਖੀਆਂ ਹੋਈਆਂ ਸਨ, ਜਿਵੇਂ ਡੱਡੂ ਛਾਲ ਮਾਰਨ ਲਈ ਤਿਆਰ ਬੈਠਾ ਹੋਵੇ। ਧਨੁਸ਼ ਵਾਂਗ ਮੁੜੀ ਕਮਰ ਵਾਲੀ ਇਕ ਔਰਤ ਉਸਦੀ ਪਿੱਠ ਤੇ ਲੱਕੜੀ ਦਿਆਂ ਫਟਿਆਂ ਦਾ ਗੱਠਾ ਬੰਨ੍ਹ ਰਹੀ ਸੀ। ਮੈਂ ਅਜੇ ਸੋਚ ਹੀ ਰਹੀ ਸਾਂ ਕਿ ਇਹ ਅੱਲ੍ਹੜ ਏਨਾ ਭਾਰ ਕਿਵੇਂ ਚੁੱਕੇਗੀ। ਤਾਂ ਔਰਤ ਨੇ ਉਸ ਨੂੰ ਹੱਥ ਦਾ ਸਹਾਰਾ ਦਿੱਤਾ ਤੇ ਲੜਕੀ ਇੰਜ ਉੱਠ ਕੇ ਖੜੀ ਹੋ ਗਈ, ਜਿਵੇਂ ਕੋਈ ਕਮਾਨੀ ਖੁੱਲ੍ਹ ਗਈ ਹੋਵੇ। ਫਿਰ ਉਹ ਥੋੜਾ ਅੱਗੇ ਝੁਕ ਕੇ ਬੋਚ-ਬੋਚ ਪੈਰ ਰੱਖਦੀ, ਗੁਣਗੁਣਾਉਂਦੀ ਹੋਈ ਸੱਪ ਵਾਂਗ ਵਲ ਖਾਂਦੀ ਪਹਾੜ ਦੀ ਉਸ ਪਗਡੰਡੀ 'ਤੇ ਵੱਧਣ ਲੱਗੀ ਜਿਸ ਤੇ ਆਪਣੇ ਹੀ ਸ਼ਰੀਰ ਦਾ ਭਾਰ ਚੁੱਕ ਕੇ ਚੜ੍ਹਦਿਆਂ ਮੇਰਾ ਸਾਹ, ਦਮੇਂ ਦੇ ਰੋਗੀ ਦੇ ਸਾਹ ਵਾਂਗ ਫੂਲਣ ਲਗ ਪੈਂਦਾ ਸੀ।

ਮੈਂ ਉਸ ਨਾਲ ਕਦਮ ਮਿਲਾ ਕੇ ਤੁਰਨ ਦੀ ਬੜੀ ਕੋਸ਼ਿਸ਼ ਕੀਤੀ ਪਰ ਸਾਹ ਫੁੱਲਣ ਕਾਰਨ ਮੇਰੀ ਚਾਲ

ਹੌਲੀ ਹੀ ਰਹੀ। ਕੁਝ ਦੇਰ ਬਾਅਦ ਮੈਨੂੰ ਉਸ ਦੀ ਗੁਣਗੁਣਾਹਟ ਸੁਣਨੀ ਬੰਦ ਹੋ ਗਈ। ਹੁਣ ਉਹ ਮੇਰੇ ਤੋਂ ਕਾਫ਼ੀ ਅੱਗੇ ਲੰਘ ਚੁੱਕੀ ਸੀ। ਥੋੜ੍ਹੀ ਹੋਰ ਚੜ੍ਹਾਈ ਚੜ੍ਹਨ ਤੋਂ ਬਾਅਦ ਜਦ ਮੈਂ ਸਾਹ ਲੈਣ ਲਈ ਰੁਕੀ ਤਾਂ ਉਹ ਮੈਨੂੰ ਵੀਹ ਕੁ ਗਜ਼ ਦੂਰ ਢਲਾਨ ਤੋਂ ਉਤਰਦੀ ਵਿਖਾਈ ਦਿੱਤੀ।

ਕੁਝ ਹੇਠਾਂ ਦੇਵਤਿਆਂ ਦੀ ਥਾਲੀ ਵਾਂਗ ਗੋਲ ਪੱਧਰੀ ਜ਼ਮੀਨ ਸੀ। ਜਿਥੇ ਸੇਬਾਂ ਦੀਆਂ ਪੇਟੀਆਂ ਬਣਾਉਣ ਵਾਲੀਆਂ ਫਟੀਆਂ ਦਾ ਵੱਡਾ ਢੇਰ ਲੱਗਾ ਹੋਇਆ ਸੀ। ਤਿੰਨ ਬੱਚੇ ਪੁਰਾਣੇ ਘਸਮੈਲੇ ਕੱਪੜੇ ਪਾਈ, ਆਪਣੀ-ਆਪਣੀ ਉਮਰ ਮੁਤਾਬਕ ਭਾਰ ਚੁੱਕੀ ਪਹਿਲਾਂ ਹੀ ਉਥੇ ਪਹੁੰਚ ਚੁੱਕੇ ਸਨ। ਸਭ ਤੋਂ ਛੋਟਾ ਲੜਕਾ ਲਗਭਗ ਸੱਤ ਸਾਲਾਂ ਦਾ ਸੀ। ਉਹ ਆਪਣੇ ਹਿੱਸੇ ਦਾ ਭਾਰ ਜ਼ਮੀਨ 'ਤੇ ਰੱਖ ਕੇ ਛੋਟੇ-ਛੋਟੇ ਕੰਕਰਾਂ ਨਾਲ ਦੂਰ ਪਏ ਪੱਥਰਾਂ 'ਤੇ ਖਿਲਰੇ-ਖਿਲਰੇ ਨਿਸ਼ਾਨੇ ਲਗਾ ਰਿਹਾ ਸੀ। ਜਿਵੇਂ ਪੱਥਰ ਹੀ ਉਸਦੇ ਖਿਡੌਣੇ ਹੋਣ ਤੇ ਭਾਰ ਚੁੱਕਣਾ ਹੀ ਉਸਦੀ ਖੇਡ। ਮੇਰੇ ਉਥੇ ਪਹੁੰਚਣ ਤੋਂ ਪਹਿਲਾਂ ਹੀ ਉਹ ਲੜਕੀ ਕਿਸੇ ਪਹਾੜੀ ਗੀਤ ਦੀ ਧੁੰਨ ਵਿਚ ਲਿਪਟੀ ਆਪਣਾ ਭਾਰ ਜ਼ਮੀਨ 'ਤੇ ਰੱਖ ਕੇ ਇਕ ਉਦਾਸ ਚਟਾਨ 'ਤੇ ਮੂਰਤੀ ਬਣੀ ਬੈਠੀ ਸੀ।

ਅਧਖੜ ਉਮਰ ਦਾ ਇਕ ਆਦਮੀ ਜੋ ਸ਼ਾਇਦ ਉਨ੍ਹਾਂ ਬੱਚਿਆਂ ਦਾ ਪਿਤਾ ਸੀ। ਉਨ੍ਹਾਂ ਦੀਆਂ ਲਿਆਂਦੀਆਂ ਛੁੱਟੀਆਂ ਨੂੰ ਤਰਤੀਬ ਵਿਚ ਇਕ ਤੋਂ ਉਪਰ ਇਕ ਰੱਖ ਕੇ ਇੰਝ ਟਿਕਾ ਰਿਹਾ ਸੀ, ਜਿਵੇਂ ਆਪਣੀਆਂ ਅਪੂਰਨ ਇਛਾਵਾਂ ਨੂੰ ਸਮੇਟ ਰਿਹਾ ਹੋਵੇ। ਕੁਝ ਦੇਰ ਬਾਦ ਬੱਚਿਆਂ ਦੀ ਮਾਂ ਵੀ ਉਥੇ ਆਸਾਂ ਦੀ ਕਿਰਨ ਵਾਂਗ ਪਹੁੰਚ ਗਈ। ਅਰਾਮ ਨਾਲ ਜ਼ਮੀਨ 'ਤੇ ਬੈਠ ਕੇ ਉਸ ਨੇ ਆਪਣੇ ਥੈਲੇ ਵਿਚੋਂ ਖਾਣ ਦਾ ਕੁਝ ਸਮਾਨ ਕੱਢਿਆ ਤੇ ਬੱਚਿਆ ਵਿੱਚ ਪ੍ਰਸ਼ਾਦ ਦੀ ਤਰ੍ਹਾਂ ਵੰਡਣ ਲੱਗੀ। ਫਿਰ ਮੇਰੇ ਵੱਲ ਵੇਖ ਕੇ ਉਸ ਨੇ ਝਿਜਕਦੇ ਜਿਹੇ ਕਿਹਾ, "ਆਓ ਜੀ, ਤੁਸੀਂ ਵੀ ਕੁਝ ਖਾ ਲਓ ਜੀ।"

ਮੇਰੀ ਜਿਵੇਂ ਬਿਰਤੀ ਭੰਗ ਹੋਈ। ਮੈਨੂੰ ਚੇਤਾ ਆਇਆ ਕਿ ਮੈਂ ਵੀ ਅਜੇ ਨਾਸ਼ਤਾ ਨਹੀਂ ਕੀਤਾ।

"ਨਹੀਂ, ਨਹੀਂ ਤੁਸੀਂ ਖਾਓ।"

ਕਹਿ ਕੇ ਮੈਂ ਉਸ ਸੰਤੁਸ਼ਟ ਪਰਿਵਾਰ ਵਿੱਚ ਆਪਣੀ ਅਣਚਾਹੀ ਹੋਂਦ ਦਾ ਅਹਿਸਾਸ ਨਾਲ ਲੈ ਕੇ ਆਪਣੇ ਹੋਟਲ ਦੇ ਕਮਰੇ ਵੱਲ ਪਰਤ ਆਈ।

ਦੂਜੀ ਵਾਰ ਜਦੋਂ ਮੈਂ ਉਸ ਲੜਕੀ ਨੂੰ ਵੇਖਿਆ ਤਾਂ ਉਹ ਇਉਂ ਸ਼ਾਹੀ ਚਾਲ ਚਲਦੀ ਕਲੱਬ ਵਲ ਆ ਰਹੀ ਸੀ। ਜਿਵੇਂ ਕੋਈ ਸ਼ਹਿਜ਼ਾਦੀ ਮੁਗ਼ਲ ਗਾਰਡਨ ਵਿਚ ਸੈਰ ਲਈ ਨਿਕਲੀ ਹੋਵੇ। ਹਲਕਾ-ਹਲਕਾ ਮੀਂਹ ਪੈ ਰਿਹਾ ਸੀ। ਜਿਸ ਦੀ ਪਰਵਾਹ ਕੀਤੇ ਬਿਨਾਂ ਮੁੰਡੇ-ਕੁੜੀਆਂ ਇਸਤਰੀ-ਪੁਰਸ਼ ਬੁੱਢੇ ਬੁੱਢੇ ਸਾਰੇ ਇਧਰ-ਉਧਰ ਇਸ ਤਰ੍ਹਾਂ ਘੁੰਮ ਰਹੇ ਸਨ। ਜਿਵੇਂ ਕਿਸੇ ਰਿਸ਼ਤੇਦਾਰ ਦੇ ਗਵਾਚੇ ਬੱਚੇ ਨੂੰ ਲਭ ਰਹੇ ਹੋਣ। ਮੈਂ ਆਪਣੇ ਹੋਟਲ ਦੀ ਬਾਲਕੋਨੀ ਵਿਚ ਬੈਠੀ ਮੇਲੇ ਵਰਗਾ ਇਹ ਨਜ਼ਾਰਾ ਵੇਖ ਰਹੀ ਸੀ।

ਟਹਿਲਦੇ ਹੋਏ ਲੋਕਾਂ ਵਿਚੋਂ ਨਾ ਤਾਂ ਕਿਸੇ ਦੀ ਚਾਲ ਵਿਚ ਪਹਿਲੇ ਤੋੜ ਦੀ ਸ਼ਰਾਬ ਵਰਗੀ ਮਾਦਕਤਾ ਸੀ ਤੇ ਨਾ ਹੀ ਪਹਾੜੀ ਬਚਪਨ ਦੀ ਮਾਸੂਮੀਅਤ ਜਿਹੋ ਜਿਹੀ ਉਸ ਲੜਕੀ ਵਿਚ ਸੀ।

ਥੋੜ੍ਹੀ ਦੇਰ ਬਾਅਦ ਉਹ ਲੜਕੀ ਕਲੱਬ ਹਾਊਸ ਦੀ ਬਾਲਕੋਨੀ ਦੇ ਵਧੇ ਹੋਏ ਛੱਜੇ ਥੱਲੇ ਆ ਕੇ ਖੜੀ ਹੋ ਗਈ। ਸੁਭਾਵਕ ਹੀ ਇਕ ਬਾਂਹ ਸਿਰ ਉਤੇ ਰੱਖੀ ਖੜ੍ਹੀ ਉਹ ਅਜੰਤਾ ਦੀ ਮੂਰਤ ਲੱਗ ਰਹੀ ਸੀ। ਉਸ ਦੀ ਨਜ਼ਰ ਦੂਰ ਬੁੱਢੇ ਦੇਵਦਾਰ ਦੇ ਦਰਖਤਾਂ ਦੀਆਂ ਜਵਾਨ ਬੱਦਲਾਂ ਨਾਲ ਗੱਲਾਂ ਕਰਦੀਆਂ ਟਹਿਣੀਆਂ ਵਿੱਚ ਪਤਾ ਨੀਂ ਕੀ ਲੱਭ ਰਹੀ ਸੀ।

ਰੰਗ-ਬਰੰਗੇ ਕੱਪੜੇ ਅਤੇ ਗਹਿਣੇ ਪਾਈ ਇਸਤਰੀ-ਪੁਰਸ਼ ਦੇਸ਼ ਦੇ ਕੋਨੇ-ਕੋਨੇ ਤੋਂ ਪਹਾੜਾਂ ਦੀ ਗੋਦ ਵਿਚ ਸਥਿਤ ਇਸ ਰਮਣੀਕ ਸਥਾਨ ਤੇ ਛੁੱਟੀਆਂ ਬਿਤਾਉਣ ਆਏ ਹੋਏ ਸਨ। ਰੰਗਾਂ ਦਾ ਸਮੁੰਦਰ ਉਮੜ ਰਿਹਾ ਸੀ। ਪਰ ਇਸ ਸਭ ਤੋਂ ਬੇਖਬਰ ਉਹ ਪਤਾ ਨਹੀਂ ਕੀ ਸੋਚ ਰਹੀ ਸੀ। ਸਭ ਤੋਂ ਅਲੱਗ, ਤਪਦੀ ਧੁੱਪ ਵਿੱਚ ਹਵਾ ਦੇ ਠੰਡੇ ਬੁੱਲ੍ਹੇ ਦੀ ਤਰ੍ਹਾਂ। ਬੱਦਲਾਂ ਵਿਚ ਇੰਦਰ ਧਨੁਸ਼ ਦੇ ਰੰਗਾਂ ਦੀ ਤਰ੍ਹਾਂ ਉਸਦੇ ਕਾਲੇ-ਘੁੰਗਰਾਲੇ ਵਾਲ਼ ਭਿੱਜ ਕੇ ਗੋਰੇ ਮੱਥੇ ਤੇ ਖਿਲਰ ਗਏ ਸਨ। ਵੱਡੀਆਂ ਵੱਡੀਆਂ ਕਮਲ ਦੇ ਫੁੱਲਾਂ ਦੀ ਪੰਖੜੀਆਂ ਵਰਗੀਆਂ ਅੱਖਾਂ ਵਿਚ ਨੀਲੇ ਅਕਾਸ਼ ਦੇ ਪਰਛਾਵੇਂ ਜਿਵੇਂ ਰੁਕ ਗਏ ਹੋਣ। ਚੈਰੀ ਦਾ ਰਸ ਚੂਸ ਕੇ ਲਾਲ ਹੋਏ ਬੁੱਲ੍ਹ। ਦੁੱਧ-ਚਿੱਟੇ ਰੰਗ ਵਿਚ ਘੁਲਿਆ ਸੇਬਾਂ ਦਾ ਰਸ। ਲੜਕੀ ਕੀ ਸੀ, ਜਿਉਂਦੀ ਜਾਗਦੀ ਤਸਵੀਰ ਸੀ।

ਮੀਂਹ ਹੁਣ ਪੁਰਾਣੀ ਵਿਧਵਾ ਦੇ ਹੰਝੂਆਂ ਵਾਂਗ ਰੁਕ ਗਿਆ ਸੀ। ਉਹ ਲੜਕੀ ਕਲੱਬ ਹਾਊਸ ਦੇ ਪਿਛਵਾੜਿਓ ਹੋ ਕੇ ਉਪਰ ਜਾਣ ਵਾਲੀ ਪਤਲੀ ਪਗਡੰਡੀ ਤੇ ਚੜ੍ਹਨ ਲੱਗੀ। ਮੈਂ ਤੇਜ਼ ਕਦਮੀਂ ਉਸ ਦੇ ਪਿਛੇ



ਪਿੱਛੇ ਚੱਲ ਪਈ। ਉਹ ਸੇਬ ਦੀਆਂ ਪੇਟੀਆਂ ਬਣਾਉਣ ਵਾਲੀਆਂ ਫੱਟੀਆਂ ਦੇ ਢੇਰ ਵੱਲ ਜਾ ਰਹੀ ਸੀ। ਮੇਰੇ ਉਥੇ ਪਹੁੰਚਣ ਤੋਂ ਪਹਿਲਾਂ ਹੀ ਉਹ ਪਰਿਵਾਰ ਦੇ ਦੂਸਰੇ ਮੈਂਬਰਾਂ ਨਾਲ ਬੈਠੀ ਹੋਈ ਸੀ। ਉਸ ਦਾ ਪਿਤਾ ਲਕੜਾਂ ਨੂੰ ਮੀਂਹ ਤੋਂ ਬਚਾਉਣ ਲਈ ਕਾਲੀ ਤਰਪਾਲ ਨਾਲ ਢੱਕ ਰਿਹਾ ਸੀ।

"ਕੀ ਨਾਂਅ ਹੈ ਤੇਰਾ?" ਉਸਦੇ ਕੋਲ ਗਿੱਲੇ ਪੱਥਰ ਤੇ ਬੈਠਦਿਆਂ ਮੈਂ ਪੁੱਛਿਆ।

"ਜੀ ਨੋਨਾ।"

ਉਸ ਨੇ ਹੌਲੀ ਜਹੀ ਜਵਾਬ ਦਿੱਤਾ। ਇਉਂ ਲੱਗਿਆ ਜਿਵੇਂ ਕਿਸੇ ਨੇ ਭੁਲਿਆ ਹੋਇਆ ਗੀਤ ਗੁਣ ਗੁਣਾਇਆ ਹੋਵੇ। ਮੇਰਾ ਦਿਲ ਕੀਤਾ ਉਸ ਨੂੰ ਕਹਾਂ ਕਿ ਇਕ ਵਾਰ ਫੇਰ ਆਪਣਾ ਨਾਂਅ ਦੱਸ। ਪਰ ਕੋਲ ਖੜਾ ਉਸ ਦਾ ਪਿਤਾ ਕਿਤੇ ਮੈਨੂੰ ਬੋਲੀ ਨਾ ਸਮਝ ਲਵੇ, ਇਸ ਲਈ ਮੈਂ ਦੂਸਰਾ ਸਵਾਲ ਕੀਤਾ।

"ਕਿਹੜੀ ਕਲਾਸ ਵਿੱਚ ਪੜ੍ਹਦੀ ਏਂ?"

"ਜੀ ਅੱਠਵੀਂ ਵਿੱਚ।"

ਉਸੇ ਪਲ ਦੂਰੋਂ ਆਉਂਦੀਆਂ ਖੱਚਰਾਂ ਦੇ ਝੁੰਡ ਨਾਲ ਇਕ ਕੁੱਤੇ ਨੂੰ ਵੇਖ ਕੇ ਮੇਰਾ ਛੋਟਾ ਕੁੱਤਾ ਜ਼ੋਰ ਜ਼ੋਰ ਦੀ ਭੌਂਕਣ ਲੱਗ ਪਿਆ। ਮੈਂ ਵੇਖਿਆ ਨੋਨਾ ਦੀ ਨਜ਼ਰ ਉਨ੍ਹਾਂ ਖੱਚਰਾਂ 'ਤੇ ਜਾ ਕੇ ਰੁਕ ਗਈ। ਕੁੱਤਿਆਂ ਦਾ ਭੌਂਕਣਾ ਵਾਤਾਵਰਣ ਦੀ ਸ਼ਾਤੀ ਭੰਗ ਕਰ ਰਿਹਾ ਸੀ। ਇਸ ਲਈ ਆਪਣੇ ਕੁੱਤੇ ਨੂੰ ਲੈ ਕੇ, "ਅੱਛਾ ਚਲਦੀ ਹਾਂ।" ਕਹਿ ਕੇ ਮੈਂ ਆਪਣੇ ਹੋਟਲ ਵੱਲ ਚੱਲ ਪਈ।

ਜਦ ਤੱਕ ਮੈਂ ਹੇਠਲੀ ਪਗਡੰਡੀ ਤੋਂ ਹੋ ਕੇ ਹੋਟਲ ਪਹੁੰਚੀ ਖਚਰਾਂ ਦਾ ਝੁੰਡ ਉਪਰ ਵਾਲੀ ਪਗਡੰਡੀ ਤੋਂ ਹੋ ਕੇ ਸੇਬਾਂ ਦੇ ਬਾਗ ਤੱਕ ਪਹੁੰਚ ਗਿਆ ਸੀ। ਖਚੱਰਾਂ ਦੇ ਪਿੱਛੇ ਆ ਰਿਹਾ ਨੌਜਵਾਨ ਇਉਂ ਮਸਤੀ ਨਾਲ ਚੱਲ ਰਿਹਾ ਸੀ, ਜਿਵੇਂ ਖੱਚਰਾਂ ਹੱਕਣ ਤੋਂ ਵੱਡਾ ਦੁਨੀਆਂ ਵਿੱਚ ਹੋਰ ਕੋਈ ਕੰਮ ਹੀ ਨਾ ਹੋਵੇ। ਮੈਂ ਉਸ ਨੌਜਵਾਨ ਦਾ ਚਿਹਰਾ ਨਾ ਦੇਖ ਸਕੀ ਕਿਉਂਕਿ ਉਸਦੀ ਪਿੱਠ ਮੇਰੇ ਵੱਲ ਹੋ ਚੁੱਕੀ ਸੀ। ਪਰ ਮੈਨੂੰ ਯਕੀਨ ਸੀ ਕਿ ਏਨੀ ਮਸਤੀ ਤੇ ਆਤਮ-ਵਿਸ਼ਵਾਸ ਨਾਲ ਤੁਰਨ ਵਾਲਾ ਨੌਜਵਾਨ ਸੁਦਰਸ਼ਨ ਹੀ ਹੋਵੇਗਾ। ਅਤੇ ਨੋਨਾ ਦੀ ਨਜ਼ਰ ਬਿਨਾਂ ਸ਼ੱਕ ਖੱਚਰਾਂ ਉੱਤੇ 'ਤੇ ਨਹੀਂ ਰੁਕੀ ਹੋਵੇਗੀ।

ਅਗਲੀ ਸਵੇਰ ਜਦੋਂ ਮੈਂ ਸੈਰ ਲਈ ਨਿਕਲੀ ਤਾਂ ਥੋੜ੍ਹੀ ਹੀ ਦੂਰ ਮੈਨੂੰ ਖੱਚਰ ਆਉਂਦੇ ਦਿਖਾਈ ਦਿੱਤੇ। ਉਨ੍ਹਾਂ ਉੱਤੇ ਰੇਤ ਦੀਆਂ ਛੋਟੀਆਂ ਛੋਟੀਆਂ ਬੋਰੀਆਂ ਲੱਦੀਆਂ ਹੋਈਆਂ ਸਨ। ਖੱਚਰਾਂ ਦੇ ਪਿੱਛੇ ਉਹੀ ਕੱਲ੍ਹ ਵਾਲਾ ਨੌਜਵਾਨ ਤੁਰਿਆ ਆ ਰਿਹਾ ਸੀ। ਉਸ ਦੇ ਕਪੜਿਆ ਤੋਂ ਮੈਂ ਉਸ ਨੂੰ ਪਹਿਚਾਣ ਲਿਆ। ਮੈਂ ਆਪਣੇ ਛੋਟੇ ਕੁੱਤੇ ਨੂੰ ਚੁਕ ਕੇ ਇਕ ਪਾਸੇ ਖੜੀ ਹੋ ਗਈ। ਖੱਚਰ ਨੂੰ ਵੇਖ ਕੇ ਡਰ ਜਾਂਦਾ ਸੀ। ਨੌਜਵਾਨ ਮੇਰੇ ਕੋਲ ਪਹੁੰਚਿਆ ਤਾਂ ਉਸਦੇ ਖੂਬਸੂਰਤ ਚਿਹਰੇ 'ਤੇ ਗੁਲਾਬੀ ਪਹਾੜੀ ਮੁਸਕਾਨ ਫੈਲ ਗਈ।

"ਨਮਸਤੇ ਸਾਬ੍ਹ।" ਉਸ ਨੇ ਕੁਝ ਝਿਜਕਦੇ ਹੋਏ ਕਿਹਾ।

"ਨਮਸਤੇ!" ਮੇਰੇ ਲਹਿਜੇ ਵਿੱਚ ਅਪਣੱਤ ਸੀ। ਫਿਰ ਅਸੀਂ ਦੋਵੇਂ ਆਪਣੇ ਆਪਣੇ ਰਸਤੇ ਚੱਲ ਪਏ। ਨੌਜਵਾਨ ਉਸ ਪਾਸੇ ਜਿੱਥੇ ਉਚਾਈ 'ਤੇ ਇਕ ਹੋਟਲ ਬਣ ਰਿਹਾ ਸੀ ਅਤੇ ਮੈਂ ਪਹਾੜ ਦੀ ਢਲਵਾਨ ਵੱਲ, ਜਿਥੇ ਸੁਸਤ ਜਿਹਾ ਦਰਿਆ ਵਹਿ ਰਿਹਾ ਸੀ।

ਅੱਜ ਮੈਂ ਸੈਰ ਲਈ ਉਪਰ ਵਾਲੀ ਪਗਡੰਡੀ ਚੁਣੀ। ਥੋੜ੍ਹਾ ਉਤਾਂਹ ਜਾਣ ਤੇ ਧਰਤੀ ਪੱਧਰੀ ਸੀ। ਜਿੱਥੇ ਸੇਬਾਂ ਦੇ ਬਾਗ ਸਨ। ਉੱਥੇ ਦਰਖੱਤਾਂ ਦੇ ਝੁੰਡ ਵਿੱਚ ਨੋਨਾ ਦਾ ਘਰ ਸੀ। ਘਰ ਦਾ ਦਰਵਾਜ਼ਾ ਪੂਰਬ ਵੱਲ ਸੀ। ਦਰਵਾਜ਼ੇ ਦੇ ਨਾਲ ਵਾਲੀ ਅੱਧੀ ਦੀਵਾਰ ਤੇ ਸਫ਼ੈਦ ਜੰਗਲੀ ਗੁਲਾਬ ਦੀ ਵੇਲ਼ ਚੜ੍ਹੀ ਹੋਈ ਸੀ। ਵੇਲ਼ ਫੁੱਲਾਂ ਨਾਲ ਇੰਝ ਲੱਦੀ ਹੋਈ ਸੀ। ਜਿਵੇਂ ਪੂਰੀ ਦੀਵਾਰ ਹੀ ਗੁਲਾਬ ਦੇ ਫੁੱਲਾਂ ਤੋਂ ਬਣੀ ਹੋਵੇ। ਘਰ ਦੇ ਪਿੱਛਲੇ ਬਰਾਮਦੇ ਵਿਚ ਪੁਰਾਣਾ ਚਰਖਾ ਪਿਆ ਕਿਸੇ ਦੀ ਉਡੀਕ ਕਰ ਰਿਹਾ ਲਗਦਾ ਸੀ। ਸ਼ਾਇਦ ਕੋਈ ਬੁੱਢੀ ਔਰਤ ਉਸ ਚਰਖੇ 'ਤੇ ਸੂਤ ਕਤਦਿਆਂ, ਅਤੀਤ ਦੀਆਂ ਯਾਦਾਂ ਦਾ ਸਹਾਰਾ ਲੈ ਕੇ ਆਪਣਾ ਠੰਡਾ ਬੁਢਾਪਾ ਗੁਜ਼ਾਰਦੀ ਹੋਵੇਗੀ।

ਘਰ ਤੋਂ ਥੋੜ੍ਹੀ ਦੂਰ ਜੌਂ ਦੇ ਖੇਤ ਦੇ ਕਿਨਾਰੇ ਤੋਂ ਹੁੰਦੀ, ਆਪਣੀ ਚੰਚਲਤਾ ਪਹਾੜ ਦੀ ਢਲਾਣ 'ਤੇ ਛੱਡਦੀ ਹੋਈ ਸੁਸਤ ਪਤਲੀ ਜਲ-ਧਾਰਾ ਵਹਿ ਰਹੀ ਸੀ।

ਜੌਂ ਦੀ ਫ਼ਸਲ ਪੱਕ ਚੁੱਕੀ ਸੀ। ਨੋਨਾ ਅਤੇ ਉਸਦੀ ਮਾਂ ਜੌਂ ਵੱਢ ਕੇ ਉਸਦੀਆਂ ਛੋਟੀਆਂ ਛੋਟੀਆਂ ਭਰੀਆਂ ਬਣਾ ਕੇ ਰੱਖ ਰਹੀਆਂ ਸਨ। ਗੁਲਾਬ ਦੇ ਫੁੱਲਾਂ ਦੀ ਖ਼ੁਸ਼ਬੋ ਨਾਲ ਲੱਦਿਆਂ ਭਾਰੀ ਹਵਾ ਦਾ ਬੁੱਲ੍ਹਾ ਸ਼ਾਇਦ ਮੇਰੇ

ਦੁੱਪਟੇ ਕੋਲੋਂ ਨਿਕਲਣ ਲੱਗਿਆ ਉਸ ਦੀ ਥੋੜ੍ਹੀ ਜਿਹੀ ਖ਼ੁਸ਼ਬੋ ਚੁਰਾ ਲੈ ਗਿਆ ਸੀ। ਤਾਂਹੀਓ ਦੂਰ ਹੋਣ 'ਤੇ ਵੀ ਨੋਨਾ ਦੀ ਮਾਂ ਨੇ ਮੈਨੂੰ ਮੁੜ ਕੇ ਵੇਖਿਆ। ਜਦੋਂ ਮੈਂ ਉਸ ਦੇ ਕੋਲ ਪਹੁੰਚੀ ਤਾਂ ਉਸਦੀਆਂ ਅੱਖਾਂ ਵਿੱਚ ਪਹਿਚਾਣ ਬੱਦਲ ਦੀ ਛਾਂ ਵਾਂਗ ਉਤਰ ਆਈ।

ਤਾਜ਼ੀ ਵੱਢੀ ਜੌਂ ਦੀ ਫ਼ਸਲ ਵਿਚੋਂ ਵੀ ਖ਼ੁਸ਼ਬੂ ਲਹਿਰਾ ਕੇ ਉੱਠ ਰਹੀ ਸੀ। ਖ਼ੁਸ਼ਬੋ ਦੀ ਇਕ ਦੀਵਾਰ ਜਹੀ ਬਣ ਗਈ ਸੀ। ਜਿਸ ਦੇ ਸਹਾਰੇ ਮੈਂ ਖੜੀ ਹੋ ਗਈ। ਮੈਂ ਗੱਲ ਸ਼ੁਰੂ ਕਰਨ ਲਈ ਪੁੱਛਿਆ, "ਇਹ ਖੇਤ ਕਦੋਂ ਤੱਕ ਕੱਟਿਆ ਜਾਵੇਗਾ?"

"ਦੁਪਹਿਰ ਤੱਕ ਕੱਟਿਆ ਜਾਵੇਗਾ ਜੀ।"

ਉਸਦੇ ਸਿਰ 'ਤੇ ਬੰਨ੍ਹਿਆ ਪੀਲੇ ਰੰਗ ਦਾ ਕਪੜਾ ਥੋੜ੍ਹਾ ਪਿੱਛੇ ਸਰਕ ਗਿਆ। ਜਿਸ ਨੂੰ ਠੀਕ ਕਰਦਿਆਂ ਨੋਨਾ ਦੀ ਮਾਂ ਨੇ ਜਵਾਬ ਦਿੱਤਾ। ਪਲ ਭਰ ਲਈ ਉਸ ਦੇ ਫ਼ਸਲ ਕੱਟ ਦੇ ਹੱਥ ਰੁੱਕ ਗਏ।

"ਤੁਸੀਂ ਬੈਠੋ।" ਉਸ ਨੇ ਕੋਲ ਪਏ ਇਕ ਪੱਥਰ ਵੱਲ ਇਸ਼ਾਰਾ ਕੀਤਾ।

"ਜੌਂ ਕੱਟਣ ਤੋਂ ਬਾਅਦ ਖੇਤ ਵਿਚ ਹੀ ਬੀਜੋਗੇ?" ਮੈਂ ਪੱਥਰ ਤੇ ਬੈਠ ਦਿਆਂ ਪੁੱਛਿਆ !

"ਮੱਕੀ ਬੀਜਾਂਗੇ ਜੀ।"

"ਇਹ ਸਾਰਾ ਕੰਮ ਤੁਸੀਂ ਕੱਲੇ ਹੀ ਕਰੋਗੇ?"

"ਨਹੀਂ ਜੀ, ਮੈਂ ਤੇ ਮੇਰੀ ਲੜਕੀ ਦੋਵੇਂ ਕਰਾ ਗੀਆਂ।"

"ਤੇ ਤੁਹਾਡੇ ਪਤੀ?" ਮੈਨੂੰ ਉਤਸੁਕਤਾ ਹੋਈ।

"ਉਹ ਤੇ ਬਾਹਰ ਹੋਟਲ ਵਿੱਚ ਕੰਮ ਕਰਦੇ ਨੇ, ਸਾਮ ਨੂੰ ਘਰ ਆਉਂਦੇ ਨੇ ਜੀ।"

ਤਾਂਹੀਓਂ ਨੋਨਾ ਦਾ ਛੋਟਾ ਭਰਾ ਭੱਜਦਾ ਹੋਇਆ ਆਇਆ। ਉਸ ਦੀ ਮੈਲ਼ੀ ਕਮੀਜ਼ ਦੀ ਝੋਲੀ ਵਿੱਚ ਚੈਰੀ ਦੇ ਸੁਰਖ਼ ਗੁੱਛੇ ਨਜ਼ਰ ਆ ਰਹੇ ਸਨ। ਚਿਕਨੀ ਪਾਲਸ਼ ਕੀਤੀ ਲਗਦੀ ਚੈਰੀ ਦੇ ਗੋਲ ਛੋਟੇ-ਛੋਟੇ ਮੁਖੜਿਆਂ ਵਿਚੋਂ ਵੱਡੇ ਵੱਡੇ ਬਦਲਾਂ ਦੇ ਪਰਛਾਵੇਂ ਉਤਰ ਰਹੇ ਸਨ।

ਲੜਕੇ ਨੇ ਰੂਬੀ ਦੇ ਗੁਛਿਆਂ ਵਰਗੀ ਲਾਲ ਚੈਰੀ ਆਪਣੀ ਮਾਂ ਕੋਲ ਜ਼ਮੀਨ ਤੇ ਰੱਖ ਦਿੱਤੀ।

"ਇਹ ਲਓ ਜੀ। " ਨੋਨਾ ਦੀ ਮਾਂ ਨੇ ਲੰਬੀ ਹਰੀ ਪਤਲੀਆਂ ਡੰਡੀਆਂ ਵਾਲੇ ਚੈਰੀ ਦੇ ਕੁਝ ਗੁੱਛੇ ਮੇਰੇ ਵੱਲ ਵਧਾਏ। ਕੁਝ ਖਾਣ ਦਾ ਮਨ ਨਾ ਹੋਣ ਤੇ ਵੀ ਮੈਂ ਉਸਦਾ ਦਿਲ ਰੱਖਣ ਲਈ ਫ਼ਲ ਲਏ। ਉਹ ਵੀ ਕਟਾਈ ਛੱਡ ਕੇ ਫ਼ਲ ਖਾਣ ਲਗ ਪਈ।

"ਇਹ ਤੁਹਾਡੀ ਬੇਟੀ ਹੈ?"

ਪਤਾ ਹੋਣ ਦੇ ਬਾਵਜੂਦ ਵੀ ਮੈਂ ਨੋਨਾ ਵੱਲ ਵੇਖ ਕੇ ਪੁੱਛਿਆ,

"ਹਾਂ ਜੀ।" ਔਰਤ ਨੇ ਮੋਟੀ ਚੈਰੀ ਦੀ ਗੁਠਲੀ ਨੂੰ ਜੀਭ ਅਤੇ ਬੁੱਲ੍ਹਾਂ ਦੇ ਸਹਾਰੇ ਦੂਰ ਸੁੱਟਦੇ ਹੋਏ ਕਿਹਾ। ਇਸ ਤੋਂ ਪਹਿਲਾਂ ਕਿ ਮੈਂ ਕੁਝ ਹੋਰ ਪੁੱਛਦੀ ਨੋਨਾ ਦੀ ਮਾਂ ਨੇ ਆਪਣੀ ਭਾਸ਼ਾ ਵਿੱਚ ਨੋਨਾ ਨੂੰ ਕੁਝ ਕਿਹਾ। ਪਰ ਨੋਨਾ ਨੇ ਮੇਰੇ ਵੱਲ ਨਾ ਵੇਖਿਆ। ਜਿਵੇਂ ਉਸ ਨੂੰ ਮੇਰੇ ਉਥੇ ਹੋਣ ਦਾ ਅਹਿਸਾਸ ਹੀ ਨਾ ਹੋਵੇ। ਹਮੇਸ਼ਾ ਦੀ ਤਰ੍ਹਾਂ ਉਹ ਮੈਨੂੰ ਆਪਣੇ ਸੁਪਨਿਆਂ ਵਿੱਚ ਗਵਾਚੀ ਲੱਗੀ ਸਾਰੀ ਦੁਨੀਆਂ ਤੋਂ ਬੇਖਬਰ ਉਹ ਫਸਲ ਕੱਟ ਰਹੀ ਸੀ।

"ਕਿੰਨੇ ਬੱਚੇ ਹਨ ਤੁਹਾਡੇ?" ਗੋਲ ਚੈਰੀ ਰਸ ਮੁਕਤ ਹੋਣ ਤੋਂ ਪਹਿਲਾਂ ਮੇਰੇ ਦੰਦਾ ਥੱਲੇ ਪੂਰੀ ਤਰ੍ਹਾਂ ਨਾ ਦਬਾ ਹੋਣ ਕਰਕੇ ਇਧਰ-ਉਧਰ ਫਿਸਲੀ।

"ਜੀ ਚਾਰ, ਤਿੰਨ ਲੜਕੇ ਅਤੇ ਇਕ ਲੜਕੀ।" ਉਹ ਨਵੀਂ ਦੁਲਹਣ ਵਾਂਗ ਸ਼ਰਮਾਈ।

"ਇਹ ਪੀਲਾ ਕੱਪੜਾ ਜੋ ਤੁਸੀਂ ਸਿਰ 'ਤੇ ਬੰਨ੍ਹਿਆ ਹੈ ਇਹ ਤੁਹਾਡੀ ਲੜਕੀ ਨੇ ਕਿਉਂ ਨਹੀਂ ਬੰਨ੍ਹਿਆ?"

ਇਸ ਵਾਰ ਮੈਂ ਇਕ ਵੱਡੀ ਚੈਰੀ ਨੂੰ ਸਿੱਧਾ ਮੂੰਹ ਵਿੱਚ ਨਾ ਰੱਖ ਕੇ ਦੰਦਾ ਨਾਲ ਕਟਿਆ ਤਾਂ ਕਿਸੇ ਅਤ੍ਰਿਪਤ ਹਿਰਦੇ ਵਿਚੋਂ ਵਗਦੇ ਖ਼ੂਨ ਵਰਗਾ ਲਾਲ ਰਸ ਮੇਰੀ ਠੋਡੀ ਤੱਕ ਵਗ ਗਿਆ।

ਜਦ ਤਕ ਮੈਂ ਆਪਣੇ ਬਟੂਏ ਵਿਚੋਂ ਰੁਮਾਲ ਕੱਢ ਕੇ ਠੋਡੀ ਪੂੰਝਦੀ ਰਹੀ, ਉਹ ਔਰਤ ਮੇਰੇ ਵੱਲ ਵੇਖਦੀ ਰਹੀ। ਫਿਰ ਉਸ ਨੇ ਮੇਰੇ ਸਵਾਲ ਦਾ ਜਵਾਬ ਦਿੱਤਾ, "ਹਾਲੇ ਇਸਦਾ ਵਿਆਹ ਨਹੀਂ ਹੋਇਆ ਨਾ ਜੀ। ਇਹ 'ਥੀਪੂ' ਵਿਆਹ ਤੋਂ ਬਾਅਦ ਬੰਨ੍ਹਦੇ ਨੇ ਜੀ। ਕੁਆਰੀਆਂ ਇਹ ਨਹੀਂ ਬੰਨ੍ਹਦੀਆਂ ਜੀ।"

ਪਹਿਲੀ ਵਾਰ ਉਸ ਨੇ ਕੋਈ ਗੱਲ ਮੈਨੂੰ ਵਿਸਥਾਰ ਨਾਲ ਦੱਸੀ।

ਤਾਂਹੀਓ ਦੂਰੋਂ ਆਉਂਦੀਆਂ ਖੱਚਰਾਂ ਦੇ ਗਲ ਵਿੱਚ ਬੰਨ੍ਹੀਆਂ ਘੰਟੀਆਂ ਦੀ ਆਵਾਜ਼ ਹੌਲੀ-ਹੌਲੀ ਨੇੜੇ



ਆਉਣ ਲੱਗੀ। ਇਹ ਇਸ ਗਲ ਦਾ ਸੰਕੇਤ ਸੀ ਕਿ ਖੱਚਰਾਂ ਇਸੇ ਪਗਡੰਡੀ ਤੋਂ ਹੋ ਕੇ ਨਿਕਲਣਗੀਆਂ ਕੁਝ ਚਿਰ ਬਾਅਦ ਹੀ ਚੜ੍ਹਾਈ ਚੜ੍ਹਦਾ ਖੱਚਰਾਂ ਦਾ ਮੁੱਖੀ ਵਿਖਾਈ ਦਿੱਤਾ।

ਜਦ ਘੰਟੀਆਂ ਦੀ ਆਵਾਜ਼ ਆਣੀ ਸ਼ੁਰੂ ਹੋਈ ਤਾਂ ਮੇਰੀ ਨਜ਼ਰ ਅਚਾਨਿਕ ਹੀ ਨੋਨਾ ਤੇ ਪਈ। ਉਸ ਦੇ ਜੌਂ ਕੱਟਦੇ ਹੱਥ ਇਉਂ ਰੁਕ ਗਏ ਸਨ ਜਿਵੇਂ ਘੰਟੀਆਂ ਵਿਚੋਂ ਨਿਕਲਣ ਵਾਲੀ ਆਵਾਜ਼ ਦੀਆਂ ਤਰੰਗਾਂ ਨੇ ਉਹਨਾਂ ਨੂੰ ਬੰਨ੍ਹ ਲਿਆ ਹੋਵੇ। ਜੌਂ ਦੇ ਸਿੱਟਿਆਂ ਵਿਚੋਂ ਉਲਝੀ ਉਸਦੀ ਨਜ਼ਰ ਹੁਣ ਪਗਡੰਡੀ 'ਤੇ ਵਿਛ ਗਈ। ਜਦੋਂ ਦੂਰ ਤੋਂ ਖੱਚਰਾਂ ਦਾ ਮਾਲਕ ਆਉਂਦਾ ਦਿਸਿਆ ਤਾਂ ਉਸ ਦੀ ਨਜ਼ਰ ਫੇਰ ਸਿਟਿਆਂ 'ਤੇ ਪਰਤ ਗਈ। ਨੋਨਾ ਨੇ ਉਸ ਨੂੰ ਵੇਖ ਲਿਆ ਸੀ, ਜਿਸਦੀ ਉਡੀਕ ਉਹ ਸਵੇਰ ਤੋਂ ਕਰ ਰਹੀ ਸੀ।

ਜਿਸ ਦੇ ਰਾਹ ਤੇ ਏਹੋ ਜਿਹੀ ਜਾਦੂ ਭਰੀ ਨਜ਼ਰ ਵਿੱਛ ਜਾਏ, ਉਸਦੀ ਬਰਾਬਰੀ ਭਲਾ ਕੋਈ ਰਾਜ ਕੁਮਾਰ ਵੀ ਕੀ ਕਰੇਗਾ।

ਨੋਨਾ ਕੋਲੋਂ ਲੰਘਦਾ ਹੋਇਆ ਉਹ ਨੌਜਵਾਨ ਕੁਝ ਪਲ ਰੁਕਿਆ। ਉਸ ਦਾ ਚਿਹਰਾ ਗੁਲਾਬ ਵਾਂਗ ਖਿੜ ਗਿਆ। ਜਿਸ ਤਰ੍ਹਾਂ ਅਵਾਰਾ ਬੱਦਲ ਨੂੰ ਚੰਨ ਦੀਆਂ ਠੰਡੀਆਂ ਰਿਸ਼ਮਾਂ ਨੇ ਛੂਹ ਲਿਆ ਹੋਵੇ।

ਜਾਂਦੇ-ਜਾਂਦੇ ਉਸ ਨੌਜਵਾਨ ਨੇ ਦੋ-ਤਿੰਨ ਵਾਰ ਪਿੱਛੇ ਮੁੜਕੇ ਨੋਨਾ ਵੱਲ ਵੇਖਿਆ ਜਿਸ ਤਰ੍ਹਾਂ ਸ਼ਾਮ ਬੀਤਣ ਤੋਂ ਪਹਿਲਾਂ ਸੁਨਹਿਰੀ ਕਿਰਨਾਂ ਵਿੱਚ ਲਿਪਟੀ ਧਰਤੀ ਨੂੰ ਆਕਾਸ਼ ਆਖਰੀ ਵਾਰ ਵੇਖਦਾ ਹੈ। ਨੋਨਾ ਦੀਆਂ ਝੁਕੀਆਂ ਨਜ਼ਰਾਂ ਵੀ ਇਕ-ਜੋ ਵਾਰ ਉਠੀਆਂ। ਮੈਂ ਚੋਰੀ-ਚੋਰੀ ਉਹਨਾਂ ਨੂੰ ਇਕ ਦੂਜੇ ਵੱਲ ਚੋਰੀ-ਚੋਰੀ ਦੇਖਦਿਆਂ ਦੇਖ ਰਹੀ ਸਾਂ। ੦ ੦ ੦

ਗਰਮੀ ਦੀ ਹੁੰਮਸ ਭਰੀ ਸ਼ਾਮ। ਫੁੱਲ ਬੂਟੇ ਵੀ ਥੱਕੇ ਥੱਕੇ। ਬਿਨਾ ਟਹਿਣੀਆਂ ਪੱਤੇ ਹਿਲਾਏ ਖੜੇ ਸਨ। ਪੰਛੀਆਂ ਦੀ ਚਹਿਕ 'ਤੇ ਜਿਵੇਂ ਕਰਫਿਊ ਲਗ ਗਿਆ ਹੋਵੇ। ਬੱਸ ਦੂਰ ਕਿਤੇ ਨਵੇਂ ਬਣਦੇ ਮਕਾਨ ਦੀ ਖਿੜਕੀ ਵਿੱਚ ਕਿੱਲ ਠੋਕਣ ਦੀ ਠਕ ਠਕ ਦੀ ਅਵਾਜ਼ ਭਾਰੇ ਵਾਤਾਵਰਣ ਦੀ ਗਰਮ ਸ਼ਾਤੀ ਭੰਗ ਕਰ ਰਹੀ ਸੀ।

ਸੱਦਾ ਪੱਤਰ 'ਤੇ ਰਾਤ ਅੱਠ ਵਜੇ ਦਾ ਸਮਾਂ ਦਿੱਤਾ ਗਿਆ ਸੀ। ਪਰ ਮੇਰੀਆਂ ਦੋਵੇਂ ਬੇਟੀਆਂ ਨੇ ਸ਼ਾਮ ਛੇ ਵਜੇ ਤੋਂ ਹੀ ਤਿਆਰੀ ਸ਼ੁਰੂ ਕਰ ਦਿੱਤੀ ਸੀ। ਮੈਂ ਜਾਣਦੀ ਹਾਂ ਕਿ ਉਨ੍ਹਾਂ ਨੂੰ ਤਿਆਰ ਹੋਣ ਲਈ ਦੋ ਘੰਟੇ ਵੀ ਘੱਟ ਹਨ। ਹਮੇਸ਼ਾ ਵਾਂਗ ਮੈਨੂੰ ਯਕੀਨ ਸੀ ਕਿ ਜਦ ਤੱਕ ਮੇਰੇ ਪਤੀ ਕਾਰ ਵਿਚ ਬੈਠ ਕੇ ਚਾਰ ਪੰਜ ਵਾਰ ਹਾਰਨ ਨਹੀਂ ਵਜਾਣਗੇ। ਮੇਰੀਆਂ ਬੇਟੀਆਂ ਘਰੋਂ ਬਾਹਰ ਨਹੀਂ ਨਿਕਲਣਗੀਆਂ।

ਮੇਰਾ ਖਿਆਲ ਠੀਕ ਸੀ। ਮੇਰੇ ਪਤੀ ਨੇ ਤੀਸਰੀ ਵਾਰ ਕਾਰ ਦੇ ਹਾਰਨ 'ਤੇ ਹੱਥ ਰੱਖ ਕੇ ਦੇਰ ਤੱਕ ਨਾ ਚੁਕਿਆ। ਹਾਰਨ ਦੀ ਤੇਜ਼ ਆਵਾਜ਼ ਗਰਮੀ ਦੀ ਤਪਸ਼ ਵਿੱਚ ਘੁਲ਼ ਕੇ ਮੇਰੇ ਦਿਮਾਗ਼ 'ਤੇ ਵਜ ਰਹੀ ਸੀ। ਮੇਰਾ ਸਿਰ ਦਰਦ ਵਧ ਗਿਆ। ਤਦੇ 'ਓ ਪਾਪਾ !' ਕਹਿੰਦੀ ਹੋਈ ਪਹਿਲਾਂ ਛੋਟੀ ਬੇਟੀ ਅਤੇ ਉਸ ਦੇ ਪਿੱਛੇ ਭੱਜਦੀ ਵੱਡੀ ਬੇਟੀ ਬਾਹਰ ਆਈ। ਗੇਟ ਤੇ ਲੱਗੇ ਬਲੱਬ ਦੀ ਤੇਜ਼ ਰੌਸ਼ਨੀ ਵਿੱਚ ਚਮਕਦਾ ਉਨ੍ਹਾਂ ਦਾ ਸ਼ਿੰਗਾਰ ਮੇਰੀਆਂ ਅੱਖਾਂ ਨੂੰ ਚੁੱਭ ਗਿਆ। ਲੜਕੀਆਂ ਦੁਲਹਨਾ ਲਗ ਰਹੀਆਂ ਸਨ।

ਮੇਰੀਆਂ ਅੱਖਾਂ ਸਾਹਮਣੇ ਨੋਨਾ ਦਾ ਸਾਦਾ ਤੇ ਭੋਲਾ ਚਿਹਰਾ ਘੁੰਮ ਗਿਆ। ਫ਼ਸਲ ਕਟਦਿਆਂ ਜੌਂ ਦੇ ਕੁਝ ਸਿੱਟੇ ਉਸਦੇ ਮੱਸਿਆ ਦੀ ਰਾਤ ਵਰਗੇ ਕਾਲੇ ਵਾਲਾਂ ਵਿੱਚ ਉਲਝ ਗਏ ਸਨ। ਜਿਹੜੇ ਉਸਦੇ ਵਾਲਾਂ ਵਿੱਚ ਫੁੱਲਾਂ ਨਾਲੋ ਵੱਧ ਖਿੜ ਰਹੇ ਸਨ। ਅੱਖਾਂ ਨੂੰ ਠੰਡਕ ਪਹੁੰਚਾਉਣ ਵਾਲਾ ਜੰਗਲੀ ਗੁਲਾਬ ਦੇ ਫੁੱਲ ਵਰਗਾ ਖਿੜਿਆ ਉਸਦਾ ਹੁਸਨ ਭੁਲਾਇਆ ਨਹੀਂ ਸੀ ਭੁੱਲਦਾ। ੦ ੦ ੦

ਸਮਾਂ ਖੰਭ ਲਗਾ ਕੇ ਉੜ ਜਾਂਦਾ ਹੈ। ਦੇਖਦੇ ਹੀ ਦੇਖਦੇ ਚਾਰ ਸਾਲ ਬੀਤ ਗਏ। ਮੇਰੀ ਵੱਡੀ ਬੇਟੀ ਨੇ ਦੋ ਸਾਲ ਪਹਿਲਾਂ ਬੀ. ਏ. ਕਰ ਲਈ ਸੀ। ਪਿੱਛਲੇ ਸਾਲ ਦੇ ਸ਼ੁਰੂ ਵਿੱਚ ਅਸੀਂ ਉਸਦਾ ਵਿਆਹ ਉਸੇ ਦੀ ਪਸੰਦ ਦੇ ਲੜਕੇ ਨਾਲ ਕਰ ਦਿੱਤਾ ਸੀ। ਲੜਕਾ ਆਈ. ਏ. ਐੱਸ. ਹੋਣ ਕਾਰਨ ਸਾਨੂੰ ਕੋਈ ਇਤਰਾਜ਼ ਨਹੀਂ ਸੀ। ਪਰ ਸਾਲ ਪੂਰਾ ਹੋਣ ਤੋਂ ਪਹਿਲਾਂ ਹੀ ਪਿਆਰ ਦਾ ਬੁਖਾਰ ਉਤਰਨ ਲੱਗ ਪਿਆ। ਬੇਟੀ ਦੇ ਪੇਕੇ ਰਹਿਣ ਦਾ ਸਮਾਂ ਹੌਲੀ ਹੌਲੀ ਵੱਧਣ ਲਗ ਗਿਆ। ਉਹੀ ਬੇਟੀ ਜੋ ਅੱਖ ਦਾ ਤਾਰਾ ਹੁੰਦੀ ਹੈ, ਵਿਆਹ ਤੋਂ ਬਾਅਦ ਪੇਕੇ ਜ਼ਿਆਦਾ ਰਹਿਣ ਕਰਕੇ ਅੱਖ ਵਿੱਚ ਕੱਖ ਵਾਂਗ ਚੁੱਭਣ ਲਗ ਪੈਂਦੀ ਹੈ।

ਫਿਰ ਇਕ ਦਿਨ ਬੇਟੀ ਨੇ ਐਲਾਨ ਕਰ ਦਿੱਤਾ ਕਿ ਉਹ ਸਹੁਰੇ ਨਹੀਂ ਜਾਵੇਗੀ। ਇਹ ਸੁਣ ਕੇ ਮੈਂ ਹੈਰਾਨ ਰਹਿ ਗਈ। ਕੁਝ ਵੀ ਬੋਲਿਆ ਨਾ ਗਿਆ। ਬੜੀ ਹਿੰਮਤ ਕਰਕੇ ਮੈਂ ਪੁੱਛਿਆ,

"ਕੀ ਗੱਲ ਹੈ ਬੇਟਾ ਚੰਗਾ ਘਰ ਹੈ। ਲੜਕੇ ਦਾ ਚੰਗਾ ਅਹੁਦਾ ਹੈ। ਇੱਜ਼ਤਦਾਰ ਹੈ, ਨੌਕਰ ਚਾਕਰ,

ਮੋਟਰ ਬੰਗਲਾਂ ਸਭ ਕੁਝ ਤੇ ਹੈ? ''

''ਪਰ ਮੰਮੀ ਇਸ ਤੋਂ ਇਲਾਵਾ ਵੀ ਤੇ ਇਨਸਾਨ ਨੂੰ ਕੁਝ ਚਾਹੀਦਾ ਹੈ। ''

ਬੇਟੀ ਨੇ ਨਹੁੰ ਰੰਗਦਿਆਂ ਬੜੀ ਲਾਪਰਵਾਹੀ ਨਾਲ ਕਿਹਾ ਜਿਸ ਤਰ੍ਹਾਂ ਨੇਲ ਪਾਲਿਸ਼ ਦਾ ਨਵਾਂ ਰੰਗ ਚਾਹੀਦਾ ਹੋਵੇ।

''ਕੀ ਚਾਹੀਦਾ ਹੈ?'' ਮੈਂ ਭਰੇ ਮਨ ਨਾਲ ਪੁੱਛਿਆ।

''ਲਵ ! ਪਿਆਰ।'' ਉਸ ਨੇ ਮੇਰੇ ਵੱਲ ਨਜ਼ਰ ਚੁੱਕ ਕੇ ਇਉਂ ਵੇਖਿਆ ਜਿਵੇਂ ਕਹਿ ਰਿਹਾ ਹੋਵੇ, ''ਪਤਾ ਹੈ ਲਵ ਕੀ ਹੁੰਦਾ ਹੈ?''

''ਪਰ ਤੂੰ ਤੇ ਪ੍ਰੇਮ ਵਿਆਹ ਕੀਤਾ ਹੈ।''

ਮੇਰੇ ਮੂੰਹੋਂ ਘਬਰਾਹਟ ਵਿੱਚ ਇੰਝ ਨਿਕਲਿਆ ਜਿਵੇਂ ਮੈਂ ਉਸ ਨੂੰ ਇਹ ਗਲ ਪਹਿਲੀ ਵਾਰ ਦੱਸ ਰਹੀ ਹੋਵਾਂ। ਮੈਂ ਇਹ ਗੱਲ ਬੇਟੀ ਦਾ ਦਿਲ ਦੁਖਾਉਣ ਲਈ ਨਹੀਂ ਸੀ ਕਹੀ। ਪਰ ਇਹ ਸੁਣ ਕੇ ਉਹ ਦੇਰ ਤੱਕ ਸਿਰਹਾਣੇ ਵਿੱਚ ਮੂੰਹ ਲੁਕਾ ਕੇ ਰੋਂਦੀ ਰਹੀ।

''ਨਵਾਂ-ਨਵਾਂ ਵਿਆਹ ਹੈ। ਸ਼ੁਰੂ ਸ਼ੁਰੂ ਵਿੱਚ ਕਦੀ ਕਦੀ ਝਗੜਾ ਹੋ ਹੀ ਜਾਂਦਾ ਹੈ। ਹੌਲੀ ਹੌਲੀ ਸਭ ਠੀਕ ਹੋ ਜਾਵੇਗਾ।''

ਮੈਂ ਬੇਟੀ ਤੋਂ ਵੱਧ ਆਪਣੇ ਦਿਲ ਨੂੰ ਹੌਸਲਾ ਦੇ ਰਹੀ ਸਾਂ।

ਬੜਾ ਸਮਝਾਣ ਦੇ ਬਾਅਦ ਵੀ ਗੱਲ ਤਲਾਕ ਤਕ ਪਹੁੰਚ ਗਈ। ੦੦ ੦

ਪਿਛਲੇ ਪੰਜਾਂ ਸਾਲਾਂ ਤੋਂ ਪਹਾੜ 'ਤੇ ਨਹੀਂ ਜਾ ਸਕੀ। ਕੰਮਾਂ ਵਿਚੋਂ ਵਿਹਲੇ ਹੀ ਨਹੀਂ ਮਿਲਿਆ। ਬੇਟੀ ਦੇ ਤਲਾਕ ਨੇ ਮੇਰੇ ਮਨ ਤੇ ਮਣਾਂ ਮੂੰਹੀਂ ਭਾਰ ਪਾ ਦਿੱਤਾ ਸੀ। ਇਸ ਤੋਂ ਇਲਾਵਾ ਮੈਦਾਨੀ ਗਰਮੀ ਤੋਂ ਵੀ ਜ਼ਿਆਦਾ ਅਸਿਹ ਭੱਜ-ਦੌੜ ਅਸਲੀ ਨਕਲੀ ਮੁਖੌਟੇ ਪਾਈ ਲੋਕ। ਮੈਂ ਇਸ ਸਭ ਤੋਂ ਦੂਰ ਜਾਣਾ ਚਾਹੁੰਦੀ ਸਾਂ। ਪਹਾੜਾਂ ਦੀ ਉਸੇ ਗੋਦ ਵਿੱਚ ਜਿਥੇ ਕਲ ਕਲ ਵਹਿੰਦੀ ਪਹਾੜੀ ਨਦੀ ਆਤਮਾ ਤੇ ਪਈ ਮੈਦਾਨੀ ਧੂੜ ਦੀਆਂ ਪਰਤਾਂ ਨੂੰ ਕੁਝ ਚਿਰ ਲਈ ਧੋ ਦਿੰਦੀ ਹੈ। ੦ ੦ ੦

ਇਹ ਉਹੀ ਪਗਡੰਡੀ ਹੈ, ਪਹਾੜ ਦੇ ਨਾਲ ਨਾਲ ਹਮਸਫ਼ਰ ਵਾਂਗ ਜਾਂਦੀ ਹੋਈ। ਜਿੱਥੇ ਮੈਂ ਪਹਿਲਾਂ ਵੀ ਸੈਰ ਕਰਨ ਆਉਂਦੀ ਸੀ। ਕੁਝ ਵੀ ਨਹੀਂ ਬਦਲਿਆਂ ਸਿਵਾਏ ਨਵੇਂ ਹੋਟਲਾਂ ਦੇ ਜੋ ਇਸ ਸੁੰਦਰ ਵਾਦੀ ਦੀ ਖੂਬਸੂਰਤੀ ਨੂੰ ਘੱਟਾ ਰਹੇ ਹਨ ਨਵੀਂ ਦੁਲਹਣ ਵਾਂਗ ਖੜੇ ਦੇਵਦਾਰ ਦੇ ਦਰੱਖ਼ਤ। ਪਹਾੜਾ ਦੇ ਮਨ ਦੇ ਦਰਦ ਨੂੰ ਆਪਣੇ ਜਲ ਦੀਆਂ ਧਾਰਾਵਾਂ ਵਿੱਚ ਵਹਾਉਂਦੇ ਝਰਨੇ। ਕਈ ਪਹਾੜਾ ਦੀਆਂ ਚੋਟੀਆਂ 'ਤੇ ਹਾਲੇ ਵੀ ਸੂਰਜ ਦੀਆਂ ਕਿਰਨਾਂ ਦੀ ਗਰਮੀ ਤੋਂ ਨਾ ਪਿਘਲ ਸਕੀ ਬਰਫ਼ ਚਾਂਦੀ ਵਾਂਗ ਚਮਕ ਰਹੀ ਸੀ।

ਸਾਲ ਦਾ ਉਹੀ ਹਲਕੀ-ਹਲਕੀ ਧੁੱਪ ਵਿੱਚ ਅਲਸਾਇਆ, ਖੁਸ਼ਬੂਆ ਨਾਲ ਭਰੀਆਂ ਹਵਾਵਾਂ ਨਾਲ ਲੱਦਿਆਂ ਗਰਮੀ ਦਾ ਮਹੀਨਾ ਜਦੋਂ ਅੱਜ ਤੋਂ ਪੰਜ ਸਾਲ ਪਹਿਲਾਂ ਮੈਂ ਨੋਨਾ ਨੂੰ ਵੇਖਿਆ ਸੀ। ਮੈਂ ਚੜ੍ਹਾਈ ਚੜ੍ਹਦੇ-ਚੜ੍ਹਦੇ ਥਕ ਗਈ। ਪਰ ਸਾਹਮਣੇ ਹੀ ਥੋੜੀ ਦੂਰ ਤੇ ਸੇਬਾਂ ਦੇ ਦਰੱਖਤਾਂ ਦੇ ਝੁੰਡ ਵਿੱਚ ਨੋਨਾ ਦਾ ਘਰ ਦਿਖਾਈ ਦਿੱਤਾ।

ਨੋਨਾ ਦੀ ਮਾਂ ਜੌਂ ਦੀ ਫਸਲ ਕੱਟ ਰਹੀ ਸੀ। ਮੈਂ ਉਸ ਦੇ ਕੋਲ ਜਾ ਕੇ ਖੜੀ ਹੋ ਗਈ। ਇਕ ਵਾਰ ਮੇਰੇ ਵੱਲ ਵੇਖ ਕੇ ਉਹ ਫਿਰ ਆਪਣੇ ਕੰਮ ਵਿੱਚ ਮਗਨ ਹੋ ਗਈ। ਸ਼ਾਇਦ ਉਸ ਨੇ ਮੈਨੂੰ ਪਹਿਚਾਣਿਆ ਨਹੀਂ ਸੀ। ਹਰ ਸਾਲ ਕਿੰਨੇ ਹੀ ਸੈਲਾਨੀ ਆਉਂਦੇ ਹਨ। ਕਿਸ ਕਿਸ ਨੂੰ ਪਹਿਚਾਣੇਗੀ। ਕੁਝ ਦੂਰ ਸਿਰ 'ਤੇ ਥੀਪੂ ਬੰਨੀ ਇਕ ਹੋਰ ਔਰਤ ਫ਼ਸਲ ਕੱਟ ਰਹੀ ਸੀ। ਹੌਲੀ-ਹੌਲੀ ਉਸਦੇ ਨਾਲ ਹੀ ਇਕ ਮਿੱਠੇ ਗੀਤ ਦੀ ਧੁੰਨ ਮੇਰੇ ਤੱਕ ਪਹੁੰਚ ਰਹੀ ਸੀ।

''ਨੋਨਾ? '' ਹਾਂ ਉਹੀ ਤੇ ਸੀ। ਉਸ ਦੇ ਮਥੇ ਤੇ ਵੱਡੀ ਲਾਲ ਬਿੰਦੀ ਚਮਕ ਰਹੀ ਸੀ।

''ਨੋਨਾ !'' ਮੈਂ ਹੌਲੀ ਜਿਹੇ ਆਵਾਜ਼ ਦਿੱਤੀ। ਨਾਂਅ ਸੁਣ ਕੇ ਉਸ ਨੇ ਦਾਤਰ ਤੋਂ ਨਿਗਾਹ ਚੁੱਕ ਕੇ ਮੇਰੇ ਵੱਲ ਦੇਖਿਆ।

''ਤੁਸੀਂ?''

ਸ਼ਾਇਦ ਉਸ ਨੇ ਮੈਨੂੰ ਪਛਾਣ ਲਿਆ ਸੀ।

''ਤੂੰ ਮੈਨੂੰ ਪਛਾਣ ਲਿਆ? '' ਮੈਂ ਤਸੱਲੀ ਕਰਨੀ ਚਾਹੀ।



''ਹਾਂ ਜੀ।'' ਨੋਨਾ ਦੇ ਬੋਲਾਂ ਵਿਚ ਚਿਰਾਂ ਬਾਅਦ ਕਿਸੇ ਆਪਣੇ ਨੂੰ ਮਿਲਣ ਦੀ ਖੁਸ਼ੀ ਸੀ। ਉਸ ਨੇ ਪਹਾੜੀ ਭਾਸ਼ਾ ਵਿੱਚ ਆਪਣੀ ਮਾਂ ਨੂੰ ਕੁਝ ਕਿਹਾ। ਜਿਸ ਨੂੰ ਸੁਣ ਕੇ ਜੌਂ ਕੱਟਣਾ ਛੱਡ ਕੇ ਉਹ ਮੇਰੇ ਕੋਲ ਆ ਗਈ।

''ਆਉ ਜੀ ! ਬੈਠੋ ਜੀ ! ਬੜੇ ਚਿਰਾਂ ਬਾਅਦ ਆਏ ਜੀ।'' ਉਸ ਨੇ ਇਕ ਸਾਫ਼ ਸੁਥਰੇ ਪੱਥਰ ਨੂੰ ਆਪਣੇ ਦੁੱਪਟੇ ਨਾਲ ਪੂੰਝਦਿਆਂ ਕਿਹਾ।

''ਕੀ ਹਾਲ ਏ ਤੁਹਾਡਾ?'' ਉਸ ਦੀ ਅਪਣੱਤ ਦੇਖ ਕੇ ਮੇਰਾ ਮਨ ਭਰ ਆਇਆ।

''ਠੀਕ ਹੈ ਜੀ। ਆਪਣੀ ਸੁਣਾਓ।'' ਉਸ ਦਿਆਂ ਅੱਖਾਂ ਵਿੱਚ ਖੁਸ਼ੀ ਅਤੇ ਚਿਹਰੇ ਤੇ ਮੁਸਕਾਨ ਸੀ।

''ਮੈਂ ਠੀਕ ਹਾਂ।'' ਮੇਰੇ ਮਨ ਦੀ ਉਦਾਸੀ ਅਜੇ ਪੂਰੀ ਤਰ੍ਹਾਂ ਖਤਮ ਨਹੀਂ ਸੀ ਹੋਈ

ਨੋਨਾ ਕੁਝ ਦੇਰ ਸਾਡੇ ਕੋਲ ਖੜ੍ਹੀ ਰਹੀ, ਫਿਰ ਆਪਣਾ ਗੀਤ ਗਾਉਂਦੀ ਵਾਢੀ ਕਰਨ ਲੱਗ ਪਈ।

''ਬੈਠੋ ਜੀ, ਮੈਂ ਹੁਣੇ ਆਈ। '' ਕਹਿ ਕੇ ਉਸ ਦੀ ਮਾਂ ਘਰ ਦੇ ਅੰਦਰ ਚਲੀ ਗਈ ਤਦੇ ਦੂਰੋਂ ਘੰਟੀਆਂ ਦੀ ਅਵਾਜ਼ ਸੁਣਾਈ ਦੇਣ ਲੱਗ ਪਈ। ਠੀਕ ਅੱਜ ਤੋਂ ਪੰਜ ਸਾਲ ਪਹਿਲਾਂ ਵਰਗੀ। ਮੇਰੀ ਨਜ਼ਰ ਅਚਾਨਿਕ ਹੀ ਨੋਨਾ ਵਲ ਚਲੀ ਗਈ। ਉਸ ਦੀ ਨਜ਼ਰ ਫੇਰ ਪਗਡੰਡੀ ਤੇ ਵਿਛ ਗਈ ਸੀ। ਉਸ ਵਿਚ ਉਹੀ ਸਾਲ ਪਹਿਲਾਂ ਵਰਗੀ ਉਡੀਕ ਸੀ।

ਕੁਝ ਦੇਰ ਬਾਦ ਚੜਾਈ ਚੜ੍ਹਦੀ ਪਹਿਲੀ ਖੱਚਰ ਦਿਖਾਈ ਦਿੱਤੀ। ਫੇਰ ਹੌਲੀ-ਹੌਲੀ ਜਿਵੇਂ ਧਰਤੀ ਦੀ ਕੁੱਖ 'ਚੋਂ ਨਿਕਲ ਕੇ ਬਾਕੀ ਖੱਚਰਾਂ ਵੀ ਆ ਗਈਆਂ। ਅੰਤ ਵਿੱਚ ਜੋ ਖੱਚਰ ਆ ਰਹੀ ਸੀ ਉਸਤੇ ਦੋ ਢਾਈ ਸਾਲਾਂ ਦਾ ਇਕ ਬੱਚਾ ਬੈਠਾ ਸੀ। ਉਸ ਖੱਚਰ ਨਾਲ ਉਹੀ ਨੌਜਵਾਨ ਤੁਰਿਆ ਆ ਰਿਹਾ ਸੀ। ਜਿਸ ਨੂੰ ਵੇਖ ਕੇ ਨੋਨਾ ਦਾ ਗੁਲਾਬੀ ਚਿਹਰਾ ਸੰਦੂਰੀ ਹੋ ਜਾਂਦਾ ਸੀ। ਬੱਚੇ ਦੀ ਸ਼ਕਲ ਹੂ-ਬ-ਹੂ ਖੱਚਰਾਂ ਦੇ ਮਾਲਕ ਵਰਗੀ ਸੀ।

ਜਦੋਂ ਤੱਕ ਬੱਚਾ ਅਤੇ ਉਸਦਾ ਪਿਤਾ ਉਥੇ ਪਹੁੰਚੇ ਜਿਥੇ ਮੈਂ ਬੈਠੀ ਸੀ, ਘਰ ਦੇ ਅੰਦਰੋਂ ਨੋਨਾ ਦੀ ਮਾਂ ਫਲਾਂ ਨਾਲ ਭਰੀ ਇਕ ਛੋਟੀ ਟੋਕਰੀ ਲੈ ਕੇ ਆ ਗਈ ਨੋਨਾ ਵੀ ਮੇਰੇ ਕੋਲ ਆ ਕੇ ਬੈਠ ਗਈ। ਖੱਚਰ ਤੋਂ ਲਾਹ ਕੇ ਉਸ ਨੌਜਵਾਨ ਨੇ ਬੱਚਾ ਨੋਨਾ ਦੀ ਗੋਦ ਵਿੱਚ ਬਿਠਾ ਦਿੱਤਾ। ਜਿਸ ਨਜ਼ਰ ਨਾਲ ਨੋਨਾ ਨੇ ਉਸ ਨੌਜਵਾਨ ਵੱਲ ਵੇਖਿਆ ਮੈਨੂੰ ਲਗਿਆ ਇਹੀ ਪਿਆਰ ਹੈ। ਆਪਣੇ ਦੁੱਖ ਮੈਨੂੰ ਹੁਣ ਘਟਦੇ ਮਹਿਸੂਸ ਹੋ ਰਹੇ ਸਨ। ੦

ਪਤਾ- 573, ਮਾਡਲ ਟਾਊਨ, ਲੁਧਿਆਣਾ, ਪੰਜਾਬ

## ਅੰਦਰਲੀ ਤਪਸ਼ / ਮਧੂ ਗੁਲਾਟੀ

ਜ਼ਿੰਦਗੀ ਵਿੱਚ ਕਾਫੀ ਜਦੋ-ਜਹਿਦ ਬਾਅਦ ਅੱਜ ਉਹ ਜਿਸ ਮੁਕਾਮ ਤੇ ਪਹੁੰਚ ਚੁੱਕੀ ਸੀ, ਉਥੇ ਉਸ ਨੂੰ ਅਜੀਬ ਜਿਹਾ ਸਕੂਨ ਮਹਿਸੂਸ ਹੁੰਦਾ। ਗ੍ਰਹਿਸਥ ਜੀਵਨ ਦੀ ਕਸ਼ਮਕਸ਼ ਵੀ ਖਤਮ ਹੋ ਚੁੱਕੀ ਸੀ ਅਤੇ ਪ੍ਰਿੰਸੀਪਲ ਦੀ ਪਦਵੀ ਨੇ ਉਸ ਨੂੰ ਆਤਮ ਵਿਸ਼ਵਾਸ਼ ਤੇ ਸਵੈਮਾਣ ਨਾਲ ਭਰ ਦਿੱਤਾ ਸੀ। ਫਿਰ ਵੀ ਪਰਿਵਾਰ ਦੀ ਰੁਟੀਨ ਤੇ ਲੰਬੇ ਅਰਸੇ ਤੋਂ ਚੱਲ ਰਹੀ ਦਵਾਈ ਨੇ ਉਸ ਨੂੰ ਥੋੜਾ ਚਿੜਚਿੜਾ ਕਰ ਦਿੱਤਾ ਸੀ। ਕਈ ਵਾਰ ਬੱਚੇ ਤੇ ਕਦੀ ਪਤੀ ਉਸ ਦੇ ਗੁੱਸੇ ਦਾ ਸ਼ਿਕਾਰ ਬਣ ਜਾਂਦਾ। ਕਦੇ ਕਦੇ ਸਕੂਲ ਜਾ ਕੇ ਅਧਿਆਪਕਾਂ ਤੇ ਆਪਣਾ ਗੁੱਸਾ ਕੱਢ ਦਿੰਦੀ। ਪਰ ਇਹ ਰੋਜ਼ਾਨਾ ਦੀ ਰੁਟੀਨ ਨਹੀਂ ਸੀ। ਉਹ ਹੱਸਦੀ ਵੀ ਖਿੜਖਿੜਾ ਕੇ ਅਤੇ ਸਕੂਲ ਦੀਆਂ ਪਾਰਟੀਆਂ ਵਿੱਚ ਵੀ ਹੱਸਦੀ ਮੁਸਕਰਾਉਂਦੀ ਸ਼ਾਮਲ ਹੁੰਦੀ। ਫਿਰ ਵੀ ਪ੍ਰੌੜ ਉਮਰ ਤੇ ਡੂੰਘੇ ਆਤਮ ਵਿਸ਼ਵਾਸ ਸਦਕਾ ਉਸਦੇ ਚਿਹਰੇ 'ਤੇ ਰੋਹਬ ਝਲਕਦਾ। ਇਹ ਰੋਹਬ ਅਧਿਆਪਕਾਵਾਂ ਲਈ ਵੱਡਾ ਅਰਥ ਰੱਖਦਾ। ਉਹ ਕਾਰੀਡੋਰ ਚੋਂ ਲੰਘਦੀ ਤਾਂ ਉਸਦੇ ਸੈਂਡਲਾਂ ਦੀ ਆਵਾਜ਼ ਸੁਣ ਕੇ ਹੀ ਹਰ ਪਾਸੇ ਚੁੱਪ ਛਾ ਜਾਂਦੀ। ਅਧਿਆਪਕਾਂ ਤ੍ਰਹਿੰਦੀਆਂ ਤੇ ਬੱਚੇ ਦੁਬਕ ਜਾਂਦੇ। ਉਹ ਉਸ ਦੇ ਪ੍ਰਸ਼ਨਾਂ ਤੋਂ ਡਰਦੇ, ਹਾਲਾਂਕਿ ਉਹ ਕਿਸੇ ਵੀ ਵਿਦਿਆਰਥੀ ਨੂੰ ਘੱਟ ਹੀ ਝਿੜਕਦੀ। ਹਾਂ ਮੈਡਮਾਂ 'ਤੇ ਉਹ ਬਰਸ ਪੈਂਦੀ, ਕਦੇ ਕਦੇ ਤਾਂ ਕਲਾਸ ਵਿੱਚ ਹੀ, ਸਵੇਰ ਦੀ ਸਭਾ ਵਿੱਚ ਵੀ। ਇਸ ਰੋਹਬ ਸਦਕਾ ਉਸ ਦਾ ਨਾਮ ਸੀ। ਸਕੂਲ ਦਾ ਨਾਮ ਸੀ। ਪਰ ਅੱਜ ਉਸਨੂੰ ਆਪਣੇ ਆਤਮ ਵਿਸ਼ਵਾਸ਼ ਤੇ ਸਵੈਮਾਣ ਤੇ ਹੀ ਗੁੱਸਾ ਆ ਰਿਹਾ ਸੀ। ਸੋਚ ਰਹੀ ਸੀ। ਆਖਰ ਮੈਂ ਏਨਾ ਕਿਉਂ ਬਰਸੀ ਪਈ ਭਾਵਨਾ ਤੇ.. ਜੇਕਰ ਉਸਨੂੰ ਕੁਝ ਹੋ ਜਾਂਦਾ, ਮੇਰਾ ਤਾਂ ਕੀ ਸਕੂਲ ਦੇ ਨਾਂ ਦੀ ਵੀ ਜਾਹ ਜਾਂਦੀ ਹੋ ਜਾਂਦੀ। ਉਸਨੂੰ ਆਪਣਾ ਮੱਥਾ ਤਪਦਾ ਲੱਗਿਆ। ਖਾਂਸੀ ਆਈ ਤੇ ਸਾਹ ਵੀ ਤੇਜ ਲੱਗਿਆ। ਫਰਿਜ ਖੋਹਲ ਉਹਨੇ ਪਾਣੀ ਦੀ

ਬੋਤਲ ਕੱਢੀ ਤੇ ਅੱਧਾ ਗਿਲਾਸ ਪਾਣੀ ਭਰ ਲਿਆ। ਫਿਲਟਰ ਚੋਂ ਤਾਜਾ ਰਲਾ ਕੇ ਪੀਤਾ। ਪਰ ਤਪਸ਼ ਤਾਂ ਉਹਦੇ ਅੰਦਰ ਸੀ, ਧੁਰ ਅੰਦਰ। ਭਾਵਨਾ ਅਜਿਹੀ ਗੱਲ ਕਹਿ ਗਈ ਜਿਸ ਨੇ ਉਸ ਦੇ ਅਤੀਤ ਦੇ ਜ਼ਖਮ ਹਰੇ ਕਰ ਦਿੱਤੇ ਸਨ। ਸਵੇਰ ਦੀ ਸਭਾ ਤੋਂ ਬਾਅਦ ਉਹ ਰੋਜ ਵਾਂਗ ਦਫਤਰ ਵਿੱਚ ਜਾ ਬੈਠੀ ਸੀ ਆਪਣੀ ਕੁਰਸੀ ਤੇ। ਐਡਜਸਟਮੈਂਟ ਰਜਿਸਟਰ ਤੇ ਗੈਰਹਾਜਰ ਅਧਿਆਪਕਾਵਾਂ ਦੀਆਂ ਅਰਜ਼ੀਆਂ ਉਹਦੇ ਸਾਹਮਣੇ ਸਨ। ਪ੍ਰਵਾਨਗੀ ਲਈ ਉਸਦੇ ਹਸਤਾਖ਼ਰ ਦੀ ਉਡੀਕ ਕਰਦੀਆਂ। ਜਲਦੀ ਜਲਦੀ ਨਿਗ੍ਹਾ ਚੋਂ ਕਢਦੇ ਹੋਏ ਉਹਨੇ ਦਸਤਖ਼ਤ ਕੀਤੇ ਤੇ ਬੈੱਲ ਦਬਾਈ। ਮਾਈ ਨਿਰਮਲ ਬੂਹਾ ਖੋਹਲ ਅੰਦਰ ਆ ਗਈ।

''ਬੀਬੀ ਭਾਵਨਾ ਮੈਡਮ ਨੂੰ ਬੁਲਾ ਕੇ ਲਿਆਓ? ''

''ਅੱਛਾ, ਮੈਡਮ ਜੀ।''

ਭਾਵਨਾ ਨੇ ਕੁਝ ਪਲਾਂ ਬਾਅਦ ਹੀ ਆ ਦਸਤਕ ਦਿੱਤੀ। ਹਮੇਸ਼ਾਂ ਵਾਂਗ ਬੁੱਝੀ ਬੁੱਝੀ ਰਹਿਣ ਵਾਲੀ ਸਾਂਵਲੀ ਸੂਰਤ।

''ਮੇ ਆਈ ਕਮ ਇਨ, ਮੈਡਮ।''

''ਕਮ ਇਨ।''

''ਗੁੱਡ ਮਾਰਨਿੰਗ ਮੈਡਮ, ਤੁਸੀਂ ਬੁਲਾਇਐ ਮੈਨੂੰ।''

''ਹਾਂ ਮੈਡਮ, ਕਿੰਨੇ ਦਿਨਾਂ ਬਾਅਦ ਸਕੂਲ ਆਏ ਹੋ, ਤੁਸੀਂ? ''

''ਜੀ, ਇੱਕ ਹਫਤੇ ਬਾਅਦ।''

''ਕਲਾਸ ਕਿਹੜੀ ਹੈ ਤੁਹਾਡੇ ਕੋਲ।''

''ਜੀ, ਅੱਠਵੀਂ, ਨੌਂਵੀਂ ਤੇ ਦਸਵੀਂ।''

''ਕਿਹੜੇ ਸਬਜੈਕਟ ? ''

''ਮੈਡਮ, ਇੰਗਲਿਸ਼ ਤੇ ਐਸ. ਐਸ. ...।''

''ਤੁਹਾਨੂੰ ਪਤੈ ਮੈਡਮ, ਆਪਣੇ ਸਕੂਲ ਵਿੱਚ ਬੋਰਡ ਦੀਆਂ ਕਲਾਸਾਂ ਦੇ ਨਤੀਜੇ ਹਰ ਸਾਲ ਵਧੀਆ ਆਉਂਦੇ ਹਨ। ''

''ਜੀ...ਮੈਡਮ...ਜੀ।''

''ਤਾਂ ਫਿਰ ਵੀ ਇੰਨੀ ਅਣਗਹਿਲੀ, ਐਨੇ ਜ਼ਰੂਰੀ ਵਿਸ਼ੇ, ਬੋਰਡ ਦੀਆਂ ਕਲਾਸਾਂ ਤੇ ਮਹੀਨੇ ਵਿੱਚ ਸੱਤ ਛੁੱਟੀਆਂ... ਮੈਡਮ ਹੱਦ ਹੋ ਗਈ ਤੁਹਾਡੀ। ''

''ਸੌਰੀ ਮੈਡਮ।''

''ਤੁਸੀਂ ਪਹਿਲਾਂ ਵੀ ਸੌਰੀ ਕਹਿ ਕੇ ਸਾਰ ਲੈਂਦੇ ਹੋ।''

''ਮੈਡਮ, ਮੈਂ ਬੀਮਾਰ ਸੀ, ਇਸ ਲਈ... ।'' ਭਾਵਨਾ ਦੀ ਆਵਾਜ਼ ਵਿੱਚ ਤੜਪ ਸੀ।

''ਮੈਨੂੰ ਤੁਹਾਡੀ ਬਿਮਾਰੀ ਜਾਂ ਘਰੇਲੂ ਸਮੱਸਿਆ ਨਾਲ ਕੋਈ ਮਤਲਬ ਨਹੀਂ... ਮੈਡਮ ਮੈਨੂੰ ਤਾਂ ਕੰਮ ਚਾਹੀਦੈ... ਐਂਡ ਰੇਗੂਲਰਟੀ।''

''ਮੈਡਮ, ਅੱਗੇ ਤੋਂ ਛੁੱਟੀ ਨਹੀਂ ਲਵਾਂਗੀ।''

''ਮੈਡਮ ਭਾਵਨਾ, ਕਿਸ ਤਰ੍ਹਾਂ ਕਰੋਗੇ ਤੁਸੀਂ ਸਿਲੇਬਸ ਪੂਰਾ? ਬੋਰਡ ਦੀਆਂ ਕਲਾਸਾਂ ਦਾ ਸਿਲੇਬਸ ਦਸੰਬਰ ਤੱਕ ਖਤਮ ਕਰਨਾ ਹੁਦੈ... ਪ੍ਰੀ ਬੋਰਡ ਟੈਸਟ ਵੀ ਲੈਣੇ ਨੇ... ਯੂ ਨੋ ਵੀ ਵਾਂਟ ਰਿਜਲਟ। ਐਂਡ ਨੋ ਐਕਸਕਿਊਜ। ਪਰ ਮੈਨੂੰ ਸਮਝ ਨੀ ਆਉਂਦੀ ਮੈਂ ਤੈਨੂੰ ਕਿਉਂ ਕਰਿ ਰਹੀ ਹਾਂ ਸਭ ਕੁਝ... ਤੁਸੀਂ ਤਾਂ ਆਪਣੀ ਡਿਊਟੀ ਪ੍ਰਤੀ ਜਰ੍ਹਾ ਵੀ ਫਿਕਰਮੰਦ ਨਹੀਂ, ਮੈਡਮ ਉੱਚੀ ਉੱਚੀ ਬੋਲਣ ਲੱਗੇ।

ਭਾਵਨਾ, ਸੌਰੀ ਮੈਡਮ-ਸੌਰੀ ਮੈਡਮ ਕਰਦੀ ਰਹੀ। ਉਸ ਦੀਆਂ ਲੱਤਾਂ ਕੰਬ ਰਹੀਆਂ ਸਨ। ਉਸਨੂੰ ਬੈਠਣ ਲਈ ਵੀ ਨਾ ਕਿਹਾ।

''ਜਾਓ, ਆਪਣੀ ਕਲਾਸ ਵਿੱਚ, ਆਈਂਦਾ ਇਹੋ ਜਿਹੇ ਐਕਸਕਿਊਜ ਕੋਲ ਹੀ ਰੱਖਿਓ।''

ਥੋੜ੍ਹੀ ਦੇਰ ਬਾਅਦ ਹੀ ਫਿਰ ਉਸ ਬੈੱਲ ਨੱਪ ਦਿੱਤੀ।

''ਬੀਬੀ, ਦਸਵੀਂ ਏ ਦੀ ਐਸ. ਐਸ. ਤੇ 9ਵੀਂ ਬੀ ਦੀਆਂ ਇੰਗਲਿਸ਼ ਦੀਆਂ ਕਾਪੀਆਂ ਲਿਆਓ।''

ਮਾਈ ਗਈ ਤੇ ਕਾਪੀਆਂ ਲੈ ਆਈ ਤੇ ਟੇਬਲ ਤੇ ਰੱਖ ਦਿੱਤੀਆਂ। ਉਹਨੇ ਕਾਪੀਆਂ ਤੇ ਤਰਦੀ ਤਰਦੀ



ਝਾਤ ਮਾਰੀ। ਤਿੰਨ ਚਾਰ ਕਾਪੀਆਂ ਕੱਢ ਲਈਆਂ।

''ਓ ਹੋ... ਇਹ ਕਾਪੀਆਂ ਤਾਂ ਲੱਗਦੀਆਂ ਹੀ ਨਹੀਂ ਮੇਰੇ ਸਕੂਲ ਦੀਆਂ... ਇੰਨ੍ਹਾਂ ਬੁਰਾ ਹਾਲ ਤਾਂ ਸਰਕਾਰੀ ਸਕੂਲ ਦਾ ਵੀ ਨਹੀਂ ਹੋਣਾ। ''

''ਬੀਬੀ, ਭਾਵਨਾ ਮੈਡਮ ਨੂੰ ਬੁਲਾ ਕੇ ਲਿਆ। ''

''ਜੀ...ਜੀ...।'' ਮਾਈ ਤੁਰ ਗਈ। ਪਰ ਆਪਣੇ ਆਪ ਨਾਲ ਗੱਲਾਂ ਕਰਨ ਲੱਗੀ, 'ਅੱਜ ਤਾਂ ਭਾਵਨਾ ਮੈਡਮ ਦੀ ਖ਼ੈਰ ਨਹੀਂ...ਇੰਨਾ ਗੁੱਸਾ... ਹੁਣੇ ਤਾਂ ਉਹ ਡੁਸਕੇ ਭਰਦੀ ਦਫਤਰੋਂ ਗਈ ਐ... ਤੇ ਹੁਣੇ ਫੇਰ...।'

ਮਾਈ ਨੇ ਭਾਵਨਾ ਨੂੰ ਸੁਨੇਹਾ ਦਿੱਤਾ, ''ਕੀ ਹੋ ਗਿਆ ਹੁਣ, ਬੀਬੀ।''

''ਪਤਾ ਨਹੀਂ ਮੈਡਮ, ਕਾਪੀਆਂ ਮੰਗਾਈਆਂ ਹਨ ਮੈਡਮ ਨੇ 9ਵੀਂ, 10ਵੀਂ ਦੀਆਂ।''

''ਅੱਛਾ...।''

''ਮੈਡਮ ਅੱਜ ਤਾਂ ਵੱਡੀ ਮੈਡਮ ਦਾ ਪਾਰਾ ਗਰਮ ਲੱਗਦੈ ਪਤਾ ਨੀਂ ਕੀ ਗੱਲ ਐ...?''

''ਕੋਈ ਨੀ ਬੀਬੀ।'' ਭਾਵਨਾ ਦੀ ਮਸਾਂ ਹੀ ਆਵਾਜ਼ ਨਿੱਕਲੀ ਤੇ ਉਹ ਦਫ਼ਤਰ ਵੱਲ ਤੁਰ ਪਈ। ਦਫਤਰ ਵੜਦਿਆਂ ਹੀ ਉਸਨੇ ਦੇਖਿਆ ਮੈਡਮ ਲਾਲ ਪੈੱਨ ਨਾਲ ਕਾਪੀਆਂ ਤੇ ਗੋਲ ਚੱਕਰ ਲਾ ਰਹੀ ਸੀ।

''ਭਾਵਨਾ, ਇਹ ਪੂਜਾ ਦੇਖੋ ਜਰਾ... ਪਹਿਲੀ ਕਾਪੀ ਨੇ ਹੀ ਮੇਰਾ ਮੂਡ ਖਰਾਬ ਕਰ ਦਿੱਤੈ। ''

''ਮੈਡਮ ਜੀ, ਇਹ ਪੂਜਾ ਦੀ ਕਾਪੀ ਐ... ਬਹੁਤ ਕਮਜੋਰ ਬੱਚੀ ਹੈ। ਮੈਂ ਕਾਫੀ ਕੋਸ਼ਿਸ਼ ਕੀਤੀ ਹੈ, ਉਹਨੂੰ ਸੁਧਾਰਨ ਦੀ ਪਰ ਉਹ ਬੜੀ ਜਲਦੀ ਟੈਂਸ ਹੋ ਜਾਂਦੀ ਹੈ ਡਾਂਟਣ ਤੇ...।''

''ਮੈਡਮ ਜੀ ਬੁਲਾਏ ਸੀ ਪਰ ਕੋਈ ਆਉਂਦਾ ਹੀ ਨਹੀਂ।''

''ਕਿਉਂ?''

''ਮੈਡਮ, ਉਹ ਕਹਿੰਦੀ ਸੀ ਮੇਰੇ ਪਾਪਾ ਬਾਹਰ ਗਏ ਨੇ ਤੇ ਉਹ ਦਾਦੇ ਕੋਲ ਰਹਿੰਦੀ ਹੈ।''

''ਫਿਰ ਦਾਦੀ-ਦਾਦੇ ਨੂੰ ਬੁਲਾਓ।''

''ਮੈਡਮ, ਉਹ ਬਜ਼ੁਰਗ ਨੇ, ਆਏ ਨਹੀਂ ਕਦੀ।''

''ਤੁਸੀਂ ਮੈਨੂੰ ਅੱਜ ਤੀਕ ਦੱਸਿਆ ਕਿਉਂ ਨਹੀਂ ਇਸ ਬੱਚੇ ਬਾਰੇ... ਰਿਜਲਟ ਤਾਂ ਆਪਣਾ ਖਰਾਬ ਹੋਣੈ।''

''ਮੈਡਮ, ਤੁਹਾਨੂੰ ਦੱਸਿਆ ਸੀ ਮੈਂ ਲਾਸਟ ਮੰਥ, ਸ਼ਾਇਦ ਤੁਹਾਡੇ ਦਿਮਾਗ 'ਚੋਂ ਨਿਕਲ ਗਿਆ ਹੋਣੈ।''

''ਵੱਟ ਡੂ ਯੂ ਮੀਨ... ਆਈ ਹੈਵ ਨੋ ਬਰੇਨ... ਮੈਂ ਬਿਨਾ ਦਿਮਾਗ ਤੋਂ ਹੀ ਹਾਂ? ਐਡਾ ਵੱਡਾ ਸਕੂਲ ਐਵੇਂ ਹੀ ਚਲਾ ਰਹੀ ਹਾਂ।'' ਉਹ ਬਿਫਰ ਪਈ ਸੀ।

''ਮੈਡਮ, ਮੇਰੇ ਕਹਿਣ ਦਾ ਇਹ ਮਤਲਬ ਨਹੀਂ ਸੀ।''

''ਫਿਰ ਤੇਰਾ ਕੀ ਮਤਲਬ ਸੀ, ਇੱਕ ਤਾਂ ਕਲਾਸ ਦਾ ਐਨਾ ਬੁਰਾ ਹਾਲ ਐ... ਦੂਜਾ ਤੁਸੀਂ ਮੇਰੇ ਦਿਮਾਗ ਤੇ ਹੀ ਕੁਐਸਚਨ ਮਾਰਕ ਲਾਉਂਦੇ ਹੋ? ''

''ਮੈਡਮ ਇਹ ਗੱਲ ਨਹੀਂ ਤੁਸੀਂ ਗਲਤ ਸਮਝਿਐ।''

''ਸ਼ਟ ਅਪ ਨਾਓ, ਆਈ ਡੌਂਟ ਲਾਈਕ ਸਚ ਟੀਚਰਜ਼ ... ਆਪਣਾ ਕੰਮ ਤੁਹਾਡਾ ਪੂਰਾ ਨਹੀਂ ਤੇ ਮੇਰੇ ਦਿਮਾਗ਼ 'ਚ ਨੁਕਸ ਲੱਭਦੇ ਹੋ, ਇਹ ਸਰਕਾਰੀ ਨਹੀਂ ਪ੍ਰਾਈਵੇਟ ਸਕੂਲ ਹੈ, 100% ਨਤੀਜੇ ਆਉਂਦੇ ਨੇ ਇਥੇ... ਵਨ ਥਾਊਜੈਂਡ ਦੀ ਸਟਰੈਂਥ ਹੈ ਇਥੇ... ਵਨ ਥਾਊਜੈਂਡ ! ਇਸ ਸਕੂਲ ਦਾ ਨਾਮ, ਰਿਜਲਟ, ਸ਼ੋਹਰਤ, ਪੜ੍ਹਾਈ ਕਰਕੇ ਹੀ ਹੈ ਬਿਲਡਿੰਗ ਕਾਰਨ ਨਹੀਂ... ਯੂ ਨੋ...ਐਂਡ ਯੂ...।''

''ਮੈਡਮ ... ਪਲੀਜ਼...।''

''ਲਿਸਨ, ਇਸ ਵਾਰ 200 ਬੱਚੇ ਨਵੇਂ ਦਾਖਲ ਹੋਏ ਨੇ ਸਕੂਲ ਵਿੱਚ... ਕਿਉਂਕਿ ਅਸੀਂ ਕੁਆਲਟੀ ਤੇ ਜੋਰ ਦਿੰਦੇ ਹਾਂ... ਸਰਕਾਰੀ ਸਕੂਲਾਂ ਦੇ ਟੀਚਰਾਂ ਵਾਂਗ ਨਹੀਂ ਕਿ ਸਕੂਲ ਗਏ, ਹਾਜਰੀ ਲਾਈ, ਗੱਪਾਂ ਮਾਰੀਆਂ ਤੇ ਘਰ ਵਾਪਸ... ਜੇ ਛੁੱਟੀਆਂ ਚਾਹੀਦੀਆਂ ਹਨ ਤਾਂ...'' ਗੱਲ ਅਜੇ ਉਹਦੇ ਮੂੰਹ ਵਿੱਚ ਸੀ ਕਿ ਭਾਵਨਾ ਫਰਸ਼ ਤੇ ਡਿੱਗ ਪਈ। ਸ਼ਾਇਦ ਉਹ ਬੇਹੋਸ਼ ਹੋ ਗਈ ਸੀ।

''ਬੀਬੀ, ਪਾਣੀ ਲਿਆਂ ਜਲਦੀ।''

ਮਾਈ ਭੱਜ ਕੇ ਪਾਣੀ ਲੈ ਆਈ ਤੇ ਉਸ ਨੂੰ ਲਿਆ ਫੜਾਇਆ। ਉਹਨੇ ਭਾਵਨਾ ਦੇ ਚਿਹਰੇ ਤੇ ਪਾਣੀ ਦੇ

ਛਿੱਟੇ ਮਾਰੇ। ਇੱਕ ਮੈਡਮ ਹੋਰ ਅੰਦਰ ਆ ਗਏ ਉਨ੍ਹਾਂ ਭਾਵਨਾ ਨੂੰ ਚੁੱਕ ਕੇ ਸੋਫੇ ਤੇ ਬਿਠਾਇਆ। ਭਾਵਨਾ ਨੇ ਅੱਖ ਪੱਟੀ ਤਾਂ ਉਹਦੇ ਸਾਹ 'ਚ ਸਾਹ ਆਇਆ।

''ਬੀਬੀ ਜਾਹ ਦੁੱਧ ਵਿੱਚ ਪੱਤੀ ਪਾ ਕੇ ਲਿਆ ਕਨਟੀਨ ਤੋਂ ਤੇ ਬਿਸਕੁਟ ਵੀ ਲਿਆਈ।''

''ਭਾਵਨਾ ਕੀ ਹੋ ਗਿਆ... ਸਵੇਰੇ ਨਾਸ਼ਤਾ ਕੀਤਾ ਸੀ? ''

''ਚਾਹ ਦਾ ਕੱਪ ਹੀ ਪੀਤਾ ਸੀ ਮੈਡਮ, ਕੰਮ ਕਾਰਨ ਲੇਟ ਹੋ ਗਈ ਸੀ, ਨਾਸ਼ਤਾ ਨਹੀਂ ਕੀਤਾ।''

ਬੀਬੀ ਦੁੱਧ ਪੱਤੀ ਲਿਆਈ ਤਾਂ ਭਾਵਨਾ ਨੇ ਪੀ ਲਈ। ਪਰਸ 'ਚੋਂ ਕੱਢ ਕੇ ਇੱਕ ਗੋਲੀ ਖਾਧੀ। ਬਿਸਕੁਟ ਨਾ ਖਾਧਾ।

''ਜੇ ਤਬੀਅਤ ਠੀਕ ਨਹੀਂ ਤਾਂ ਸਟਾਫ ਰੂਮ 'ਚ ਜਾ ਕੇ ਆਰਾਮ ਕਰ ਲਓ... ਜੇ ਕਹੋ ਤਾਂ ਡਾਕਟਰ ਬੁਲਾ ਲੈਨੇ ਹਾਂ ਕੋਈ ਪਰਾਬਲਮ ਹੈ ਤਾਂ...।''

''ਨੋ, ਥੈਂਕਸ ਮੈਡਮ ਮੈਂ ਠੀਕ ਹਾਂ... ਐਵੇਂ ਜਰ੍ਹਾ ਚੱਕਰ ਜਿਹਾ ਆ ਗਿਆ ਸੀ... ਮੈਂ ਦਵਾਈ ਲੈ ਲਈ ਹੈ...।''

''ਅੱਗੇ ਵੀ ਕਦੇ ਚੱਕਰ ਆਇਆ ਤੁਹਾਨੂੰ...? ''

''ਨਹੀਂ ਜਰਾ ਕਮਜ਼ੋਰੀ ਹੈ, ਪਿਛਲਾ ਹਫਤਾ ਬਿਮਾਰ ਹੀ ਸਾਂ, ਸ਼ਾਇਦ ਇਸ ਕਰਕੇ।'' ਭਾਵਨਾ ਬੋਲੀ। ਉਹ ਭਾਵਨਾ ਦੀ ਤਬੀਅਤ ਦੇਖ ਢੈਲੀ ਪੈ ਗਈ ਸੀ।

''ਅੱਛਾ...।'' ਭਾਵਨਾ ਉੱਠਕੇ ਕਲਾਸ ਰੂਮ ਚਲੀ ਗਈ। ਉਸਦੀਆਂ ਦਵਾਈਆਂ ਦਾ ਲਿਫ਼ਾਫ਼ਾ ਸੋਫ਼ੇ 'ਤੇ ਹੀ ਡਿੱਗ ਪਿਆ। ਉਹਦੀ ਨਜ਼ਰ ਪਈ ਤਾਂ ਉਹਨੇ ਲਿਫ਼ਾਫ਼ਾ ਚੁੱਕ ਲਿਆ ਤੇ ਬੈੱਲ ਮਾਰੀ। ਮਾਈ ਨੂੰ ਲਿਫ਼ਾਫ਼ਾ ਫੜਾਉਣ ਲੱਗੀ ਤਾਂ ਉਤਸੁਕਤਾ ਵਸ਼ ਉਹਨੇ ਲਿਫ਼ਾਫ਼ਾ ਉਲਟਾਇਆ, ਵਿੱਚ ਡੈਰੀਫਾਇਲਿਨ ਤੇ ਵਾਈਸੋਲੋਨ ਦੀਆਂ ਗੋਲੀਆਂ ਦੇ ਪੱਤੇ ਸਨ।

'ਤਾਂ... ਕਿਤੇ ਭਾਵਨਾ ਨੂੰ ਵੀ ਐਸਥਮਾ ਤਾਂ ਨਹੀਂ ? ' ਉਹ ਸੋਚੀਂ ਪੈ ਗਈ... ਦਵਾਈਆਂ ਦਾ ਲਿਫ਼ਾਫ਼ਾ ਉਸ ਮਾਈ ਨੂੰ ਫੜਾਇਆ ਤੇ ਕਿਹਾ, ''ਬੀਬੀ, ਭਾਵਨਾ ਨੂੰ ਦੇਹ ਆ ਤੇ ਕਹੀਂ ਜਾਣ ਲੱਗੇ ਮੈਨੂੰ ਮਿਲ ਕੇ ਜਾਵੇ।''

''ਨਹੀਂ... ਸੁਣ।'' ਉਹ ਦਫ਼ਤਰੋਂ ਨਿਕਲਣ ਲੱਗੀ ਮਾਈ ਨੂੰ ਪਿੱਛੋਂ ਆਵਾਜ਼ ਮਾਰੀ।'' ਲਿਫ਼ਾਫ਼ਾ ਮੈਨੂੰ ਦੇਹ... ਮੈਂ ਆਪ ਭਾਵਨਾ ਨੂੰ ਦੇ ਆਉਨੀ ਹਾਂ।'' ਮਾਈ ਨੇ ਹੈਰਾਨ ਹੋ ਲਿਫ਼ਾਫ਼ਾ ਉਸ ਨੂੰ ਫੜਾ ਦਿੱਤਾ। ਥੋੜ੍ਹੀ ਦੇਰ ਬਾਅਦ ਉਹ ਸਕੂਲ ਦਾ ਰਾਊਂਡ ਲਾਉਣ ਨਿਕਲੀ ਤੇ ਕਲਾਸਾਂ ਚੈੱਕ ਕੀਤੀਆਂ। ਅੱਜ ਤਾਂ ਸਕੂਲ 'ਚ ਪੂਰੀ ਸ਼ਾਂਤੀ ਸੀ। ਅਧਿਆਪਕ-ਅਧਿਆਪਕਾਵਾਂ ਪੜ੍ਹਾਉਣ 'ਚ ਪੂਰੀ ਤਰ੍ਹਾਂ ਮਸਤ ਸਨ। ਸ਼ਾਇਦ ਉਹਨਾ ਨੂੰ ਭਾਵਨਾ ਨਾਲ ਹੋਈ ਬੀਤੀ ਬਾਰੇ ਪਤਾ ਲੱਗ ਚੁੱਕਾ ਸੀ। ਭਾਵਨਾ ਦੀ ਕਲਾਸ ਵਿੱਚ ਆਈ ਤਾਂ ਭਾਵਨਾ ਦਸਵੀਂ ਕਲਾਸ ਵਿਚ ਇੰਗਲਿਸ਼ ਪੜ੍ਹਾ ਰਹੀ ਸੀ।

''ਭਾਵਨਾ ਤੂੰ ਦਵਾਈਆਂ ਦਾ ਲਿਫ਼ਾਫ਼ਾ ਆਫ਼ਿਸ 'ਚ ਭੁੱਲ ਆਈ ਸੈਂ...।''

''ਥੈਂਕਸ।'' ਉਹਨੇ ਲਿਫ਼ਾਫ਼ਾ ਫੜਦਿਆਂ ਕਿਹਾ।

''ਸੁਣ ਭਾਵਨਾ... ਕਿਤੇ ਤੈਨੂੰ ਐਸਥਮਾ ਤਾਂ ਨਹੀਂ।'' ਉਹਨੇ ਹੌਲੀ ਜਿਹੇ ਪੁੱਛਿਆ।

ਭਾਵਨਾ ਨੇ ਮੁੜ ਕੇ ਮੈਡਮ ਵੱਲ ਤੱਕਿਆ, ਉਹਨੂੰ ਇੰਵ ਲੱਗਾ ਜਿਵੇਂ ਮੈਡਮ ਕਹਿ ਰਹੀ ਹੋਵੇ ਤੈਨੂੰ ਟੀ. ਬੀ. ਤਾਂ ਨਹੀਂ, ਛੂਤ ਤਾਂ ਨਹੀਂ। '' ਹਥੌੜੇ ਵਾਂਗ ਵੱਜੇ ਮੈਡਮ ਦੇ ਸ਼ਬਦ।

''ਯੈਸ ਮੈਡਮ, ਅਸਥਮਾ ਹੈ ਮੈਨੂੰ ਕੋਹੜ ਨਹੀਂ ਪਿਆ, ਪਰ ਏਥੇ ਤਾਂ ਸਭ ਦੇ ਦਿਮਾਗ਼ਾਂ ਨੂੰ ਅਸਥਮਾ ਹੋਇਆ ਪਿਐ, ਥਿੰਕਿੰਗ ਨੂੰ ਹੀ ਐਸਥਮਾ ਹੋਇਆ ਪਿਐ।'' ਉਹ ਹੰਝੂ ਕੇਰਦੀ ਸਟਾਫ ਰੂਮ ਵੱਲ ਤੁਰ ਗਈ,

ਉਸਨੂੰ ਇੰਵ ਲੱਗਾ ਜਿਵੇਂ ਭਾਵਨਾ ਨੇ ਉਸ ਦੇ ਮੂੰਹ ਤੇ ਜ਼ੋਰ ਨਾਲ ਚਪੇੜ ਮਾਰੀ ਹੋਵੇ... ਉਹ ਜਿਵੇਂ ਸੁੰਨ ਹੀ ਹੋ ਗਈ। ਦਫਤਰ ਆ ਕੇ ਵੀ ਡੌਰ ਭੌਰ ਬੈਠੀ ਰਹੀ... ਤੇ ਅਤੀਤ 'ਚ ਡੂੰਘੀ ਉਤਰ ਗਈ। ਕਦੋਂ ਪੀਰੀਅਡ ਬੀਤੇ, ਕਦ ਰਿਸੈਸ ਹੋਈ ਤੇ ਕਦ ਛੁੱਟੀ ਉਸਨੂੰ ਜਿਵੇਂ ਕੁਝ ਪਤਾ ਨਾ ਲੱਗਾ। ਮਾਈ ਰੋਜ ਵਾਂਗ ਰਿਸੈਸ 'ਚ ਦੁੱਧ ਦਾ ਕੱਪ ਲਿਆਈ ਤੇ ਟੇਬਲ ਤੇ ਰੱਖ ਗਈ। ਪਿਆ ਰਿਹਾ ਕੱਪ। ਉਸਨੇ ਟਿਫਿਨ ਵੀ ਨਾ ਖੋਲ੍ਹਿਆ। ਦੋ-ਤਿੰਨ ਵਾਰ ਪਾਣੀ ਮੰਗਵਾ ਕੇ ਪੀਤਾ। ਉਹਨੂੰ ਆਪਣਾ ਮੱਥਾ ਤਪਦਾ ਪ੍ਰਤੀਤ ਹੋਇਆ। ਭਾਵਨਾ ਦੀ ਇਕੋ ਗੱਲ ਨੇ ਉਸਦਾ ਕਲੇਜਾ ਧੂਹ ਲਿਆ ਸੀ। ਇਹੀ ਗੱਲ ਪ੍ਰਤਾਪ ਨੇ ਉਸਨੂੰ ਕਹੀ ਸੀ। ਠੀਕ ਇਹੀ ਗੱਲ।



''ਇਥੇ ਤਾਂ ਥਿੰਕਿੰਗ ਨੂੰ ਹੀ ਅਸਥਮਾ ਹੋਇਆ ਪਿਐ।''

ਸਾਰੀ ਛੁੱਟੀ ਤੋਂ ਪਹਿਲਾਂ ਉਹ ਫਿਰ ਭਾਵਨਾ ਦੀ ਕਲਾਸ ਵਿੱਚ ਗਈ ਤੇ ਉਸਨੂੰ ਬਾਹਰ ਸੱਦਿਆ, ''ਭਾਵਨਾ ਗੁੱਸਾ ਨਾ ਕਰੀਂ, ਮੈਂ ਅਣਜਾਣੇ ਵਿੱਚ ਦਿਲ ਦੁਖਾ ਦਿਤੈ ਤੇਰਾ... ਪਰ...।''

''ਇਟਸ ਓ ਕੇ ਮੈਡਮ।''

''ਨਹੀਂ ਦਰਅਸਲ ਮੈਂ ਤੇਰੇ ਨਾਲ ਕੋਈ ਗੱਲ ਕਰਨੀ ਚਾਹੁੰਦੀ ਹਾਂ, ਪਰ ਇੱਥੇ ਨਹੀਂ ਘਰੇ, ਜੇ ਤੇਰੇ ਕੋਲ ਸਮਾਂ ਹੋਵੇ, ਨਹੀਂ ਤਾਂ ਮੈਂ ਤੇਰੇ ਕੋਲ ਆ ਜਾਵਾਂਗੀ।''

ਭਾਵਨਾ ਹੈਰਾਨ ! ਇਹ ਕੀ ਕੌਤਕ ਵਾਪਰਿਆ, ਮੈਡਮ ਦੀ ਸੁਰ ਨਰਮ ਵੀ ਸੀ ਤੇ ਭਾਵੁਕ ਵੀ।

ਉਸ ਦੀਆਂ ਅੱਖਾਂ 'ਚ ਵੀ ਨਮੀ ਮਹਿਸੂਸ ਹੁੰਦੀ ਸੀ।

''ਮੈਡਮ, ਮੈਂ ਸ਼ਾਮ ਨੂੰ ਆ ਜਾਵਾਂਗੀ ਛੇ ਕੁ ਵਜੇ। ''

''ਠੀਕ ਹੈ... ਆਈ ਵਿਲ ਵੇਟ ਫਾਰ ਯੂ।''

ਸ਼ਾਮ ਨੂੰ ਭਾਵਨਾ ਆਈ ਤਾਂ ਉਹ ਸੋਫੇ ਤੇ ਅਧਲੇਟੀ ਸੋਚਾਂ 'ਚ ਮਗਨ ਸੀ। ਘਰ ਕੰਮ ਤੇ ਲੱਗੀ ਸਿੰਬੀ ਨੇ ਉਸਨੂੰ ਦੱਸਿਆ ਕਿ ਕੋਈ ਮੈਡਮ ਮਿਲਣ ਆਈ ਹੈ, ਉਹ ਭਾਵਨਾ ਨੂੰ ਡਰਾਇੰਗ ਰੂਮ 'ਚ ਲੈ ਆਈ ਤੇ ਸਿੰਬੀ ਨੂੰ ਚਾਹ ਧਰਨ ਲਈ ਕਹਿ ਦਿੱਤਾ।

''ਭਾਵਨਾ ਤੇਰੇ ਪਤੀ ਕੀ ਕਰਦੇ ਨੇ? ''

''ਮੈਡਮ ਦੁਕਾਨ ਐ ਉਹਨਾ ਦੀ... ਕਰਿਆਨੇ ਦੀ...।''

''ਇਲਾਜ਼ ਠੀਕ ਚੱਲ ਰਿਹੈ ਤੇਰਾ।''

''ਠੀਕ ਹੀ ਹੈ... ਮੈਡਮ ਅਸਲ 'ਚ ਮੈਂ ਬਹੁਤ ਪਰੇਸ਼ਾਨ ਹਾਂ... ਘਰ ਦਾ ਕੰਮ-ਕਾਰ ਵੀ ਸਾਰਾ ਮੇਰੇ ਜਿੰਮੇ ਐ, ਸੱਸ ਬਿਰਧ ਹੈ... ਬੱਚਿਆਂ ਦਾ ਵੀ ਕਰਨਾ ਹੁੰਦੈ-ਦਵਾਈ ਤਾਂ ਲੱਗਦੀ ਹੀ ਨਹੀਂ... ਦੋ ਸੈ ਰੁਪਏ ਦੀ ਦਵਾਈ ਇਕੋ ਵਾਰ ਆ ਜਾਂਦੀ ਹੈ... ਜਦੋਂ ਛੱਡ ਦਿੰਦੀ ਹਾਂ ਖੰਘ ਖਹਿੜਾ ਨਹੀਂ ਛੱਡਦੀ... ਛਾਤੀ ਖਰਕਣ ਲੱਗ ਜਾਂਦੀ ਹੈ...।''

''ਦਵਾਈ ਤਾਂ ਭਾਵਨਾ ਰੈਗੂਲਰ ਲੈਣੀ ਪੈਂਦੀ ਹੈ ਅਸਥਮੇਂ ਦੀ...।''

''ਮੈਡਮ, ਰੇਗੂਲਰ ਕਿਵੇਂ ਖਾਂਵਾਂ... ਇਹ ਤਾਂ ਇੱਕ ਵਾਰ ਦਵਾਈ ਦਿਵਾ ਦੇਣ ਤਾਂ ਜਿਵੇਂ ਅਹਿਸਾਨ ਕਰਦੇ ਐ, ਜਣੇ ਖਣੇ ਨੂੰ ਸੁਣਾਉਂਦੇ ਐ... ਕਿ ਦੇਸੀ ਦਵਾਈ ਲੈ ਤੀ, ਕਦੇ ਇਹਨੂੰ ਰਾਮ ਹੀ ਨਹੀਂ ਆਉਂਦਾ, ਕਦੀ ਦੇਸੀ ਪੁੜੀਆਂ ਲਿਆ ਦਿੰਦੇ ਐ, ਤੇਲ ਵਾਲੇ ਮਹਿਤੇ ਤੋਂ ਅਖੇ ਉਹਦੇ ਹੱਥ 'ਚ ਬੜਾ ਜੱਸ ਹੈ। ਇਕ ਵਾਰ ਸਰਾਵਾਂ ਬੋਦਲਾ ਤੋਂ ਪੁੜੀਆਂ ਮੰਗਾ ਦਿੱਤੀਆਂ ਮੇਰਾ ਸਾਹ ਤਾਂ ਠੀਕ ਹੋ ਗਿਆ ਪਰ ਸਰੀਰ ਫੁੱਲ ਗਿਆ ਜਿਵੇਂ ਕੋਈ ਗੁਬਾਰਾ ਹੋਵੇ, ਹੱਡ ਚੱਲਣ ਹੀ ਨਾ ਅੱਖਾਂ ਦੁਖਣ ਲੱਗੀਆਂ, ਡਾਕਟਰ ਕਹਿੰਦਾ ਸ਼ਾਇਦ ਕੋਈ ਭੈੜਾ ਸਟੀਰੋਇਡ ਪੁੜੀਆਂ 'ਚ ਕੁੱਟ ਦਿੱਤਾ ਹੋਊ।

''ਅੱਛਾ...।''

''ਮੈਡਮ ਮੈਂ ਬਹੁਤ ਪਰੇਸ਼ਾਨ ਹਾਂ, ਸੋਚਦੀ ਹਾਂ ਏਦੂੰ ਤਾਂ ਮਰੀ ਚੰਗੀ ਹਾਂ।''

''ਭਾਵਨਾ ਕਦੇ ਮੈਂ ਵੀ ਇਹੀ ਸੋਚਦੀ ਸੀ...।''

''ਤੁਸੀਂ... ਪਰ ਤੁਸੀਂ ਤਾਂ ਠੀਕ-ਠਾਕ ਲੱਗਦੇ ਹੋ।''

''ਲੱਗਦੀ ਹਾਂ... ਹਾਂ ਵੀ... ਪਰ ਕਦੇ ਤੇਰੀ ਵਾਲੀ ਹਾਲਤ 'ਚ ਹੀ ਸੀ... ਭਾਵਨਾ ਜੋ ਤੂੰ ਕਿਹਾ ਸੀ ਅਸਥਮਾ ਹੀ ਹੈ, ਕੋਹੜ ਤਾਂ ਨਹੀਂ, ਮੇਰੇ ਮੂੰਹੋਂ ਵੀ ਨਿਕਲਿਆ ਸੀ ਪਰ ਕਿਸੇ ਨੇ ਤੇਰੇ ਵਰਗੇ ਹੀ ਸ਼ਬਦ ਦੁਹਰਾਏ ਸਨ, ''ਏਥੇ ਤਾਂ ਸਭ ਦੀ ਥਿੰਕਿੰਗ ਨੂੰ ਹੀ ਅਸਥਮਾ ਹੋਇਐ।''

''ਮੈਡਮ...।''

''ਹਾਂ ... ਤੇਰੀ ਗੱਲ ਤੋਂ ਮੈਨੂੰ ਉਹ ਸਭ ਕੁਝ ਚੇਤੇ ਆ ਗਿਆ। ਮੇਰੀ ਭੈਣ, ਬਾਬੀ ਜਦ ਪ੍ਰਤਾਪ ਨੂੰ ਮਿਲਣ ਗਈ ਸੀ ਮੇਰੇ ਬਾਰੇ... ਮੇਰੇ ਮਾਪਿਆਂ ਦੇ ਕਹਿਣ ਤੇ, ਇਹੀ ਸ਼ਬਦ ਉਸਨੂੰ ਦੁਹਰਾਏ ਸਨ।''

''ਮੈਡਮ ਤੁਹਾਨੂੰ ਵੀ ਅਸਥਮਾ...।''

''ਹਾਂ ਭਾਵਨਾ।''ਤੁਹਾਨੂੰ ਪਤੈ ਉਹ ਕਦੇ-ਕਦੇ ਬਿਮਾਰ ਹੋ ਜਾਂਦੀ ਐ?'' ਮੇਰੀ ਭੈਣ ਬਾਬੀ ਨੇ ਪ੍ਰਤਾਪ ਨੂੰ ਕਿਹਾ ਸੀ।

''ਹਾਂ ਮੈਨੂੰ ਪਤੈ।'' ਪ੍ਰਤਾਪ ਨੇ ਜਵਾਬ ਦਿੱਤਾ।

''ਆਕਸੀਜਨ ਵੀ ਲਵਾਉਣੀ ਪੈਂਦੀ ਹੈ, ਗੁਲੂਕੋਜ਼ ਵੀ, ਅਸਥਮਾ ਹੈ ਉਸਨੂੰ।'' ਬਾਬੀ ਨੇ ਟੋਹਿਆ ਸੀ।

''ਤੁਹਾਨੂੰ ਕੇਵਲ ਇਹੋ ਜਿਹੇ ਇਲਾਜ਼ ਦਾ ਹੀ ਪਤੈ, ਦੀਦੀ, ਬਿਮਾਰੀ ਦਾ ਨਹੀਂ।'' ਪ੍ਰਤਾਪ ਨੇ ਉਲਟ ਸਵਾਲ ਕੀਤਾ।

''ਦੀਦੀ, ਜੇਕਰ ਤੁਹਾਡੇ ਪਤੀ ਨੂੰ ਦਮਾ ਹੋ ਜਾਵੇ ਤਾਂ ਛੱਡ ਦਿਓਗੇ ਉਸਨੂੰ? '' ਉਹ ਰੋ ਪਈ ਸੀ।

''ਦਰਅਸਲ ਇਥੇ ਤਾਂ ਥਿੰਕਿੰਗ ਨੂੰ ਹੀ ਅਸਥਮਾ ਹੋਇਆ ਪਿਐ, ਪੂਰਾ ਦੇਸ਼ ਹੌਂਕਦਾ ਹੈ ਅਸਥਮੇ ਨਾਲ, ਕਿਸੇ ਨੂੰ ਕੁਰਸੀ ਦਾ, ਕਿਸੇ ਨੂੰ ਧਨ ਦੌਲਤ ਦਾ, ਸੱਤਾ ਖੁਸ਼ ਜਾਏ ਤਾਂ ਨੇਤਾ ਹੌਂਕਦੇ ਹਨ। ਪੱਲੇ ਪੈਸਾ ਨਾ ਹੋਵੇ ਤਾਂ ਰਿਸ਼ਤੇਦਾਰਾਂ ਦੀਆਂ ਨਜ਼ਰਾਂ ਨੂੰ ਹੌਂਕਣੀ ਲੱਗ ਜਾਂਦੀ ਹੈ। '' ਪ੍ਰਤਾਪ ਨੇ ਕਿੰਨਾ ਕੁਝ ਹੀ ਕਹਿ ਦਿੱਤਾ ਸੀ। ਬਾਬੀ ਘਰ ਆਈ ਤਾਂ ਖੁਸ਼ ਲਗਦੀ ਸੀ। ਬਾਊ ਜੀ ਨੂੰ ਕਹਿਣ ਲੱਗੀ, ''ਮੁੰਡਾ ਠੀਕ ਐ... ਹੋਰ ਪਤਾ ਕਰਨ ਦੀ ਕੋਈ ਲੋੜ ਨਹੀਂ।''

ਉਸਦੀਆਂ ਨਜ਼ਰਾਂ ਵਿੱਚ ਸਮੁੱਚਾ ਅਤੀਤ ਤੈਰ ਰਿਹਾ ਸੀ। ਜੇਕਰ ਮੈਂ ਅੱਜ ਵੀ ਜਗਰਾਓਂ ਹੁੰਦੀ ਤਾਂ ਕਿਸ ਖਲਜਗਣ ਵਿੱਚ ਹੋਣਾ ਸੀ। ਗੱਲ ਗੱਲ ਤੇ ਖਿੱਝਦੇ ਸੱਸ ਸਹੁਰੇ... ਦਵਾਈ ਖੁਣੋਂ ਹੌਂਕਦੀ ਨੂੰ ਚੁੱਲਾ ਚੌਕਾ ਕਰਨਾ ਪੈਂਦਾ... ਪਤੀ ਕਿਹੜਾ ਚੰਗਾ ਸੀ, ਜਦ ਦਾ ਉਹਨੂੰ ਪਤਾ ਲੱਗਾ ਸੀ ਕਿ ਦਮੇਂ ਲਈ ਬੈਟਨੀਸੋਲ ਖਾਂਦੀ ਐ... ਉਸ ਦਿਨ ਤੋਂ ਸੁੱਜਿਆ ਸੁੱਜਿਆ ਰਹਿੰਦਾ। ਵਿਚੋਲਣ ਨੂੰ ਗਾਲਾਂ ਕੱਢਦਾ ਨਿੱਤ ਲੜਾਈ ਕਲੇਸ਼ ਰਹਿੰਦਾ, ਵਿਆਹ ਦਾ ਕੋਈ ਚਾਅ ਹੈ ਹੀ ਨਹੀਂ ਸੀ। ਕਿਹੜੀ ਸੇਜ ਤੇ ਕਿਹੜੀ ਮਸਤੀ ਭਰੀ ਜਿੰਦਗੀ ਜਿਸਦੇ ਉਸਨੇ ਸੁਪਨੇ ਲਏ ਸਨ। ਪਹਿਲੀ ਰਾਤ ਉਹ ਅਣਜਾਣਾਂ ਵਾਂਗ ਟੱਕਰਿਆ ਸੀ। ਕੋਈ ਪਿਆਰ ਮੁਹੱਬਤ ਦੀ ਗੱਲ ਨਹੀਂ ਹੋਈ। ਉਸਨੇ ਜਾਗੋ-ਮੀਟੀ 'ਚ ਰਾਤ ਕੱਟੀ ਸੀ। ਫਿਰ ਦੂਜਾ-ਤੀਜਾ ਚੌਥਾ ਦਿਨ... ਚੌਥੀ ਰਾਤ ਉਹ ਖਰਕਣ ਲੱਗੀ, ਖੰਘਦੀ ਰਹੀ... ਕਦੀ ਉਠਦੀ ਕਦੇ ਪੈ ਜਾਂਦੀ ਦੇਖਿਆ ਤਾਂ ਦਵਾਈ ਸੀ ਹੀ ਨਹੀਂ। ਸਹੁਰਿਆਂ ਨੂੰ ਸ਼ੱਕ ਹੋ ਗਿਆ, ਹੋਵੇ ਨਾ ਹੋਵੇ ਇਹ ਤਾਂ ਦਮੇਂ ਮਾਰਿਆਂ ਵਾਂਗ ਖੰਘਦੀ ਹੈ। ਉਹਨਾਂ ਨੂੰ ਪਹਿਲਾਂ ਹੀ ਹੱਥ ਲੱਗੇ ਹੋਏ ਸਨ। ਉਸ ਦਾ ਦਾਦਾ ਸਹੁਰਾ ਦਮੇ ਦਾ ਰੋਗੀ ਸੀ। ਕੋਈ ਦਵਾਈ ਉਹਨੂੰ ਲੱਗਦੀ ਨਹੀਂ ਸੀ ਜਾਂ ਸ਼ਾਇਦ ਦਵਾਈ ਨਹੀਂ ਹੋਣੀ... ਪੁੜੀਆਂ ਖਵਾਉਂਦੇ ਸੀ ਉਹਨੂੰ ਕਿਸੇ ਵੈਦ ਦੀਆਂ। ਉਹਦੀ ਸੱਸ ਕਲਪੀ ਸੀ। ਮੁਸ਼ਕਿਲ ਨਾਲ 10 ਮਹੀਨੇ ਬੀਤੇ ਸਨ ਤੇ 10 ਵਾਰੀ ਅਟੈਕ ਹੋਇਆ ਉਸਨੂੰ। ਇਕ ਵਾਰ ਤਾਂ ਬਹਾਨਾ ਮਾਰ ਪਤੀ ਨੂੰ ਲੈ ਕੇ ਪੇਕੇ ਆ ਗਈ ਸੀ ਤੇ ਦਵਾਈ ਵੀ ਲੈ ਲਈ, ਪਰ ਸਹੁਰੇ ਘਰ ਤਾਂ ਵੈਦ ਦੁਨੀ ਚੰਦ ਦੀਆਂ ਪੁੜੀਆਂ ਹੀ ਚਲਦੀਆਂ ਸਨ। ਫਿਰ ਇੱਕ ਦਿਨ ਬਿਮਾਰੀ ਤੋਂ ਪੂਰੀ ਅਵਾਜ਼ਾਰ ਹੋਈ ਨੇ ਬੈਗ 'ਚ ਕੱਪੜੇ ਪਾਏ ਤੇ ਸੱਸ ਨੂੰ ਕਿਹਾ, ''ਮੇਰੇ ਗਹਿਣੇ ਕੱਢ ਦੇਵੋ, ਪੇਕੇ ਜਾਣਾ ਹੈ।''

ਮੂੰਹ ਵੱਟੀ ਪਤੀ ਉਹਨੂੰ ਪੇਕੇ ਛੱਡ ਗਿਆ, ਚਾਹ ਵੀ ਨਾ ਪੀਤੀ। ਬੀਬੀ ਨੇ ਪੁੱਛਿਆ ਤਾਂ ਕਹਿਣ ਲੱਗਾ, ''ਏਸੇ ਨੂੰ ਪੁੱਛ ਲਈਓ।'' ਬੀਬੀ ਮੇਰੇ ਦੁਆਲੇ ਹੋ ਗਈ ਸੀ।

''ਪਿਛਲੇ ਹਫਤੇ ਤਾਂ ਰੱਖੜੀ ਬੰਨਣ ਆਈ ਸੀ ਤੂੰ... ਕੀ ਗੱਲ ਹੋ ਗਈ ਇੰਨੀ ਜਲਦੀ ਫਿਰ ਆ ਗਈ... ਕੋਈ ਮਾੜਾ ਚੰਗਾ ਤਾਂ ਨਹੀਂ ਬੋਲਿਆ? '' ਮੈਂ ਗੁੰਮ ਸੁੰਮ ਅੰਦਰ ਜਾ ਕੇ ਬੈੱਡ ਤੇ ਲੇਟ ਗਈ ਸੀ। ਆਪਣੇ ਆਪ ਨਾਲ ਗੱਲਾਂ ਕਰਨ ਲੱਗੀ, ਕਿਉਂ ਵਿਆਹ ਬਾਅਦ ਧੀ ਪੇਕੇ ਨਹੀਂ ਆ ਸਕਦੀ। ਕਿਉਂ ਬਿਗਾਨੀ ਲੱਗਣ ਲੱਗੀ ਹਾਂ ਮੈਂ? ਬੀਬੀ ਦੀ ਆਤਮਾ ਸ਼ਾਇਦ ਮੇਰੀ ਹਾਲਤ ਬੁੱਝ ਗਈ ਸੀ। ਉਹ ਅੰਦਰ ਆ ਕੇ ਮੇਰੇ ਸਿਰਾਣੇ ਬੈਠ ਗਈ।

''ਕੀ ਗੱਲ ਦੀਪੂ, ਤਬੀਅਤ ਤਾਂ ਠੀਕ ਹੈ ਤੇਰੀ। ''

''ਹਾਂ... ਬੀਬੀ ਠੀਕ ਹੈ... ਮੈਨੂੰ ਨੀਂਦ ਆਈ ਐ।''

''ਲੈ ਕੁੜੇ ਜਦ ਤੂੰ ਪੇਕੇ ਆਨੀ ਐਂ ਤਾਂ ਨੀਂਦ ਪੂਰੀ ਕਰਨ ਦੀ ਪੈ ਜਾਂਦੀ ਐ ਤੈਨੂੰ... ਕਦੇ ਮਾਂ ਨਾਲ ਦੁੱਖ ਸੁਖ ਤਾਂ ਕਰ ਲਿਆ ਕਰ ... ਪੁੱਤ ਤੂੰ ਉਥੇ ਸੁਖੀ ਤਾਂ ਹੈ? ''

ਮੈਂ ਕੀ ਬੋਲਦੀ। ਉਸਨੂੰ ਪਰੇਸ਼ਾਨ ਨਹੀਂ ਕਰਨਾ ਚਾਹੁੰਦੀ ਸੀ।

''ਭਾਬੀ ਕਿੱਥੇ ਹੈ ਬੀਬੀ ?''

''ਡਿਊਟੀ ਗਈ ਐ ... ? ''

''ਅੱਛਾ...। '' ਮੈਂ ਸੌਣ ਦੀ ਐਕਟਿੰਗ ਕੀਤੀ। ਸ਼ਾਮ ਨੂੰ ਭਾਬੀ ਵੀ ਆ ਗਈ। ਬੱਚੇ ਵੀ ਭਰਾ ਵੀ।



ਭਾਬੀ ਨੇ ਵੀ ਪੁੱਛਿਆ... ਭਰਾ ਨੇ ਵੀ,

''ਠੀਕ ਤਾਂ ਹੈ ? ''

''ਹਾਂ... ਬੱਸ ਐਵੇਂ ਆ ਗੀ। '' ਸ਼ਾਮ ਨੂੰ ਦਾਦੀ ਦੇ ਜਾ ਗੱਲ ਲੱਗ ਕੇ ਰੋਣ ਲੱਗੀ।

''ਨਾ ਕੀ ਗੱਲ ਹੋ ਗੀ ਮੇਰੇ ਨਾਲ ਚਿੰਬੜੀ ਪਈ ਏਂ । ''

''ਅੰਮਾਂ ਮੈਨੂੰ ਬਾਬੇ ਦੀ ਯਾਦ ਆਉਂਦੀ ਐ ਬਹੁਤ। ''

''ਜਾ ਨੀ ਫੋਟ, ਮੈਨੂੰ ਤਾਂ ਯਾਦ ਆਉਂਦੀ ਨੀ ਤੇਰੇ ਬਾਬੇ ਦੀ, ਤੂੰ ਐਵੇਂ ਉਹਨੂੰ ਯਾਦ ਕਰੀ ਜਾਨੀ ਐਂ, ਪਰਾਹੁਣਾ ਨੀ ਆਇਆ ? '' ਦਾਦੀ ਨੇ ਸਿਰ ਪਲੋਸਦੇ ਹੋਏ ਪੁੱਛਿਆ।

''ਆਏ ਸੀ ਚਲੇ ਗੇ।''

''ਕਿਉਂ ? ''

''ਵਿਆਹ ਦਾ ਕੰਮ ਫੜਿਆ ਸੀ ਕੋਈ ਕਾਹਲੀ ਸੀ। ''

''ਅੱਛਾ... ਸੱਸ ਠੀਕ ਐ ਤੇਰੀ। ''

''ਠੀਕ ਐ ਅੰਮਾ ।''

''ਅੱਛਾ ਕੁੜੇ ਘਰ ਸੰਭਾਲ ਆਪਣਾ ਹੁਣ... ਵਿਆਹ ਤੋਂ ਬਾਦ ਤਾਂ ਸਹੁਰੇ ਘਰ ਨਾਲ ਈ ਭਾਅ ਹੁੰਦੈ...।''

ਕੀ ਕਹਿ ਰਹੀ ਸੀ ਅੰਮਾ? ਮੈਂ ਸੋਚਣ ਲੱਗੀ, ਉਸਦੀ ਤੇਜ ਨਜ਼ਰ ਪਛਾਣਦੀ ਸੀ ਬਈ ਕੋਈ ਗੱਲ ਤਾਂ ਜ਼ਰੂਰ ਹੈ, ਇਸੇ ਲਈ ਸਿਆਣਪਾਂ ਦੇ ਰਹੀ ਸੀ।

''ਮੈਨੂੰ ਨੀਂਦ ਆਉਂਦੀ ਐ।''ਕਹਿ ਕੇ ਮੁੜ ਆਈ। ਤੀਜੇ ਚੌਥੇ ਦਿਨ ਭਾਬੀ ਹੱਸਕੇ ਕਹਿਣ ਲੱਗੀ, ''ਤੇਰੇ ਜੀ ਦਾ ਫੋਨ ਨਹੀਂ ਆਇਐ ਕੁੜੇ... ਕਿਤੇ ਭੁੱਲ ਤਾਂ ਨਹੀਂ ਗਿਐ ਆਪਣੀ ਮੇਮ ਨੂੰ? ''

ਬੀਬੀ ਪੁੱਛਣ ਲੱਗੀ, ''ਕਦੋਂ ਲੈਣ ਆਊਗਾ ਲਾਡੀ।''

''ਕਹਿ ਕੇ ਆਈ ਸੀ ਮੈਂ ਮਹੀਨਾ ਰਹਿਣੈ? '' ਮੈਂ ਟਾਲਣ ਦੀ ਕੋਸ਼ਿਸ਼ ਕੀਤੀ।

''ਪਹਿਲਾਂ ਤਾਂ ਇੱਕ ਦਿਨ ਤੋਂ ਵੱਧ ਨੀਂ ਛੱਡਦਾ ਸੀ ਤੈਨੂੰ, ਨਾਲੇ ਤੇਰੀ ਸੱਸ ਬਿਮਾਰ ਰਹਿੰਦੀ ਐ, ਕਿਸ ਤਰ੍ਹਾਂ ਸਰੂ ਕੰਮ ਦਾ।'' ਹੂੰ ! ਬੀਬੀ ਨੂੰ ਵੀ ਉਹਨਾਂ ਦੇ ਕੰਮ ਦੀ ਈ ਫ਼ਿਕਰ ਸੀ।

''ਆਪੇ ਨੌਕਰ ਰੱਖ ਲੈਣਗੇ। '' ਮੈਂ ਕਿਹਾ।

ਭਾਬੀ ਬੀਬੀ ਨੂੰ ਹੌਲੀ ਜਿਹੀ ਹੱਸ ਕੇ ਕਹਿਣ ਲੱਗੀ, ''ਬੀਬੀ, ਮੈਨੂੰ ਤਾਂ ਇਸ ਵਾਰ ਕੋਈ ਗੜਬੜ ਲੱਗਦੀ ਹੈ? ''

ਬੀਬੀ ਪ੍ਰਸ਼ਨਵਾਚਕ ਮੇਰੇ ਵੱਲ ਤੱਕਣ ਲੱਗੀ। ਭਾਬੀ ਨੇ ਮੈਨੂੰ ਕਮਰੇ ਅੰਦਰ ਸੱਦ ਕੇ ਪੁੱਛਿਆ, ''ਤੇਰੇ ਦਿਨ ਤਾਂ ਨਹੀਂ ਚੜ੍ਹੇ ਕਿਤੇ? ''

''ਤੁਹਾਨੂੰ ਤਾਂ ਨੂੰਹ-ਸੱਸ ਨੂੰ ਇਹੀ ਉਡੀਕ ਲੱਗੀ ਰਹਿੰਦੀ ਹੈ ਕਿ ਕਦੋਂ ਦਿਨ ਚੜ੍ਹਨ ਤੇ ਜੁਆਕ ਹੋਵੇ।'' ਮੈਂ ਰੋਣਹਾਕੀ ਬੋਲੀ। ਇੱਕ ਦਿਨ ਚਾਚੀ ਮਿਲਣ ਆਈ ਤਾਂ ਕਹਿਣ ਲੱਗੀ।

''ਇਸ ਵਾਰ ਤਾਂ ਲੰਬੀ ਛੁੱਟੀ ਦੇ ਹੀ ਦਿੱਤੀ ਮੇਰੇ ਪੀਏ ਨੇ। '' ਮੈਂ ਮੁਸਕਰਾਉਣ ਦੀ ਕੋਸ਼ਿਸ਼ ਕੀਤੀ।

''ਤੂੰ ਸਾਰਾ ਦਿਨ ਅੰਦਰ ਪਈ ਰਹਿਨੀ ਐ ਨਾ ਨਾਉਣਾ ਧੋਣਾ ਨਾ ਬਿੰਦੀ ਲਿਪਸਟਿਕ ਬਣ ਠਣ ਕੇ ਰਿਹਾ ਕਰ ਕੁੜੇ ਵਿਆਹੀ ਵਰੀ ਹੈਂ ਤੂੰ , ਹੋਰ ਮਹੀਨੇ ਡੰਗ ਨੂੰ ਗੋਦੀ ਜੁਆਕ ਹੋਊ ਤੇਰੇ। ''

ਫਿਰ ਜੁਆਕ ! ਹੁਣ ਚਾਚੀ ਜੁਆਕ ਦਾ ਪਿੱਛਾ ਕਰਕੇ ਮੇਰੇ ਦਿਨ ਗਿਣੇਗੀ, ਪੁੱਛੇਗੀ, ਬੋਲਦੇ ਹੁੰਨੇ ਐਂ ਕਿ ਨਹੀਂ... ਰਿਸ਼ਤੇ 'ਚੋਂ ਲੱਗਦੀ ਚਾਚੀ ਮੇਰੇ ਤੋਂ ਬਾਹਲੀ ਵੱਡੀ ਨਹੀਂ ਸੀ, ਇਸ ਲਈ ਹਮਉਮਰ ਵਾਲੇ ਮਜ਼ਾਕ ਕਰ ਲੈਂਦੀ ਸੀ।

''ਬੇਰੀ ਵਾਲਿਆਂ ਦੀ ਕੁੜੀ ਯਾਦ ਕਰਦੀ ਸੀ ਤੈਨੂੰ... ਆਜੀਂ ਮਿਲਣ। '' ਚਾਚੀ ਨੇ ਸੁਨੇਹਾ ਦਿੱਤਾ।

''ਆਪੇ ਆ ਜੂ ਮਿਲਣ, ਮੇਰਾ ਨੀ ਜੀ ਕਰਦਾ ਕਿਸੇ ਦੇ ਘਰ ਜਾਣ ਨੂੰ।'' ਗਲੀ ਵਿੱਚ ਇਸ ਲਈ ਨਹੀਂ ਜਾਂਦੀ ਸੀ ਕਿ ਉਹ ਕਈ ਤਰ੍ਹਾਂ ਦੇ ਸਵਾਲ ਪੁੱਛਣਗੇ। ਮੈਂ ਕੀ ਜਵਾਬ ਦੇਵਾਂਗੀ। ਪੰਦਰਾਂ ਦਿਨ ਹੋ ਗਏ ਪੇਕੇ ਆਈ ਨੂੰ। ਕਿੰਨਾ ਔਖਾ ਸੀ ਵਿਆਹ ਬਾਅਦ ਪੇਕੇ ਰਹਿਣਾ। ਹਰ ਰੋਜ ਸਵਾਲ , ''ਫੋਨ ਨੀ ਆਇਆ ਲਾਡੀ ਦਾ ਪੰਦਰਾ ਦਿਨ ਹੋ ਗਏ।'' ਬੀਬੀ ਆਖਣ ਲੱਗੀ।

“ਬਿਜੀ ਹੋਣਗੇ।”

“ਤੂੰ ਕਰ ਲੈਂਦੀ।”

“ਕੀਤਾ ਸੀ... ਠੀਕ ਠਾਕ ਐ।” ਮੈਂ ਝੂਠ ਬੋਲ ਦਿੱਤਾ। ਸ਼ਾਮ ਨੂੰ ਭਰਾ ਦਫਤਰੋਂ ਆਇਆ ਤਾਂ ਚਿਹਰੇ ਤੇ ਉਦਾਸੀ ਸੀ। ਮੈਂ ਅੰਦਰ ਲੇਟੀ ਹੋਈ ਸੀ। ਬੀਬੀ ਨੂੰ ਆਖ ਰਿਹਾ ਸੀ, ਕੁਝ ਭਾਬੀ ਵੀ ਕੋਲ ਖੜੀ ਸੀ। ਹੌਲੀ ਹੌਲੀ ਉਦਾਸੀ ਭਰੀ ਆਵਾਜ਼ ਮੇਰੇ ਤੱਕ ਪੁੱਜ ਰਹੀ ਸੀ। ਮੈਂ ਕਿਹਾ, “ਕਦੋਂ ਲੈਣ ਆਉਣਾ ਤੁਸੀਂ ਤਾਂ ਕਹਿੰਦਾ... ਆਪਣੀ ਕੁੜੀ ਨੂੰ ਹੀ ਪੁੱਛੋ... ਆਉਣਾ ਵੀ ਹੈ ਜਾਂ ਨਹੀਂ।”

ਕਾਫੀ ਦੇਰ ਘੁਸਰ ਮੁਸਰ ਚਲਦੀ ਰਹੀ ਸੀ। ਫਿਰ ਤਿੰਨੇ ਮੇਰੇ ਸਿਰਾਣੇ ਆ ਖੜੇ।

“ਤੂੰ ਦਸਦੀ ਕਿਉਂ ਨੀਂ... ਕੀ ਗੱਲ ਐ।” ਭਰਾ ਪੁੱਛਣ ਲੱਗਾ। ਮੈਂ ਨੀਂਵੀ ਪਾਈ ਬੈਠੀ ਰਹੀ ਮੈਨੂੰ ਸਾਹ ਚੜ੍ਹਿਆ ਹੋਇਆ ਸੀ... ਹੌਂਕੀ ਜਾਂਦੀ ਸਾਂ।

“ਤੂੰ ਬੋਲਦੀ ਕਿਉਂ ਨਹੀਂ... ਮੈਂ ਪੁੱਛੀ ਜਾਨੈਂ ਤੈਥੋਂ।”

ਮੈਂ ਉਸਦੀ ਗੱਲ ਅਣਸੁਣੀ ਕਰਕੇ ਖੰਘਦੀ ਖੰਘਦੀ ਚੁਬਾਰੇ ’ਚ ਚਲੀ ਗਈ ਅਤੇ ਅੰਦਰੋਂ ਦਰਵਾਜਾ ਬੰਦ ਕਰ ਲਿਆ। ਫੁੱਟ ਫੁੱਟ ਰੋਣ ਲੱਗੀ। ਜਿਸ ਘਰ ਮੈਂ ਜੰਮੀ ਪਲੀ ਸੀ। ਵੱਡੀ ਹੋਈ ਸੀ ਉਥੇ ਮੈਨੂੰ ਮਾਪਿਆਂ ਦੇ ਸਵਾਲ ਪਰਾਇਆ ਵਾਂਗ ਜਾਪ ਰਹੇ ਸਨ। ਬੀਬੀ ਉਪਰ ਆ ਗਈ ਤੇ ਦਰਵਾਜਾ ਖੜਕਾਉਣ ਲੱਗੀ ਮੈਂ ਦਰਵਾਜਾ ਖੋਲ੍ਹ ਦਿੱਤਾ... ਬੈੱਡ ਤੇ ਮੂਧੇ ਮੂੰਹ ਪਈ ਰੋਂਦੀ ਰਹੀ ਨਾਲ ਖੰਘਦੀ ਰਹੀ... ਬੀਬੀ ਮੈਨੂੰ ਗੋਦੀ ’ਚ ਲੈ ਕੇ ਬੈਠ ਗਈ।

“ਪੁੱਤ... ਔਖੀ ਨਾ ਹੋ... ਦੁੱਖ ਦਸਦਿਐਂ ਘਟ ਜਾਂਦੈ... ਅਸੀਂ ਕੋਈ ਪਰਾਏ ਆਂ। ” ਭਾਬੀ ਵੀ ਸਿਰ ਪਲੋਸਣ ਲੱਗੀ ਸੀ। ਰੋਂਦੀ ਰੋਂਦੀ ਨੂੰ ਸਾਹ ਔਖਾ ਆਉਣ ਲੱਗਾ। ਭਰਾ ਪਾਣੀ ਗਰਮ ਕਰ ਲਿਆਇਆ ਤੇ ਖੰਘ ਦੀ ਦਵਾਈ ਵੀ।

“ ਬੀਬੀ ਮੈਂ ਨੀ ਜਾਣਾ ਉੱਥੇ ...।” ਮੈਂ ਰੋਂਦੀ ਰੋਂਦੀ ਤੋਂ ਕਿਹਾ ਗਿਆ। ਖੰਘ ਫਿਰ ਛਿੜ ਪਈ।

“ਕੀ ਗੱਲ ਪੁੱਤ... ਦਵਾਈ ਨਹੀਂ ਲਿੱਤੀ ਤੂੰ? ”

“ਦਵਾਈ ਮੁੱਕ ਗਈ ਸੀ ਬੀਬੀ ਉਥੇ ਹੀ... ਫਿਰ ਅਟੈਕ ਹੋ ਗਿਆ ਸੀ।... ਦਵਾਈ ਲੈ ਕੇ ਹੀ ਨਹੀਂ ਦਿੱਤੀ ਉਹਨਾਂ।” ਮੈਂ ਰੋਣ ਲੱਗੀ।

“ਅੱਛਾ...।” ਬੀਬੀ ਦੀ ਆਵਾਜ਼ ਭਾਰੀ ਹੋ ਗਈ ਸੀ।

“ਇਥੇ ਆ ਕੇ ਤਾਂ ਬੈਟਨੀਸੋਲ ਲੈ ਲਈ ਸੀ ਤਾਂ ਫਰਕ ਪੈ ਗਿਆ, ਉਥੇ ਤਾਂ ਦਵਾਈ ਵੀ ਨਹੀਂ ਲੈ ਸਕਦੀ ਉਹਨਾਂ ਸਾਹਮਣੇ-ਉਤੋਂ ਮੇਰੀ ਸੱਸ ਕਹਿੰਦੀ ਐ, ਛੇਤੀ ਕੋਈ ਖੁਸ਼ੀ ਦੀ ਖਬਰ ਦੇ, ਸਾਡਾ ਇਕੋਂ ਇੱਕ ਮੁੰਡਾ ਐ ਮੇਰਾ ਕੀ ਕਸੂਰ ਐ ਇਸ ਵਿੱਚ।”

ਬੀਬੀ ਕਹਿਣ ਲੱਗੀ, “ਲੈ ਆਪਾਂ ਸਾਰੇ ਤਾਂ ਟੈਸਟ ਕਰਾਏ ਸੀ ਲੁਧਿਆਣਿਓ, ਕਹਿੰਦੇ ਤਾਂ ਸੀ ਨਾਰਮਲ ਐ, ਉਵ ਵੀ 10 ਤਾਂ ਮਹੀਨੇ ਹੋਏ ਐ ਅਜੇ ਵਿਆਹ ਨੂੰ।”

“ਬੀਬੀ ਮੈਂ ਨੀਂ ਜਾਣਾ ਉਥੇ ਰੋਜ ਰੋਜ ਮਰਨ ਨਾਲੋਂ ਤਾਂ ਇੱਕ ਦਿਨ ਮਰਨਾ ਚੰਗੈ, ਮੇਰੇ ਜ਼ਹਿਰ ਦਾ ਟੀਕਾ ਲਵਾ ਦੇ, ਏਹੋ ਜੀ ਜ਼ਿੰਦਗੀ ’ਤੋਂ।”

“ਐਂ ਨੀ ਬੋਲੀਦਾ... ਦੀਪੂ ਸਿਆਣੀ ਬਣ।”

“ਉਦੋਂ ਤਾਂ ਤੁਹਾਨੂੰ ਬੜੀ ਕਾਹਲੀ ਸੀ ਮੇਰੇ ਵਿਆਹ ਦੀ, ਆਪਣੇ ਗਲੋਂ ਲਾਹ ਦਿੱਤਾ ਤੁਸੀਂ ਇਸ ਰੋਗਣ ਨੂੰ, ਤੇ ਉਹਨਾਂ ਨੂੰ ਦੱਸਿਆ ਵੀ ਨਹੀਂ ਕਿ ਮੈਂ ਦਵਾਈ ਖਾਂਦੀ ਆਂ, ਅਟੈਕ ਹੋਣ ਤਾਂ ਮੇਰੇ ਹੱਥ ਪੈਰ ਜੁੜ ਜਾਂਦੇ ਐ, ਘਰੇ ਓਹੜ ਪੋਹੜ ਕਰੀ ਜਾਣਗੇ, ਜਾਂ ਗਾਲਾਂ ਕੱਢੂ ਕਿੱਥੇ ਬਿਮਾਰ ਮੜ੍ਹ ’ਤੀ ਸਾਡੇ ਗਲੇ।”

“ਕੋਈ ਨੀ ਧੀਏ... ਸਭ ਠੀਕ ਹੋ ਜੂ ਟੈਮ ਨਾਲ, ਇਹ ਸਮਾਂ ਈਂ ਹੁੰਦੈ ਕੋਈ ਮਾੜਾ, ਸੁਖ ਨਾਲ ਚੰਗਾ ਮੁੰਡਾ ਮਿਲਿਆ ਦਿੱਲੀ ਦੱਖਣ ਤਾਂ ਭਾਲ ਥੱਕੇ ਸੀ। ਫਿਰ ਦੁਬਾਰਾ ਕੌਣ ਵਿਆਹੂ, ਇਸ ਬਿਮਾਰੀ ਨਾਲ, ਚੁੱਪ ਕਰਕੇ ਦਿਨ ਕੱਢੀਦੇ ਐ।”

ਬੀਬੀ ਦੀਆਂ ਗੱਲਾਂ ਤੋਂ ਇੰਝ ਲੱਗਦਾ ਸੀ ਜਿਵੇਂ ਮੈਂ ਰੋਗਣ ਇਨ੍ਹਾਂ ਸਾਰਿਆਂ ਤੇ ਬੋਝ ਹਾਂ। ਬੀਬੀ ਪੁਚਕਾਰ ਕੇ ਥੱਲੇ ਚਲੇ ਗਈ, ਮੈਂ ਸ਼ਾਮ ਤੱਕ ਰੋਂਦੀ ਰਹੀ। ਅਗਲੇ ਦਿਨ ਬੈਗ ’ਚ ਕੱਪੜੇ ਪਾ ਕੇ ਬੀਬੀ ਨੂੰ ਕਿਹਾ, “ਬੀਬੀ ਮੈਂ ਵੱਡੀ ਦੀਦੀ ਨੂੰ ਮਿਲਣ ਰਾਮਪੁਰੇ ਜਾਨੀ ਐਂ।”



“ਨਾ ਤੂੰ ਨਾ ਜਾ ਪੁੱਤ ਤੇਰਾ ਵੀਰ ਆਊ ਜਾਂ ਉਹਨੂੰ ਫੋਨ ਕਰ ਦਿੰਦੀ ਆ ਕੇ ਲੈ ਜਾਊ, ਨਹੀਂ ਚੱਲ ਫਿਰ ਮੈਂ ਈਂ ਚਲਦੀ ਹਾਂ ਤੇਰੇ ਨਾਲ, ਉਹ ਸਿਆਣੀ ਹੈ ਕੁਝ ਸੋਚੂ ਤੇਰੇ ਬਾਰੇ।”

ਦੀਦੀ ਸੁੱਘੜ ਸਿਆਣੀ ਸੀ, ਉਹ ਮੇਰਾ ਹੀ ਨਹੀਂ ਸਾਰੇ ਪਰਿਵਾਰ ਦਾ ਦੁੱਖ ਦਰਦ ਸਮਝਦੀ ਸੀ। ਮੈਂ ਉਹਦੇ ਗੱਲ ਲੱਗ ਆਪਣਾ ਸਾਰਾ ਦੁੱਖ ਦਰਦ ਦੱਸ ਦਿੱਤਾ।

“ਦੀਦੀ ਇੱਕ ਤਾਂ ਦਮੇ ਦਾ ਅਟੈਕ, ਦੂਜਾ ਸਾਰਾ ਦਿਨ ਘਰ ਦਾ ਕੰਮ ਫੇਰ ਜਣੇ ਖਣੇ ਦੀਆਂ ਗੱਲਾਂ ਸਾਰੇ ਮੇਰੇ ਢਿੱਡ ਵੱਲ ਦੇਖਦੇ ਐ ਬਈ ਕਦੋਂ... ਨੁਕਸ ਉਹਦੇ ’ਚ ਐ ਦੋਸ਼ ਮੇਰੇ ’ਤੇ ਲਾਈ ਜਾਣਗੇ।

“ਅੱਛਾ...।” ਦੀਦੀ ਨੇ ਸਾਰੀ ਗੱਲ ਬੁੱਝ ਲਈ ਸੀ। ਦੀਦੀ ਮੇਰੇ ਤੋਂ ਇਹ ਗੱਲਾਂ ਸਹਿਣ ਨਹੀਂ ਹੁੰਦੀਆਂ, ਮੇਰੀ ਤਾਂ ਬੱਸ ਐ।”

“ਤੂੰ ਉਥੇ ਜਾਣਾ ਚਾਹੁੰਦੀ ਐਂ।”

“ਨਹੀਂ ਬਿਲਕੁਲ ਨਹੀਂ ਘੁੱਟ ਘੁੱਟ ਕੇ ਮਰਨ ਨਹੀਂ ਹੁੰਦਾ। ਜੇਕਰ ਜਬਰਦਸਤੀ ਮੈਨੂੰ ਉਥੇ ਭੇਜਿਆ ਵੀ ਤਾਂ ਮੇਰੀ ਉਥੋਂ ਲਾਸ਼ ਹੀ ਆਊਗੀ।” ਮੇਰੀਆਂ ਚੀਕਾਂ ਨਿਕਲ ਗਈਆਂ।

‘ਕੋਈ ਨਹੀਂ ਚੁੱਪ ਕਰ ਤੂੰ, ਮੈਂ ਆਪੇ ਸਭ ਨੂੰ ਮਨਾ ਲਊਂ ਦੀਦੀ ਨੇ ਬੀਬੀ ਨੂੰ ਮਨਾ ਲਿਆ। ਹਫਤਾ ਉਥੇ ਰਹਿ ਕੇ ਵਾਪਸ ਆਈ ਤਾਂ ਦੀਦੀ ਵੀ ਨਾਲ ਆ ਗਈ। ਉਹਨੂੰ ਆਪਣੀ ਇੱਕ ਸਹੇਲੀ ਜੋ ਹੁਣ ਇੱਕ ਪ੍ਰਾਈਵੇਟ ਸਕੂਲ ਦੀ ਪ੍ਰਿੰਸੀਪਲ ਨੂੰ ਆਖ, ਮੈਨੂੰ ਸਕੂਲ ’ਚ ਨੌਕਰੀ ਲਵਾ ਦਿੱਤਾ। ਬੱਚਿਆਂ ਨੂੰ ਪੜ੍ਹਾਉਂਦੇ ਹੋਏ ਤਾਂ ਮੈਂ ਵੀ ਰਮ ਗਈ। ਮੈਨੂੰ ਨਰਸਰੀ ਦੀ ਕਲਾਸ ਦੇ ਦਿੱਤੀ ਨਾਲ ਸਟੇਸ਼ਨਰੀ ਦਾ ਚਾਰਜ ਸੰਭਾਲ ਦਿੱਤਾ। ਘਰ ਆ ਕੇ ਟਿਊਸ਼ਨਾ ਪੜਾਉਣ ਲੱਗੀ। ਇੰਵ ਸਮਾਂ ਬੀਤਣ ਲੱਗਾ। ਸਹੁਰਿਆਂ ਤੋਂ ਸੁਨੇਹਾ ਆਇਆ ਬਈ ਗੱਲ ਇੱਕ ਪਾਸੇ ਕਰੋ। ਮੈਂ ਤਾਂ ਤਿਆਰ ਹੀ ਸੀ। ਉਨ੍ਹਾਂ ਸਮਾਨ ਦੀ ਬਜਾਏ ਥੋੜ੍ਹੇ ਬਹੁਤੇ ਪੈਸੇ ਦੇਣੇ ਮੰਨ ਲਏ। ਮੈਂ ਵੀ ਛੁਟਕਾਰਾ ਹੀ ਚਾਹੁੰਦੀ ਸੀ। ਕਿੰਵ ਬੀਤੇ ਇਹ ਅੱਠ ਸਾਲ ਪਤਾ ਹੀ ਨਹੀਂ ਲੱਗਾ। ਸਕੂਲ ਪੜ੍ਹਾਉਂਦੇ ਹੀ ਮੈਂ ਬੀ. ਏ. ਕਰ ਲਈ ਪ੍ਰਾਈਵੇਟ ਤੇ ਇੱਕ ਦਿਨ ਪ੍ਰਤਾਪ ਲਾਇਬਰੇਰੀ ’ਚ ਆ ਬੈਠਾ ਤੇ ਫਿਰ ਪਤਾ ਨਹੀਂ ਦਿਲ ਦੇ ਕਿਵਾੜ ਖੋਲ ਕੇ ਉਥੋਂ ਦਾ ਹੀ ਗੋ ਗਿਆ। ਦੇਖਣ ਦਾਖਣ ਨੂੰ ਉਹ ਬਿਲਕੁਲ ਸਾਦਾ ਸੀ, ਸਾਦਾ ਕੱਪੜੇ, ਵਧੀ ਹੋਈ ਦਾੜ੍ਹੀ ਪੂਰਾ ਫਿਲਾਸਫਰ ਲੱਗਦਾ, ਪਰ ਉਹਦੀਆਂ ਅੱਖਾਂ ਹਮੇਸ਼ਾ ਖੁੱਲ੍ਹੀਆਂ ਹੁੰਦੀਆਂ, ਉਹਨੂੰ ਮੈਂ ਕਦੇ ਪਲਕ ਝਪਕਦਾ ਹੋਵੇ ਕਦੇ ਨਹੀਂ ਦੇਖਿਆ ਸੀ। ਉਹ ਦੀਆਂ ਨਿੱਕੀਆਂ-ਨਿੱਕੀਆਂ ਭੂਰੀਆਂ ਅੱਖਾਂ ’ਚ ਅੰਤਾਂ ਦਾ ਮੋਹ ਸੀ। ਪ੍ਰਿੰਸੀਪਲ ਤੇ ਵਿਦਿਆਰਥੀ ਉਸ ਤੇ ਜਾਨ ਛਿੜਕਦੇ ਪਰ ਫੈਸ਼ਨੇਬਲ ਟੀਚਰਾਂ ਉਸ ਦਾ ਪਿੱਠ ਪਿਛੇ ਮਜਾਕ ਉਡਾਉਂਦੀਆਂ ਉਹਦੀ ਦਾੜ੍ਹੀ ਸਾਦਗੀ ਉਹਨਾਂ ਨੂੰ ਚੁਭਦੀ, ਮੇਰੇ ਨਾਲ ਲਾਇਬਰੇਰੀ ’ਚ ਨਿੱਕੀਆਂ ਨਿੱਕੀਆਂ ਗੱਲਾਂ ਕਰਦਾ ਤਾਂ ਮੈਨੂੰ ਘਰ ਸਮਾਜ, ਰਾਸ਼ਟਰ ਦੀਆਂ ਕਿੰਨੀਆਂ ਹੀ ਡੂੰਘੀਆਂ ਰਮਜਾਂ ਦਾ ਅਹਿਸਾਸ ਹੋਣ ਲੱਗਾ। ਇੱਕ ਵਾਰ ਮੈਨੂੰ ਕਲਾਸ ’ਚ ਅਟੈਕ ਹੋ ਗਿਆ। ਬਹੁਤ ਬੁਰੀ ਹਾਲਤ ਸੀ, ਪ੍ਰਤਾਪ ਉਥੋਂ ਲੰਘ ਰਿਹਾ ਸੀ। ਉਹਨੇ ਮੈਨੂੰ ਸੰਭਾਲਿਆ ਤੇ ਸਟਾਫ਼ ਰੂਮ ਲੈ ਗਿਆ। ਚਾਹ ਮੰਗਵਾਈ ਤੇ ਦਵਾਈ ਬਾਰੇ ਪੁੱਛਿਆ। ਪਰਸ ’ਚੋਂ ਕੱਢ ਕੇ ਦਵਾਈ ਲੈਣ ਲੱਗੀ ਤਾਂ ਬੈਟਨੀਸੋਲ ਦੀ ਗੋਲੀ ਦੇਖ ਪੁੱਛਣ ਲੱਗਾ, ਪਰ ਮੇਰੀ ਹਾਲਤ ਦੇਖ ਚੁੱਪ ਕਰ ਗਿਆ। ਇੱਕ ਹੋਰ ਟੀਚਰ ਆ ਗਈ ਤੇ ਫਿਰ ਮੈਨੂੰ ਸਕੂਟਰ ’ਤੇ ਘਰੇ ਛੱਡ ਗਿਆ। ਦੂਜੇ ਦਿਨ ਵੀ ਪਤਾ ਲੈਣ ਆਇਆ। ਹਫਤੇ ਬਾਦ ਠੀਕ ਹੋ ਗਈ ਤਾਂ ਸਕੂਲ ਜਾਣ ਲੱਗੀ। ਪ੍ਰਤਾਪ ਨੇ ਪੁੱਛਿਆ, “ਤੁਸੀਂ ਬੈਟਨੀਸੋਲ ਕਦੋਂ ਦੇ ਲੈਂਦੇ ਓ ? ”

“ਕਿੰਨੇ ਹੀ ਸਾਲ ਹੋ ਗਏ, ਹੁਣ ਤਾਂ, ਮੈਨੂੰ ਅਸਥਮਾ ਐਂ।”

“ਤੁਸੀਂ ਸਟੀਰੋਇਡ ਲੈਂਦੇ ਓ ?”

“ਮੈਨੂੰ ਤਾਂ ਪਤਾ ਨੀ... ਕਈ ਵਾਰ ਦੇਸੀ ਦਵਾਈਆਂ ਵੀ ਲੈ ਦੇਖੀਆਂ ਪਰ ਫਰਕ ਤਾਂ ਪੈਂਦਾ ਨਹੀਂ, ਹੁਣ ਤਾਂ ਇਹ ਸਿਵਿਆਂ ਤੱਕ ਨਾਲ ਹੀ ਜਾਊ।” ਮੈਂ ਕਹਿਣ ਲੱਗੀ।

“ਨਿਰਾਸ਼ ਕਿਉਂ ਹੁੰਦੇ ਓ, ਮੇਰਾ ਇਹ ਮਤਲਬ ਨਹੀਂ ਸੀ... ਆਈ ਐਮ ਸੌਰੀ।” ਉਹਨੇ ਹੌਲੀ ਜਿਹੇ ਮੇਰਾ ਹੱਥ ਛੂਹਿਆ।

“ਇਫ ਯੂ ਡੌਂਟ ਮਾਈਂਡ... ਮੈਡਮ, ਇਹ ਕਿਵੇਂ ਹੋਇਆ? ਬਚਪਨ ਤੋਂ ਹੀ ਜਾਂ... ? ”

“ਇਟਸ ਓ ਕੇ...।” ਮੈਂ ਕਿਹਾ, “ਪੱਕਾ ਤਾਂ ਯਾਦ ਨਹੀਂ ਪਰ ਨੌਂਵੀਂ ’ਚ ਪੜ੍ਹਦੀ ਸੀ ਸ਼ਾਇਦ। ਮੈਨੂੰ ਖੰਘ ਸੀ... ਤੇ ਬੁਖਾਰ ਵੀ... ਠੰਡ ਲੱਗ ਗਈ ਸੀ। ਬੀਬੀ ਨੇ ਕਿਸੇ ਦੇ ਕਹਿਣ ਤੇ ਘਿਓ ਕਲਕਾ ਕੇ ਦੇ ਦਿੱਤਾ, ਮੈਂ

ਉਪਰੋਂ ਠੰਡਾ ਪਾਣੀ ਪੀ ਲਿਆ ਉਹ ਜਿਵੇਂ ਕਿਤੇ ਜੰਮ ਹੀ ਗਿਆ, ਸਾਹ ਔਖਾ ਆਉਣ ਲੱਗਾ, ਬੀਬੀ ਨੇ ਪਤਾ ਨਹੀਂ ਕਿੰਨੇ ਜ਼ਫਰ ਜਾਲੇ, ਕੋਈ ਕਹਿੰਦੇ ਕਨੇਡੂ ਨਿਕਲੇ ਐ ਕੋਈ ਕਹਿੰਦਾ ਵੱਖੀਆਂ ਉੱਠ ਆਈਆਂ, ਸਾਡੇ ਘਰਾਂ ਕੋਲ ਘੁਮਿਆਰਾਂ ਦੇ ਘਰ ਸੀ, ਉਥੇ ਓਮੀ ਘੁਮਿਆਰ ਦਵਾਈ ਬੂਟੀ ਕਰਦਾ ਸੀ। ਮਾਂ ਉਹਦੇ ਤੋਂ ਹਥੌਲਾ ਪਵਾ ਦਿੰਦੀ ਉਹ ਮੇਰੀਆਂ ਪੁੜਪੁੜੀਆਂ ਮਲਦਾ ਮਿੱਟੀ ਦੀਆਂ ਡਿਕਰੀਆਂ ਮੱਥੇ ਨਾਲ ਲਾ ਕੇ ਕੋਈ ਮੰਤਰ ਪੜ੍ਹ ਦਿੰਦਾ, ਪਰ ਉਸ ਟੂਣੇ ਜਿਹੇ ਦਾ ਅਸਰ ਥੋੜ੍ਹਾ ਚਿਰ ਹੀ ਰਹਿੰਦਾ, ਕਦੇ ਕਿਸੇ ਦੇ ਕਹਿਣ ਤੇ ਬੀਬੀ ਕਾਹੜਾ ਬਣਾ ਦਿੰਦੀ, ਕਾਲੀ ਮਿਰਚ, ਮਘ੍ਹਾਂ ਕੁੱਟ ਕੇ ਸ਼ਹਿਦ 'ਚ ਰਲਾ ਦਿੰਦੀ। ਕੀ ਕੀ ਕਰਦੀ ਰਹੀ ਮੇਰੀ ਮਾਂ। ਘਰ ਕੋਲੋ ਇੱਕ ਆਰ. ਐਮ. ਪੀ. ਸੀ। ਬਿੱਲਾ ਉਹਦੇ ਤੋਂ ਇੱਕ ਵਾਰ ਟੀਕਾ ਲਵਾਇਆ ਤਾਂ ਨਾਲ ਦੀ ਨਾਲ ਫਰਕ ਪੈ ਗਿਆ, ਫਿਰ ਤਾਂ ਅਟੈਕ ਹੋਣਾ ਤਾਂ ਉਸ ਤੋਂ ਟੀਕਾ ਲਵਾ ਲੈਣਾ, ਉਹਨੇ ਹੀ ਬੈਟਨੀਸੋਲ ਲਿਖ ਕੇ ਦਿੱਤੀ, ਖਾਂਦੀ ਰਹਿੰਦੀ ਹਾਂ ਤਾਂ ਠੀਕ ਰਹਿੰਦੀ ਹਾਂ ਛੱਡ ਦੇਵਾਂ ਤਾਂ ਅਟੈਕ ਹੋ ਜਾਂਦੈ। ਦਵਾਈ ਕੀ ਐ... ਇਹ ਤਾਂ ਨਸ਼ਾ ਹੈ... ਜਿਵੇਂ ਅਫੀਮ ਹੋਵੇ, ਮੈਂ ਤਾਂ ਅਮਲੀ ਹੋ ਗਈ ਹਾਂ, ਕੋਈ ਜੀਣ ਦਾ ਹੱਜ ਤਾਂ ਨਹੀਂ...।'' ਪ੍ਰਤਾਪ ਚੁੱਪ-ਚਾਪ ਸੁਣਦਾ ਰਿਹਾ।

ਕੁਝ ਚਿਰ ਬਾਅਦ ਸਾਡੇ ਘਰ ਆਇਆ, ਉਹਨੇ ਬੀਬੀ ਨਾਲ ਵੀ ਗੱਲ ਕੀਤੀ ਤੇ ਉਹ ਚਾਹੁੰਦਾ ਸੀ ਮੈਂ ਡਾਕਰਟ ਗੁਪਤਾ ਨੂੰ ਦਿਖਾਵਾਂ।

ਉਸਨੇ ਕਿਹਾ ਐਸ ਦਮੇਂ ਦੇ ਬਥੇਰੇ ਇਲਾਜ਼ ਹਨ, ਪਰ ਵੱਡੀ ਗੱਲ ਹੈ ਸਾਨੂੰ ਮਾਨਸਿਕ ਤੌਰ ਤੇ ਤਕੜਾ ਹੋਣਾ ਪਵੇਗਾ। ਦਵਾਈ ਦੇ ਨਾਲ ਨਾਲ ਜ਼ਰੂਰੀ ਹੈ ਜ਼ਿੰਦਗੀ 'ਚ ਆਸ ਬਣਾਈ ਰੱਖੀਏ। ਮੈਂ ਡਰਦੀ ਸੀ, ਜੇਕਰ ਬੈਟਨੀਸੋਲ ਛੱਡ ਦਿੱਤੀ ਤਾਂ ਫਿਰ ਅਟੈਕ ਹੋ ਜਾਏਗਾ... ਮੈਨੂੰ ਵੱਡੇ ਡਾਕਟਰਾਂ ਤੋਂ ਉਂਝ ਵੀ ਭੈ ਆਉਂਦਾ। ਮੈਨੂੰ ਲੱਗਦਾ ਉਥੇ ਬਹੁਤ ਪੈਸੇ ਖਰਚ ਹੋਣਗੇ, ਪਰ ਉਸ ਤੋਂ ਵੀ ਵੱਡੀ ਗੱਲ ਇਹ ਸੀ ਕਿ ਮੈਂ ਨਹੀਂ ਚਾਹੁੰਦੀ ਸੀ ਕਿ ਮੇਰੀ ਬਿਮਾਰੀ ਦਾ ਕਿਸੇ ਨੂੰ ਪਤਾ ਲੱਗੇ, ਭਾਵੇਂ ਥੋੜ੍ਹੀ ਜਿਹੀ ਹੀ ਸੀ ਪਰ ਇੱਕ ਆਸ ਸੀ ਕਿ ਕਿਤੇ ਨਾ ਕਿੱਤੇ ਦੁਬਾਰਾ ਸ਼ਾਦੀ ਦਾ ਬੰਨ ਸੁਬ ਹੋ ਜਾਏਗਾ, ਇਸ ਲਈ ਬੀਬੀ ਤੇ ਬਾਊ ਜੀ ਵੀ ਬਿਮਾਰੀ ਦੀ ਭਾਫ ਨਾ ਕੱਢਦੇ, ਪਰ ਪ੍ਰਤਾਪ ਦੀਆਂ ਗੱਲਾਂ ਨੇ ਮੇਰੇ 'ਚ ਆਸ ਪੈਦਾ ਕੀਤੀ ਸੀ।

ਇੱਕ ਦਿਨ ਮੈਂ ਬੀਬੀ ਨਾਲ ਡਾ. ਗੁਪਤਾ ਕੋਲ ਚਲੀ ਹੀ ਗਈ। ਉਹਨੇ ਚੈੱਕ ਕੀਤਾ, ਕਈ ਸਵਾਲ ਪੁੱਛੇ, ਮੈਂ ਕਿਹਾ, ''ਮੈਨੂੰ ਠੰਡ ਵਿੱਚ ਖਾਂਸੀ ਜਿਹੀ ਹੋ ਜਾਂਦੀ ਹੈ, ਅਲਰਜੀ ਜਿਹੀ ਹੈ, ''ਮੈਂ ਤਾਂ ਡਾਕਟਰ ਕੋਲ ਵੀ ਬਿਮਾਰੀ ਛੁਪਾਉਣੀ ਚਾਹੁੰਦੀ ਸੀ। ਉਹ ਬੜੀ ਦੂਰ ਸੀ ਸੋਚਦਾ ਸੀ। ਕਹਿਣ ਲੱਗਾ ਤਾਂ ਇਹ ਗੱਲ ਦਿਮਾਗ਼ 'ਚ ਬਿਠਾ ਲਵੋ ਕਿ ਇਹ ਅਸਥਮਾ ਹੈ। ਇਸ ਦਾ ਇਲਾਜ ਹੋ ਸਕਦੈ, ਪਰ ਬੈਟਨੀਸੋਲ ਨਹੀਂ ਇਹ ਤਾਂ ਤੁਹਾਨੂੰ ਖੋਰ ਦੇਊ, ਮੈਂ ਦਵਾਈ ਲਿਖ ਦਿਨਾਂ ਰੇਗੂਲਰ ਖਾਣੀ ਪਊ, ਇਹ ਇਨਹੇਲਰ ਹਨ ਉਹਨੇ ਇਨਹੇਲਰ ਲੈਣ ਦਾ ਤਰੀਕਾ ਵੀ ਦੱਸਿਆ।

''ਹਾਂ, ਬਿਮਾਰੀ ਛੁਪਾਉਣ ਦੀ ਲੋੜ ਨਹੀਂ ਪੂਰੀ ਜਿੰਦਾ ਦਿਲੀ ਨਾਲ ਮੁਕਾਬਲਾ ਕਰੋ ਠੀਕ ਹੋ ਜਾਓਗੇ। '' ਮੈਨੂੰ ਇਨਹੇਲਰ ਲੈਣਾ ਨਾ ਆਵੇ ਸੋਚਿਆ ਜੇ ਨਾਲ ਚੱਕੀ ਫਿਰਾਂਗੀ ਤਾਂ ਜਣੇ ਖਣੇ ਨੂੰ ਪਤਾ ਲੱਗੇਗਾ, ਪਰ ਪ੍ਰਤਾਪ ਨੇ ਇਹਦਾ ਹੱਲ ਵੀ ਕੱਢ ਦਿੱਤਾ। ਇਕ ਦਿਨ ਹੱਸ ਕੇ ਕਹਿਣ ਲੱਗਾ, ''ਬਈ ਮੈਨੂੰ ਤਾਂ ਪਤਾ ਲੱਗ ਗਿਆ ਤੈਨੂੰ ਅਸਥਮਾ ਹੈ, ਜੇ ਤੂੰ ਛਿਪਾਏਂਗੀ ਤਾਂ ਮੈਂ ਸਾਰੀ ਦੁਨੀਆਂ ਨੂੰ ਦਸ ਦੇਊਂ ਕਿ ਤੈਨੂੰ ਅਸਥਮਾ ਐ... ਫੇਰ ਕੀ ਕਰੇਂਗੀ ? '' ਫਿਰ ਬੜੇ ਭਾਵਪੂਰਤ ਨਜ਼ਰਾਂ ਨਾਲ ਕਹਿਣ ਲੱਗਾ, ''ਹੋ ਸਕਦੈ ਤੂੰ ਜਿਹਦੇ ਤੋਂ ਆਪਣੀ ਬਿਮਾਰੀ ਛੁਪਾਉਂਣੀ ਚਾਹੁੰਦੀ ਹੋਵੇ, ਉਹ ਇਥੇ ਕਿਤੇ ਹੀ ਹੋਵੇ ਤੇਰੇ ਆਸ ਪਾਸ।'' ਉਹ ਕਹਿ ਕੇ ਚਲਾ ਗਿਆ ਤੇ ਮੈਂ ਸੋਚਦੀ ਰਹਿ ਗਈ। ਇਹ ਪ੍ਰਤਾਪ ਨੇ ਕੀ ਕਹਿ ਦਿੱਤਾ। ਪ੍ਰਤਾਪ ਐਮ. ਐਸ. ਸੀ., ਕੈਮਿਸਟਰੀ ਦਾ ਮੰਨਿਆ ਪ੍ਰਮੰਨਿਆ ਲੈਕਚਰਾਰ ਪਰ ਮੇਰੇ ਬਾਰੇ ਸੋਚ... ਫਿਰ ਮੈਂ ਸਿਰ ਛੰਡਿਆ, ਸ਼ਾਇਦ ਮਜ਼ਾਕ ਕਰ ਰਿਹਾ ਹੋਵੇ, ਸ਼ਾਇਦ ਕੁਝ ਹੋਰ ਕਿਹਾ ਹੋਵੇ ਉਸਨੇ, ਸ਼ਾਇਦ ਮੇਰਾ ਭੁਲੇਖਾ ਹੀ ਹੋਵੇ, ਉਹਦੇ ਸ਼ਬਦਾਂ ਤੇ ਮੁੜ ਗੌਰ ਕੀਤਾ ਮੈਂ, ''ਹੋ ਸਕਦੈ ਤੂੰ...।'' ਇਹ ਸ਼ਬਦ ਤੂੰ ਤੇ ਫਿਰ ਰੁਕ ਗਈ ਮੈਂ ਉਹਨੇ ਪਹਿਲੀ ਵਾਰ ਮੈਨੂੰ ਤੂੰ ਕਹਿ ਕੇ ਬੁਲਾਇਆ ਸੀ, ਮੈਨੂੰ ਹੁਣ ਅਹਿਸਾਸ ਹੋਇਆ ਪਰ ਯਕੀਨ ਨਾ ਆਵੇ, ਮੈਨੂੰ ਆਪਣਾ ਆਪ ਓਪਰਾ ਜਿਹਾ ਲੱਗਾ... ਕੀ ਹੈ ਸਭ? ਕੀ ਵਾਕਿਆ ਹੀ? ਮੈਂ ਕਲਾਸ 'ਚ ਗਈ ਪੜ੍ਹਾਉਣ ਲੱਗੀ, ਲਾਏਬਰੇਰੀ ਸਟਾਫ ਰੂਮ ਕੰਟੀਨ ... ਉਹ ਕਿਥੇ ਸੀ... ਮੇਰੀਆਂ ਨਜਰਾਂ ਉਹਨੂੰ ਲੱਭ ਰਹੀਆਂ ਸਨ। ਛੁੱਟੀ ਵੇਲੇ ਵੀ ਉਹ ਮੈਨੂੰ ਨਜ਼ਰ ਨਾ ਆਇਆ। ਏਧਰ ਓਧਰ ਦੇਖਦੀ ਰਹੀ... ਪਰ ਉਹ ਕਿਤੇ ਨਹੀਂ ਸੀ। ਘਰ ਆਈ ਤਾਂ ਵੀ ਮੈਨੂੰ ਅਜੀਬ ਮਹਿਸੂਸ



ਹੁੰਦਾ ਰਿਹਾ...।

ਸ਼ਾਮ ਨੂੰ ਮੇਰੀ ਸਹੇਲੀ ਰਾਖੀ ਆ ਗਈ ਤਾਂ ਮੈਂ ਇੱਕ ਹਿੰਦੀ ਫਿਲਮ ਦਾ ਗੀਤ ਗੁਣਗੁਣਾ ਰਹੀ ਸੀ। ਉਹਨੇ ਮੈਨੂੰ ਆ ਧੱਫਾ ਮਾਰਿਆ ਤਾਂ ਕਹਿਣ ਲੱਗੀ, ''ਅੱਜ ਤਾਂ ਸੂਰਜ ਸ਼ਾਇਦ ਪੱਛਮ 'ਚੋਂ ਚੜ੍ਹਿਐ...।'' ਕੀ ... ਈ? '' ਮੈਂ ਪੁੱਛਿਆ।

''ਬੜਾ ਰੋਮਾਂਟਿਕ ਸੌਂਗ ਗਾ ਰਹੇ ਹੋ ਜਾਨੇਮਨ, ਹਮੇਂ ਭੀ ਸੁਨਾਓ।''

ਮੈਨੂੰ ਉਦੋਂ ਹੀ ਅਹਿਸਾਸ ਹੋਇਆ ਕਿ ਮੈਂ ਕੀ ਗਾ ਰਹੀ ਸੀ। ''ਕੁਝ ਨਹੀਂ... ਵੈਸੇ ਹੀ... ਮੈਂ ਉਹਨੂੰ ਟਾਲ ਦਿੱਤਾ। ਪਰ ਮੈਨੂੰ ਲੱਗਾ ਕਈ ਵਰ੍ਹੇ ਬਾਅਦ ਖੁਸ਼ੀ ਦੀ ਇਕ ਕਿਰਨ ਮੇਰੇ ਚਿਹਰੇ 'ਤੇ ਪਰਤ ਆਈ ਸੀ। ਉਹ ਰਾਤ ਮੈਂ ਸੁਪਨਿਆਂ 'ਚ ਪਤਾ ਨਹੀਂ ਕਿਥੋਂ ਦੀ ਸੈਰ ਕਰ ਆਈ। ਅਗਲੇ ਦਿਨ ਮੈਨੂੰ ਸਕੂਲ ਜਾਣ ਦੀ ਬੜੀ ਕਾਹਲ ਸੀ। ਮੈਨੂੰ ਅੱਜ ਤੱਕ ਯਾਦ ਹੈ, ਪ੍ਰਤਾਪ ਨੇ ਉਸ ਦਿਨ ਲਾਲ ਸਵੈਟਰ ਪਾਇਆ ਸੀ। ਮੁਕਰਾ ਕੇ ਮਿਲਿਆ ਤਾਂ ਮੈਂ ਪੁਛਿਆ, ''ਕੱਲ੍ਹ ਤੁਸੀਂ ਕਿਥੇ ਚਲੇ ਗਏ ਸੀ। '' ਉਹਨੇ ਫੇਰ ਜਿਵੇਂ ਹਮਲਾ ਹੀ ਕਰ ਦਿੱਤਾ ਹੋਵੇ।

''ਕਿਸੇ ਦੇ ਦਿਲ ਵਿੱਚ।'' ਮੈਂ ਮੁਸਕਰਾ ਪਈ।

ਉਸ ਦਿਨ ਤੋਂ ਇਹ ਮੁਸਕਰਾਹਟ ਮੇਰੇ ਨਾਲ ਹੈ, ਚੁਪ ਚੁਪੀਤੇ ਹੀ ਮੇਰੇ ਜੀਵਨ ਦੀ ਪਤਝੜ 'ਚ ਬਹਾਰ ਆ ਗਈ ਸੀ, ਉਸਨੇ ਇਨ੍ਹੀ ਸਮਝਦਾਰੀ ਤੇ ਸੂਝ-ਬੂਝ ਨਾਲ ਮੇਰੇ ਸਾਹਵੇਂ ਆਸ ਦੇ ਬੂਟੇ ਬੀਜੇ ਸਨ ਕਿ ਕੋਈ ਦਰ ਦੀਵਾਰ ਮੈਨੂੰ ਨਜ਼ਰ ਨਹੀਂ ਆਉਂਦੀ ਸੀ। ਬੀਬੀ ਤੇ ਬਾਊ ਜੀ ਤੇ ਵੀਰ ਥੋੜ੍ਹੇ ਦੁਖੀ ਸਨ ਕਿ ਅੰਤਰਜਾਤੀ ਰਿਸ਼ਤਾ ਕਿਵੇਂ ਸਿਰੇ ਚੜ੍ਹੇਗਾ। ਮੈਂ ਬਾਣੀਆਂ ਦੀ ਕੁੜੀ ਅਤੇ ਉਹ ਅਰੋੜਿਆਂ ਦਾ ਮੁੰਡਾ। ਵੀਰ ਤਾਂ ਜਿਆਦਾ ਹੀ ਪਰੇਸ਼ਾਨ ਸੀ, ਬਾਊ ਜੀ ਵੱਖ ਪਰ ਮੇਰੀ ਵੱਡੀ ਭੈਣ ਨੇ ਇਸ ਦੇ ਬਾਰੇ ਚੰਗੀ ਰਿਪੋਰਟ ਦਿੱਤੀ ਸੀ, ਉਸ ਨਾਲ ਪ੍ਰਤਾਪ ਦੀਆਂ ਬਹੁਤ ਸਪੱਸ਼ਟ ਗੱਲਾਂ ਹੋਈਆਂ ਸਨ।

''ਅਸਥਮਾ ਤਾਂ ਲੋਕਾਂ ਦੀ ਥਿੰਕਿੰਗ ਵਿੱਚ ਹੈ... ਸਰੀਰਕ ਅਸਥਮੇ ਦਾ ਇਲਾਜ਼ ਹੈ, ਪਰ ਦਿਮਾਗ਼ੀ ਅਸਥਮੇ ਨਾਲ ਸਾਰਾ ਦੇਸ਼ ਸਾਰੀ ਦੁਨੀਆਂ ਸੁੰਨ ਹੋਈ ਪਈ ਹੈ।''

''ਪ੍ਰਤਾਪ ਨਾਲ ਮੇਰੀ ਜ਼ਿੰਦਗੀ ਦੀ ਤਾਰ ਕੀ ਜੁੜੀ, ਮੇਰੇ ਲਈ ਸਭ ਕੁਝ ਹੀ ਬਦਲ ਗਿਆ ਸੀ। ਐਮ. ਏ., ਬੀ. ਐੱਡ ਤੇ ਫਿਰ ਇਸ ਸਕੂਲ ਦੀ ਪ੍ਰਿੰਸੀਪਲ , ... ਦੈਂਤ ਵਾਂਗ ਮੈਨੂੰ ਹੜੱਪ ਕਰ ਰਹੀ ਬਿਮਾਰੀ ਦੀ ਹੋਂਦ ਹੀ ਮਿਟ ਗਈ ਸੀ ਮੇਰੇ ਵਜੂਦ ਵਿਚੋਂ, ਅਜੇ ਵੀ ਕਦੇ ਕਦੇ ਤਕਲੀਫ਼ ਹੋ ਜਾਂਦੀ ਸੀ ਮੌਸਮ ਬਦਲਣ ਤੇ, ਇਨਹੇਲਰ ਚਲਦੇ ਸਨ, ਕਦੇ ਕਦੇ ਹੁਣ ਵੀ ਅਟੈਕ ਹੋ ਜਾਂਦੈ ਫਿਰ ਵੀ ਹੁਣ ਬਿਮਾਰੀ ਦੇ ਭੰਬੂਤਾਰੇ ਨਹੀਂ ਦਿਸਦੇ, ਹੁਣ ਮੇਰੇ ਸਾਹਮਣੇ ਸਕੂਲ ਇਹਦੀ ਪ੍ਰਗਤੀ ਦਿਸਦੀ ਹੈ, ਕਦੇ ਕਦੇ ਬੈਡਮਿੰਟਨ ਵੀ ਖੇਡ ਲੈਂਦੀ ਹਾਂ, ਮੇਰੇ ਲੇਖ ਅਖਬਾਰਾਂ ਵਿੱਚ ਛਪਦੇ ਹਨ, ਲਗਦੈ ਜ਼ਿੰਦਗੀ ਹੁਸੀਨ ਹੋ ਗਈ ਹੈ, ਭਾਵਨਾ ਮੈਨੂੰ ਪਿਆਰ, ਬੁਲੰਦ ਸੋਚ ਤੇ ਆਸ਼ਾਵਾਦ ਨੇ ਬਿਮਾਰੀ ਦੇ ਜਿੱਲ੍ਹਣ 'ਚੋਂ ਕੱਢ ਦਿੱਤਾ। ਥੋੜ੍ਹਾ ਬਹੁਤਾ ਚਿੜਚਿੜਾਪਣ ਅਜੇ ਹੈ ਬਾਕੀ ਜਿਸ ਕਾਰਨ ਮੈਂ ਤੇਰੇ ਨਾਲ ਬੁਰੀ ਤਰ੍ਹਾਂ ਪੇਸ਼ ਆਈ ਸਾਂ , ''ਆਈ ਐਮ ਰੀਅਲੀ ਸੌਰੀ...।'' ਉਸ ਨੇ ਭਾਵਨਾ ਦਾ ਹੱਥ ਦਬਾਉਂਦੇ ਹੋਏ ਕਿਹਾ।

''ਮੈਡਮ ... ਮੇਰੇ ਲਈ ਇਹ ਸਭ ਅਚੰਭੇ ਵਾਂਗ ਹੈ... ਤੁਸੀਂ ਇਨ੍ਹੀ ਪੀੜਾ ਜਨਕ ਜ਼ਿੰਦਗੀ 'ਚੋਂ ਗੁਜਰੇ ਤੇ ਫਿਰ ਵੀ ਹਾਰ ਨਹੀਂ ਮੰਨੀ। ਪਰ ਸ਼ਾਇਦ ਇਹ ਤੁਹਾਡੇ ਪਤੀ ਦੇ ਪਿਆਰ ਕਾਰਣ ਹੀ ਸੀ ਕਿ।''

''ਹਾਂ ਭਾਵਨਾ।'' ਉਹਨੇ ਉਹਨੂੰ ਟੋਕਦੇ ਹੋਏ ਕਿਹਾ, ''ਪਰ... ਇਸ ਤੋਂ ਵੱਡੀ ਗੱਲ ਇਹ ਹੈ ਕਿ ਉਹਨੇ ਮੇਰੇ ਦਿਮਾਗ਼ ਦੇ ਬੰਦ ਕਿਵਾੜ ਖੋਹਲ ਦਿੱਤੇ... ਜਦ ਤੁਸੀਂ ਇੱਕ ਹੀ ਚੀਜ ਬਾਰੇ ਇੱਕ ਹੀ ਗੱਲ 'ਤੇ ਅਟਕ ਜਾਂਦੇ ਹੋ ਤਾਂ ਚਿੜਚਿੜੇ ਹੋ ਜਾਂਦੇ ਹੋ ਤੁਹਾਨੂੰ ਫਿਰ ਮੰਜਿਲ ਨਹੀਂ ਲੱਭਦੀ, ਮੇਰਾ ਖਿਆਲ ਹੈ ਕਿ ਪ੍ਰਤਾਪ ਦੇ ਹੁਲਾਰੇ ਨਾਲ ਬਿਮਾਰੀ ਦੀ ਬਜਾਏ ਜ਼ਿੰਦਗੀ ਬਾਰੇ, ਆਲੇ ਦੁਆਲੇ ਬਾਰੇ ਸੋਚਣ ਲੱਗੀ, ਤੇ ਰਾਹ ਆਪਣੇ ਆਪ ਮੇਰੇ ਲਈ ਖੁਲ੍ਹਦੇ ਗਏ ਤੇ ਨਿਰਾਸ਼ਾ ਦੀ ਥਾਂ ਆਸ਼ਾਵਾਂ ਨੇ ਜੀਣਾ ਸੁਖਾਲਾ ਕਰ ਦਿੱਤਾ...।''

''ਭਾਵਨਾ ਅਸੀਂ ਕਈ ਵਾਰ ਬੰਦ ਦਰਵਾਜੇ ਵੱਲ ਹੀ ਤੱਕਦੇ ਰਹਿੰਦੇ ਹਾਂ... ਜਾਂ ਫਿਰ ਖੁੱਲ੍ਹੇ ਦਰਵਾਜੇ ਵੀ ਭੇੜ ਲੈਂਦੇ ਹਾਂ...।'' ਉਸ ਨੇ ਭਾਵਪੂਰਤ ਨਜ਼ਰਾਂ ਨਾਲ ਭਾਵਨਾ ਵੱਲ ਤੱਕਦਿਆਂ ਕਿਹਾ।

ਭਾਵਨਾ ਗੰਭੀਰ ਹੋ ਗਈ। ਉਹ ਕਦੇ ਮੈਡਮ ਦੇ ਚਿਹਰੇ ਵੱਲ ਵੇਖਦੀ ਸੀ, ਕਦੇ ਆਪਣੇ ਹੱਥਾਂ ਵੱਲ। ਕੁਝ ਦੇਰ ਚੁੱਪ ਛਾਈ ਰਹੀ। ਫਿਰ ਉਹ ਜਾਣ ਲਈ ਉਠ ਪਈ। ਦਰਵਾਜੇ ਤੱਕ ਉਹਦੇ ਨਾਲ ਗਈ ਅਤੇ ਹਲਕੀ

ਜਿਹੀ ਗਲਵਕੜੀ ਪਾਈ। ਉਸਦੀਆਂ ਅੱਖਾਂ ਨਮ ਸਨ।

ਅਗਲੇ ਦਿਨ ਉਹ ਸਕੂਲ ਆਈ ਤਾਂ ਭਾਵਨਾ ਉੱਡ ਕੇ ਮਿਲੀ ਜਿਵੇਂ ਉਨ੍ਹਾਂ ਦਰਮਿਆਨ ਕੋਈ ਡੂੰਘੀ ਸਾਂਝ ਪੈਦਾ ਹੋ ਗਈ ਹੋਵੇ। ਘੁਟੀ-ਘੁਟੀ ਰਹਿਣ ਵਾਲੀ ਭਾਵਨਾ ਦੇ ਚਿਹਰੇ ਤੇ ਸਹਿਜ ਮੁਸਕਾਨ ਸੀ। ਉਸਦੀ ਤੋਰ ਵਿੱਚ ਵੀ ਲੋਹੜੇ ਦਾ ਆਤਮ ਵਿਸ਼ਵਾਸ਼। ਜਦ ਉਹਨਾਂ ਦੀਆਂ ਨਜ਼ਰਾਂ ਆਪਸ ਵਿਚ ਮਿਲੀਆਂ ਤਾਂ ਉਸਦੀ ਮੁਸਕਾਨ ਧੁਰ ਅੰਦਰ ਲਹਿ ਗਈ। o

ਪਤਾ- ਗਲੀ ਨੰ. 6, ਦੇਵੀ ਵਾਲਾ ਰੋਡ, ਕੋਟਕਪੂਰਾ-151204, ਪੰਜਾਬ

## ਜਰਾਇਤ / ਅੰਮ੍ਰਿਤਪਾਲ ਕੌਰ

ਕੱਚੀ ਕੱਚੀ ਰੂੰ ਕਦੇ ਪਿੰਜਣੀ ਪਊਗੀ
ਸੱਸ ਨਾ ਸਲਾਹੀਏ ਕਦੇ ਨਿੰਦਣੀ ਪਊਗੀ।

ਢੋਲਕੀ ਦੀ ਥਪ-ਥਪ ਨੇ ਕੁੜੀਆਂ ਦੇ ਗਿਧੇ ਨੂੰ ਸਿਖ਼ਰ 'ਤੇ ਪਹੁੰਚਾ ਦਿੱਤਾ। ਪਾਉਣ ਵਾਲੀ ਨੇ ਤਾਂ ਇਹ ਬੋਲੀ ਪਾ ਦਿੱਤੀ ਪਰ ਮੇਰੇ ਧੁਰ ਤੱਕ ਖੁਭ ਗਈ। ਇਸ ਬੋਲੀ ਮਗਰੋਂ ਕੁੜੀਆਂ ਨੇ ਤਾਂ ਹੋਰ ਬੋਲੀਆਂ ਪਾ ਕੇ ਗਿਧੇ ਦਾ ਪਿੜ ਬੰਨ੍ਹ ਲਿਆ ਪਰ ਮੇਰੀ ਸੁਧ ਬੁੱਧ ਤਾਂ ਇਸੇ ਬੋਲੀ ਨੇ ਹੀ ਗਵਾ ਦਿੱਤੀ। ਬੋਲੀ ਸੁਣ ਕੇ ਜੋਤ ਦੇ ਵਿਆਹ ਦਾ ਚਾਹ ਤਾਂ ਪਲਾਂ 'ਚ ਹੀ ਖੰਭ ਲਾ ਕੇ ਉੱਡ ਗਿਆ। ਹੱਥਾਂ 'ਤੇ ਮਹਿੰਦੀ ਲਾ ਕੇ ਬੈਠੀ ਮੇਰੀ ਧੀ ਆਪਣੇ ਸੁਪਨਿਆ ਦੀ ਦੁਨੀਆਂ 'ਚ ਗੁਆਚੀ ਸੀ... ਅਜਿਹੇ ਸੁਪਨੇ ਜਿਹੜੇ ਫੁੱਲਾਂ ਦੀ ਸੇਜ ਵਰਗੇ ਹੁੰਦੇ ਹਨ। ... ਰਾਮ ਰਾਮ ਕੋਹਾਂ ਦੂਰ ਹੁੰਦੇ ਹਨ... ਸਿਰਫ਼ ਖੁਸ਼ੀਆਂ... ਖੁਸ਼ੀਆਂ... ਪਰ ਹਕੀਕਤ ਕੁਝ ਹੋਰ ਹੁੰਦੀ ਏ ਫਿਰ ਵੀ ਮੈਂ ਚਾਹੁੰਦੀ ਹਾਂ ਮੇਰੀ ਧੀ ਸੁਪਨਿਆਂ ਦੀ ਦੁਨੀਆਂ 'ਚ ਗੁਆਚੀ ਰਹੇ। ਇਹ ਸੁਪਨੇ ਉਸ ਦੀ ਜ਼ਿੰਦਗੀ ਬਣ ਜਾਣ। ਕਾਸ਼ ! ਇੰਝ ਹੀ ਹੋਵੇ।

''ਭੈਣ, ਉੱਠ ! ਕਿੱਥੇ ਗੁਆਚੀ ਬੈਠੀ ਏ। ਸੌ ਕੰਮ-ਧੰਦਾ ਆ। '' ਆਪਣੀ ਭੈਣ ਦੀ ਆਵਾਜ਼ ਸੁਣ ਮੈਂ ਤ੍ਰਬਕ ਗਈ।

''ਹਾਂ...ਹਾਂ ... ਮੈਂ ਇਕ ਮਿੰਟ 'ਚ ਬਾਹਰ ਆਉਣੀ ਆ...।'' ਅਣਮੰਨੇ ਜਿਹੇ ਮਨ ਨਾਲ ਮੈਂ ਆਪਣੀ ਭੈਣ ਨੂੰ ਕਿਹਾ ਪਰ ਹੱਥਾਂ 'ਚ ਮੈਂ ਸੂਹੀ ਫੁਲਕਾਰੀ ਲੈ ਬੈਠੀ... ਆਪਣੇ ਵਿਆਹ ਵਾਲੀ।

ਸੂਹੀ ਫੁਲਕਾਰੀ ਲੈ ਜਦੋਂ ਮੈਂ ਇਸ ਘਰ 'ਚ ਪੈਰ ਪਾਇਆ ਸੀ ਤਾਂ ਮੇਰੀਆਂ ਅੱਖਾਂ 'ਚ ਵੀ ਉਹੀ ਸੁਪਨੇ ਸਨ ਜਿਹੜੇ ਹਰ ਔਰਤ ਦੀਆਂ ਅੱਖਾਂ 'ਚ ਚਮਕਦੇ ਹਨ। ਆਪਣੀ ਆਉਣ ਵਾਲੀ ਜ਼ਿੰਦਗੀ 'ਚ ਖੁਸ਼ੀਆਂ ਹੀ ਖੁਸ਼ੀਆਂ। ਜੀਵਨ ਸਾਥੀ ਦਾ ਪਿਆਰ। ਇਕ ਘਰ ਤੋਂ ਦੂਸਰੇ ਘਰ ਆਉਣ ਦਾ ਸਫ਼ਰ ਜਿੰਨ੍ਹਾਂ ਸੁਨਹਿਰੀ ਸੁਪਨਿਆਂ 'ਚ ਮੈਂ ਸਿੰਜਿਆ ਸੀ... ਅੱਜ ਉਹ...।

ਹਰਪਾਲ ਦਾ ਲੜ ਫੜ ਜਦੋਂ ਸਹੁਰੇ ਘਰ ਮੈਨੂੰ ਆਪਣੀ ਹੋਂਦ ਦਾ ਅਹਿਸਾਸ ਹੋਇਆ ਤਾਂ ਖੁਸ਼ੀ 'ਚ ਮੇਰੇ ਪੈਰ ਜ਼ਮੀਨ 'ਤੇ ਨਹੀਂ ਲੱਗ ਰਹੇ ਸਨ। ਕੁੜੀਆਂ ਦੇ ਝੁਰਮਟ ਨੇ ਮੈਨੂੰ ਘੇਰਾ ਪਾਇਆ ਹੋਇਆ ਸੀ। ਘਰ 'ਚ ਮੇਰੇ ਆਉਣ ਕਾਰਨ ਇਕ-ਖੁਸ਼ੀ ਦੀ ਲਹਿਰ ਆਈ ਸੀ। ਇਕ ਪਰਿਵਾਰਕ ਮੈਂਬਰ ਵਧਿਆ ਸੀ। ਮਨ ਅੰਦਰ ਤਾਂਘ ਸੀ। ਹਰਪਾਲ ਨੂੰ ਦੇਖਣ ਦੀ, ਮਿਲਣ ਦੀ ਤੇ ਆਖਿਰ ਉਹ ਵਕਤ ਆ ਗਿਆ, ਜਦੋਂ ਹਰਪਾਲ ਮੇਰੇ ਸਾਹਮਣੇ ਸੀ ਮੈਂ ਉਸਦਾ ਸਾਹਮਣਾ ਨਹੀਂ ਕਰ ਪਾ ਰਹੀ ਸੀ। ਮੇਰੀਆਂ ਅੱਖਾਂ ਤਾਂ ਧਰਤੀ 'ਚ ਗੱਡੀਆਂ ਜਾ ਰਹੀਆਂ ਸਨ। ਕਮਰੇ 'ਚ ਚਾਰੇ ਪਾਸੇ ਇਕ ਖ਼ਾਮੋਸ਼ੀ ਸੀ। ਇਕ ਚੁਪ ਤੇ ਇਸ ਚੁਪ ਨੂੰ ਆਖਿਰ ਹਰਪਾਲ ਨੇ ਤੋੜਿਆ।

''ਚੰਨੀਏ ! ਆਪਣੀ ਨਵੀਂ ਜ਼ਿੰਦਗੀ ਅੱਜ ਤੋਂ ਸ਼ੁਰੂ ਹੋ ਰਹੀ ਏ। ਆਪਾਂ ਇਕ ਦੂਸਰੇ ਦੇ ਸਾਥ ਨਾਲ, ਵਿਸ਼ਵਾਸ ਨਾਲ ਇਕ ਦੂਸਰੇ ਦਾ ਸਾਥ ਨਿਭਾਉਣਾ ਏ। ''

ਹਰਪਾਲ ਦੇ ਕਹੇ ਇਹ ਸ਼ਬਦ ਮੇਰੇ ਕੰਨਾਂ 'ਚ ਗੂੰਜਦੇ ਰਹੇ, ''ਵਿਸ਼ਵਾਸ ! ਵਿਸ਼ਵਾਸ਼ 'ਤੇ ਹੀ ਆਪਣੇ ਰਿਸ਼ਤੇ ਦੀ ਹੋਂਦ ਏ। ਤੇ ਇਹਨੂੰ ਮੈਂ ਕਦੇ ਖ਼ਤਮ ਨਹੀਂ ਹੋਣ ਦਿਆਂਗੀ।''

''ਮੈਨੂੰ ਤੇਰੇ ਤੋਂ ਇਹੀ ਉਮੀਦ ਸੀ, ਚੰਨੀਏ। ਆਪਣੇ ਪਿਆਰ ਦਾ ਮੇਰੇ ਵੱਲੋਂ ਇਹ ਛੋਟਾ ਜਿਹਾ ਤੋਹਫਾ।'' ਕੁੰਦਨ ਦਾ ਹਾਰ ਹਰਪਾਲ ਨੇ ਮੇਰੀ ਧੌਣ 'ਤੇ ਪਾਉਂਦਿਆਂ ਕਿਹਾ, ''ਤੇਰੀ ਸੁਰਾਹੀ ਵਰਗੀ ਧੌਣ 'ਤੇ ਕਿੰਨ੍ਹਾਂ



ਜਚਦਾ ਏ, ਇਹ ਹਾਰ। ਸੰਭਾਲ ਕੇ ਰੱਖੀਂ ਇਹਨੂੰ ਮੇਰੇ ਪਿਆਰ ਵਾਂਗ।''

ਹਰਪਾਲ ਨੂੰ ਆਪਣੇ ਜੀਵਨ ਸਾਥੀ ਦੇ ਰੂਪ 'ਚ ਪਾ ਕੇ ਮੈਂ ਬੇਹੱਦ ਖੁਸ਼ ਸੀ। ਪਤੀ-ਪਿਆਰ ਨੇ ਮੈਨੂੰ ਕੀਲ ਲਿਆ। ਸਾਲਾ ਦਿਨ ਪਤਾ ਈ ਨਾ ਲੱਗਦਾ ਕਿ ਕਿਵੇਂ ਲੰਘ ਜਾਂਦਾ ਹੈ। ਦਫ਼ਤਰ ਜਾਣ ਵਕਤ ਮੈਂ ਹਰਪਾਲ ਦੀ ਹਰ ਚੀਜ਼ ਤਿਆਰ ਰੱਖਦੀ... ਬਰੇਕਫਾਸਟ ਤਿਆਰ ਕਰਦੀ ਸਾਰਾ ਦਿਨ ਰੁੱਝੀ ਰਹਿੰਦੀ ਮੈਂ... ਜਦੋਂ ਹਰਪਾਲ ਦਫ਼ਤਰ ਚਲੇ ਜਾਂਦੇ ਤਾਂ ਸ਼ਾਮ ਤੱਕ ਮੈਂ ਉਹਨਾਂ ਦੀ ਉਡੀਕ ਕਰਦੀ ਰਹਿੰਦੀ।

ਦੋ-ਤਿੰਨ ਮਹੀਨੇ ਤਾਂ ਪਤਾ ਈ ਨਾ ਲੱਗਾ ਕਿ ਕਿਵੇਂ ਲੰਘ ਗਏ। ਹਰਪਾਲ ਤੋਂ ਬਿਨਾਂ ਘਰ 'ਚ ਬਾਕੀ ਰਿਸ਼ਤਿਆਂ ਨੇ ਆਪਣਾ ਰੰਗ ਵਟਾਉਣਾ ਸ਼ੁਰੂ ਕਰ ਦਿੱਤਾ। ਸੱਸ ਦੀ ਟੋਕਾ ਟਾਕੀ ਸ਼ੁਰੂ ਹੋ ਗਈ। ਆਪ ਤਾਂ ਉਹ ਸਾਰਾ ਦਿਨ ਵਿਹਲੀ ਬੈਠੀ ਰਹਿੰਦੀ। ਮੰਜੇ ਤੋਂ ਕਦੇ ਪੈਰ ਥੱਲੇ ਨਾ ਧਰਦੀ ਤੇ ਮੈਨੂੰ...।

''ਆਹ ਨਹੀਂ ਕਰਦੀ ਤੂੰ, ਅਹੁ ਨਹੀਂ ਕਰਦੀ... ਅਸੀਂ ਤਾਂ ਕੰਮ ਲੈਣਾ ਏ ਕੰਮ... ਤੇਰੀਆਂ ਪੜ੍ਹਾਈਆਂ ਕਿਸੇ ਚੱਟਣੀਆਂ ਨਹੀਂ।''

ਮੰਮੀ ਦੀਆਂ ਗੱਲਾਂ ਸੁਣ ਮੈਂ ਚੁੱਪ ਕਰ ਜਾਂਦੀ। ਪਰ ਦਿਲ 'ਚ ਆਉਂਦਾ ਜ਼ਰੂਰ ਸਵੇਰ ਦੀ ਚਾਹ ਬਣਾਉਣ ਤੋਂ ਲੈ ਕੇ ਸ਼ਾਮ ਦਾ ਖਾਣਾ ਬਣਾਉਣ ਤੱਕ ਮੈਂ ਸਾਰਾ ਕੰਮ ਕਰਦੀ ਰਹਿੰਦੀ ਪਰ ਫਿਰ ਵੀ ਸੱਸ ਦੇ ਨਖ਼ਰੇ ਨਹੀਂ ਮਾਣ ਸਨ। ਸੱਸਾਂ ਨਨਾਣਾਂ ਬੁਰੀਆਂ ਵਾਲੀ ਗੱਲ ਮੇਰੇ ਦਿਮਾਗ਼ 'ਚ ਘਰ ਕਰ ਗਈ। ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਕਿਹੜਾ ਕੰਮ ਹੈ ਜਿਹੜਾ ਮੈਂ ਕਰਦੀ ਨਹੀਂ। ਹਰ ਵਰਤ ਸੱਸ ਬੁੜ-ਬੁੜ ਕਰਦੀ ਰਹਿੰਦੀ। ਜਦੋਂ ਹਰਪਾਲ ਦੇ ਆਉਣ ਦਾ ਵਕਤ ਹੁੰਦਾ ਤਾਂ ਭੱਜ-ਭੱਜ ਕੰਮ ਮੇਰੇ ਹੱਥਾਂ 'ਚੋਂ ਫੜ੍ਹਦੀ।

''ਨਾ ਪੁੱਤ... ਤੂੰ ਅਜੇ ਕੰਮ ਨਾ ਕਰਿਆ ਕਰ। ਅਜੇ ਤਾਂ ਮੈਨੂੰ ਚਾਅ ਏ ਬਈ ਮੇਰੀ ਨੂੰਹ ਸਵਾ ਸਾਲ ਚੂੜਾ ਪਾਈ ਰੱਖੇ। ਮੈਂ ਹੈਗੀ ਆ ਅਜੇ ਰੋਟੀਆਂ ਪਕਾਉਣ ਨੂੰ... ਤੁਸੀਂ ਜੁਆਨੀਆਂ ਮਾਣੋ...।''

ਆਪਣੀ ਸੱਸ ਦੀ ਮੈਨੂੰ ਸਮਝ ਨਹੀਂ ਆਉਂਦੀ ਸੀ ਕਿ ਆਖ਼ਿਰ ਉਹ ਚਾਹੁੰਦੀ ਕੀ ਏ ਜਦੋਂ ਹਰਪਾਲ ਘਰ ਆ ਜਾਂਦਾ ਤਾਂ ਕੁਝ ਹੋਰ ਹੋ ਜਾਂਦੀ ਜਦੋਂ ਘਰ ਤੋਂ ਬਾਹਰ ਜਾਂਦਾ ਤਾਂ ਮੇਰੀ ਰੇਲ ਬਣਾਈ ਰੱਖਦੀ। ਜੇ ਨਨਾਣ ਪੇਕੇ ਆਉਂਦੀ ਤਾਂ ਉਹ ਵੀ ਕੋਈ ਕਸਰ ਨਾ ਛੱਡਦੀ। ਸਾਰਾ ਦਿਨ ਮਾਵਾਂ ਧੀਆਂ 'ਕੰਮ-ਕੰਮ' ਕਰਦੀਆਂ ਰਹਿੰਦੀਆਂ। ਮੈਨੂੰ ਸਮਝ ਨਾ ਆਉਂਦੀ ਕਿ ਮੈਂ ਕੀ ਕਰਾਂ। ਦੋਵੇਂ ਆਪਣਾ ਦਬਦਬਾ ਮੇਰੇ 'ਤੇ ਪਾਉਣਾ ਚਾਹੁੰਦੀਆਂ ਸਨ ਉਹਨਾਂ ਦੀ ਤਾਂ ਇਹ ਇੱਛਾ ਸੀ ਕਿ ਮੈਂ ਉਹਨਾਂ ਤੋਂ ਪੁੱਛੇ ਬਿਨਾਂ ਪਾਣੀ ਵੀ ਨਾ ਪੀਵਾਂ। ਸੱਸ ਨੇ ਤਾਂ ਘਰ ਦਾ ਸਾਰਾ ਕੰਮ ਤਿਆਗ ਦਿੱਤਾ ਸੀ। ਘਰ ਵਿਚ ਨੂੰਹਰਾਣੀ ਨਹੀਂ ਆਈ ਸੀ, ਇਕ ਨੌਕਰਾਣੀ ਆਈ ਸੀ। ਜਿਹੜੀ ਸੂਰਜ ਚੜ੍ਹਨ ਤੋਂ ਪਹਿਲਾਂ ਉਠਦੀ, ਭੰਬੀਰੀ ਦੀ ਤਰ੍ਹਾਂ ਸਾਰਾ ਦਿਨ ਘੁੰਮਦੀ ਰਹਿੰਦੀ, ਰਾਤ ਨੂੰ ਸਭ ਨੂੰ ਖਾਣਾ ਖਵਾਉਣ ਤੋਂ ਬਾਅਦ ਖਾਣਾ ਖਾਂਦੀ। ਮੈਂ ਚਾਹੁੰਦਿਆਂ ਹੋਇਆ ਵੀ ਹਰਪਾਲ ਨੂੰ ਕੁਝ ਨਾ ਦੱਸ ਪਾਉਂਦੀ। ਮਾਂ ਦੀ ਤਸਵੀਰ ਉਹਦੇ ਸਾਹਮਣੇ ਕੁਝ ਹੋਰ ਸੀ ਤੇ ਮੇਰੇ ਸਾਹਮਣੇ... । ਥੱਕਿਆਂ-ਟੁੱਟਿਆ ਹਰਪਾਲ ਨੌਕਰੀ ਤੋਂ ਆਉਂਦਾ ਤਾਂ ਉਸਦੀ ਹਾਲਤ ਦੇਖ ਕੇ ਮੈਨੂੰ ਆਪ ਈ ਤਰਸ ਆ ਜਾਂਦਾ। ਮੈਂ ਕੋਈ ਵੀ ਘਰ ਦੀ ਗੱਲ ਉਹਦੇ ਤੱਕ ਨਾ ਪਹੁੰਚਾਉਂਦੀ। ਮੈਂ 'ਇਕ ਚੁੱਪ ਸੌ ਸੁੱਖ' 'ਚ ਹੀ ਭਲਾ ਸਮਝਿਆ। ਇਕ ਤਾਂ ਮਾਪਿਆਂ ਦਾ ਇੱਕਲਾ ਪੁੱਤ 'ਤੇ ਦੂਸਰਾ ਮੈਂ ਡਰਦੀ ਸੀ ਕਿ ਘਰ 'ਚ ਕੋਈ ਕਲੇਸ਼ ਨਾ ਪਵੇ। ਛੋਟੀਆਂ-ਮੋਟੀਆਂ ਗੱਲਾਂ ਤਾਂ ਘਰਾਂ 'ਚ ਹੁੰਦੀਆਂ ਈ ਰਹਿੰਦੀਆਂ ਨੇ ਇਹਨਾਂ ਨੂੰ ਅੱਖੋਂ ਪਰੋਖੇ ਕਰਨ 'ਚ ਹੀ ਸਭ ਦਾ ਫਾਇਦਾ ਏ। ਅੰਦਰੋਂ ਅੰਦਰੀਂ ਮੈਂ ਆਪਣੇ ਦਰਦ ਨਾਲ ਨਪੀੜੀ ਜਾ ਰਹੀ ਸਾਂ।

ਹਰਪਾਲ ਮੇਰੇ ਸਾਹਾਂ 'ਚ ਸਾਹ ਲੈਂਦਾ। ਪਤੀ-ਪਿਆਰ ਨੇ ਮੈਨੂੰ ਬਾਕੀ ਪਰਿਵਾਰਕ ਮੈਂਬਰਾਂ ਦੀਆਂ ਵਧੀਕੀਆਂ ਸਹਿਣ ਦੀ ਸ਼ਕਤੀ ਦਿੱਤੀ। ਹਰਪਾਲ ਹਰ ਵਕਤ ਮੈਨੂੰ ਖੁਸ਼ ਰੱਖਦੇ। ਜਦੋਂ ਹਰਪਾਲ ਘਰੋਂ ਬਾਹਰ ਜਾਂਦੇ ਤਾਂ ਮੈਨੂੰ ਆਪਣਾ ਆਪ ਅਧੂਰਾ ਜਿਹਾ ਲੱਗਦਾ ਤੇ ਜਦੋਂ ਕੋਲ ਹੁੰਦੇ ਤਾਂ ਸੰਪੂਰਨ। ਪਿਆਰ ਦੀ ਡੋਰ 'ਚ ਬੰਨ੍ਹੇ ਅਸੀਂ ਇਕ ਹੋਰ ਅਜ਼ੀਜ ਰਿਸ਼ਤੇ 'ਚ ਬੱਝ ਗਏ। ਜਿਸ ਦੀ ਹਰੇਕ ਔਰਤ-ਮਰਦ ਨੂੰ ਤਾਂਘ ਹੁੰਦੀ ਹੈ। ਸਾਡੇ ਘਰ ਜਦੋਂ ਛੋਟੀ ਬੱਚੀ ਦੀਆਂ ਕਿਲਕਾਰੀਆਂ ਦੀ ਗੂੰਜ ਆਈ ਤਾਂ ਹਰਪਾਲ ਨੇ ਸਾਰੇ ਮੁਹੱਲੇ 'ਚ ਮਠਿਆਈ ਵੰਡੀ। ਕੁੜੀ ਜੰਮਣ 'ਤੇ ਸੱਸ ਨੇ ਤਾਂ ਇਕ ਵਾਰ ਅੱਥਰੂ ਕੇਰੇ। ਉਸ ਵਕਤ ਮੈਨੂੰ ਇੰਝ ਲੱਗਿਆ ਜਿਵੇਂ ਮੈਂ ਕੋਈ ਗੁਨਾਹ ਕਰ ਦਿੱਤਾ ਹੋਵੇ। ਹਰਪਾਲ ਝੱਲਿਆਂ ਵਾਂਗ ਆਪਣੀ ਬੇਟੀ ਲਈ ਖਰੀਦੋ ਫਰੋਖਤ ਕਰਦਾ। ਉਹਦੇ ਛਣਕਦੇ ਹਾਸਿਆਂ 'ਚ ਹੱਸਦਾ। ਜਦੋਂ ਉਹ ਰੋਂਦੀ ਤਾਂ ਹਰਪਾਲ ਆਪਣਾ ਕੰਮ ਕਾਜ ਛੱਡ ਉਹਦੇ ਕੋਲ ਦੌੜ ਜਾਂਦਾ। ਹਰਪਾਲ ਵੱਲ ਦੇਖ ਮੈਨੂੰ ਜਾਪਦਾ ਕਿ ਮਾਂ ਹੀ ਬੱਚੇ ਨੂੰ ਜ਼ਿਆਦਾ ਪਿਆਰ ਨਹੀਂ ਕਰਦੀ ਸਗੋਂ ਪਿਓ ਵੀ ਉਸ ਦੀ ਸਾਂਭ ਸੰਭਾਲ ਕਰਦਾ

ਹੈ। ਬੇਟੀ ਦਾ ਨਾਮ ਵੀ। ਹਰਪਾਲ ਨੇ ਆਪਣੀ ਪਸੰਦ ਦਾ ਰੱਖਿਆ 'ਹਰਿਨੂਰ'

ਹਰਿਨੂਰ ਨੂੰ ਬਾਹਰ ਵਧਾਉਣ ਦੀ ਰਸਮ ਉਹਦੇ ਜੰਮਣ ਤੋਂ 21 ਵੇਂ ਦਿਨ ਉਲੀਕੀ ਗਈ। ਜਿਵੇਂ ਜਿਵੇਂ ਦਿਨ ਨੇੜੇ ਆਉਂਦੇ ਗਏ ਫੰਕਸ਼ਨ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਤੇ ਮੇਰੀ ਨਨਾਣ ਵੀ ਚਾਰ ਪੰਜ ਦਿਨ ਪਹਿਲਾਂ ਹੀ ਆ ਗਈ। ਘਰ 'ਚ ਸਭ ਕੁਝ ਮਾਵਾਂ ਧੀਆਂ ਹੀ ਸਨ। ਹਰਿਨੂਰ ਨੂੰ ਕਦੇ ਕੋਈ ਇਕੱਲਾ ਨਾ ਛੱਡਦਾ ਕਦੇ ਦਾਦੀ-ਪੋਤੀ ਕੋਲ ਬੈਠੀ ਰਹਿੰਦੀ ਤੇ ਕਦੇ ਭੂਆ-ਭਤੀਜੀ ਕੋਲ ਬੈਠੀ ਰਹਿੰਦੀ। ਸਾਰਾ ਦਿਨ ਸਾਡੇ ਰੂਮ 'ਚ ਚਹਿਲ ਪਹਿਲ ਰਹਿੰਦੀ।

ਇੰਤਜ਼ਾਰ ਕਰਦਿਆਂ ਜੋ ਉਹ ਦਿਨ ਆ ਗਿਆ। ਜਿਸ ਦਾ ਸਾਨੂੰ ਸਾਰਿਆਂ ਨੂੰ ਇੰਤਜ਼ਾਰ ਸੀ... ਸਾਰੇ ਆਪੋ-ਆਪਣੀਆਂ ਤਿਆਰੀਆਂ 'ਚ ਰੁੱਝੇ ਹੋਏ ਸਨ। ਹਰਿਨੂਰ ਨੂੰ ਤਿਆਰ ਕਰ ਮੈਂ ਆਪ ਤਿਆਰ ਹੋਣ ਲੱਗ ਪਈ। ਜਦੋਂ ਮੈਂ ਅਲਮਾਰੀ ਦਾ ਲਾਕਰ ਖੋਲ੍ਹਿਆ ਤਾਂ ਉਥਲ-ਪੁਥਲ ਦੇਖ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ... ਇਹ ਕੀ? ਹਰਪਾਲ ਦਾ ਦਿੱਤਾ ਹੋਇਆ ਤੋਹਫਾ ਬਾਕੀ ਗਹਿਣਿਆਂ 'ਚੋਂ ਗਾਇਬ ਸੀ। ਇਹ ਕਿਵੇਂ ਹੋਇਆ? ਮੈਂ ਤਾਂ ਕਿਤੇ ਹੋਰ ਗਹਿਣੇ ਰੱਖੇ ਹੀ ਨਹੀਂ? ਬਾਕੀ ਗਹਿਣਿਆਂ ਨਾਲ ਇਥੇ ਹੀ ਪਿਆ ਸੀ। ਬਾਕੀ ਸਾਰੇ ਗਹਿਣੇ ਆਪੋ-ਆਪਣੀ ਜਗ੍ਹਾ 'ਤੇ ਪਏ ਸਨ... ਨਹੀਂ ਸੀ ਤਾਂ ਉਹ ਸੈੱਟ। ਹਰਿਨੂਰ ਦੇ ਫੰਕਸ਼ਨ ਦੀ ਖੁਸ਼ੀ ਪਲਾਂ 'ਚ ਹੀ ਮੇਰੇ ਅੰਦਰੋਂ ਉੱਡ ਗਈ। ਮੈਂ ਚੁਪ ਰਹਿਣਾ ਈ ਬਿਹਤਰ ਸਮਝਿਆ। ... ਬਾਹਰ ਦੇਖਿਆ ਸਭ ਆਪੋ ਆਪਣੇ ਕੰਮਾਂ 'ਚ ਰੁੱਝੇ ਹੋਏ ਸਨ। ਮੇਰੇ ਮੰਮੀ ਪਾਪਾ ਆ ਗਏ... ਉਹਨਾਂ ਵੱਲੋਂ ਆਈਆਂ ਸੌਗਾਤਾਂ ਨੇ ਤਾਂ ਫੰਕਸ਼ਨ ਸਿਰੇ ਚੜ੍ਹਾਉਣ ਸੀ। ਸੋ ਇਸੇ ਤਰ੍ਹਾਂ ਹੀ ਹੋਇਆ। ਰੌਲੇ ਰੱਪੇ 'ਚ ਮੈਂ ਗੁੰਮ ਹੁੰਦੀ ਜਾ ਰਹੀ ਸਾਂ... ਸੋਚਿਆ ਹੀ ਨਹੀਂ ਸੀ ਕਦੇ ਇੰਝ ਹੋਵੇਗਾ। ਨੱਪੀ ਘੁੱਟੀ ਮੈਂ ਸਾਰੀਆਂ ਰਸਮਾਂ 'ਚ ਸਾਮਿਲ ਹੋ ਰਹੀ ਸਾਂ। ਆਪਣਾ ਦੁੱਖ ਜਾਂ ਤਾਂ ਮੈਂ ਜਾਣਦੀ ਸਾਂ ਜਾਂ ਮੇਰਾ ਰੱਬ।

ਸ਼ਾਮ ਹੋਣ ਤੇ ਸਾਰੇ ਗੈਸਟ ਆਪੋ-ਆਪਣੇ ਘਰੀਂ ਤੁਰ ਪਏ। ਆਪਣੀ ਮੰਮੀ ਕੋਲ ਵੀ ਮੈਂ ਕੋਈ ਗੱਲ ਨਾ ਕੀਤੀ। ਥੱਕੇ-ਟੁੱਟੇ ਹੋਏ ਸਭ ਆਪੋ-ਆਪਣੇ ਕਮਰਿਆਂ 'ਚ ਚਲੇ ਗਏ। ਕਮਰੇ 'ਚ ਦਾਖਲ ਹੁੰਦਿਆਂ ਹੀ ਹਰਪਾਲ ਬੋਲੇ,

''ਚੰਨੀਏ ਅੱਜ ਤੂੰ ਪਹਿਲਾਂ ਜਿੰਨੀ ਖੁਸ਼ ਨਹੀਂ... ਕੀ...?''

ਹਰਪਾਲ ਨੇ ਗੱਲ ਪੂਰੀ ਵੀ ਨਹੀਂ ਕੀਤੀ ਕਿ ਮੈਂ ਫੁੱਟ ਫੁੱਟ ਰੋਣ ਲੱਗ ਪਈ।

ਹਰਪਾਲ ਨੇ ਮੈਨੂੰ ਮੋਢਿਆਂ ਤੋਂ ਫੜ੍ਹ ਝੰਝੋੜਿਆ।

''ਤੂੰ ਬੋਲ ਤਾਂ ਸਹੀ... ਰੋ ਕਿਉਂ ਰਹੀ ਏਂ... ਦੱਸ ਤਾਂ ਸਹੀ...।'

ਹਰਪਾਲ ਦਾ ਹੱਥ ਫੜ੍ਹ ਮੈਂ ਉਸਨੂੰ ਅਲਮਾਰੀ ਦੇ ਲਾਕਰ ਕੋਲ ਲੈ ਗਈ। ... ਗਹਿਣਿਆਂ ਵਾਲਾ ਉਹ ਡੱਬਾ ਕੱਢ ਦਿਖਾਇਆ... ਡੱਬਾ ਦੇਖ ਹਰਮਨ ਦੇ ਚਿਹਰੇ ਦਾ ਰੰਗ ਉੱਡ ਗਿਆ।

''ਇਹ ਕਿਵੇਂ ਹੋਇਆ...''

''ਮੈਨੂੰ ਕੀ ਪਰ... ਇੰਝ ਕਿਵੇਂ ਹੋਇਆ...।''

ਉਸ ਰਾਤ ਨਾ ਤਾਂ ਮੈਨੂੰ ਨੀਂਦ ਆਈ ਤੇ ਨਾ ਹਰਪਾਲ ਨੂੰ। ਮਾਨਸਿਕ ਕਸ਼ਮਕਸ਼ 'ਚ ਅਸੀਂ ਦੋਵੇਂ ਹੀ ਉਲਝੇ ਰਹੇ। ਸਾਰੀ ਰਾਤ ਇਕ ਮਿੰਟ ਵੀ ਸੌਂ ਕੇ ਨਾ ਦੇਖਿਆ। ਸਵੇਰ ਦਾ ਸੂਰਜ ਪਤਾ ਨਹੀਂ ਹਨੇਰ ਲੈ ਕੇ ਆਵੇਗਾ ਜਾਂ ਚਾਨਣਾਂ ਸੋਚਾਂ 'ਚ ਮੇਰੀ ਰਾਤ ਲੰਘ ਗਈ।

ਦਿਨ ਚੜ੍ਹਦਿਆਂ ਈ ਹਰਪਾਲ ਨੇ ਸਾਰਿਆਂ ਨੂੰ ਇੱਕਠੇ ਕਰ ਲਿਆ। ਜਦੋਂ ਸਾਰੀ ਗੱਲ ਦਾ ਖੁਲ੍ਹਾਸਾ ਹੋਇਆ ਤਾਂ ਸਾਰਿਆਂ ਦੇ ਮੂੰਹ 'ਤੇ ਇਕ ਰੰਗ ਆਏ ਤੇ ਇਕ ਜਾਏ। ਸਾਰੇ ਇਸੇ ਸੰਸ਼ੋਪੰਜ 'ਚ ਪੈ ਗਏ ਕਿ ਇਹ ਕੀਹਦਾ ਕੰਮ ਹੋ ਸਕਦਾ ਏ। ਮੇਰਾ ਸਹੁਰਾ ਵਾਰ ਵਾਰ ਨੌਕਰਾਂ ਨੂੰ ਲਾਹਨਤਾਂ ਪਾਉਂਦਾ। ਮੈਨੂੰ ਸਮਝ ਨਹੀਂ ਆ ਰਹੀ ਸੀ... ਲੱਕਰ ਕਿਸੇ ਨੇ ਖੋਲ੍ਹਿਆ। ਨੌਕਰ ਨੂੰ ਤਾਂ ਲਾੱਕਰ ਦੀ ਚਾਬੀ ਦਾ ਪਤਾ ਹੀ ਨਹੀਂ ਸਵਾਇ ਘਰ ਦੇ ਮੈਂਬਰਾਂ ਤੋਂ। ਇਸੇ ਉਲਝਣ ਨੇ ਮੈਨੂੰ ਉਲਝਾਈ ਰੱਖਿਆ। ਇਸ ਮਸਲੇ ਦਾ ਕੋਈ ਸਥਾਈ ਹੱਲ ਨਾ ਲੱਭਿਆ। ਸਾਰੇ ਮੇਰੇ 'ਤੇ ਦੂਰ ਦੂਰ ਕਰ ਰਹੇ ਸਨ।

''ਇਹਨੂੰ ਸੋਨਾ ਸੰਭਾਲਣ ਦਾ ਚੱਜ ਹੋਵੇ ਤਾਂ...।'' ਨਨਾਣ ਨੇ ਮੌਕੇ ਦਾ ਫਾਇਦਾ ਉਠਾਦਿਆਂ ਕਿਹਾ।

''ਕਲਮੂੰਹੀਏ ਕਿਤੇ ਪੇਕਿਆਂ ਨੂੰ ਤਾਂ ਨਹੀਂ ਦੇ ਆਈ... ਕੱਲ੍ਹ ਤਾਂ ਈ ਸ਼ਾਨੋ-ਸ਼ੌਕਤ ਨਾਲ ਆਏ ਸਨ... ਜਾਣਦੀ ਆਂ ਮੈਂ ਵੱਡੇ ਰਾਠਾਂ ਨੂੰ ਮੈਂ ਤਾਂ ਪਹਿਲਾਂ ਈ ਕਹਿੰਦੀ ਸਾਂ ਨੂੰਹਾਂ ਤੇ ਨੌਕਰਾਂ ਤੋਂ ਘਰ ਦਾ ਭੇਤ ਹਮੇਸ਼ਾ ਛੁਪਾ



ਕੇ ਰੱਖਣਾ ਚਾਹੀਦਾ ਏ... ਇਸ ਟੱਬਰ ਨੇ ਮੇਰੀ ਇਕ ਨਾ ਮੰਨੀ।'' ਸੱਸ ਨੇ ਮੈਨੂੰ ਜ਼ਲੀਲ ਕਰਨ ਵਾਲੀ ਕੋਈ ਕਸਮ ਨਾ ਛੱਡੀ।

''ਮੰਮੀ ਜੀ ਤੁਸੀਂ ਇਨਾ ਵੱਧ-ਘੱਟ ਤਾਂ ਨਾ ਬੋਲੋ। ਇਕ ਤਾਂ ਇਹਦਾ ਸਾਮਾਨ ਗੁੰਮ ਹੋ ਗਿਆ ਤੇ ਦੂਸਰਾ ਤੁਸੀਂ...।''

''ਚੁੱਪ ਕਰ ਵੇ... ਤੇਰਾ ਵੀ ਕਿਵੇਂ ਮੂੰਹ ਖੁੱਲ੍ਹਾ ਪਿਆ ਏ... ਕਿਵੇਂ ਚਪਰ ਚਪਰ ਬੋਲਦਾ ਏ। ਰੰਨ ਅੱਗੇ ਤਾਂ ਚੂੰ ਨਹੀਂ ਕਰਦਾ ਤੇ ਹੁਣ... ਲੱਗਾ ਮੈਨੂੰ ਮੱਤਾਂ ਦੇਣ... ਮੈਂ ਤੈਨੂੰ ਜੰਮਿਆ ਜਾਂ ਤੂੰ ਮੈਨੂੰ।''

ਘਰ 'ਚ ਘੁਟਣ ਜਿਹੀ ਵਾਲਾ ਮਾਹੌਲ ਬਣਿਆ ਰਿਹਾ। ਸ਼ਾਮਾਂ ਨੂੰ ਮੰਮੀ ਪਤਾ ਨਹੀਂ ਕਿਥੋਂ ਖ਼ਬਰ ਲੈ ਆਏ ਜਰਾਇਤ ਕਢਾਉਣ ਦੀ। ਮੰਮੀ ਦੀ ਗੱਲ ਸੁਣ ਮੈਂ ਤਾਂ ਦੰਗ ਹੀ ਰਹਿ ਗਈ। ਇਹ ਕੀ ਇਹ ਤਾਂ ਕੋਈ ਚਮਤਕਾਰ ਮੇਰਾ ਮਨ ਸ਼ੰਕਾ 'ਚ ਪੈ ਗਿਆ... ਜੇ ਇੰਝ ਪਤਾ ਲੱਗ ਜੇ ਚੋਰੀ ਕੀਤੀ ਚੀਜ਼ ਦਾ ਤਾਂ ਫਿਰ ਪੁਲਿਸ, ਸੀ. ਆਈ. ਡੀ. ਮਹਿਕਮੇ ਦੀ ਲੋੜ ਨਹੀਂ।

ਸਰਕਾਰ ਕਿਉਂ ਇਹਨਾਂ ਮਹਿਕਮਿਆਂ 'ਤੇ ਕਰੋੜਾਂ ਰੁਪਏ ਲਗਾ ਰਹੀ ਏ।

ਪਰ ਅੰਧਵਿਸ਼ਵਾਸ ਨੇ ਮੈਨੂੰ ਪੂਰੀ ਤਰ੍ਹਾਂ ਆਪਣੇ ਕਲਾਵੇ 'ਚ ਲੈ ਲਿਆ ਸੀ... ਮੈਂ ਵੀ ਚਾਹੁੰਦੀ ਸਾਂ ਕਿ ਮੇਰੇ ਨਾਲ ਇਨਸਾਫ਼ ਹੋਏ... ਇਹ ਸੋਚਦਿਆਂ ਮੈਂ ਅਣਮੰਨੇ ਜਿਹੇ ਮਨ ਨਾਲ ਹਾਮੀ ਭਰ ਦਿੱਤੀ।

ਅਗਲੇ ਦਿਨ ਸਵੇਰੇ ਈ ਮੇਰੀ ਨਨਾਣ ਦੇ ਬਾਰਾਂ-ਤੇਰਾਂ ਸਾਲਾਂ ਦੇ ਲੜਕੇ ਨੂੰ ਹਰਪਾਲ ਤੇ ਸਹੁਰਾ ਸਾਹਿਬ ਆਪਣੇ ਨਾਲ ਲੈ ਗਏ। ਪਿੱਛੋਂ ਮੇਰੇ ਮਨ 'ਚ ਉਲਝਣ ਜਿਹੀ ਰਹੀ। ਬੱਚੇ ਦੇ ਅੰਗੂਠੇ 'ਤੇ ਕਿਵੇਂ ਸਕਰੀਨ ਬਣ ਜਾਂਦੀ ਏ... ਇਸੇ ਗੱਲ ਨੇ ਮੈਨੂੰ ਚੈਨ ਨਾ ਲੈਣ ਦਿੱਤਾ।

ਸ਼ਾਮ ਹੁੰਦਿਆਂ ਹੀ ਹਰਪਾਲ ਤੇ ਸਹੁਰਾ ਸਾਹਿਬ ਆ ਗਏ।

''ਗੱਲ ਸੁਣ... ਅੰਦਰ ਆ ਕੇ...।'' ਪਾਣੀ ਦਾ ਗਲਾਸ ਹੱਥ 'ਚ ਫੜ੍ਹਦਿਆਂ ਹਰਪਾਲ ਨੇ ਮੈਨੂੰ ਕਿਹਾ। ਹਰਪਾਲ ਦੇ ਪਿੱਛੇ-ਪਿੱਛੇ ਮੈਂ ਕਮਰੇ 'ਚ ਚਲੀ ਗਈ। ਮੇਰੇ ਅੰਦਰੋਂ ਸਾਹ-ਸਤ ਖਤਮ ਹੋ ਗਏ ਸਨ। ਇੰਝ ਦਾ ਗੁੱਸਾ ਤਾਂ ਮੈਂ ਕਦੇ ਹਰਪਾਲ ਦੀਆਂ ਅੱਖਾਂ 'ਚ ਨਹੀਂ ਦੇਖਿਆ ਸੀ।

''ਹਾਂ ... ਜੀ...।''

ਮੇਰੇ ਮੂੰਹੋਂ ਮਸਾਂ ਈ ਨਿਕਲਿਆ।

''ਤੇਰੀ ਜੀਭ ਕਿਵੇਂ ਹੁਣ ਤਾਲੂਏ ਨਾਲ ਲੱਗੀ, ਪਈ ਹੈ। ਸਿੱਧੀ ਹੋ ਕੇ ਦੱਸ ਤੂੰ ਹਾਰ ਬਿੱਲੇ ਕਿਥੇ ਲਾਇਆ ਏ। '' ਹਰਪਾਲ ਦੀ ਗੱਲ ਸੁਣ ਮੇਰੇ ਪੈਰਾਂ ਥੱਲੋਂ ਜ਼ਮੀਨ ਨਿਕਲ ਗਈ।

''ਇਹ ਤੁਸੀਂ ਕੀ ਕਹਿ ਰਹੇ ਹੋ? ਮੈਂ ਨਹੀਂ ਕੀਤਾ ਇਹ ਕੰਮ...।'' ਮੇਰੇ ਮੂੰਹੋਂ ਏਨਾ ਮਸਾਂ ਈ ਨਿਕਲਿਆ ਸੀ ਕਿ ਕੜਾਕ ਕਰਦੀ ਚਪੇੜ ਮੇਰੀ ਗੱਲ੍ਹ ਤੇ ਆਣ ਵੱਜੀ।

''ਕੀਹਦਾ ਕੰਮ ਹੋਰ ਹੋ ਸਕਦਾ... ਤੇਰੀ ਸ਼ਕਲ ਆਈ ਆ ਕੀਰਤ ਦੇ ਅੰਗੂਠੇ 'ਤੇ...।''

''ਨਾਲੇ ਚੋਰ ਨਾਲੇ ਚਤਰ। ਕਰ ਇਹਦੇ ਮਾਪਿਆਂ ਨੂੰ ਫੋਨ ਜਿਹੜੀ ਕਰਤੂਤ ਇਹਨੇ ਕੀਤੀ ਆ। ਪਤਾ ਲੱਗੇ ਉਹਨਾਂ ਨੂੰ ਵੀ। '' ਸੱਸ ਨੇ ਮੌਕੇ ਦਾ ਪੂਰਾ ਫਾਇਦਾ ਉਠਾਇਆ।

ਘਰ 'ਚ ਕੁਹਰਾਮ ਮੱਚ ਗਿਆ। ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਇੰਝ ਕਿਉਂ ਹੋ ਰਿਹਾ ਏ। ਜਦੋਂ ਮੈਂ ਦੋਸ਼ੀ ਹੀ ਨਹੀਂ ਸਾਂ ਤਾਂ ਸਜ਼ਾ ਮੈਨੂੰ ਕਿਉਂ ਮਿਲ ਰਹੀ ਏ। ਮੇਰੇ ਭਰਾ ਤੇ ਬਾਪ ਦੇ ਸਾਹਮਣੇ ਮੈਨੂੰ ਦੋਸ਼ੀ ਠਹਿਰਾਂ ਦਿੱਤਾ ਗਿਆ। ਮੇਰੀ ਸਮਝ 'ਚ ਨਹੀਂ ਆ ਰਿਹਾ ਸੀ ਕਿ ਇੰਨਾ ਪੜ੍ਹ ਲਿਖ ਕੇ ਹਰਪਾਲ ਵੀ ਅੰਧ-ਵਿਸ਼ਵਾਸੀ ਹੋ ਗਿਆ। ਮਾਂ ਹੋਣ ਦੇ ਬਾਵਜੂਦ ਘਰ 'ਚ ਮੇਰੀ ਹਾਲਤ ਡਾਂਵਾਡੋਲ ਹੋ ਗਈ। ਮਾਨਸਿਕ ਰੂਪ 'ਚ ਮੈਨੂੰ ਤੰਗ ਕੀਤਾ ਜਾਣ ਲੱਗਾ। ਸੱਚ ਉਗਲਾਉਣ ਲਈ ਤਾਂਡਵ ਰਚਿਆ ਗਿਆ। ਤਾਂਡਵ ਹਾਂ ਤਾਂਡਵ ਹੀ ਤਾਂ ਸੀ... ਜਦੋਂ ਹਰਪਾਲ ਨੇ ਬਿਜਲੀ ਦੀ ਤਾਰ ਮੇਰੇ ਹੱਥ 'ਚ ਫੜਾ ਕੇ ਸਵਿੱਚ ਆੱਨ ਕਰ ਦਿੱਤਾ... ਸ਼ਾਇਦ ਇਸ ਲਈ ਕਿ ਮੈਂ ... ਮੌਤ ਤੋਂ ਡਰ ਕੇ ਸਾਰਾ ਕੁਝ ਮੰਨ ਜਾਉਗੀ... ਪਰ ਜਿਹੜਾ ਗੁਨਾਹ ਮੈਂ ਕੀਤਾ ਹੀ ਨਹੀਂ ਸੀ ਉਹ ਕਿਵੇਂ ਮੰਨਦੀ। ਦਹਿਸ਼ਤ ਨੰਗੇ ਨਾਚ 'ਤੇ ਰੱਬ ਨੇ ਵੀ ਮੈਨੂੰ ਨਿਆਂ ਨਾ ਦਿੱਤਾ... ਸਾਰਾ ਜ਼ੁਲਮ ਮੈਂ ਚੁਪ -ਚਾਪ ਸਹਿ ਗਈ। ਮੇਰੇ 'ਤੇ ਕੋਈ ਵਿਸ਼ਵਾਸ ਨਹੀਂ ਕਰ ਰਿਹਾ ਸੀ।

''ਲੈ ਜਾਓ ਇਹਨੂੰ ਆਵਦੇ ਨਾਲ...।'' ਹਰਪਾਲ ਨੇ ਮੇਰੇ ਬਾਪ ਨੂੰ ਕੜਕ ਕੇ ਕਿਹਾ

''ਪੁੱਤ ਇੰਝ ਘਰ ਬਰਬਾਦ ਨਹੀਂ ਕਰੀਦਾ... ਤੂੰ ਤਾਂ ਸਮਝਦਾਰ ਏ... ਪੜ੍ਹਿਆ-ਲਿਖਿਆ ਏ... ਫਿਰ ਤੂੰ

ਵੀ ਇੰਝ ਕਰਨ ਲੱਗ ਪਿਆ... ਤਾਂ ਕੀ ਬਣੇਗਾ ਇਹਦਾ। ਤੂੰ ਸਮਝ ਕਰ ਪੁੱਤ। ਅੰਧ-ਵਿਸ਼ਵਾਸਾਂ ਪਿੱਛੇ ਲੱਗ ਕੇ ਘਰ ਬਰਬਾਦ ਹੋ ਜਾਂਦੇ ਨੇ...।'' ਮੇਰੇ ਡੈਡੀ ਨੇ ਹਰਪਾਲ ਨੂੰ ਸਮਝਾਉਂਦਿਆਂ ਕਿਹਾ। ਧੀ ਵਾਲੇ ਹਮੇਸ਼ਾ ਨੀਵੇਂ ਹੁੰਦੇ ਹਨ। ਇਸ ਗੱਲ ਦੀ ਮੈਨੂੰ ਅੱਜ ਸਮਝ ਆ ਗਈ ਸੀ। ਹਾਲਾਤ ਦੇਖ ਮੈਂ ਪੇਕੇ ਜਾਣਾ ਹੀ ਬਿਹਤਰ ਸਮਝਿਆ। ਇਕ ਤਾਂ ਰੱਬ ਨੇ ਜਿਹੜੀ ਮੇਰੇ ਨਾਲ ਕੀਤੀ ਉਤੋਂ ਇਕ ਹੋਰ ਕਹਿਰ... ਮੇਰੀ ਧੀ ਨੂੰ ਵੀ ਮੇਰੇ ਨਾਲ ਜਾਣ ਨਾ ਦਿੱਤਾ ਗਿਆ। ਸਵਾ ਮਹੀਨੇ ਦੀ ਹਰਿਨੂਰ ਨੂੰ ਮੇਰੇ ਤੋਂ ਅਲੱਗ ਕਰ ਦਿੱਤਾ ਗਿਆ। ਇਕ ਛੋਟੀ ਬੱਚੀ... ਮਾਂ ਦੇ ਦੁੱਧ ਬਿਨਾਂ ਕਿੰਝ ਰਹੂਗੀ... ਮਾਂ ਦੀ ਗੋਦ ਦਾ ਨਿੱਘ ਮਾਂ ਦੀ ਮਮਤਾ।

''ਪਾਲ ਲਊਗੀ ਮੈਂ ਇਹਨੂੰ...।'' ਦਾਦੀ ਨੇ ਪੋਤੀ ਨੂੰ ਪੰਘੂੜੇ 'ਚੋਂ ਚੁੱਕ ਲਿਆ।

ਉਸ ਸਮੇਂ 'ਤੇ ਕੀ ਬੀਤੀ? ਇਹ ਤਾਂ ਮੈਂ ਹੀ ਜਾਣਦੀ ਹਾਂ। ਮਾਨਸਿਕ ਤੌਰ ਤੇ ਮੇਰੀ ਹਾਲਤ ਪਾਗਲਾਂ ਵਰਗੀ ਹੋ ਗਈ ਸੀ। ਥੋੜ੍ਹੇ ਦਿਨਾਂ ਬਾਅਦ ਮੇਰੇ ਡੈਡੀ ਨੇ ਵੀ ਜਰਾਇਤ ਵਾਲਿਆਂ ਦਾ ਪਤਾ ਕੀਤਾ। ਦੋ-ਚਾਰ ਛੋਟੇ ਬੱਚਿਆਂ ਨੂੰ ਨਾਲ ਲਜਾਇਆ ਗਿਆ। ਸਭ ਥਾਂ ਇਕੋ ਗੱਲ ਹੀ ਉੱਭਰੀ ਮੇਰੀ ਸੱਸ ਨੇ ਹਾਰ ਚੋਰੀ ਕੀਤਾ, ਹੁਣ ਤਾਂ ਮੈਂ ਹੋਰ ਵੀ ਉਲਝਣ 'ਚ ਫਸ ਗਈ। ਪਹਿਲਾਂ ਤਾਂ ਇੰਝ ਨਹੀਂ ਕਿਹਾ ਗਿਆ ਸੀ। ਮੇਰਾ ਨਾਮ ਲਾਇਆ ਗਿਆ ਸੀ। ਕਿਤੇ ਕੋਈ ਸਾਜਿਸ਼ ਤਾਂ ਨਹੀਂ ਰਚੀ ਜਾ ਰਹੀ ਸੀ ਮੈਨੂੰ ਘਰੋਂ ਬਾਹਰ ਕੱਢਣ ਦੀ... ਮੇਰੀ ਜ਼ਿੰਦਗੀ ਮੋਹਰਾ ਬਣ ਗਈ... ਪਰ ਪਤਾ ਨਹੀਂ ਕਿਸ ਦੇ ਹੱਥ ਦਾ। ?

ਪੂਰੀ ਜਾਂਚ ਪੜਤਾਲ ਤੋਂ ਬਾਅਦ ਹਰਪਾਲ ਨੂੰ ਫੋਨ ਕਰਕੇ ਬੁਲਾਇਆ ਗਿਆ... ਹਰਪਾਲ ਨੂੰ ਉਹਨਾਂ ਸਭ ਜਰਾਇਤ ਵਾਲਿਆਂ ਕੋਲ ਲਜਾਇਆ ਗਿਆ ਜਿਥੇ ਮੇਰੇ ਮੱਥੇ 'ਤੇ ਲੱਗੇ ਕਲੰਕ ਨੂੰ ਖ਼ਤਮ ਕੀਤਾ ਜਾ ਸਕਦਾ ਸੀ। ਜਰਾਇਤ ਵਾਲੇ ਕਿੰਝ ਲੋਕਾਂ ਨੂੰ ਭੁਲੇਖਾ ਪਾਉਂਦੇ ਸਨ ਇਹ ਸਭ ਕੁਝ ਉਸ ਨੇ ਅੱਖੀ ਦੇਖ ਲਿਆ ਸੀ।

ਹਰਪਾਲ ਮੈਨੂੰ ਆਪਣੇ ਨਾਲ ਲੈ ਗਿਆ। ਸਹੁਰੇ ਘਰ ਮੈਂ ਚਲੀ ਤਾਂ ਗਈ ਪਰ ਰਿਸ਼ਤਿਆਂ 'ਚ ਉਹ ਰਸਕ ਨਾ ਰਹੀ। ਘਰ 'ਚ ਘੁਟਨ ਜਿਹੀ ਪੈਦਾ ਹੋ ਗਈ। ਸਾਰੇ ਹੀ ਆਪਣੇ ਆਪ ਨੂੰ ਸੱਚਾ ਕਹਿ ਰਹੇ ਸਨ। ਸੱਸ ਤੇ ਨਨਾਣ ਮੇਰੇ ਵੱਲ ਕੈਰੀਆਂ ਨਜ਼ਰਾਂ ਨਾਲ ਦੇਖਦੀਆਂ। ਘਰ 'ਚ ਮੇਰੀ ਸਾਂਝ ਆਪਣੀ ਧੀ ਨਾਲ ਸੀ। ਜਾਂ ਫਿਰ ਹਰਪਾਲ ਪਰ ਕਿਹੜੀ ਸਾਂਝ ਸੀ ਹਰਪਾਲ ਨਾਲ ਮੇਰੀ। ਉਹਨੇ ਤਾਂ ਇਕ ਵਾਰ ਵੀ ਮੇਰੇ 'ਤੇ ਵਿਸ਼ਵਾਸ ਨਾ ਕੀਤਾ। ਮੈਨੂੰ ਘਰੋਂ ਕੱਢ ਦਿੱਤਾ। ਹਰਪਾਲ ਦੇ ਨੇੜੇ ਜਾਣ ਨੂੰ ਮੇਰਾ ਦਿਲ ਨਾ ਕਰਦਾ। ਜਦੋਂ ਮੈਂ ਹਰਪਾਲ ਨੂੰ ਮੰਮੀ ਦੀਆਂ ਉਹ ਸਾਰੀਆਂ ਗੱਲਾਂ ਦੱਸੀਆਂ ਜਿਨ੍ਹਾਂ ਨੇ ਮੈਨੂੰ ਪ੍ਰੇਸ਼ਾਨ ਕੀਤਾ ਸੀ ਤਾਂ ਉਸਨੂੰ ਸੱਚ ਨਾ ਆਇਆ।

''ਹੁਣ ਮੈਂ ਕਿਸ ਤੇ ਵਿਸ਼ਵਾਸ ਕਰਾਂ। ਇਕ ਪਾਸੇ ਮਾਂ ਤੇ ਭੈਣ ਅਤੇ ਦੂਸਰੇ ਪਾਸੇ ਤੂੰ। ਮੈਂ ਤਾਂ ਤੁਹਾਡੇ ਦੋਹਾਂ 'ਚ ਪਿਸਿਆ ਪਿਆ ਹਾਂ। ਭੈਣ ਜਿਹੜੀ ਹਮੇਸ਼ਾ ਵੀਰ ਦੀ ਸੁੱਖ ਮੰਗਦੀ ... ਮਾਂ ... ਜਿਹੜੀ ਪੁੱਤ ਦੇ ਕੰਡਾ ਚੁੱਭਣ ਤੇ ਪੀੜ ਮਹਿਸੂਸ ਕਰਦੀ.. ਤੇ ਤੂੰ ... ਜਿਹੜੀ ਆਪਣੇ ਸਭ ਰਿਸ਼ਤੇ ਛੱਡ ਕੇ ਮੇਰਾ ਲੜ ਫੜ ਇਸ ਘਰ 'ਚ ਆਈ। ਮੈਨੂੰ ਤਾਂ ਪਤਾ ਈ ਨਹੀਂ ਲੱਗਦਾ ਪਿਆ ਕਿ ਕੀ ਹੋ ਰਿਹਾ ਏ? ਕੀ ਸਹੀ ਏ ਤੇ ਕੀ ਗਲਤ? ਮੈਂ ਚੈਨ ਚਾਹੁੰਦਾ ਹਾਂ... ਸ਼ਾਤੀ ... ਮੈਂ ਨਹੀਂ ਕਿਸੇ ਬੰਧਨ 'ਚ ਬੱਝਣਾ ਚਾਹੁੰਦਾ।'' ਹਰਪਾਲ ਦੀ ਅਖੀਰਲੀ ਗੱਲ ਨੇ ਮੈਨੂੰ ਵਲੂੰਧਰ ਦਿੱਤਾ।

''ਬੰਧਨ ਬੰਧਨ ਤਾਂ ਮੇਰੇ ਕਰਕੇ ਹੀ ਹੋਇਆ। ਬਾਕੀ ਪਰਿਵਾਰ ਤਾਂ ਤੁਹਾਡਾ ਆਪਣਾ ਏ। ਬੰਧਨ 'ਚ ਤਾਂ ਮੇਰੇ ਨਾਲ ਈ। ਬੱਝੇ ਓ। ਮੈਂ ਤੁਹਾਨੂੰ ਕਦੇ ਤੰਗ ਨਹੀਂ ਕਰਦੀ... ਆਪਣੀ ਧੀ ਤੋਂ ਬਿਨਾਂ ਮੈਂ ਰਹਿ ਨਹੀਂ ਸਕਦੀ।'' ਹਰਪਾਲ ਨੂੰ ਇਹ ਗੱਲ ਕਹਿਣ ਦੀ ਹਿੰਮਤ ਮੇਰੇ 'ਚੋਂ ਪਤਾ ਨਹੀਂ ਕਿਥੋਂ ਆ ਗਈ ਸੀ।

ਉਸ ਦਿਨ ਤੋਂ ਲੈ ਕੇ ਅੱਜ ਤੱਕ ਹਰਪਾਲ ਪ੍ਰਤੀ ਕੋਈ ਵੀ। ਚੰਗਾ ਮਾੜਾ ਖਿਆਲ ਮੇਰੇ ਅੰਦਰ ਨਹੀਂ ਆਇਆ। ਇਕ ਛੱਤ ਥੱਲੇ ਰਹਿ ਕੇ ਵੀ ਅਸੀਂ ਕੋਹਾਂ ਦੂਰ ਸਾਂ। ਇਹ ਕਿਹੋ ਜਿਹਾ ਰਿਸ਼ਤਾ ਸੀ ਜੋ ਨਾ ਚਾਹੁੰਦਿਆਂ ਹੋਇਆ ਵੀ ਅਸੀਂ ਨਿਭਾ ਰਹੇ ਸਾਂ। ਸਗਨਾਂ ਵਾਲੀ ਮੌਲੀ ਦਾ ਰੰਗ ਘਰ ਵਿਚਲੇ ਕਲੇਸ਼ ਨੇ ਫਿੱਕਾ ਕਰ ਦਿੱਤਾ ਸੀ।

''ਕਿੱਥੇ ਗੁਆਚੀ ਬੈਠੀ ਏ... ਬਰਾਤ ਆਉਣ ਵਾਲੀ ਆ। '' ਭੈਣ ਨੇ ਮੈਨੂੰ ਬਾਹਰ ਆਉਣ ਲਈ ਸੱਦਾ ਦਿੱਤਾ।

''ਹਾਂ ਹਾਂ ਆਈ ਮੈਂ ਤਾਂ ਤਿਆਰ ਆ। '' ਅੰਦਰੋਂ ਮੈਂ ਉਦਾਸ ਸਾਂ। ਤੇ ਉਧਰੋਂ ਖੁਸ਼। ਕਈ ਵਾਰ ਮਨੁੱਖ ਨੂੰ ਵੀ ਕਈ ਤਰ੍ਹਾਂ ਦੇ ਰੋਲ ਕਰਨੇ ਪੈਂਦੇ ਨੇ। ਅੰਦਰ ਗ਼ਮ ਹੋਵੇ ਤਾਂ ਵੀ ਚਿਹਰੇ 'ਤੇ ਖੁਸ਼ੀ ਰੱਖਣੀ ਪੈਂਦੀ ਏ।



ਧੀ ਦੇ ਸਹੁਰੇ ਘਰ 'ਚ ਮੈਂ ਖੁਸ਼ੀਆਂ ਦੀ ਖੈਰ ਮੰਗੀ। ਰੱਬ ਅੱਗੇ ਮੈਂ ਧੀ ਦੀ ਸੁਖ ਮੰਗਦੀ ਰਹੀ। ਕਿਤੇ ਉਹਦੀ ਕਿਸਮਤ ਵੀ ਮੇਰੇ ਵਰਗੀ ਨਹੀਂ ਰੱਬਾ। ... ਨਹੀਂ ਕਹਿਰ ਨਾ ਢਾਹੀ।

ਹਾਸਿਆਂ ਗੜਾਕਿਆਂ, ਰੌਲੇ-ਰੱਪੇ 'ਚ ਵਿਦਾਈ ਦਾ ਵਕਤ ਆ ਗਿਆ। ਚਾਰੇ ਪਾਸੇ ਮਾਹੌਲ ਗਮਗੀਨ ਜਿਹਾ ਹੋ ਗਿਆ। ਧੀ ਦੀ ਵਿਦਾਈ ਨੇ ਮੈਨੂੰ ਝੰਜੋੜ ਦਿੱਤਾ। ਆਪਣੇ ਆਪ ਨੂੰ ਮੈਂ ਕਾਬੂ 'ਚ ਰੱਖਿਆ। ਦਿਲ ਅੰਦਰ ਚਾਹੇ ਕਿੰਨਾ ਦਰਦ ਸੀ ਉਸ ਨੂੰ ਮੈਂ ਅੱਖਾਂ 'ਚ ਨਾ ਆਉਣ ਦਿੱਤਾ। ਭੂਆ ਭਤੀਜੀ ਜਦ ਗਲ ਲੱਗੀਆਂ ਤਾਂ ਅੱਖਾਂ ਪੂੰਝਦੀ ਮੇਰੀ ਨਨਾਣ ਦਾ ਸ਼ਾਲ ਗਲ ਤੋਂ ਹੇਠਾਂ ਸਰਕ ਗਿਆ... ਦੇਖ ਮੇਰੀਆਂ ਅੱਖਾਂ ਚੁੰਧਿਆ ਗਈਆਂ... ਮੈਂ ਫਟਾਫ਼ਟ ਆਪਣੇ ਰੂਮ 'ਚ ਜਾ ਕੇ ਪੈਕਿੰਗ ਕਰਨ ਲੱਗ ਪਈ। ਅਟੈਚੀ ਚੁੱਕ ਜਦ ਮੈਂ ਕਮਰੇ 'ਚੋਂ ਬਾਹਰ ਨਿਕਲਣ ਲੱਗੀ ਤਾਂ ਹਰਪਾਲ ਨੇ ਮੇਰਾ ਰਸਤਾ ਰੋਕ ਲਿਆ... ਮੈਂ ਫ਼ੈਸਲਾ ਕਰ ਚੁੱਕੀ ਸਾਂ... ਹਰਪਾਲ ਦੀ ਬਾਂਹ ਪਰ੍ਹੇ ਕਰ ਮੈਂ ਬਾਹਰ ਵੱਲ ਕਦਮ ਪੁੱਟ ਲਏ। ੦

ਪਤਾ- ਬਾਬਾ ਕੰਦਲ ਸਿੰਘ ਗਰਲਜ਼ ਕਾਲਜ, ਪਿੰਡ ਮੰਦਰ ਮਹਾਰ, ਤਹਿ. ਮੱਖੂ, ਫਿਰੋਜਪੁਰ

## ਜ਼ਿੰਦਗੀ ਦਾ ਕੈਦੀ / ਰੇਮਾ ਖਾਨ / ਅਨੁ. ਪ੍ਰੀਤਮ

ਅੱਜ ਮੇਰਾ ਯਾਰਵਾਂ ਜਨਮ ਦਿਨ ਹੈ... ਕਿੰਗਜ਼ ਵੁੱਡ ਦੇ ਯਤੀਮ ਖਾਨੇ ਵਿਚ ਯਾਰਵਾਂ ਸਾਲ... ਇਕ ਹੋਰ ਸਾਲ ਖ਼ਾਮੋਸ਼ ਹਵਾ ਵਾਂਗ ਲੰਘ ਗਿਆ ਹੈ। ਮੈਂ ਬੀਤੇ ਸਾਲਾਂ ਦੇ ਖਿਆਲਾਤ ਅਤੇ ਯਾਦਾਂ ਜ਼ਿਹਨ ਵਿਚ ਜਮਾ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਪਰ ਅਜਿਹਾ ਨਹੀਂ ਹੋ ਸਕਦਾ। ਸੰਭਵ ਹੈ ਇਸ ਦਾ ਕਾਰਨ ਇਹ ਹੋਵੇ ਕਿ ਗੱਲਾਂ ਯਾਦ ਰੱਖਣ ਲਈ ਅਜੇ ਮੇਰੀ ਉਮਰ ਬਹੁਤ ਘਟ ਹੈ।

ਸਾਡੀ ਟੀਚਰ ਮਿਸ ਜੈਨ ਕਹਿੰਦੀ ਹੈ ਕਿ ਮੈਂ ਇਕ ਪਿਆਰਾ ਜਿਹਾ ਛੋਟਾ ਬਾਲ ਹਾਂ। ਇਕ ਮਾਸੂਮ ਨੌਜੁਵਾਨ ਲੜਕੇ ਦੇ ਜਿਸਮ ਵਿਚ ਕੈਦ ਬੁੱਢਾ ਆਦਮੀ।

ਜਿਹੜੀ ਚੀਜ਼ ਘਟਨਾਵਾਂ ਨੂੰ ਇਕ ਦੂਸਰੇ ਤੋਂ ਵਖਰਿਆਂ ਕਰਦੀ ਹੈ... ਉਸਨੂੰ ਯਾਦਾਂ ਵਿਚ ਬਦਲਦੀ ਹੈ ਉਹ ਸਥਾਨ ਅਤੇ ਸਮੇਂ ਦੀ ਵਿਥ ਹੈ। ਮੇਰੀ ਜ਼ਿੰਦਗੀ ਵਿਚ ਸਥਾਨ ਅਤੇ ਸਮੇਂ ਦੀ ਕੋਈ ਵੱਡੀ ਤਬਦੀਲੀ ਨਹੀਂ ਹੋਈ ਇਸ ਲਈ ਕੁਝ ਵੀ ਯਾਦ ਰੱਖਣਾ ਮੁਸ਼ਕਲ ਹੈ। ਹਰ ਚੀਜ਼ ਇਨ੍ਹੀਂ ਸਾਧਾਰਨ ਅਤੇ ਮਿਥੀ ਹੋਈ ਹੈ ਕਿ ਮੈਨੂੰ ਕੁਝ ਵੀ ਯਾਦ ਰਖਣ ਦੀ ਲੋੜ ਨਹੀਂ ਹੈ। ਸਾਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ ਇਹ ਸਾਨੂੰ ਬੜੇ ਸਪਸ਼ਟ ਤੌਰ ਉਪਰ ਰੋਜ਼ ਸਮਝਾਇਆ ਜਾਂਦਾ ਹੈ।

ਮੈਨੂੰ ਯਤੀਮ ਖਾਨੇ ਵਿਚ ਸਾਰੇ ਜੋਨੀ ਕਹਿੰਦੇ ਨੇ, ਜਦਕਿ ਮੇਰਾ ਅਸਲ ਨਾਂ ਜਾਨ ਹੈ। ਕਿਉਂਕਿ ਹੋਰ ਕੁਝ ਵੀ ਬਦਲਨਾ ਮੇਰੇ ਵਸ 'ਚ ਨਹੀਂ ਇਸ ਲਈ ਮੈਂ ਹਰ ਰੋਜ਼ ਆਪਣੇ ਆਪ ਨੂੰ ਬਦਲ ਲੈਂਦਾ ਹਾਂ। ਮੈਂ ਜਾਗਦਾ ਹਾਂ ਤਾਂ ਇਹ ਫ਼ੈਸਲਾ ਕਰ ਲੈਂਦਾ ਹਾਂ ਕਿ ਅੱਜ ਮੈਂ ਕਿਸੇ ਹੋਰ ਸ਼ਹਿਰ ਤੋਂ ਇਥੋਂ ਦੇ ਲੋਕਾਂ ਨੂੰ ਮਿਲਣ ਲਈ ਆਇਆ ਹੋਇਆ ਹਾਂ। ਕਿਸੇ ਦਿਨ ਮੈਂ ਫਰਜ਼ ਕਰ ਲੈਂਦਾ ਹਾਂ ਕਿ ਮੈਂ ਸ਼ਹਿਜ਼ਾਦਾ ਹਾਂ। ਉਸ ਤੋਂ ਅਗਲੇ ਦਿਨ ਮੈਂ ਭਿਖਾਰੀ ਬਣ ਜਾਂਦਾ ਹਾਂ। ਕਿਸੇ ਦਿਨ ਮੈਂ ਫਰਜ਼ ਕਰ ਲੈਂਦਾ ਹਾਂ ਕਿ ਮੈਂ ਡਾਕਟਰ ਹਾਂ ਅਤੇ ਜਦ ਮੈਂ ਰਾਤ ਵੇਲੇ ਆਪਣੇ ਚੀਂ ਚੀਂ ਕਰਦੇ ਮੰਜੇ 'ਤੇ ਲੇਟਦਾ ਹਾਂ ਸੌਣ ਤੋਂ ਪਹਿਲਾਂ ਆਪਣੀਆਂ ਇਨ੍ਹਾਂ ਖਿਆਲੀ ਕਹਾਣੀਆਂ ਨੂੰ ਭੁੱਲ ਗਿਆ ਹੁੰਦਾ ਹਾਂ।

ਕਦੀ ਕਦੀ ਮੈਨੂੰ ਯਕੀਨ ਨਹੀਂ ਆਉਂਦਾ ਕਿ ਮੈਂ ਇਥੇ ਜਨਮ ਲਿਆ ਸੀ ਜਿਵੇਂ ਕਿ ਮਿਸ ਜੈਨ ਨੇ ਮੈਨੂੰ ਦਸਿਆ ਹੈ। ਉਹ ਦਸਦੀ ਹੈ ਕਿ ਮੇਰੇ ਇਸ ਦੁਨੀਆਂ ਵਿਚ ਆਉਂਦੇ ਹੀ ਮੇਰੀ ਮਾਂ ਮਰ ਗਈ ਅਤੇ ਜਿੱਥੋਂ ਤਕ ਮੇਰੇ ਬਾਪ ਦਾ ਸੰਬੰਧ ਹੈ ਉਹ ਮੇਰੇ ਜਨਮ ਤੋਂ ਕਾਫ਼ੀ ਪਹਿਲਾਂ ਮੇਰੀ ਮਾਂ ਨੂੰ ਛੱਡ ਗਿਆ ਸੀ। ਮਿਸ ਜੈਨ ਸਮੇਂ-ਸਮੇਂ ਸਿਰ ਦਸਦੀ ਰਹਿੰਦੀ ਹੈ ਕਿ ''ਜਿਨ੍ਹਾਂ ਦੇ ਮਾਂ-ਪਿਓ ਨਹੀਂ ਹੁੰਦੇ ਰੱਬ ਉਨ੍ਹਾਂ ਦੇ ਮਾਂ-ਪਿਓ ਹੁੰਦਾ ਹੈ। '' ਮੈਨੂੰ ਇਸ ਜੈਨ ਦੀ ਗੱਲ ਦਾ ਯਕੀਨ ਹੈ ਕਿਉਂਕਿ ਉਹ ਕਦੀ ਝੂਠ ਨਹੀਂ ਬੋਦਲੀ। ਉਹ ਬਹੁਤ ਅਕਲਮੰਦ ਅਤੇ ਚੰਗੇ ਦਿਮਾਗ਼ ਵਾਲੀ ਹੈ। ਉਹ ਇਨ੍ਹੀ ਹੁਸਿਆਰ ਹੈ ਕਿ ਉਹ ਮੈਨੂੰ ਪੁਛਿਆਂ ਬਿਨਾਂ ਹੀ ਮੇਰੇ ਸਭ ਭੇਦ ਜਾਣ ਗਈ ਹੈ ਕਿ ਮੈਂ ਇਕੱਲਾ ਹਾਂ ਅਤੇ ਮੈਂ ਦੂਜਿਆਂ ਵਾਂਗ ਕੇਵਲ ਇਕ ਯਤੀਮੀ ਬੱਚਾ ਨਹੀਂ ਹਾਂ। ਇਸ ਤੋਂ ਛੁੱਟ ਉਹ ਮੇਰੇ ਛੋਟੇ ਛੋਟੇ ਮਸਲੇ ਵੀ ਜਾਣਦੀ ਹੈ। ਉਸਨੂੰ ਪਤਾ ਹੈ ਕਿ ਮੈਂ ਕੁਝ ਯਾਦ ਨਹੀਂ ਰਖ ਸਕਦਾ। ਉਹ ਕਹਿੰਦੀ ਹੈ ਕਿ ਮੈਂ ਇਨ੍ਹਾਂ ਵਧੇਰੇ ਆਸਾਰਾਰਨ ਚੀਜਾਂ ਦੀ ਭਾਲ ਵਿਚ ਰਹਿੰਦਾ ਹਾਂ ਕਿ ਰੋਜ਼ਾਨਾ ਦੀਆਂ ਘਟਨਾਵਾਂ ਤੇ ਧਿਆਨ

ਨਹੀਂ ਦੇਂਦਾ। ਉਹ ਕਹਿੰਦੀ ਹੈ ਕਿਸੇ ਦਿਨ ਕੋਈ ਅਜਿਹੀ ਚੌਂਕਾਂ ਦੇਣ ਵਾਲੀ ਗਲ ਵਾਪਰੇਗੀ ਕਿ ਮੈਨੂੰ ਉਹ ਸਾਰੀਆਂ ਘਟਨਾਵਾਂ ਯਾਦ ਆ ਜਾਣਗੀਆਂ ਜੋ ਇਸ ਤੋਂ ਪਹਿਲਾਂ ਵਪਰਦੀਆਂ ਰਹੀਆਂ ਹਨ ਅਤੇ ਉਹ ਸਾਰੀਆਂ ਘਟਨਾਵਾਂ ਵੀ ਯਾਦ ਰਹਿਣਗੀਆਂ ਜੋ ਇਸ ਤੋਂ ਪਿਛੋਂ ਵਾਪਰਨਗੀਆਂ। ਮੇਰੀ ਸਮਝ ਵਿਚ ਨਹੀਂ ਆਉਂਦਾ ਕਿ ਇਸ ਸਾਰੀ ਗੱਲ ਤੇ ਉਸਦਾ ਕੀ ਮਤਲਬ ਹੈ। ਪਰ ਸੁਨਣ ਵਿਚ ਇਹ ਗੱਲ ਬੜੀ ਦਿਲਚਸਪ ਲਗਦੀ ਹੈ ਅਤੇ ਮੇਰਾ ਦਿਲ ਚਾਹੁੰਦਾ ਹੈ ਕਿ ਅਜਿਹਾ ਛੇਤੀ ਵਾਪਰ ਜਾਏ। ਜਦ ਕੋਈ ਗੱਲ ਮੇਰੀ ਸਮਝ ਵਿਚ ਨਹੀਂ ਆਉਂਦੀ ਤਾਂ ਮੇਰੇ ਮੱਥੇ ਤੇ ਲਕੀਰਾਂ ਉਭਰ ਆਉਂਦੀਆਂ ਹਨ ਅਤੇ ਮਿਸ ਜੈਨ ਸਮਝਦੀ ਹੈ ਕਿ ਮੈਂ ਉਸਦੀ ਗੱਲ ਸਮਝ ਗਿਆ ਹਾਂ ਅਤੇ ਇਸ ਉਪਰ ਵਧੇਰੇ ਗੰਭੀਰਤਾ ਨਾਲ ਵਿਚਾਰ ਕਰ ਰਿਹਾ ਹਾਂ। ਉਹ ਕਹਿੰਦੀ ਹੈ ਕਿ ਮੈਂ ਜਿਨ੍ਹਾਂ ਵੇਖਦਾ ਹਾਂ ਉਸ ਤੋਂ ਵਧੇਰੇ ਮਹਿਸੂਸ ਕਰਦਾ ਹਾਂ।

ਮਿਸ ਜੈਨ ਬਹੁਤ ਨਰਮ ਦਿਲ ਅਤੇ ਜ਼ਿੰਦਾ ਦਿਲ ਦੀ ਮਾਲਕ ਹੈ। ਉਹ ਭੂਰੇ ਵਾਲਾਂ ਅਤੇ ਨੀਲੀਆਂ ਅੱਖਾਂ ਵਾਲੀ ਸੁੰਦਰ ਔਰਤ ਹੈ। ਮਿਸ ਜੈਨ ਕਦੀ ਆਪਣੀ ਉਮਰ ਨਹੀਂ ਦਸਦੀ ਅਤੇ ਇਸ ਬਾਰੇ ਹਮੇਸ਼ਾ ਮੇਰੇ ਸਵਾਲ ਨੂੰ ਟਾਲ ਕੇ ਕਹਿੰਦੀ ਹੈ,

"ਜੈਨੀ ਮੇਰੀ ਉਮਰ ਇਨੀ ਜ਼ਰੂਰ ਹੈ ਕਿ ਮੈਂ ਤੇਰੀ ਮਾਂ ਬਣ ਸਕਦੀ ਹਾਂ। ਜੇਕਰ ਮੈਂ ਤੈਨੂੰ ਆਪਣੀ ਉਮਰ ਦਸ ਵੀ ਦਿਆਂ ਤਾਂ ਤੂੰ ਆਪਣੀ ਆਦਤ ਅਨੁਸਾਰ ਭੁਲ ਜਾਵੇਂਗਾ।"

ਮਿਸ ਜੈਨ ਠੀਕ ਕਹਿੰਦੀ ਹੈ। ਮੈਂ ਕਦੀ ਕਦੀ ਗੱਲਾਂ ਭੁਲ ਜਾਂਦਾ ਹਾਂ... ਸ਼ਾਇਦ ਗੱਲਾਂ ਭੁਲ ਜਾਂਦਾ ਹਾਂ। ਹਾਂ ! ਮੈਂ ਘੱਟੋ ਘਟ ਇਨ੍ਹਾਂ ਜ਼ਰੂਰ ਜਾਣਦਾ ਹਾਂ ਕਿ ਉਸਦੇ ਅੰਦਰ ਇਕ ਖੁਲ੍ਹੇ ਦਿਲ ਦੀ ਚੰਗੀ ਮਾਂ ਲੁਕੀ ਹੋਈ ਹੈ ਅਤੇ ਇਹੋ ਗੱਲ ਉਸਨੂੰ ਦੂਜੇ ਨਿਗਰਾਨਾ ਨਾਲੋਂ ਵਖਰਾ ਬਣਾਉਂਦੀ ਹੈ। ਮਿਸ ਜੈਨ ਆਪਣਾ ਵਧੇਰੇ ਸਮਾਂ ਸਾਡੇ ਨਾਲ ਬਿਤਾਉਂਦੀ ਹੈ।

"ਮੈਨੂੰ ਬਹੁਤ ਹੀ ਚੰਗਾ ਲਗਦਾ ਹੈ ਜਦ ਤੁਸੀਂ ਸਾਰੇ ਮੇਰੇ ਦੁਆਲੇ ਇਕੱਠੇ ਹੁੰਦੇ ਹੋ ਅਤੇ ਮੇਰੇ ਨਾਲ ਘੁੱਟ ਘੁੱਟ ਕੇ ਜੱਫੀਆਂ ਪਾਉਂਦੇ ਹੋ... ਮੈਂ ਕਦੀ ਆਪਣੇ ਆਪ ਨੂੰ ਇਕੱਲੀ ਮਹਿਸੂਸ ਨਹੀਂ ਕਰਦੀ।" ਮਿਸ ਜੈਨ ਆਖਦੀ ਹੈ।

ਕਈ ਵਾਰ ਮੈਂ ਮਿਸ ਜੈਨ ਨੂੰ ਕੰਧ ਦੇ ਉਹਲੇ ਸਾਰੇ ਬੱਚਿਆਂ ਤੋਂ ਲੁਕਾ ਕੇ ਆਪਣੇ ਹੰਝੂ ਕੇਰਕੇ ਰੋਂਦਿਆਂ ਵੇਖਦਾ ਹਾਂ ਉਹ ਇਸ ਲਈ ਰੋਂਦੀ ਹੈ ਕਿਉਂਕਿ ਉਸਨੂੰ ਯਾਦ ਆਉਂਦਾ ਹੈ ਕਿ ਉਹ ਕਦੀ ਸਾਡੇ ਵਿਚੋਂ ਇਕ ਸੀ।

ਮਿਸ ਜੈਨ ਸਾਨੂੰ ਖੁਸ਼ ਕਰਨ ਲਈ ਸਾਡੇ ਨਾਲ ਖੇਡਾਂ ਖੇਡਦੀ ਹੈ ਅਤੇ ਕਹਾਣੀਆਂ ਸੁਣਾਉਂਦੀ ਹੈ। ਉਹ ਵਾਰਡ ਦੇ ਸਾਰੇ ਬੱਚਿਆਂ ਨੂੰ ਪਸੰਦ ਕਰਦੀ ਹੈ ਅਤੇ ਸਾਰੇ ਬੱਚਿਆ ਵਿਚ ਆਪਣਾ ਪਿਆਰ ਬਰਾਬਰ ਵੰਡਣ ਦਾ ਯਤਨ ਕਰਦੀ ਹੈ। ਪਤਾ ਨਹੀਂ ਉਹ ਮੇਰੇ ਨਾਲ ਸਾਰਿਆਂ ਤੋਂ ਵਧ ਪਿਆਰ ਕਿਉਂ ਕਰਦੀ ਹੈ। ਸੰਭਵ ਹੈ ਕਿ ਮਿਸ ਜੈਨ ਸਾਡੇ ਨਾਲ ਵਧੇਰੇ ਪਿਆਰ ਇਸ ਲਈ ਕਰਦੀ ਹੋਵੇ ਕਿ ਉਸਦਾ ਕਦੀ ਕੋਈ ਪਰਿਵਾਰ ਨਹੀਂ ਸੀ। ਇਸ ਲਈ ਉਹ ਸਾਨੂੰ ਹੀ ਆਪਣਾ ਪਰਿਵਾਰ ਸਮਝਦੀ ਹੈ ਅਤੇ ਸਾਨੂੰ ਹੀ ਆਪਣਾ ਖਾਨਦਾਨ।

ਉਹ ਬਦਰੀ ਘਾਟ ਹਰ ਇਕ ਨੂੰ ਇਹੋ ਹੀ ਯਕੀਨ ਦਵਾਉਣ ਦਾ ਯਤਨ ਕਰਦੀ ਹੈ ਕਿ ਉਹ ਬਹੁਤ ਖਾਸ ਤੇ ਆਸਾਧਾਰਨ ਹੈ ਪਰ ਮੈਂ ਜਾਣਦਾ ਹਾਂ ਕਿ ਜਦ ਉਹ ਮੈਨੂੰ ਵੇਖਦੀ ਹੈ ਤਾਂ ਉਸਦੀਆਂ ਅੱਖਾਂ ਵਧੇਰੇ ਚਮਕਣ ਲਗਦੀਆਂ ਹਨ। ਇਸ ਦਾ ਅਰਥ ਹੈ ਕਿ ਉਹ ਮੈਨੂੰ ਸਚ ਮੁਚ ਹੀ ਆਸਾਧਾਰਨ ਸਮਝਦੀ ਹੈ। ਮੈਂ ਦੂਸਰੇ ਬੱਚਿਆਂ ਨਾਲ ਵੀ ਨਹੀਂ ਖੇਡਦਾ ਬਸ ਆਪਣੀ ਸੁੰਦਰ ਦੁਨੀਆਂ ਵਿਚ ਮਸਤ ਰਹਿੰਦਾ ਹਾਂ।

ਮੇਰੇ ਵਧੇਰੇ ਮਿੱਤਰ ਨਹੀਂ ਹਨ। ਪਰ ਅਸੀਂ ਸਾਰੇ ਆਪਸ ਵਿਚ ਭੈਣ ਭਰਾਵਾਂ ਵਾਂਗ ਰਹਿੰਦੇ ਹਾਂ। ਮਿਸ ਜੈਨ ਤੋਂ ਪਿਛੋਂ ਮੈਂ ਜਿਸ ਉਪਰ ਭਰੋਸਾ ਕਰਦਾ ਹਾਂ ਉਹ ਮਾਰੀਆ ਹੈ ਮਾਰੀਆਂ ਨੌਂ ਸਾਲਾਂ ਦੀ ਹਸ ਮੁਖ ਸਿਹਤਮੰਦ ਅਤੇ ਸਡੌਲ ਕੁੜੀ ਹੈ। ਮੈਂ ਆਪਣੇ ਉਲਝੇ ਹੋਏ ਖਿਆਲਾ ਦਾ ਉਸ ਕੋਲ ਜ਼ਿਕਰ ਕਰਦਾ ਹਾਂ। ਮੈਂ ਉਸਨੂੰ ਇਸ ਲਈ ਪਸੰਦ ਕਰਦਾ ਹਾਂ ਕਿ ਉਹ ਮੇਰੀਆਂ ਸਾਰੀਆਂ ਕਹਾਣੀਆਂ ਨੂੰ ਧਿਆਨ ਨਾਲ ਸੁਣਦੀ ਹੈ ਅਤੇ ਉਨ੍ਹਾਂ ਵਿਚ ਦਿਲਚਸਪੀ ਲੈਂਦੀ ਹੈ। ਉਹ ਮੇਰੀ ਗੱਲ ਦਾ ਯਕੀਨ ਕਰ ਲੈਂਦੀ ਹੈ। ਜਦ ਕਿਸੇ ਦਿਨ ਮੈਂ ਉਸ ਨੂੰ ਦਸਦਾ ਹਾਂ ਕਿ ਅੱਜ ਮੈਂ ਸਹਿਜ਼ਾਦਾ ਹਾਂ ਅਤੇ ਦੂਜੇ ਦਿਨ ਦੱਸਦਾ ਹਾਂ ਕਿ ਮੈਂ ਭਿਖਾਰੀ ਹਾਂ, ਉਸ ਸਮੇਂ ਮੈਂ ਭੁੱਲ ਜਾਂਦਾ ਹਾਂ ਕਿ ਕਿਸੇ ਨਾਲ ਪਿਆਰ ਵਿਚ ਪੈਣ ਲਈ ਅਜੇ ਮੈਂ ਬਹੁਤ ਛੋਟਾ ਹਾਂ। ਪਰ ਨਾਲ ਹੀ ਇਹ ਵੀ ਹੈ ਕਿ ਮੈਂ ਉਸਨੂੰ ਭੁੱਲ ਜਾਣ ਦਾ ਖ਼ਤਰਾ ਮੁੱਲ ਨਹੀਂ ਲੈ ਸਕਦਾ।

ਮੈਂ ਵਾਰਡ ਵਿਚ ਸਭ ਤੋਂ ਵੱਡਾ ਬੱਚਾ ਹਾਂ। ਮੇਰਾ ਖਿਆਲ ਹੈ ਕਿ ਇਕ ਦਿਨ ਜਦ ਮੈਂ ਕਿੰਗਜਵੁੱਡ ਦਾ



ਸ਼ਹਿਜਾਦਾ ਸਾਂ ਕੋਈ ਆਇਆ ਸੀ ਅਤੇ ਉਸਲੇ ਮਾਰੀਆ ਨੂੰ ਗੋਦ ਲੈ ਲਿਆ ਸੀ। ਜਿਸ ਦਿਨ ਮੈਂ ਭਿਖਾਰੀ ਸਾਂ ਉਸ ਦਿਨ ਜੁਈ ਨੂੰ ਗੋਦ ਲੈ ਲਿਆ ਸੀ। ਪਰ ਮੈਨੂੰ ਚੰਗੀ ਤਰ੍ਹਾਂ ਯਾਦ ਨਹੀਂ ਹੈ, " ਇਹ ਕਿਵੇਂ ਸੰਭਵ ਹੈ ਕਿ ਮੇਰੇ ਹੁੰਦਿਆਂ ਹੋਇਆ ਕੋਈ ਮੈਨੂੰ ਛੱਡ ਕੇ ਕਿਸੇ ਹੋਰ ਨੂੰ ਚੁਣ ਲਵੇ। " ਮੈਂ ਸੋਚਿਆ। ਮੇਰਾ ਖਿਆਲ ਹੈ ਹਰ ਕੋਈ ਇਨ੍ਹਾਂ ਅਕਲਮੰਦ ਨਹੀਂ ਹੁੰਦਾ ਜਿੰਨੀ ਮਿਸ ਜੈਨ ਹੈ। ਬਸ ! ਮੈਨੂੰ ਇਹ ਯਾਦ ਨਹੀਂ ਹੈ।

ਜੌਨੀ ਇਧਰ ਆ। ਜ਼ਰਾ ਆਪਣੇ ਬੂਟ ਚਮਕਾ ਲੈ ਅਤੇ ਪ੍ਰਿੰਸੀਪਲ ਦੇ ਦਫ਼ਤਰ ਆ ਜਾਣਾ ਮਿਸਟਰ ਤੇ ਮਿਸਿਜ਼ ਗੁਡਮੈਨ ਤੈਨੂੰ ਮਿਲਣ ਲਈ ਤੇਰੀ ਉਡੀਕ ਕਰ ਰਹੇ ਨੇ। ਚੰਗੇ ਬੱਚੇ ਬਣੋ ਅਤੇ ਚਲੋ ਜ਼ਰਾ ਦੀ ਜ਼ਰਾ ਮੁਸਕਰਾ ਕੇ ਤਾਂ ਵਿਖਾਓ।" ਮਿਸ ਜੈਨ ਨੇ ਕਿਹਾ।

ਮੈਂ ਪ੍ਰਿੰਸੀਪਲ ਕਲੀਅਨ ਦੇ ਦਫ਼ਤਰ ਵਲ ਚਲ ਪਿਆ। ਮੈਨੂੰ ਆਪਣੇ ਜੁਤੇ ਪੈਰਾਂ 'ਚ ਪਈਆਂ ਬੇੜੀਆਂ ਵਾਂਗ ਲਗ ਰਹੇ ਹਨ। ਇੰਜ ਲਗਦਾ ਹੈ ਜਿਵੇਂ ਆਫਿਸ ਤਕ ਇਕ ਲੰਮਾ ਫ਼ਾਸਲਾ ਹੈ ਜੋ ਮੈਂ ਚਲ ਕੇ ਜਾਣਾ ਹੈ। ਮੈਂ ਕਦੀ ਯਾਦ ਨਹੀਂ ਰਖ ਸਕਦਾ ਕਿ ਉਥੇ ਕੀ ਹੁੰਦਾ ਹੈ। ਮੈਂ ਲੋਕਾਂ ਨੂੰ ਮਿਲਦਾ ਹਾਂ ਪਰ ਉਹ ਸਾਰੇ ਇਕੋ ਜਿਹੇ ਹੁੰਦੇ ਨੇ। ਮੈਂ ਉਨ੍ਹਾਂ ਨੂੰ ਤਕ ਕੇ ਕਦੀ ਠੀਕ ਤਰ੍ਹਾਂ ਮੁਸਕਰਾਂ ਵੀ ਨਹੀਂ ਸਕਦਾ ... ਪਰ... ਮੇਰੀ ਮੇਰੇ ਜਨਮ ਦਿਨ ਉਪਰ ਤਾਂ ਇਸ ਤੋਂ ਪਹਿਲਾਂ ਕਦੀ ਕੋਈ ਮੈਨੂੰ ਮਿਲਣ ਨਹੀਂ ਸੀ ਆਇਆ। ਹੋ ਸਕਦਾ ਹੈ ਇਸ ਵਾਰ ਕੋਈ ਵੱਖਰੀ ਗੱਲ ਹੋ ਜਾਵੇ। ਉਹ ਜਿਸ ਵਲ ਮਿਸ ਜੈਨ ਸਮੇਂ ਸਮੇਂ ਇਸ਼ਾਰਾ ਕਰਦੀ ਰਹਿੰਦੀ ਹੈ,

"ਕੀ ਮੈਂ ਅੰਦਰ ਆ ਸਕਦਾ ਹਾਂ।" ਮੈਂ ਬੜੀ ਇਜ਼ੱਤ ਨਾਲ ਆਖਿਆ।

"ਆ ਜਾ ਜ਼ੋਸੀ ਇਹ ਮਿਸਟਰ ਅਤੇ ਮਿਸਿਜ਼ ਗੁਡਮੈਨ ਹਨ। ਇਨ੍ਹਾਂ ਨੂੰ ਇਕ ਛੋਟੇ ਬੱਚੇ ਦੀ ਭਾਲ ਹੈ। "

ਸ੍ਰੀ ਮਤੀ ਕਲੀਅਨ ਲੋਕਾਂ ਨਾਲ ਜਾਣ ਪਛਾਣ ਕਰਾਉਂਦੇ ਹਨ। ਜਿਵੇਂ ਕਿਸੇ ਅੱਖਰ ਨੂੰ ਵੇਖਦਿਆਂ ਹੀ ਤੁਸੀਂ ਜਾਣ ਲੈਂਦੇ ਹੋ ਕਿ ਇਹ ਕਿਹੜੀ ਆਵਾਜ਼ ਹੈ।

"ਨਹੀਂ ਸ੍ਰੀ ਮਤੀ ਕਲੀਅਨ ! ਸਾਨੂੰ ਇਕ ਛੋਟੇ ਲੜਕੇ ਦੀ ਤਲਾਸ਼ ਹੈ ਚਾਰ ਜਾਂ ਪੰਜ ਸਾਲ ਦਾ। ਇਸ ਉਮਰ ਵਿਚ ਉਨ੍ਹਾਂ ਦੇ ਕੋਲ ਬਹੁਤ ਜ਼ਿਆਦਾ ਯਾਦਾਂ, ਵੰਨ ਸੁਵੰਨੇ ਖਿਆਲ ਅਤੇ ਜਜ਼ਬੇ ਹੁੰਦੇ ਨੇ।" ਸ੍ਰੀ ਮਤੀ ਗੁਡਮੈਨ ਨੇ ਆਖਿਆ। ਬਾਕੀ ਸਭ ਗੱਲਾਂ ਮੈਨੂੰ ਯਾਦ ਨਹੀਂ, ਮੈਨੂੰ ਪਤਾ ਹੈ ਕਿ ਮੈਂ ਦਫ਼ਤਰ ਤੋਂ ਬਾਹਰ ਨਿਕਲ ਆਇਆ ਅਤੇ ਮੈਨੂੰ ਮਹਿਸੂਸ ਹੋਣ ਲਗਾ ਅੱਜ ਸੰਭਵ ਹੈ ਮੇਰੀ ਅਠਾਰਵੀਂ ਵਰ੍ਹੇ ਗੰਢ ਹੋਵੇ।

ਪਰ ਇਹ ਮੈਨੂੰ ਚੰਗੀ ਤਰ੍ਹਾਂ ਯਾਦ ਨਹੀਂ। ਸੰਭਵ ਹੈ ਪੰਜਵੀਂ ਹੋਵੇ... ਸੰਭਵ ਹੈ ਯਾਰਵੀਂ ਹੋਵੇ... ਅਠਾਰਵੀਂ ਮੈਨੂੰ ਪੂਰੇ ਯਕੀਨ ਨਾਲ ਯਾਦ ਨਹੀਂ।

ਮੈਨੂੰ ਮਿਸ ਜੈਨ ਤੋਂ ਪੁਛਣਾ ਪਵੇਗਾ ਕਿ ਕਿਉਂਕਿ ਉਹ ਮੇਰੇ ਬਾਰੇ ਸੱਚ ਜਾਣਦੀ ਹੈ ਅਤੇ ਉਹ ਕਦੀ ਝੂਠ ਨਹੀਂ ਬੋਲਦੀ। o ਪਤਾ ਅਨੁ.- ਭਾਈ ਵੀਰ ਸਿੰਘ ਬਿਰਧ ਘਰ, ਤਰਨਤਾਰਨ, ਅੰਮ੍ਰਿਤਸਰ





ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ -141001
ਫੋਨ : 0161-2413613, 2404928
ਮੋਬਾਇਲ : 98152-98459
E-mail chetnaparkashan@sify.com

## ਹਰਪ੍ਰੀਤ ਸਿੰਘ ਸੇਖਾ ਦਾ ਨਵਾਂ ਕਹਾਣੀ ਸੰਗ੍ਰਹਿ


ਹਰਪ੍ਰੀਤ ਸਿੰਘ ਸੇਖਾ ਇਕ ਅਜਿਹਾ ਪ੍ਰਤਿਭਾਸ਼ੀਲ ਸਿਰਜਕ ਹੈ ਜਿਸ ਨੇ ਆਪਣਾ ਸਿਰਜਣਾਤਮਕ ਸਫ਼ਰ ਬਦੇਸ਼ੀ ਧਰਤੀ ਤੋਂ ਹੀ ਸ਼ੁਰੂ ਕੀਤਾ ਹੈ। ਕੈਨੇਡਾ ਵਿਚ ਵਸਦੇ ਇਸ ਨੌਜਵਾਨ ਸਿਰਜਕ ਨੇ ਪਰਵਾਸੀ ਅਨੁਭਵ ਵਾਲੀ ਪੰਜਾਬੀ ਕਹਾਣੀ ਨੂੰ ਡੂੰਘਾਈ ਵੀ ਦਿੱਤੀ ਹੈ ਤੇ ਵਿਸਤਾਰ ਵੀ। ਪਰਦੇਸ਼ਾਂ ਵਿਚ ਵਸ ਗਏ ਪੰਜਾਬੀਆਂ ਦੇ ਸਮਾਜਕ ਸਭਿਆਚਾਰਕ ਯਥਾਰਥ ਨੂੰ ਮੁੱਖ ਵਸਤੂ ਵਜੋਂ ਗ੍ਰਹਿਣ ਕਰਦੀਆਂ ਹਰਪ੍ਰੀਤ ਦੀਆਂ ਕਹਾਣੀਆਂ ਉਸ ਕਸ਼ਮਕਸ਼ ਦੇ ਦੁਫਾੜ ਦੀ ਬਾਤ ਪਾਉਂਦੀਆਂ ਹਨ ਜਿਸ ਵਿਚੋਂ ਪਰਵਾਸੀ ਪੰਜਾਬੀ ਮਾਨਸਿਕਤਾ ਗੁਜ਼ਰਦੀ ਹੈ। ਇਸ ਮਾਨਸਿਕਤਾ ਵਿਚ ਜਗੀਰੂ ਕਦਰਾਂ-ਕੀਮਤਾਂ ਨਾਲ ਮੋਹ ਤੋਂ ਬਿਨਾਂ ਸੁਆਰਥ-ਸਿੱਧੀ ਦਾ ਦਖ਼ਲ ਵੀ ਗ਼ੈਰ-ਮੌਜੂਦ ਨਹੀਂ। 'ਦੋ ਰੰਗੀ', 'ਸਭਿਆਚਾਰ ਦੇ ਰਾਖੇ' ਅਤੇ 'ਕਿਤਾਬ ਵਿਚਲੇ ਫੁੱਲ' ਵਿਚੋਂ ਦੁਫਾੜ ਤੇ ਸੁਆਰਥ-ਸਿੱਧੀ ਵਾਲੀ ਇਹ ਬਿਰਤੀ ਭਲੀ-ਭਾਂਤ ਰੂਪਮਾਨ ਹੁੰਦੀ ਹੈ।

ਰਘਬੀਰ ਸਿੰਘ




ਮੁੱਲ 100 ਰੁਪਏ

# ਮੈਂ ਸਭ ਨੂੰ ਮਾਫ ਕੀਤਾ- ਬੇਬੀ ਹਾਲਦਾਰ/ ਮੁਲਾਕਾਤੀ : ਪੁਰਿਨਮਾ ਪਾਂਡੇ




ਬੇਬੀ ਹਾਲਦਾਰ ਆਪਣੀ ਕਿਤਾਬ ਦੇ ਸਰਵਰਕ ਨਾਲ

ਉਹ ਇਕ ਮਾਮੂਲੀ ਘਰੇਲੂ ਕੰਮ ਕਰਨ ਵਾਲੀ ਨੌਕਰਰਾਣੀ ਸੀ। ਉਸਨੇ ਇਸ ਤੋਂ ਬਾਅਦ ਇਕ ਦੁੱਖ ਸਹਾਰੇ। ਪ੍ਰੇਮ ਚੰਦ ਦੀ ਵੰਸ਼ ਦੇ ਪ੍ਰਬੋਧ ਕੁਮਾਰ ਨੇ ਉਸ ਦੇ ਅੰਦਰ ਲੁਕੇ ਹੋਏ ਜਵਾਲਾਮੁਖੀ ਨੂੰ ਖੋਲ ਦਿੱਤਾ। ਇਕ ਖੁੱਲ੍ਹਾ ਆਕਾਸ਼ ਦਿੱਤਾ। ਇਕ ਪ੍ਰੇਰਣਾ ਮਿਲੀ। ਆਪਣੇ ਆਪ ਨਾਲ ਸੰਘਰਸ਼ ਕਰਦੇ ਹੋਏ ਬੇਬੀ ਹਾਲਦਾਰ ਨੌਕਰਰਾਣੀ ਤੋਂ ਬੈਸਟ ਸੇਲਰ ਕਿਤਾਬ ਦੀ ਲੇਖਿਕਾ ਬਣ ਗਈ।

ਬੇਬੀ ਹਾਲਦਾਰ ਦੀ ਕਹਾਣੀ ਜ਼ਿੰਦਗੀ 'ਚ ਥੱਕ ਕੇ ਹਾਰ ਨਾ ਮੰਨਣ ਦੀ ਸੱਚੀ ਕਥਾ ਹੈ। ਇਕ ਅਜਿਹੀ ਕਹਾਣੀ ਜਿਸ ਨੂੰ 33 ਸਾਲ ਦੀ ਬੇਬੀ ਨੇ ਨਾ ਕੇਵਲ ਸ਼ਬਦਾਂ ਵਿਚ ਪਰੋਇਆ, ਬਲਕਿ ਉਸ ਨੂੰ ਜੀਵਿਆ ਵੀ। ਸੱਤਵੀਂ ਤੱਕ ਪੜ੍ਹੀ ਬੇਬੀ ਦੇ ਲਈ ਟੁੱਟੇ-ਫੁੱਟੇ ਸ਼ਬਦਾਂ ਵਿਚ ਵੀ ਆਪਣੀ ਕਹਾਣੀ ਲਿਖਣਾ ਬਹੁਤ ਮੁਸ਼ਕਲ ਸੀ। ਲੇਕਿਨ ਇਸ ਦੀ ਕਲਮ ਨੇ ਸਕੂਲ ਦੀ ਨੋਟਬੁੱਕ ਉਤੇ ਬੜੀ ਇਮਾਨਦਾਰੀ ਨਾਲ ਚਿਕਨੇ-ਚੋਪੜੇ ਸ਼ਬਦਾਂ ਤੋਂ ਬਿਨਾ ਇਕ ਕਹਾਣੀ ਰਚੀ ਜਿਸਦੀ ਬਦੌਲਤ ਉਸਨੇ ਆਪਣੀ ਹਨੇਰੀ ਦੁਨੀਆਂ ਤੋਂ ਬਾਹਰ ਨਿਕਲ ਕੇ ਰੌਸ਼ਨੀ ਨਾਲ ਨਹਾ ਲਿਆ। ਇਹੀ ਕਾਰਨ ਹੈ ਕਿ ਉਸਨੇ ਬੰਗਾਲੀ ਭਾਸ਼ਾ 'ਚ ਲਿਖੀ ਆਪਣੀ ਕਹਾਣੀ ਨੂੰ 'ਆਲੋ ਅੰਧਾਰੀ' ਨਾਂ ਦਿੱਤਾ, ਜਿਸਦਾ ਅਰਥ ਹੈ ਰੌਸ਼ਨੀ ਅਤੇ ਹਨੇਰਾ।

ਲੋਕਾਂ ਦੀ ਨਜ਼ਰ ਬੇਬੀ ਦੀ ਕਹਾਣੀ ਉੱਤੇ ਉਦੋਂ ਪਈ, ਜਦੋਂ ਉਹਨਾਂ ਦੀ ਕਿਤਾਬ ਦਾ ਅੰਗ੍ਰੇਜ਼ੀ ਅਨੁਵਾਦ 'ਏ ਲਾਇਫ ਲੇਸ ਆਰਡਿਨਰੀ (ਸਹਿ ਪ੍ਰਕਾਸ਼ਨ ਪੇਗੁਇਨ ਅਤੇ ਜ਼ੁਬਾਨ) ਬੈਸਟ ਸੇਲਰ ਦੀ ਸੂਚੀ 'ਚ ਸਾਮਿਲ ਹੋਈ। ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡਿਆ ਉਸਦੀਆਂ ਮੁਲਾਕਾਤਾਂ ਲਈ ਦੌੜ ਪਿਆ। ਉਸ ਦੀ ਕਹਾਣੀ ਤੋਂ





ਪ੍ਰਭਾਵਿਤ ਹੋ ਕੇ ਲੰਡਨ 'ਚ ਫਿਲਮ ਮੇਕਿੰਗ ਦੀ ਪੜ੍ਹਾਈ ਕਰ ਰਹੇ ਇਕ ਭਾਰਤੀ ਵਿਦਿਆਰਥੀ ਨੇ ਬੇਬੀ ਉੱਤੇ ਡਾਕੂਮੈਂਟਰੀ ਫਿਲਮ ਬਣਾਈ। ਅੱਜ ਉਨ੍ਹਾਂ ਦੀ ਕਹਾਣੀ ਨੂੰ ਫਿਲਮੀ ਪਰਦੇ ਉਤੇ ਉਤਾਰਨ ਦੇ ਲਈ ਕਈ ਨਿਰਦੇਸ਼ਕ ਅਤੇ ਪ੍ਰੋਡਿਊਸਰ ਉਤਾਵਲੇ ਹਨ।

ਵਿਦੇਸ਼ੀ ਮੀਡੀਆ - ਨਿਊਯਾਰਕ ਟਾਇਮਜ਼, ਇੰਟਰਨੈਸ਼ਨਲ ਹੇਰਾਲਡ ਟ੍ਰਿਬਿਊਨ ਅਤੇ ਕ੍ਰਿਸ਼ਚਨ ਸਾਇੰਸ ਮਾਨਿਟਰ ਨੇ ਵੀ ਉਸਦੀ ਕਹਾਣੀ ਨੂੰ ਛਾਪਿਆ। ਵੱਖ ਵੱਖ ਵਿਦੇਸ਼ੀ ਭਾਸ਼ਾਵਾਂ 'ਚ ਉਸ ਦੀ ਕਹਾਣੀ ਦਾ ਅਨੁਵਾਦ ਅੱਜ ਵੀ ਜਾਰੀ ਹੈ। ਬੇਬੀ ਹਾਲਦਾਰ ਨੇ ਆਪਣੀ ਕਿਤਾਬ ਏ ਲਾਇਫ਼ ਲੈਸ ਆਰਡਿਨਰੀ ਨੇ ਨਾਲ ਜੈਪੁਰ ਹੈਰਿਟੇਜ ਇੰਟਰਨੈਸ਼ਨਲ ਫੈਸਿਟੀਵਲ 'ਚ ਸ਼ਿਰਕਤ ਕੀਤਾ। 12 ਮਾਰਚ ਤੋਂ 21 ਮਾਰਚ ਤੱਕ ਚਲੇ ਮੈਨ ਹਾਂਗਕਾਂਗ ਲਿਟਰਰੀ ਫੈਸੀਟਿਵਲ 'ਚ ਵੀ ਉਸਨੇ ਆਪਣੀ ਸ਼ਮੂਲੀਅਤ ਦਰਜ਼ ਕਰਵਾਈ ਹਾਲ ਹੀ ਵਿਚ ਉਸਨੇ ਆਪਣੀ ਦੂਸਰੀ ਕਿਤਾਬ ਦਾ ਕੰਮ ਪੂਰਾ ਕਰ ਲਿਆ ਹੈ।

ਘਰਾਂ ਵਿਚ ਕੰਮ ਕਰਨ ਵਾਲੀ ਬੇਨਾਮ ਨੌਕਰ ਤੋਂ ਸਤਿਕਾਰ ਅਤੇ ਖੁਸ਼ਹਾਲ ਜ਼ਿੰਦਗੀ ਹਾਸਿਲ ਕਰਨ ਵਾਲੀ ਬੇਬੀ ਵਰਗੇ ਹੀਰਿਆ ਦੀ ਖੋਜ ਉਸ ਦੇ ਮਾਲਿਕ ਪ੍ਰਬੋਧ ਕੁਮਾਰ ਨੇ ਕੀਤੀ। ਹਿੰਦੀ ਸਾਹਿਤ ਜਗਤ ਦੇ ਨਾਮਵਰ ਲੇਖਕ ਮੁੰਨਸ਼ੀ ਪ੍ਰੇਮ ਚੰਦ ਦੀ ਵੰਸ਼ ਚੋਂ ਪ੍ਰਬੋਧ ਬੇਬੀ ਦੀ ਆਤਮ ਕਥਾ ਲਿਖਣ ਦੀ ਪ੍ਰੇਰਣਾ ਦੇਣ ਵਾਲੇ ਅਤੇ ਉਸਦੀ ਕਹਾਣੀ ਨੂੰ ਸਭ ਤੋਂ ਪਹਿਲਾਂ ਪੜ੍ਹਨ ਵਾਲੇ ਵਿਆਕਤੀ ਸਨ। ਬੇਬੀ ਦੀ ਆਤਮ ਕਥਾ ਨੂੰ ਪੜ੍ਹ ਕੇ ਉਨ੍ਹਾਂ ਨੇ ਕਿਹਾ ਸੀ 'ਇਕ ਵਾਰ ਜਦੋਂ ਇਹ ਕਿਤਾਬ ਛਪ ਜਾਵੇਗੀ ਤਾਂ ਇਸਦੀ ਆਪਣੀ ਜ਼ਿੰਦਗੀ ਹੋਵੇਗੀ।''

*? ਤੁਹਾਨੂੰ ਨਹੀਂ ਲੱਗਦਾ ਸਾਸ਼ਤੀ ਅਤੇ ਉਨ੍ਹਾਂ ਦੀਆਂ ਭੈਣਾਂ ਦੇ ਕਾਰਨ ਤੁਹਾਡਾ ਵਸਿਆ-ਵਸਾਇਆ ਪਰਿਵਾਰ ਟੁੱਟ ਗਿਆ।*

- ਸ਼ੁਰੂ ਤੋਂ ਮੇਰੇ ਪ੍ਰਤੀ ਗੁਵਾਂਢੀ ਸਾਸ਼ਤੀ ਦੇ ਘਰ ਆਉਣ-ਜਾਣ ਅਤੇ ਗੱਲ ਕਰਨਾ ਪਸੰਦ ਨਹੀਂ ਸੀ। ਜਿੱਥੇ ਅਸੀਂ ਰਹਿੰਦੇ ਸਾਂ, ਉਥੋਂ ਦੇ ਲੋਕ ਕਹਿੰਦੇ ਸਨ ਕਿ ਸਾਸ਼ਤੀ ਅਤੇ ਉਨ੍ਹਾਂ ਦੀਆਂ ਭੈਣਾਂ ਚੰਗੀਆਂ ਨਹੀਂ ਹਨ। ਕਿਉਂਕਿ ਉਨ੍ਹਾਂ ਦੀਆਂ ਭੈਣਾਂ ਨੇ ਆਪਣੇ ਪਤੀਆਂ ਵੱਲੋਂ ਮਾਰਨ-ਕੁੱਟਣ ਤੋਂ ਤੰਗ ਆ ਕੇ ਉਨ੍ਹਾਂ ਨੂੰ ਛੱਡ ਦਿੱਤਾ ਸੀ। ਪ੍ਰੰਤੂ ਮੇਰੇ ਲਈ ਉਹ ਲੋਕ ਚੰਗੇ ਸਨ। ਉਹ ਮੇਰੀਆਂ ਪਰੇਸ਼ਾਨੀਆਂ ਨੂੰ ਸੁਣਦੇ ਸਨ ਅਤੇ ਮੈਨੂੰ ਹੌਸਲਾ ਦਿੰਦੇ ਸਨ, ਇਸ ਲਈ ਪਤੀ ਵੱਲੋਂ ਉਥੋਂ ਮਨ੍ਹਾਂ ਕਰਨ ਤੋਂ ਬਾਅਦ ਵੀ ਮੈਂ ਉਨ੍ਹਾਂ ਲੋਕਾਂ ਨਾਲ ਗੱਲ ਕਰਦੀ ਸੀ। ਮੈਨੂੰ ਇਸ ਵਿਚ ਕੋਈ ਗਲਤ ਗੱਲ ਨਹੀਂ ਲੱਗਦੀ ਸੀ। ਜਦੋਂ ਤੱਕ ਮੈਂ ਖੁਦ ਕਿਸੇ ਨੂੰ ਗਲਤ ਨਾ ਦੇਖ ਲਵਾਂ, ਉਦੋਂ ਤੱਕ ਗਲਤ ਨਹੀਂ ਮੰਨਦੀ। ਆਪਣੇ ਪਤੀ ਨੂੰ ਕਈ ਵਾਰ ਮੈਂ ਏਹੀ ਕਿਹਾ ਕਿ 'ਜੇਕਰ ਉਹ ਲੋਕ ਖਰਾਬ ਹਨ ਤਾਂ ਕੋਈ ਸਬੂਤ ਦਿਖਾਓ? ' ਜੇਕਰ ਉਸ ਦੇ ਕੋਲ ਕੋਈ ਸਬੂਤ ਹੋਇਆ ਤਾਂ ਅੱਗੇ ਤੋਂ ਕੇਵਲ ਉਸ ਦੀ ਗੱਲ ਮੰਨਿਆਂ ਕਰਾਗੀ। ਜਦੋਂ ਮੈਂ ਗ਼ਲਤ ਨਹੀਂ ਸੀ ਤਾਂ ਡਰਦੀ ਕਿਉਂ?

*? ਕੀ ਤੁਹਾਡੇ ਪਤੀ ਨੂੰ ਸਾਸ਼ਤੀ ਦੇ ਖਿਲਾਫ਼ ਕੋਈ ਸਬੂਤ ਮਿਲਿਆ।*

- ਨਹੀਂ।

*? ਫਿਰ ਤੁਸੀਂ ਘਰ ਕਿਉਂ ਛੱਡਿਆ?*

- ਮੈਂ ਪਹਿਲਾ ਹੀ ਕਹਿ ਚੁੱਕੀ ਹਾਂ ਕਿ ਜਦੋਂ ਤੱਕ ਸਬੂਤ ਨਹੀਂ ਮਿਲਦਾ ਮੈਂ ਉਨ੍ਹਾਂ ਲੋਕਾਂ ਨਾਲ ਗੱਲ-ਬਾਤ ਜਾਰੀ ਰੱਖਾਗੀ, ਪ੍ਰੰਤੂ ਮੇਰੀ ਇਸ ਗੱਲ ਤੋਂ ਸਾਇਦ ਮੇਰੇ ਪਤੀ ਦੇ ਮਰਦ ਹੋਣ ਦੇ ਦੰਭ ਨੂੰ ਸੱਟ ਵੱਜੀ ਸੀ। ਇਕ ਦਿਨ ਮੇਰੇ ਪਤੀ ਨੇ ਜਦ ਮੈਨੂੰ ਸਾਸ਼ਤੀ ਨਾਲ ਗੱਲ ਕਰਦਿਆਂ ਦੇਖਿਆ ਤਾਂ ਗੁੱਸੇ 'ਚ ਉਸ ਨੇ ਮੇਰੇ ਸਿਰ ਵਿਚ ਪੱਥਰ ਮਾਰ ਦਿੱਤਾ। ਮੇਰੇ ਬਹੁਤ ਲਹੂ ਵਗਿਆ।

*? ਇਸ ਲਈ ਤੁਸੀਂ ਘਰ ਛੱਡ ਦਿੱਤਾ।*

- ਅਕਸਰ ਹੀ ਅਸੀਂ ਗਰੀਬ ਪਰਿਵਾਰਾਂ ਦੀਆਂ ਔਰਤਾਂ ਕੁੱਟ ਖਾਂਦਿਆਂ ਅਤੇ ਦੁੱਖ ਸਹਿਣ ਤੋਂ ਬਾਅਦ ਵੀ ਰਹੀ ਜਾਂਦੀਆਂ ਹਾਂ, ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਪ੍ਰੰਤੂ ਮੈਂ ਹੋਰ ਨਹੀਂ ਦੁੱਖ ਸਹਿ ਸਕਦੀ ਸੀ। ਮੈਂ ਘਰ ਛੱਡਣ ਦਾ ਫੈਸਲਾ ਕਰ ਲਿਆ। ਹਾਲਾਂਕਿ ਇਹ ਬਹੁਤ ਮੁਸ਼ਕਿਲ ਕੰਮ ਸੀ, ਮੈਨੂੰ ਨਹੀਂ ਪਤਾ ਸੀ ਕਿ ਅੱਗੇ ਕੀ ਹੋਵੇਗਾ? ਪਿੰਡ ਵਾਲੇ ਘਰ ਛੱਡਣ ਵਾਲੀਆਂ ਔਰਤਾਂ ਦੇ ਬਾਰੇ ਵਿਚ ਬਹੁਤ ਤਿੱਖੀਆਂ ਦਿਲ ਨੂੰ ਜ਼ਖ਼ਮੀ ਕਰਨ ਵਾਲੀਆਂ ਗੱਲਾਂ ਕਰਦੇ ਹਨ। ਮੈਨੂੰ ਪਤਾ ਸੀ, ਉਹ ਲੋਕ ਮੇਰੇ ਬਾਰੇ ਵਿਚ ਵੀ ਉਲਟੀਆਂ ਸਿੱਧੀਆਂ ਗੱਲਾਂ ਕਰਨਗੇ। ਪਰ ਮੈਂ ਆਪਣੇ ਬੱਚਿਆਂ ਨੂੰ ਚੰਗੀ ਜ਼ਿੰਦਗੀ ਦੇਣੀ ਚਾਹੁੰਦੀ ਸੀ, ਇਸ ਲਈ ਮੇਰੇ ਕੋਲ ਹੋਰ ਕੋਈ ਰਸਤਾ ਵੀ ਨਹੀਂ ਸੀ। ਬਚਪਨ ਵਿਚ ਮੈਂ ਮਾਂ ਨੂੰ ਵੀ ਪਿਤਾ ਵੱਲੋਂ ਕੁੱਟ ਪੈਂਦਿਆਂ ਦੇਖਿਆ ਸੀ। ਉਸ ਦੀ ਮਾਰ ਤੋਂ ਦੁੱਖੀ ਹੋ ਕੇ ਮਾਂ ਬਾਜ਼ਾਰ 'ਚ ਕੰਮ ਕਰਨ ਗਈ ਅਤੇ ਫਿਰ ਕਦੇ ਵਾਪਸ ਨਹੀਂ ਪਰਤੀ। ਮੈਂ ਆਪਣੀ ਮਾਂ ਵਾਂਗ ਰੋਣਾ ਨਹੀਂ ਚਾਹੁੰਦੀ ਸੀ। ਸੱਚ ਕਹਿੰਦੀ ਹਾਂ, ਇਸ ਵਿਚ ਸਾਸ਼ਤੀ ਅਤੇ ਉਨ੍ਹਾਂ ਦੀਆਂ ਭੈਣਾਂ ਦਾ ਕੋਈ ਹੱਥ ਨਹੀਂ ਸੀ। ਇਹ ਪੂਰੀ ਤਰ੍ਹਾਂ ਮੇਰਾ ਫੈਸਲਾ ਸੀ।

*? ਫਿਰ ਕੀ ਹੋਇਆ।*

- ਹੁਣ ਜੋ ਹੋਵੇਗਾ ਦੇਖਿਆ ਜਾਵੇਗਾ, ਇਹ ਸੋਚ ਕੇ ਮੈਂ ਉਸ ਨੂੰ ਅਤੇ ਉਸ ਦੇ ਘਰ ਨੂੰ ਛੱਡ ਦਿੱਤਾ ਅਤੇ ਤਿੰਨਾਂ ਬੱਚਿਆਂ ਨੂੰ ਲੈ ਕੇ ਦਿੱਲੀ ਆ ਗਈ। ਜਦੋਂ ਟ੍ਰੇਨ ਵਿਚ ਬੈਠੀ ਤਾਂ ਪਤਾ ਨਹੀਂ ਸੀ ਕੀ ਹੋਵੇਗਾ? ਡਰ ਵੀ ਲੱਗ ਰਿਹਾ ਸੀ। ਅਣਜਾਣ ਸ਼ਹਿਰ ਹੈ ਕੀ ਕਰਾਗੀ। ਪਰ ਫੈਸਲਾ ਕਰ ਲਿਆ ਸੀ ਕਿ ਮੁੜਾਗੀ ਨਹੀਂ। ਨਹੀਂ ਤਾਂ ਜ਼ਿੰਦਗੀ ਭਰ ਲਈ ਰੋਣਾਂ ਮੇਰੀ ਕਿਸਮਤ ਬਣ ਜਾਵੇਗਾ।

*? ਕੀ ਦਿੱਲੀ ਆ ਕੇ ਮੁਸ਼ਕਲਾ ਹੱਲ ਹੋ ਗਈਆ।*

- ਨਹੀਂ। ਬਲਕਿ ਇਥੇ ਆ ਕੇ ਮੈਨੂੰ ਲੱਗਿਆ ਕਿ ਵੱਡੇ ਘਰਾਂ ਦੇ ਲੋਕ ਗਰੀਬਾਂ ਨੂੰ ਇਨਸਾਨ ਨਹੀਂ ਸਮਝਦੇ। ਕਈ ਵਾਰ ਤਾਂ ਲੱਗਦਾ ਸੀ ਇਸ ਨਾਲੋਂ ਤਾਂ ਪਿੰਡ ਹੀ ਚੰਗਾ ਹੈ। ਸ਼ੁਰੂ-ਸ਼ੁਰੂ ਵਿਚ ਤਾਂ ਲੱਗਦਾ ਸੀ ਕਿ ਪਰਤ ਜਾਵਾਂ। ਪਿੰਡ ਵਿਚ ਸੱਤਵੀਂ ਤੱਕ ਹੀ ਪੜ੍ਹਾਈ ਕੀਤੀ ਸੀ, ਇਸ ਲਈ ਕਿਸੇ ਦਫ਼ਤਰ ਵਿਚ ਨੌਕਰੀ ਨਹੀਂ ਕਰ ਸਕਦੀ ਸੀ। ਘਰਾਂ ਵਿਚ ਕੰਮ ਲੱਭਣਾ ਪਿਆ। ਕਈ ਥਾਵਾਂ ਤੇ ਕੰਮ ਕੀਤੀ। ਮਾਲਕਾਂ ਨੂੰ ਕੇਵਲ ਕੰਮ ਨਾਲ ਮਤਲਬ ਸੀ। ਉਹ ਮੈਨੂੰ ਇਨਸਾਨ ਨਹੀਂ ਸਮਝਦੇ ਸਨ। ਦਿਨ ਢਲ ਜਾਣ ਤੱਕ ਕੰਮ ਖਤਮ ਹੋਣ ਦਾ ਨਾਂ ਨਹੀਂ ਲੈਂਦਾ ਸੀ। ਫਿਰ ਵੀ ਮੈਂ ਕਦੇ ਵੀ ਕਿਸੇ ਨੂੰ ਸ਼ਿਕਾਇਤ ਨਹੀਂ ਕੀਤੀ। ਬਸ ਉਨ੍ਹਾਂ ਲੋਕਾਂ ਤੋਂ ਥੋੜੀ ਉਮੀਦ ਕੀਤੀ ਸੀ ਉਹ ਮੇਰੇ ਬੱਚਿਆਂ ਦਾ ਐਡਮਿਸ਼ਨ ਕਿਸੇ ਸਕੂਲ ਵਿਚ ਕਰਵਾ ਦੇਣ। ਮੈਂ ਨਹੀਂ ਚਾਹੁੰਦੀ ਸੀ ਕਿ ਮੇਰੇ ਬੱਚੇ ਘੱਟ ਪੜ੍ਹੇ-ਲਿਖੇ ਰਹਿ ਜਾਣ। ਮੈਂ ਸਾਰਿਆਂ ਦੀਆਂ ਮਿੰਨਤਾ ਕੀਤੀਆਂ। ਪ੍ਰੰਤੂ ਉਹ ਮੇਰੇ ਬੱਚਿਆਂ ਦੀ ਐਡਮਿਸ਼ਨ ਦੀ ਗੱਲ ਨੂੰ ਟਾਲ ਦਿੰਦੇ ਸਨ।

*? ਪ੍ਰਬੋਧ ਕੁਮਾਰ ਨਾ ਕਿਵੇਂ ਮਿਲੇ।*

- ਮੇਰੇ ਇਕ ਜਾਣ-ਪਹਿਚਾਣ ਵਾਲੇ ਨੇ ਕਿਹਾ ਕਿ ਇਕ ਲੈਕਚਰਾਰ ਦੇ ਘਰ ਕੰਮ ਕਰੇਂਗੀ? ਮੈਨੂੰ ਪੈਸੇ ਦੀ ਲੋੜ ਸੀ ਇਸ ਲਈ ਹਾਂ ਕਰ ਦਿੱਤੀ। ਮੇਰੀ ਕਿਸਮਤ ਚੰਗੀ ਸੀ, ਜਿਹੜੀ ਮੈਂ ਤਾਤੁਸ਼ (ਪ੍ਰਬੋਦ ਕੁਮਾਰ) ਦੇ ਘਰ ਕੰਮ ਕਰਨ ਪਹੁੰਚੀ। ਤਾਤੁਸ਼ ਚੁੱਪਚਾਪ ਬੈਠ ਕੇ ਕਿਤਾਬਾਂ ਪੜ੍ਹਦੇ ਰਹਿੰਦੇ। ਕਦੀ ਕੁਝ ਨਹੀਂ ਕਹਿੰਦੇ ਸਨ। ਪਹਿਲਾਂ ਤਾਂ ਮੈਨੂੰ ਉਨ੍ਹਾਂ ਦੇ ਘਰ ਕੰਮ ਕਰਨਾ ਬੜਾ ਅਜੀਬ ਲੱਗਾ ਸੀ। ਹਾਲਾਂਕਿ ਮੈਂ ਚੁੱਪ ਚਾਪ ਝਾੜੂ-ਪੋਚਾ ਕਰਦੀ, ਖਾਣਾ ਬਣਾਉਂਦੀ। ਉਨ੍ਹਾਂ ਲੋਕਾਂ ਨੂੰ ਮੇਰਾ ਖਾਣਾ ਪਸੰਦ ਆਇਆ ਅਤੇ ਉਨ੍ਹਾਂ ਨੇ ਮੈਨੂੰ ਕੰਮ ਉੱਤੇ ਰੱਖ ਲਿਆ।

*? ਤੁਸੀਂ ਉਨ੍ਹਾਂ ਨੂੰ ਤਾਤੁਸ਼ ਕਿਓਂ ਬੁਲਾਉਂਦੇ ਹੋ।*

- ਉਨ੍ਹਾਂ ਦੀ ਪਤਨੀ ਪੋਲਿਸ਼ ਹੈ ਅਤੇ ਉਨ੍ਹਾਂ ਦੇ ਬੱਚੇ ਉਨ੍ਹਾਂ ਨੂੰ ਤਾਤੁਸ਼ (ਪੋਲਿਸ਼ ਭਾਸ਼ਾ ਵਿਚ ਪਿਤਾ) ਕਹਿਕੇ ਬੁਲਾਉਂਦੇ ਹਨ। ਕੇਵਲ ਉਹੀ ਸਨ, ਜਿਨ੍ਹਾਂ ਨੇ ਮੈਨੂੰ ਇਨਸਾਨ ਸਮਝਿਆ। ਉਹ ਮੇਰੇ ਪਿਤਾ ਬਰਾਬਰ ਹਨ, ਇਸ ਲਈ ਮੈਂ ਉਨ੍ਹਾਂ ਨੂੰ ਤਾਤੁਸ਼ ਬੋਲਦੀ ਹਾਂ।

*? ਕੀ ਤੁਹਾਨੂੰ ਪਤਾ ਸੀ ਕਿ ਪ੍ਰਬੋਧ ਕੁਮਾਰ ਹਿੰਦੀ ਦੇ ਪ੍ਰਸਿੱਧ ਲੇਖਕ ਮੁੰਨਸ਼ੀ ਪ੍ਰੇਮ ਚੰਦ ਦੀ ਵੰਸ਼ ਵਿਚੋਂ ਹਨ?*

- ਤਾਤੁਸ਼ ਦੇ ਬਾਰੇ ਵਿਚ ਮੈਨੂੰ ਕੁਝ ਵੀ ਪਤਾ ਨਹੀਂ ਸੀ। ਤਾਤੁਸ਼ ਇਕ ਚੰਗਾ ਇਨਸਾਨ ਹੈ, ਇਹ ਹੀ ਮੇਰੇ ਲਈ ਕਾਫੀ ਸੀ। ਉਂਝ ਵੀ ਤਾਤੁਸ਼ ਦੇ ਕਾਰਨ ਹੀ ਮੈਨੂੰ ਸਾਹਿਤ ਅਤੇ ਲੇਖਕਾਂ ਦੇ ਸੰਬੰਧ ਵਿਚ ਥੋੜ੍ਹਾ ਬਹੁਤ





ਜਾਨਣ ਦਾ ਮੌਕਾ ਮਿਲਿਆ। ਸਾਡੀ ਜਾਣ-ਪਹਿਚਾਣ ਤਾਂ ਕਿਤਾਬਾਂ ਨੇ ਕਰਵਾਈ।

*? ਜਿਨ੍ਹਾਂ ਨੂੰ ਪੜ੍ਹਦਿਆਂ ਹੋਇਆ ਪ੍ਰਬੋਧ ਨੇ ਤੁਹਾਨੂੰ ਰੰਗੇ ਹੱਥੀਂ ਫੜਿਆ ਸੀ।*

- ਸੱਚਮੁੱਚ ਉਸ ਸਮੇਂ ਮੈਂ ਬਹੁਤ ਡਰ ਗਈ ਸੀ। ਤਾਤੁਸ਼ ਦੇ ਘਰ ਵਿਚ ਇਕ ਕਮਰਾ ਹੈ। ਜਿੱਥੇ ਬਹੁਤ ਸਾਰੀਆਂ ਕਿਤਾਬਾਂ ਹਨ। ਉਨ੍ਹਾਂ ਨੂੰ ਸਾਫ ਕਰਦਿਆਂ ਹੋਇਆ ਮੈਂ ਅਕਸਰ ਸੋਚਿਆ ਕਰਦੀ ਸੀ ਕਿ ਕੀ ਮੈਂ ਕਿਸੇ ਦਿਨ ਇਨ੍ਹਾਂ ਨੂੰ ਪੜ੍ਹ ਸਕਾਗੀ। ਇਕ ਦਿਨ ਮੈਂ ਉਸ ਕਮਰੇ ਦੀ ਸਫ਼ਾਈ ਕਰ ਰਹੀ ਸੀ। ਰੈਕ ਵਿਚ ਰੱਖੀਆਂ ਕਿਤਾਬਾਂ ਵਿਚੋਂ ਬੰਗਲਾ ਦੀ ਕਿਤਾਬਾਂ ਵੀ ਰੱਖੀਆਂ ਹੋਈਆਂ ਸਨ। ਮੈਂ ਇਕ ਬੰਗਲਾ ਕਿਤਾਬ ਕੱਢੀ ਤੇ ਉਸ ਦੇ ਪੰਨੇ ਪਲਟਾ ਕੇ ਦੇਖਣ ਲੱਗੀ। ਸੋਚਿਆ ਇਥੇ ਬੰਗਲਾ ਕਿਤਾਬਾਂ ਕੌਣ ਪੜ੍ਹਦਾ ਹੈ? ਅਚਾਨਿਕ ਤਾਤੁਸ਼ ਕਮਰੇ ਵਿਚ ਆ ਗਏ। ਉਨ੍ਹਾਂ ਨੇ ਹੱਥ 'ਚ ਕਿਤਾਬ ਦੇਖ ਕੇ ਮੈਨੂੰ ਪੁੱਛਿਆ, 'ਤੈਨੂੰ ਪੜ੍ਹਨਾ ਲਿਖਣਾ ਆਉਂਦਾ ਹੈ ? ' ਮੈਂ ਕਿਹਾ ਕੇਵਲ ਬੰਗਲਾ ਪੜ੍ਹਨਾ ਆਉਂਦਾ ਹੈ। ਮੈਂ ਛੇਤੀ ਦੇਣੀ ਕਿਤਾਬ ਰੈਕ ਵਿਚ ਰੱਖੀ ਅਤੇ ਦੂਜੇ ਕੰਮ ਕਰਨ ਲੱਗੀ।

ਅਗਲੇ ਦਿਨ ਤਾਤੁਸ਼ ਨੇ ਮੈਨੂੰ ਸੱਦਿਆ। ਮੈਂ ਬਹੁਤ ਡਰ ਗਈ ਸੀ। ਮੈਨੂੰ ਲੱਗਾ ਉਹ ਮੈਨੂੰ ਝਿੜਕਾ ਮਾਰਨਗੇ। ਹੋ ਸਕਦਾ ਹੈ ਕੰਮ ਤੋਂ ਵੀ ਹਟਾ ਦੇਣ, ਪ੍ਰੰਤੂ ਉਨ੍ਹਾਂ ਨੇ ਮੈਨੂੰ ਝਿੜਕਿਆ ਨਹੀਂ। ਅਤੇ ਰੈਕ ਵਿਚੋਂ ਤਸਲੀਮਾ ਨਸਰੀਨ ਦੀ 'ਆਮਾਰ ਮੋਏ ਬੇਲਾ' ਕਿਤਾਬ ਕੱਢ ਕੇ ਦਿੱਤੀ ਅਤੇ ਉਸ ਨੂੰ ਪੜ੍ਹਨ ਨੂੰ ਕਿਹਾ। ਮੈਨੂੰ ਬਹੁਤ ਸੰਕੋਚ ਹੋਇਆ। ਪ੍ਰੰਤੂ ਉਨ੍ਹਾਂ ਨੇ ਮੇਰਾ ਉਤਸਾਹ ਵਧਾਇਆ। ਹਰ ਸਮੇਂ ਕਹਿੰਦੇ ਰਹਿੰਦੇ ਕਿ 'ਪੜ੍ਹਨ ਦੀ ਕੋਈ ਉਮਰ ਨਹੀਂ ਹੁੰਦੀ। ਕਿਸੇ ਵੀ ਉਮਰ ਵਿਚ ਇਸ ਦੀ ਸ਼ੁਰੂਆਤ ਕਰ ਸਕਦੇ ਹੋ। ' ਤਾਤੁਸ਼ ਕਹਿੰਦੇ,'ਦੇਖੋਂ ਮੈਂ ਵੀ ਤਾਂ ਹੁਣ ਤੱਕ ਪੜ੍ਹਦਾ ਹਾਂ।' ਉਨ੍ਹਾਂ ਦੇ ਕਹਿਣ ਤੇ ਹੀ ਮੈਂ ਉਹ ਕਿਤਾਬ ਪੜ੍ਹੀ। ਮੈਨੂੰ ਲੱਗਾ ਜਿਵੇਂ ਉਹ ਮੇਰੀ ਆਪਣੀ ਕਹਾਣੀ ਹੋਵੇ। ਸਾਰਾ ਦਿਨ ਕੰਮ ਕਰਨ ਤੋਂ ਬਾਅਦ ਮੈਂ ਉਸ ਕਿਤਾਬ ਨੂੰ ਦੇਰ ਰਾਤ ਤੱਕ ਪੜ੍ਹਦੀ ਰਹਿੰਦੀ।

*? ਹੋਰ ਕਿਹੜੇ ਲੇਖਕਾਂ ਨੂੰ ਪੜ੍ਹਿਆ।*

- ਤਾਤੁਸ਼ ਨੇ ਮੈਨੂੰ ਆਸ਼ਾ ਪੂਰਨ ਦੇਵੀ, ਮਹਾਂਸ਼ਵੇਤਾ ਦੇਵੀ, ਬੁੱਧਾਦੇਵ ਗੁਹਾ ਦੀਆਂ ਕਿਤਾਬਾਂ ਵੀ ਪੜ੍ਹਨ ਨੂੰ ਦਿੱਤੀਆਂ।

*? ਤੁਸੀਂ ਆਪਣੀ ਸਵੈ-ਜੀਵਨੀ ਕਦੋਂ ਲਿਖਣੀ ਸ਼ੁਰੂ ਕੀਤੀ।*

- ਇਕ ਦਿਨ ਕਿਤਾਬ ਦੀ ਥਾਂ ਤਾਤੁਸ਼ ਨੇ ਮੇਰੇ ਹੱਥ ਇਕ ਪੈਨ ਅਤੇ ਕਾਪੀ ਲਿਆ ਕੇ ਦੇ ਦਿੱਤੀ। ਬੋਲੇ, 'ਲਿਖੋਂ' ਮੈਂ ਕਿਹਾ 'ਮੈਂ ਕੀ ਲਿਖਾ?' ਉਨ੍ਹਾਂ ਨੇ ਕਿਹਾ 'ਕੁਝ ਵੀ, ਅਜਿਹਾ ਕਰੋ ਤੂੰ ਆਪਣੀ ਕਹਾਣੀ ਲਿਖ। ' ਮੈਂ ਚੁੱਪ ਚਾਪ ਕਾਪੀ-ਪੈਨ ਲਿਆ ਅਤੇ ਘਰ ਆ ਗਈ।

*? ਕੀ ਕਹਾਣੀ ਲਿਖਣ ਵਿਚ ਕੋਈ ਪਰੇਸ਼ਾਨੀ ਆਈ।*

- ਜਦੋਂ ਰਾਤ ਨੂੰ ਕਾਪੀ 'ਚ ਆਪਣੀ ਕਹਾਣੀ ਲਿਖਣ ਬੈਠੀ ਤਾਂ ਬਹੁਤ ਘਬਰਾ ਗਈ। ਹੱਥ ਕੰਬ ਰਹੇ ਸਨ। ਲਗਭਗ 20 ਸਾਲ ਬਾਅਦ ਕਾਪੀ 'ਚ ਇਕ ਵਾਰ ਫਿਰ ਕੁਝ ਲਿਖਣ ਜਾ ਰਹੀ ਸੀ। ਦੋ ਸ਼ਬਦ ਲਿਖੇ, ਉਨ੍ਹਾਂ ਨੂੰ ਕੱਟ ਦਿੱਤਾ। ਇਕ ਵਾਰ ਤਾਂ ਲੱਗਾ ਸਾਰੀ ਪੜ੍ਹਾਈ ਭੁੱਲ ਗਈ ਹਾਂ। ਫਿਰ ਮੈਨੂੰ ਲੱਗਾ ਕਿ ਮੇਰੀ ਕਹਾਣੀ ਹੈ। ਗਲਤ ਲਿਖਾਗੀ ਤਾਂ ਵੀ ਕੀ ਹੋਵੇਗਾ? ਫਿਰ ਕਾਪੀ-ਕਲਮ ਚੁੱਕੀ। ਜਿਵੇਂ ਹੀ ਦੁਬਾਰਾ ਲਿਖਿਆ ਝਿਜਕ ਖਤਮ ਹੋ ਗਈ। ਮੈਂ ਲਿਖਦੀ ਹੀ ਗਈ। ਏਥੋਂ ਤੱਕ ਕਿ ਕੰਮ ਵਿਚ ਵਿਚ 'ਚ ਸਬਜੀ ਕੱਟਦੇ, ਖਾਣਾ ਬਣਾਉਂਦੇ, ਝਾੜੂ ਲਗਾਉਂਦੇ ਜਾਂ ਕੱਪੜੇ ਧੋਂਦੇਂ ਸਮੇਂ। ਬੱਚਿਆਂ ਨੂੰ ਸੁਵਾਉਣ ਤੋਂ ਬਾਅਦ ਜਿਵੇਂ ਹੀ ਸਮਾਂ ਮਿਲਦਾ ਮੈਂ ਲਿਖਣ ਲੱਗਦੀ। ਮੈਂ ਜ਼ਿੰਦਗੀ ਨਾਲ ਜੁੜੀ ਹਰ ਗੱਲ ਲਿਖੀ। ਜਿਹੜੀ ਵੀ ਘਟਨਾ ਚੇਤੇ ਆਉਂਦੀ ਗਈ ਮੈਂ ਲਿਖਦੀ ਹੀ ਰਹੀ। ਕਿਸੇ ਤਰ੍ਹਾਂ ਦੋਸਤਾਂ ਨੂੰ ਘਰ 'ਚ ਖਾਣਾ ਨਾ ਮਿਲਣ ਦੀ ਗੱਲ ਦੱਸਣ 'ਤੇ ਮੇਰੀ ਕੁੱਟ ਮਾਰ ਕੀਤੀ

ਗਈ। ਮਾਂ ਦੇ ਜਾਣ ਤੋਂ ਬਾਅਦ ਬਾਬਾ ਨੇ ਜਰਾ ਵੀ ਦੇਰੀ ਨਹੀਂ ਕੀਤੀ ਤੇ ਨਵੀਂ ਪਤਨੀ ਲੈ ਆਇਆ। ਫਿਰ ਵੱਡੀ ਉਮਰ ਦੇ ਵਿਅਕਤੀ ਨਾਲ ਮੇਰਾ ਵਿਆਹ ਹੋ ਗਿਆ। ਅਤੇ 12 ਸਾਲ ਦੀ ਉਮਰ ਵਿਚ ਹੀ ਮੈਂ ਮਾਂ ਬਣ ਗਈ। ਛੋਟੀ ਜਿਹੀ ਉਮਰ ਵਿਚ ਮਾਂ ਬਣਨ ਦਾ ਅਨੁਭਵ ਕਿਨਾ ਸੁੰਦਰ ਸੀ। ਜਦ ਕਿ ਲੋਕ ਕਹਿੰਦੇ ਸਨ ਬੱਚੀ ਨੇ ਬੱਚੇ ਨੂੰ ਜਨਮ ਦਿੱਤਾ ਹੈ। ਫਿਰ ਮੇਰੇ ਦੋ ਬੱਚੇ ਹੋਰ ਹੋਏ। ਜਦੋਂ ਲਿਖਦੀ ਸੀ ਤਾਂ ਅਜਿਹਾ ਲੱਗਦਾ ਸੀ ਜਿਵੇਂ ਕਾਪੀ ਅਤੇ ਪੈਨ ਨਾਲ ਗੱਲਾਂ ਕਰ ਰਹੀ ਹਾਂ। ਕਦੀ ਲੱਗਦਾ ਸੀ ਮੈਂ ਆਪਣੇ ਪਿਤਾ ਦੀ ਸ਼ਿਕਾਇਤ ਕਰ ਰਹੀ ਹਾਂ ਅਤੇ ਅਤੇ ਆਪਣੇ ਪਤੀ ਤੋਂ ਬਦਲਾ ਲੈ ਰਹੀ ਹਾਂ। ਲਿਖਦੇ ਸਮੇਂ ਜ਼ਿੰਦਗੀ ਵਿਚ ਬੀਤੀਆਂ ਸਾਰੀਆਂ ਗੱਲਾਂ ਸੋਚਕੇ ਰੋਣਾ ਵੀ ਆ ਜਾਂਦਾ ਸੀ। ਕਈ ਮਹੀਨੇ ਲਿਖਦੀ ਰਹੀ। ਅਖੀਰ ਵਿਚ ਮੇਰੀ ਜ਼ਿੰਦਗੀ ਦੀ ਡਾਇਰੀ ਪੂਰੀ ਹੋ ਗਈ।

*? ਸਭ ਤੋਂ ਪਹਿਲਾਂ ਕਿਸ ਨੇ ਪੜ੍ਹੀ?*

- ਤਾਤੁਸ਼ ਨੇ ਮੇਰੀ ਕਹਾਣੀ ਪੜ੍ਹੀ। ਉਨ੍ਹਾਂ ਨੇ ਮੇਰਾ ਸਿਰ ਚੁੰਮਿਆ ਅਤੇ ਬੋਲੇ, 'ਬਹੁਤ ਚੰਗਾ ਲਿਖਿਆ ਹੈ।'' ਉਨ੍ਹਾਂ ਨੇ ਮੇਰੀ ਕਹਾਣੀ ਆਪਣੇ ਦੋਸਤ ਅਸ਼ੋਕ ਸੇਕਸਰਿਆ ਨੂੰ ਭੇਜੀ। ਉਨ੍ਹਾਂ ਦੀ ਚਿੱਠੀ ਆਈ। ਤਾਤੁਸ਼ ਨੇ ਕਿਹਾ ' ਮੇਰੇ ਦੋਸਤ ਨੇ ਚਿੱਠੀ ਲਿਖੀ ਹੈ, ਉਨ੍ਹਾਂ ਨੂੰ ਤੇਰੀ ਕਹਾਣੀ ਚੰਗੀ ਲੱਗੀ ਹੈ। ਕੀ ਤੂੰ ਚਿੱਠੀ ਦਾ ਜਵਾਬ ਨਹੀਂ ਦੇਵੇਂਗੀ? ਮੈਨੂੰ ਬਹੁਤ ਅਜੀਬ ਲੱਗਾ। ਫਿਰ ਲੱਗਾ ਮੇਰੀ ਖਰਾਬ ਅਤੇ ਗ਼ਲਤ ਲਿਖਤ ਵੀ ਉਹਨੂੰ ਚੰਗੀ ਲੱਗ ਰਹੀ ਹੈ। ਕਿਓ ਨਾ ਲਿਖਾ। ਹਲਾਂਕਿ ਜਦੋਂ ਮੇਰੀ ਕਿਤਾਬ ਛਪ ਕੇ ਸਾਹਮਣੇ ਆਈ ਤਾਂ ਮੈਨੂੰ ਇਹੀ ਲੱਗਾ ਸੀ ਕੋਈ ਦੂਜਾ ਮੇਰੀ ਕਹਾਣੀ ਕਿਓ ਪੜ੍ਹੇਗਾ? ਲੇਕਿਨ ਲੋਕਾਂ ਨੇ ਮੇਰੀ ਕਹਾਣੀ ਨੂੰ ਪੜ੍ਹਿਆ ਅਤੇ ਉਨ੍ਹਾਂ ਨੂੰ ਚੰਗੀ ਵੀ ਲੱਗੀ। ਹਾਲਾਂਕਿ ਇਹ ਗੱਲ ਮੈਨੂੰ ਅੱਜ ਤੱਕ ਸਮਝ ਨਹੀਂ ਆਈ ਕਿ ਜਿਸ ਦੇ ਕੋਲ ਗਿਆਨ ਹੈ ਉਹ ਸੰਕੋਚ ਕਿਸ ਗੱਲ ਦਾ ਕਰਦੇ ਹਨ? ਉਹ ਆਪਣੇ ਗਿਆਨ ਨੂੰ ਵੰਡਣ ਦੀ ਕੋਸ਼ਿਸ਼ ਕਿਓਂ ਨਹੀਂ ਕਰਦੇ? ਕਿਉਂ ਲੋਕ ਭੁੱਲ ਜਾਂਦੇ ਹਨ ਕਿ ਹਰ ਵਿਅਕਤੀ ਨੂੰ ਇਨਸਾਨ ਦੇ ਰੂਪ ਵਿਚ ਦੇਖਣਾ ਚਾਹੀਦਾ ਹੈ? ਤਾਤੁਸ਼ ਦੀ ਸਹਾਇਤਾ ਨਾਲ ਮੈਨੂੰ ਇਹ ਪਹਿਚਾਣ ਮਿਲੀ। ਸਾਰੇ ਤਾਤੁਸ਼ ਵਰਗੇ ਕਿਓ ਨਹੀਂ ਹੋ ਜਾਂਦੇ? ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਚੰਗਾ ਕੰਮ ਕੋਈ ਵੀ ਕਰ ਸਕਦਾ ਹੈ।

*? ਆਪਣੀ ਕਹਾਣੀ ਨੂੰ 'ਆਲੋ ਅੰਧਾਰੀ' ਦੇ ਰੂਪ ਵਿਚ ਦੇਖ ਕੇ ਕਿਵੇਂ ਲੱਗਾ।*

- ਜ਼ਿੰਦਗੀ ਵਿਚ ਪਹਿਲੀ ਵਾਰ ਮੈਨੂੰ ਬਹੁਤ ਚੰਗਾ ਲੱਗਾ। ਕਿਤਾਬ ਦੇਖ ਕੇ ਆਪਣੇ ਆਪ ਉੱਤੇ ਵਿਸ਼ਵਾਸ਼ ਹੋਇਆ ਕਿ ਮੈਂ ਆਪਣੀ ਕਹਾਣੀ ਲਿਖੀ ਹੈ। ਮੈਂ ਕਦੀ ਨਹੀਂ ਸੋਚਿਆ ਕਿ ਲੋਕ ਮੇਰੀ ਕਹਾਣੀ ਪੜ੍ਹਨਗੇ। ਸੱਚ ਤਾਂ ਇਹ ਹੈ ਕਿ ਮੈਂ ਕਿਤਾਬ ਕਿਸੇ ਸਾਹਿਤਕ ਇਨਾਮ ਜਿੱਤਣ ਲਈ ਨਹੀਂ ਲਿਖੀ ਸੀ। ਜਦੋਂ ਵੀ ਤਾਤੁਸ਼ ਮੈਨੂੰ ਮੇਰੀ ਜ਼ਿੰਦਗੀ ਦੇ ਸੰਬੰਧ ਵਿਚ ਪੁੱਛਦੇ ਤਾਂ ਮੈਂ ਉਨ੍ਹਾਂ ਦਾ ਜਵਾਬ ਦੇ ਦਿੰਦੀ ਸੀ। ਉਨ੍ਹਾਂ ਨੂੰ ਲੱਗਦਾ ਸੀ ਕਿ ਮੇਰੀ ਕਹਾਣੀ 'ਚ ਕੁਝ ਖਾਸ ਹੈ, ਮੈਨੂੰ ਆਪਣੀ ਕਹਾਣੀ ਲਿਖਣੀ ਚਾਹੀਦੀ ਹੈ ਅਤੇ ਬਸ ਮੈਂ ਲਿਖਦੀ ਗਈ।

*? ਤੁਸੀਂ ਕਿਤਾਬ 'ਚ ਖੁਦ ਨੂੰ ਤੀਸਰੇ ਵਿਆਕਤੀ ਦੇ ਰੂਪ ਵਿਚ ਕਿਉਂ ਸੰਬੋਧਿਤ ਕੀਤੀ ਹੈ।*

- ਇਸ ਕਿਤਾਬ ਵਿਚ ਮੇਰੇ ਜੀਵਨ ਦੇ ਕੁਝ ਉਹ ਹਿੱਸੇ ਸ਼ਾਮਿਲ ਹਨ ਜਿਹੜੇ ਸਹਿਣਯੋਗ ਨਹੀਂ, ਜਿਨ੍ਹਾਂ ਨੂੰ ਜੀਉਣਾ ਬਹੁਤ ਕਠਿਨ ਹੈ। ਕਈ ਵਾਰ ਲਿਖਦੇ ਹੋਏ ਮੈਨੂੰ ਲੱਗਦਾ ਸੀ ਕਿ ਐਨਾ ਕਠੋਰ ਵਿਵਹਾਰ ਮੇਰੇ ਨਾਲ ਨਹੀਂ, ਕਿਸੇ ਹੋਰ ਦੇ ਨਾਲ ਹੋਇਆ। ਇਸ ਲਈ ਮੈਂ ਉਸ ਨੂੰ ਕਿਸੇ ਤੀਸਰੇ ਵਿਅਕਤੀ ਨੂੰ ਬੇਬੀ ਕਿਹਾ।

*? ਆਪਣੀ ਕਹਾਣੀ ਨੂੰ 'ਆਲੋ ਅੰਧਾਰੀ' ਦੇ ਰੂਪ ਵਿਚ ਦੇਖ ਕੇ ਕਿਵੇਂ ਲੱਗਾ।*

- ਜ਼ਿੰਦਗੀ 'ਚ ਪਹਿਲੀ ਵਾਰ ਮੈਨੂੰ ਬਹੁਤ ਚੰਗਾ ਲੱਗਾ। ਕਿਤਾਬ ਦੇਖ ਕੇ ਆਪਣੇ ਆਪ ਉੱਤੇ ਵਿਸਵਾਸ਼ ਹੋਇਆ ਕਿ ਮੈਂ ਆਪਣੀ ਕਹਾਣੀ ਲਿਖੀ ਹੈ।

*? ਜ਼ਿੰਦਗੀ ਵਿਚ ਕੁਝ ਤਬਦੀਲੀ ਆਈ।*

- ਜਿਸ ਸਮਾਜ ਦੇ ਲੋਕ ਮੈਨੂੰ ਨੌਕਰ ਤੋਂ ਵੱਧ ਕੁਝ ਨਹੀਂ ਸਮਝਦੇ ਸਨ, ਉਹ ਸਾਰੇ ਹੁਣ ਮੇਰੇ ਨਾਲ ਗੱਲ ਕਰਨੀ ਚਾਹੁੰਦੇ ਹਨ। ਚੰਗਾ ਲੱਗਦਾ ਹੈ, ਜਦੋਂ ਲੋਕ ਮੈਨੂੰ ਨੌਕਰ ਨਾ ਕਹਿ ਕੇ ਲੇਖਕ ਕਹਿੰਦੇ ਹਨ। ਬਾਹਰ ਦੇ ਲੋਕਾਂ ਨੂੰ ਛੱਡੀਏ , ਮੇਰੇ ਬਾਬਾ ਨੂੰ ਜਦੋਂ ਪਤਾ ਲੱਗਾ ਤਾਂ ਉਹ ਬਹੁਤ ਖੁਸ਼ ਹੋਏ, ਜਦਕਿ ਕਿਤਾਬ ਵਿਚ ਮੈਂ ਉਨ੍ਹਾਂ ਦੇ ਖਿਲਾਫ਼ ਬਹੁਤ ਕੁਝ ਲਿਖਿਆ ਹੈ। ਘਰ ਵਿਚ ਕੋਈ ਜਦੋਂ ਰਿਸ਼ਤੇਦਾਰ ਆਉਂਦਾ ਹੈ, ਬਾਬਾ ਉਸ ਨੂੰ ਮੇਰੀ ਲਿਖੀ ਕਿਤਾਬ ਜ਼ਰੂਰ ਦਿਖਾਉਂਦੇ ਹਨ। ਜਦੋਂ ਮੈਂ ਬਾਬਾ ਨੂੰ ਮਿਲਣ ਜਾਂਦੀ ਹਾਂ, ਤਾਂ ਬਹੁਤ ਸਤਿਕਾਰ ਕਰਦੇ



ਹਨ। ਖਾਸ ਮਹਿਮਾਨ ਦੇ ਵਾਂਗ ਮੇਰਾ ਖਿਆਲ ਰੱਖਦੇ ਹਨ। ਕਹਿੰਦੇ ਹਨ, 'ਮੈਂ ਤੈਨੂੰ ਕੁਝ ਨਹੀਂ ਦਿੱਤਾ, ਫਿਰ ਵੀ ਤੂੰ ਨਾਂ ਬਣਾਇਆ ਹੈ। ਤੂੰ ਇਸ ਤਰ੍ਹਾਂ ਲਿਖਦੀ ਰਹੀਂ। ਤਾਂ ਕਿ ਮੇਰੇ ਵਰਗੇ ਮਾਤਾ-ਪਿਤਾ ਆਪਣੇ ਬੱਚਿਆ ਦੇ ਨਾਲ ਉਹ ਨਾ ਕਰਨ ਜੋ ਮੈਂ ਕੀਤਾ। ' ਬਾਬਾ ਕਹਿੰਦੇ ਹਨ, ' ਜੇਕਰ ਭਗਵਾਨ ਬੀਤੇ ਦਿਨਾਂ ਨੂੰ ਪਰਤਣ ਦਾ ਮੌਕਾ ਦੇਵੇ ਤਾਂ ਉਹ ਉਨ੍ਹਾਂ ਦਿਨ੍ਹਾਂ ਵਿਚ ਪਰਤਣਾ ਚਾਹੁੰਣਗੇ। ਜਦੋਂ ਅਸੀਂ ਬੱਚੇ ਸਾਂ। ਉਹ ਸਾਰੇ ਬੱਚਿਆ ਅਤੇ ਸਾਡੇ ਮਾਂ ਦੇ ਨਾਲ ਕੀਤੇ ਸਾਰੇ ਬੁਰੇ ਵਰਤਾਓ ਨੂੰ ਠੀਕ ਕਰਨੇ ਚਾਹੁੰਣਗੇ। ਉਸ ਇਤਿਹਾਸ ਨੂੰ ਲਿਖਣਾ ਚਾਹੁੰਣਗੇ , ਜਦੋਂ ਮੈਂ ਜਨਮੀ ਸੀ।' ਬੱਚੇ ਵੀ ਬਹੁਤ ਖੁਸ਼ ਹੋਏ। ਪਹਿਲਾ ਬੱਚਿਆਂ ਦੀ ਟੀਚਰ ਉਨ੍ਹਾਂ ਨੂੰ ਪੁੱਛਦੀ ਸੀ ਕਿ ਮੈਂ ਕੀ ਕਰਦੀ ਹਾਂ, ਕਿੱਥੇ ਰਹਿੰਦੀ ਹਾਂ, ਤਾਂ ਉਹ ਸ਼ਰਮਾਉਂਦੇ ਸਨ। ਪ੍ਰੰਤੂ ਹੁਣ ਉਹ ਸਾਰੇ ਮੇਰੇ ਉੱਤੇ ਮਾਣ ਕਰਦੇ ਹਨ।

*? ਤੁਹਾਡੇ ਪਤੀ ਨੇ ਵੀ ਕਿਤਾਬ ਪੜ੍ਹੀ।*

- ਹਾਂ ! ਮੇਰੇ ਪਤੀ ਵੀ ਮੇਰੀ ਕਿਤਾਬ ਦੇਖ ਦੇ ਬਹੁਤ ਖੁਸ਼ ਹੋਏ। ਉਨ੍ਹਾਂ ਨੇ ਮੇਰੇ ਤੋਂ ਗਲਤੀ ਦੇ ਲਈ ਮਾਫੀ ਵੀ ਮੰਗੀ।

*? ਤੁਸੀਂ ਉਸ ਨੂੰ ਮਾਫ ਨਹੀਂ ਕੀਤਾ।*

- ਮੈਂ ਸਾਰਿਆਂ ਨੂੰ ਮਾਫ ਕਰ ਦਿੱਤਾ। ਜਿਨ੍ਹਾਂ ਨੇ ਮੇਰੇ ਕੋਲੋਂ ਮਾਫੀ ਮੰਗੀ ਅਤੇ ਜਿਨ੍ਹਾਂ ਨੇ ਨਹੀਂ ਮੰਗੀ ਉਨ੍ਹਾਂ ਨੂੰ ਵੀ। ਮੈਨੂੰ ਲੱਗਦਾ ਹੈ ਕਿ ਜੇਕਰ ਬਾਪ ਅਤੇ ਪਤੀ ਨੇ ਮੇਰੇ ਨਾਲ ਬੁਰਾ ਵਿਹਾਰ ਨਹੀਂ ਕੀਤਾ ਹੁੰਦਾ ਤਾਂ ਅੱਜ ਮੈਂ ਜੋ ਵੀ ਹਾਂ, ਉਸ ਤਰ੍ਹਾਂ ਦੀ ਕਦੇ ਨਹੀਂ ਬਣ ਸਕਦੀ।

*? ਮਨ ਵਿਚ ਕਿਸੇ ਗੱਲ ਨੂੰ ਲੈ ਕੇ ਅਫ਼ਸੋਸ।*

- ਅੱਜ ਮੇਰੇ ਕੋਲ ਜੋ ਕੁਝ ਵੀ ਹੈ। ਬਹੁਤ ਚੰਗਾ ਲੱਗਦਾ ਹੈ, ਇਹ ਸਭ ਦੇਖ ਕੇ। ਪ੍ਰੰਤੂ ਦੁੱਖ ਵੀ ਹੁੰਦਾ ਹੈ ਕਿ ਮੇਰੀ ਮਾਂ ਇਹ ਸਭ ਨਹੀਂ ਦੇਖ ਸਕੀ। ਉਹੀ ਮੇਰੀ ਗੁਰੂ ਹੈ। ਗਰੀਬੀ ਦੇ ਬਾਵਜੂਦ ਮਾਂ ਨੇ ਕਦੀ ਸਾਨੂੰ ਸਕੂਲ ਜਾਣ ਤੋਂ ਨਹੀਂ ਰੋਕਿਆ। ਉਸ ਦੇ ਕਰਕੇ ਮੈਂ ਪੜ੍ਹ ਸਕੀ। ਜੇਕਰ ਮੈਂ 7ਵੀਂ ਤੱਕ ਪੜ੍ਹਾਈ ਨਾ ਕੀਤੀ ਹੁੰਦੀ, ਤਾਂ ਕਦੀ ਕਿਤਾਬ ਨਹੀਂ ਲਿਖ ਸਕਦੀ। ਮੇਰੇ ਖਿਆਲ ਅਨੁਸਾਰ ਸਾਰਿਆਂ ਨੂੰ ਪੜ੍ਹਨ ਦਾ ਮੌਕਾ ਮਿਲਣਾ ਚਾਹੀਦਾ ਹੈ। ਸਿੱਖਿਆ ਦੇ ਕਾਰਨ ਹੀ ਮੈਂ ਲੋਕਾਂ ਦੇ ਸੰਬੰਧ ਵਿਚ ਜਾਣਿਆ। ਥਾਵਾਂ ਦੇ ਸੰਬੰਧ ਵਿਚ ਜਾਣਿਆ। ਦੁਨੀਆਂ ਦੀਆਂ ਦੂਰੀਆਂ ਇਕ ਪਲ ਵਿਚ 'ਚ ਖਤਮ ਹੋ ਜਾਂਦੀਆਂ ਹਨ। ਇਹ ਮੇਰੇ ਪੜ੍ਹਨ ਲਿਖਣ ਦਾ ਉਪਹਾਰ ਹੈ। ਇਕ ਵਾਰ ਮਾਂ ਪਰਤ ਕੇ ਆਈ ਸੀ, ਪ੍ਰੰਤੂ ਉਹ ਆਪਣੇ ਬੱਚਿਆਂ ਨੂੰ ਹੀ ਪਛਾਣ ਨਾ ਸਕੀ। ਮੈਂ ਉਸ ਦਾ ਸ਼ੁਕਰੀਆਂ ਤੱਕ ਨਹੀਂ ਕਰ ਸਕੀ ਅਤੇ ਉਹ ਸਾਨੂੰ ਛੱਡ ਕੇ ਇਸ ਦੁਨੀਆਂ ਤੋਂ ਚਲੀ ਗਈ। ਮੈਂ ਹਮੇਸ਼ਾਂ ਉਸਦੀ ਅਹਿਸਾਨਮੰਦ ਹਾਂ।

*? ਹੁਣ ਕਿਨ੍ਹਾਂ ਸੁਪਨਿਆਂ ਨੂੰ ਪੂਰਿਆਂ ਕਰਨਾ ਚਾਹੁੰਦੀ ਏਂ।*

- ਮੈਂ ਚਾਹੁੰਦੀ ਹਾਂ ਕਿ ਜ਼ਿੰਦਗੀ ਭਰ ਲਿਖਦੇ ਰਹਿਣ ਦਾ ਸੁਪਨਾ ਪੂਰਾ ਹੋ ਸਕੇ। ਆਪਣੇ ਬੱਚਿਆਂ ਨੂੰ ਲੈ ਕੇ ਸੁਪਨੇ ਦੇਖਦੀ ਹਾਂ। ਮੇਰੀ ਬੇਟੀ ਪਿਯਾ ਡਾਕਟਰ ਬਣਨਾ ਚਾਹੁੰਦੀ ਹੈ ਅਤੇ ਤਾਪਸ ਤਾਈਕਵਾਂਡੋ ਮਾਸਟਰ ਅਤੇ ਸਭ ਤੋਂ ਵੱਡਾ ਬੇਟਾ ਸੁਬੋਧ 'ਸ਼ੈਫ' (ਵੱਡੇ ਹੋਟਲ ਵਿਚ ਕੁੱਕ) ਬਣਨਾ ਚਾਹੁੰਦਾ ਹੈ। ਆਪਣੇ ਸੁਪਨਿਆਂ ਦੇ ਨਾਲ ਉਨ੍ਹਾਂ ਦੇ ਸੁਪਨਿਆਂ ਨੂੰ ਜੀਉਂਦਾ ਰੱਖ ਸਕਾ ਇਹੀ ਖਹਿਸ਼ ਹੈ। ਕੁਝ ਲੋਕ ਸੋਚਦੇ ਹਨ ਕਿ ਮੈਂ ਦੂਜਾ ਵਿਆਹ ਕਦੋਂ ਕਰ ਰਹੀ ਹਾਂ। ਉਨ੍ਹਾਂ ਨੂੰ ਪਤਾ ਨਹੀਂ ਕਿ ਮੇਰਾ ਵਿਆਹ ਤਾਂ ਸਾਹਿਤ ਨਾਲ ਹੋ ਚੁੱਕਾ ਹੈ। ਹੁਣ ਮੈਂ ਆਪਣੇ ਸੁਪਨਿਆਂ ਦੇ ਨਾਲ ਨਾਲ ਆਪਣੇ ਬੱਚਿਆਂ ਦੇ ਸੁਪਨਿਆਂ ਨੂੰ ਪੂਰਿਆਂ ਕਰਨਾ ਚਾਹੁੰਦੀ ਹਾਂ।

*? ਹੁਣ ਤੁਸੀਂ ਕੀ ਕਰ ਰਹੇ ਹੋ।*

- ਕਿਤਾਬ ਲਿਖਣ ਤੋਂ ਬਾਅਦ ਮੈਂ ਵੀ ਪੜ੍ਹਨਾ ਬੰਦ ਨਹੀਂ ਕੀਤੀ ਹੈ। ਜੇ ਕਰ ਕਿਤਾਬ ਨਹੀਂ ਪੜ੍ਹਦੀ ਤਾਂ ਬੱਚੇ ਕਹਿੰਦੇ ਹਨ, ਚਲੋ ਪੜ੍ਹੋ ਪਹਿਲਾਂ ਤਾਂ ਪੜ੍ਹਦੀ ਸੀ। ਬੱਚਿਆਂ ਨੂੰ ਚੰਗਾ ਲੱਗਦਾ ਹੈ। ਜਦੋਂ ਮੈਂ ਉਨ੍ਹਾਂ ਦੇ ਨਾਲ ਬੈਠ ਕੇ ਪੜ੍ਹਦੀ ਹਾਂ। ਅੱਜ ਤੱਕ ਮੈਂ ਆਪਣੀ ਦਸ ਸਾਲ ਦੀ ਬੇਟੀ ਪਿਯਾ ਤੋਂ ਅੰਗ੍ਰੇਜ਼ੀ ਪੜ੍ਹਨਾ ਸਿੱਖ ਰਹੀ ਹਾਂ ਕਿਉਂਕਿ ਜਦ ਕੋਈ ਵਿਦੇਸ਼ੀ ਪੱਤਰਕਾਰ ਮੇਰੇ ਤੋਂ ਕੁਝ ਪੁੱਛਦਾ ਹੈ ਤਾਂ ਉਸ ਨਾਲ ਗੱਲ ਨਹੀਂ ਕਰ ਸਕਦੀ। ਉਸ ਵਕਤ ਥੋੜ੍ਹਾ ਬੁਰਾ ਲੱਗਦਾ ਹੈ। ਇਸ ਲਈ ਇਹ ਮੈਨੂੰ ਆਪਣੀ ਅੰਗ੍ਰੇਜ਼ੀ ਦੀ ਕਿਤਾਬ ਪੜ੍ਹਨਾ ਸਿਖਾਉਂਦੀ ਹੈ। ਉਹ ਮੇਰੀ ਅੰਗ੍ਰੇਜ਼ੀ ਦੀ ਟੀਚਰ ਹੈ। ਮੈਂ ਆਪਣੀ ਦੂਜੀ ਕਿਤਾਬ ਲਿਖ ਰਹੀ ਹਾਂ, ਜਿਹੜੀ ਮੇਰੀ ਪਹਿਲੀ ਕਿਤਾਬ ਛਪਣ ਤੋਂ ਬਾਅਦ ਆਏ ਬਦਲਾਵ ਦੀ ਕਹਾਣੀ ਹੋਵੇਗੀ। ੦

*ਅਨੁਵਾਦ ਸਰੋਜ ਬਾਲੂ*

# ਚੰਦਨ ਨੇਗੀ ਇਕ ਸਾਹਿਤਕ ਮੁਲਾਂਕਣ / ਡਾ. ਜਸਵਿੰਦਰ ਕੌਰ ਬਿੰਦਰਾ

ਪੰਜਾਬੀ ਸਾਹਿਤਕ-ਖੇਤਰ ਵਿੱਚ ਅਨੇਕ ਇਸਤਰੀ ਸਾਹਿਤਕਾਰਾਂ ਦੀ ਆਮਦ ਰਹੀ, ਜਿਨ੍ਹਾਂ ਵਿਚੋਂ ਕਾਵਿ-ਖੇਤਰ ਵਿੱਚ ਵੱਧ ਤੇ ਗਲਪ ਖੇਤਰ ਵਿਚ ਉਸ ਤੋਂ ਘੱਟ ਰਹੀ। ਗਲਪ-ਖੇਤਰ ਵਿਚ ਬੇਹੱਦ ਲੋਕਪ੍ਰਿਆ ਤੇ ਸਫਲ ਇਸਤਰੀ ਕਥਾਕਾਰਾਂ ਵਿਚੋਂ ਇਕ ਨਾਂ ਚੰਦਨ ਨੇਗੀ ਦਾ ਹੈ।

ਚੰਦਨ ਨੇਗੀ ਲੰਮੇ ਅਰਸੇ ਤੋਂ ਪੰਜਾਬੀ ਗਲਪ ਨਾਲ ਜੁੜੀ ਹੋਈ ਹੈ। ਸੱਤ ਕਹਾਣੀ ਸੰਗ੍ਰਹਿ ਤੇ ਚਾਰ ਨਾਵਲਾਂ ਦੀ ਸਿਰਜਣਾ ਦੇ ਨਾਲ ਉਹ ਡੋਗਰੀ ਦੀਆਂ ਕੁਝ ਪੁਸਤਕਾਂ ਦੇ ਅਨੁਵਾਦ ਤੇ ਸੰਪਾਦਨਾ ਵੀ ਕਰ ਚੁੱਕੀ ਹੈ। ਅੱਜ ਵੀ ਉਹ ਨਿਰੰਤਰ ਸਾਹਿਤ-ਸਿਰਜਣਾ ਵਿੱਚ ਰੁੱਝੀ ਹੋਈ ਹੈ। ਆਮ ਤੌਰ ਤੇ ਇਸਤਰੀ ਕਥਾਕਾਰਾਂ ਉਤੇ ਇਹ ਦੂਸ਼ਣ ਲਾਇਆ ਜਾਂਦਾ ਹੈ ਕਿ ਜਾਂ ਤਾਂ ਉਹ ਰੁਦਨ ਪੇਸ਼ ਕਰਦੀਆਂ ਹਨ ਤਾਂ ਕਿ ਤਰਸ ਤੇ ਹਮਦਰਦੀ ਦੀ ਭਾਵਨਾ ਗ੍ਰਹਿਣ ਕਰ ਸਕਣ ਜਾਂ ਫਿਰ ਅੱਜ ਕੱਲ੍ਹ ਕਈ ਕਥਾਕਾਰਾਂ ਮਰਦ-ਇਸਤਰੀ ਦੇ ਰਿਸ਼ਤੇ ਦੀ ਗੱਲ ਉਸ ਨੂੰ ਬੜੇ ਬੋਲਡ ਅੰਦਾਜ਼ ਤੇ ਸ਼ਬਦਾਵਲੀ ਵਿੱਚ ਪ੍ਰਗਟਾਉਂਦੀਆਂ ਹਨ। ਗੱਲ ਇਹ ਨਹੀਂ ਕਿ ਇਨ੍ਹਾਂ ਵਿਚੋਂ ਪੇਸ਼ਕਾਰੀ ਦਾ ਕਿਹੜਾ ਢੰਗ ਉਚਿਤ ਹੈ, ਕਿਹੜਾ ਮਾੜਾ ਹੈ। ਹਰ ਲੇਖਕ ਹਰ ਕਲਾਕਾਰ ਨੂੰ ਇਸ ਪਖੋਂ ਪੂਰੀ ਆਜ਼ਾਦੀ ਹੋਣੀ ਚਾਹੀਦੀ ਹੈ ਕਿ ਉਹ ਆਪਣੀਆਂ ਭਾਵਨਾਵਾਂ ਤੇ ਵਿਚਾਰਾਂ ਨੂੰ ਆਪਣੇ ਢੰਗ ਨਾਲ ਪ੍ਰਗਟਾਏ। ਪੜ੍ਹਨ ਵਾਲਿਆਂ ਨੂੰ ਜੇ ਉਸ ਵਿਚੋਂ ਕੁਝ ਚੰਗਾ ਲੱਭਦਾ ਹੈ ਤਾਂ ਉਸ ਨੂੰ ਗ੍ਰਹਿਣ ਕਰ ਲੈਣ, ਨਹੀਂ ਤਾਂ ਛੱਡ ਦੇਣ। ਪਰ ਕਦੇ ਵੀ ਕਿਸੇ ਰਚਨਾ ਨੂੰ ਪੜ੍ਹਦਿਆਂ ਉਸ ਨੂੰ ਉਸ ਦੇ ਸਿਰਜਣ ਕਰਤਾ( ਵਿਸ਼ੇਸ਼ ਕਰ ਇਸਤਰੀਆਂ) ਦੇ ਚਰਿਤ੍ਰ ਨਾਲ ਜੋੜ ਕੇ ਨਾ ਵੇਖਣ। ਕਿਉਂਕਿ ਰਚਨਾ ਜਦੋਂ ਪ੍ਰਕਾਸ਼ਿਤ ਹੋ ਕੇ ਪਾਠਕਾਂ ਤੱਕ ਪੁਜਦੀ ਹੈ ਤਾਂ ਉਹ ਕਿਸੇ ਵੀ ਲੇਖਕ ਦੇ ਨਿੱਜ ਨਾਲ ਸੰਬੰਧਿਤ ਨਹੀਂ ਰਹਿ ਜਾਂਦੀ। ਉਹ ਲੇਖਕ ਤੋਂ ਟੁੱਟ ਕੇ ਪਾਠਕਾਂ ਨਾਲ ਜੁੜਦੀ ਹੈ। ਪਰ ਰਚਨਾ ਨੂੰ ਉਸ ਦੀ ਆਪਣੀ ਸੁਤੰਤਰ ਹੋਂਦ ਨਾਲ ਸਵੀਕਾਰ ਕਰਨਾ ਜ਼ਰੂਰੀ ਹੈ ਨਾ ਕਿ ਸਿਰਫ ਕਿਸੇ ਨਾਂ ਨਾਲ ਜੁੜੇ ਹੋਣ ਕਾਰਣ। ਇਸ ਦਾ ਅਰਥ ਇਹ ਨਹੀਂ ਸਮਝਣਾ ਚਾਹੀਦਾ ਕਿ ਲੇਖਕ ਦਾ ਆਪਣੀ ਰਚਨਾ ਨਾਲ ਕੋਈ ਨਾਤਾ ਨਹੀਂ ਹੁੰਦਾ, ਹੁੰਦਾ ਹੈ। ਆਖਿਰ ਆਪਣੇ ਅੰਦਰੋਂ ਸਿਰਜਿਤ ਰਚਨਾ, ਸਿਰਜਨਹਾਰ ਤੋਂ ਐਨੀ ਦੂਰ ਵੀ ਨਹੀਂ ਹੋ ਸਕਦੀ।

ਕਹਿਣ ਦਾ ਭਾਵ ਇਹ ਹੈ ਕਿ ਅਸੀਂ ਲੋਕ ਕਿਸੇ ਦੀ ਕੋਈ ਇਕ ਜਾਂ ਦੋ ਰਚਨਾਵਾਂ ਪੜ੍ਹ ਕੇ ਇਹ ਨਿਸ਼ਚਾ ਕਰ ਲੈਂਦੇ ਹੈ ਕਿ ਫਲਾਣਾ ਲੇਖਕ ਇੰਜ ਹੀ ਲਿਖਦਾ ਹੈ ਜਾਂ ਲਿਖਦੀ ਹੈ। ਇਸ ਲਈ ਬਾਕੀ ਰਚਨਾਵਾਂ ਪੜ੍ਹੇ ਬਿਨਾਂ ਹੀ ਉਸ ਉਤੇ ਇਕ ਠੱਪਾ ਲਾ ਦੇਂਦੇ ਹਾਂ, ਫਲਾਣਾ ਰੁਦਨ ਲਿਖਦਾ ਹੈ, ਫਲਾਣਾ ਬੋਲਡ ਲਿਖਦਾ ਹੈ। ਪਰ ਕਿਸੇ ਵੀ ਲੇਖਕ ਦਾ ਸਾਹਿਤਕ ਮੁਲਾਂਕਣ ਕਰਨ ਲਈ ਉਸ ਦੀਆਂ ਇਕ ਦੋ ਰਚਨਾਵਾਂ ਨੂੰ ਕਦੇ ਆਧਾਰ ਬਣਾ ਕੇ ਨਹੀਂ ਚਲਣਾ ਚਾਹੀਦਾ, ਸਾਰੀਆਂ ਤਕ ਪਹੁੰਚ ਸੰਭਵ ਨਹੀਂ ਤਾਂ ਘੱਟੋ ਘੱਟ ਜੋ ਪ੍ਰਾਪਤ ਹੋ ਸਕਦਾ ਹੈ, ਉਸ ਦੇ ਆਧਾਰ 'ਤੇ ਮੁਲਾਂਕਣ ਕਰਨਾ ਚਾਹੀਦਾ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਘੋਖ ਤੇ ਪੜਤਾਲ ਕਰਨ 'ਤੇ ਬੜਾ ਕੁਝ ਨਵਾਂ ਤੇ ਕਈ ਵਾਰ ਹੈਰਾਨਕੁਨ ਕਰਨ ਵਾਲਾ ਵੀ ਨਜ਼ਰੀ ਪੈ ਜਾਂਦਾ ਹੈ।

ਕੁਝ ਅਜਿਹੇ ਹੀ ਨਵੀਨ ਤੇ ਹੈਰਾਨ ਕਰ ਦੇਣ ਵਾਲੇ ਵਿਸ਼ੇ ਚੰਦਨ ਨੇਗੀ ਦੀਆਂ ਕਹਾਣੀਆਂ ਪੜ੍ਹਦੇ ਹੋਏ ਮਿਲੇ, ਜਿਨ੍ਹਾਂ ਬਾਰੇ ਚਰਚਾ ਕਰਨ ਦੀ ਕੋਸ਼ਿਸ਼ ਕਰਾਂਗੀ। 1976 ਵਿੱਚ 'ਮੇਰਾ ਆਪਾ ਮੋੜ ਦੇ' ਨਾਮਕ ਪਹਿਲੇ ਕਹਾਣੀ ਸੰਗ੍ਰਹਿ ਨਾਲ ਪੈਰ ਰੱਖਣ ਵਾਲੀ ਚੰਦਨ ਨੇਗੀ ਦਾ ਹੁਣ ਤਕ ਦਾ ਨਵੀਨਤਮ ਕਹਾਣੀ ਸੰਗ੍ਰਹਿ 'ਹਰਖ ਸੋਗ' ਹੈ, ਜੋ ਕਿ 2004 ਵਿੱਚ ਆਇਆ। ਆਪਣੇ ਸਾਰੇ ਹੀ ਸੰਗ੍ਰਹਿ ਵਿੱਚ ਉਹ ਅਨੇਕਾਂ ਪਾਤਰ ਲੈ ਕੇ ਆਈ ਹਰ ਉਮਰ, ਹਰ ਜਾਤੀ, ਪੇਂਡੂ-ਸ਼ਹਿਰੀ ਕਸਬਾਈ, ਪਰ ਭਾਰਤੀ। ਤਨੋਂ-ਮਨੋਂ ਸੁਭਾਅ ਪਰੰਪਰਕ ਪਰਿਵੇਸ਼, ਸਥਿਤੀਆਂ ਵਿੱਚ ਭਾਰਤੀਅਤਾ ਦੀ ਛਾਪ ਰਹੀ। ਦੂਜੇ ਸ਼ਬਦਾਂ ਵਿੱਚ ਉਹ ਜੜ੍ਹ ਨਾਲ ਆਪਣੀ ਧਰਤੀ ਨਾਲ ਜੁੜੇ ਲੋਕਾਂ ਨੂੰ ਵਧੇਰੇ ਚਿਤਰਦੀ ਹੈ। ਉਸ ਦੀਆਂ ਕਹਾਣੀਆਂ ਵਿੱਚ ਉਨ੍ਹਾਂ ਪਾਤਰਾਂ ਦੀ ਬਹੁਲਤਾ ਹੈ, ਜਿਸ ਨੂੰ ਉਸ ਨੇ ਆਪ ਬਚਪਨ, ਜਵਾਨੀ ਵਿੱਚ ਬੜੇ ਨੇੜਿਓਂ ਹੋ ਕੇ ਦੇਖਿਆ ਹੈ। ਉਸ ਦੀਆਂ ਅਨੇਕ ਕਹਾਣੀਆਂ ਉਸ ਦੀ ਨਿਜੀ ਯਾਦਾਂ ਦਾ ਪਿਟਾਰਾ ਜਾਪਦੀਆਂ ਹਨ। 'ਪਰੀ ਚਾਚੀ', 'ਨਿਆਜ਼ਬੋ' , 'ਇਕ ਬੇੜੀ ਹੋਰ', 'ਤ੍ਰਿਕੰਢਾਂ', 'ਖੁਣੇ ਹੋਏ ਤਿਲ', 'ਬੰਦ ਗਲੀ ਦਾ ਮੋੜ, 'ਗੰਧ ਕਥੂਰੀ' ਤੇ ਹੋਰ ਵੀ ਕੁਝ ਕਹਾਣੀਆਂ ਅਜਿਹੀਆਂ ਹਨ, ਜੋ ਉਸ ਦੀਆਂ ਬਚਪਨ ਜਾਂ ਜਵਾਨੀ ਨਾਲ ਵਾਪਰੀ ਜਾਂ ਜੁੜੀ ਕਿਸੇ ਨਾ ਕਿਸੇ ਘਟਨਾ ਦਾ ਪ੍ਰਗਟਾਵਾ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਵਿੱਚ ਕਿੱਧਰੇ ਨਾ ਕਿੱਧਰੇ ਆਪ ਮੌਜੂਦ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਨਿਜੀ ਘਟਨਾ ਨੂੰ ਲੈ ਕੇ ਲਿਖਣਾ 'ਕਹਾਣੀ' ਕਿਵੇਂ ਹੋ ਸਕਦੀ ਹੈ। ਪਰ ਇਹ ਸੱਚ ਹੈ ਕਿ ਜਿਨ੍ਹਾਂ ਕਹਾਣੀਆਂ ਦਾ ਉਪਰ ਜ਼ਿਕਰ ਕੀਤਾ ਗਿਆ ਹੈ, ਉਹ ਨਿੱਜੀ ਜੀਵਨ ਦਾ ਪ੍ਰਗਟਾਵਾ ਕਰ ਦੀਆਂ ਵੀ ਕਹਾਣੀ-ਪਖੋਂ ਬਹੁਤ ਚੰਗੀਆਂ ਕਹਾਣੀਆਂ ਸਾਬਿਤ ਹੋਈਆਂ ਹਨ। ਇਹੀਂ ਸਾਹਿਤਕਤਾ ਹੈ, ਜਿੱਥੇ ਨਿੱਜੀ ਘਟਨਾ ਵੀ ਨਿੱਜੀ ਨਾ ਰਹਿ ਕੇ



ਕਹਾਣੀ ਵਿੱਚ ਉਸ ਦੇ ਪਾਤਰਾਂ ਤੇ ਕਥਾਨਕ ਵਿੱਚ ਢਲ ਕੇ ਪਾਠਕ ਨੂੰ ਵੀ ਆਪਣੀ ਜਾਪੇ। ਘਟਨਾਵਾਂ ਤਾਂ ਰੋਜ਼ ਵਾਪਰਦੀਆਂ ਹਨ, ਹਰ ਕਿਸੇ ਦੇ ਜੀਵਨ ਤੇ ਆਲੇ-ਦੁਆਲੇ, ਘਟਨਾਵਾਂ ਦੀ ਕੋਈ ਕਮੀ ਨਹੀਂ ਹੁੰਦੀ ਪਰ ਕਹਾਣੀਕਾਰ ਉਸ ਘਟਨਾ ਵਿੱਚ ਕਿੰਨੀ ਕਲਪਨਾ ਤੇ ਕਿੰਨੀ ਨਿਜਤਾ ਨੂੰ ਸ਼ਾਮਿਲ ਕਰਦਾ ਤੇ ਛੱਡਦਾ ਹੈ, ਇਹ ਉਥੇ ਦੀ ਕਹਾਣੀ-ਕਲਾ ਤੇ ਨਿਰਭਰ ਕਰਦਾ ਹੈ। ਨਾ ਹਰ ਨਿੱਜੀ ਘਟਨਾ ਨੂੰ ਕਹਾਣੀ ਦਾ ਰੂਪ ਦਿੱਤਾ ਜਾ ਸਕਦਾ ਹੈ ਤੇ ਨਾ ਹੀ ਹਰ ਕਹਾਣੀ ਵਿੱਚ ਨਿੱਜਤਾ ਸ਼ਾਮਿਲ ਹੀ ਹੁੰਦੀ ਹੈ। ਇਹ ਕਹਾਣੀਕਾਰ ਦਾ ਅੰਦਾਜ਼ ਵੀ ਹੋ ਸਕਦਾ ਪਰ ਜੇ ਇਹ ਅੰਦਾਜ਼ ਪਾਠਕ ਨੂੰ ਅਪਣੇਪਨ ਦਾ ਅਹਿਸਾਸ ਕਰਵਾ ਜਾਏ ਤਾਂ ਕਹਾਣੀ ਸਫਲ ਹੋ ਜਾਂਦੀ ਹੈ।

ਹੁਣ ਉਸ ਦੀ ਕਹਾਣੀ 'ਗੰਧ ਕਥੂਰੀ' ਨੂੰ ਹੀ ਲਈਏ। ਉਸ ਵਿੱਚ ਬਿਆਨ ਘਟਨਾ ਤੇ ਪਾਤਰ ਨਿੱਜੀ ਜੀਵਨ ਨਾਲ ਜੁੜੇ ਹੋਣ ਦੇ ਬਾਵਜੂਦ ਇਕ ਅਟਲ ਸੱਚਾਈ ਨੂੰ ਬਿਆਨ ਕਰਦਾ ਹੈ। 'ਸੰਨਿਆਸੀ' ਦੇ ਜੀਵਨ ਦੀ ਯੋਗ-ਸਾਧਨਾ ਪਾਖੰਡ ਨਹੀਂ, ਪਰ ਉਸ ਦੇ ਗੱਲੇ ਵਿੱਚ ਤੰਗ ਹੋ ਕੇ ਚਿਪਕੀ ਚਿੱਟੇ ਸਿੱਪ ਦੀ ਮਾਲਾ ਕਿੰਨੇ ਗੁਝੇ ਪ੍ਰਤੀਕ ਤੇ ਗਹਿਨ ਅਰਥਾਂ ਨੂੰ ਬਿਆਨ ਕਰਦੀ ਹੈ। ਸਾਧੂ ਸੰਨਿਆਸੀਆਂ ਦੇ ਵਿੱਚ ਪਈਆਂ ਅਨੇਕ ਮਾਲਾਵਾਂ ਨੂੰ ਅਸੀਂ ਦੇਖਦੇ ਹਾਂ, ਪਰ ਚੰਦਨ ਉਸ ਮਾਲਾ ਦੇ ਲਿਪਟੇ ਹੋਣ ਨੂੰ ਸਾਹਿਤਕ ਰੰਗਣ ਪ੍ਰਦਾਨ ਕਰ ਜਾਂਦੀ ਹੈ। ਉਹ ਸਿਰਫ ਮਾਲਾ ਨਹੀਂ ਇਕ ਦਾਇਰਾ ਹੈ, ਤੇ ਢੰਗ ਵੀ ਹੈ ਜਿਸ ਤੋਂ ਸੰਨਿਆਸੀ ਆਪ ਵੀ ਪਾਰ ਜਾਣ ਚਾਹੁੰਦਾ ਹੈ, ਪਰ ਐਨੇ ਸਾਲਾਂ ਦੀ ਘੋਰ ਤਪੱਸਿਆ ਕਰੜੀ ਬੰਦਗੀ ਕਰਨ ਕਾਰਣ ਉਸ ਵਿੱਚ ਉਸ ਮਾਲਾ ਨੂੰ ਆਪਣੀ ਹੱਥੀਂ ਤੋੜਨ ਦੀ ਹਿੰਮਤ ਅਜੇ ਤਕ ਨਹੀਂ ਆ ਸਕੀ। ਅਚਾਨਕ ਛੋਟੀ ਜਿਹੀ ਅਭੋਲ ਅਬੋਧ ਬੱਚੀ ਨੇ ਇਕੋ ਹੀ ਝਟਕੇ ਨਾਲ ਉਸ ਨੂੰ ਖਿੱਚ, ਉਸ ਦਾ ਮਣਕਾ-ਮਣਕਾ ਖਿਲੇਰ ਦਿੱਤਾ ਤਾਂ ਸੰਨਿਆਸੀ ਵਿੱਚ ਜਿਵੇਂ ਉਸ ਸੱਚ ਦਾ ਸਾਹਮਣਾ ਕਰਨ ਦੀ, ਉਸ ਸੱਚ ਨੂੰ ਆਪਣੇ ਅੱਗੇ ਵੀ ਸਵੀਕਾਰ ਕਰਨ ਦੀ ਹਿੰਮਤ ਆ ਗਈ, ''ਸੱਚ ਤੋਂ ਕਹਿ ਤਾ ਹੂੰ... ਤੱਪ, ਯੋਗ, ਸਾਧਨਾ ਦੇ ਬਲ, ਮਨ ਨੂੰ ਮਾਰਨ, ਸਰੀਰ ਦੀ ਲੋੜ ਨੂੰ ਜ਼ਬਰਦਸਤੀ ਦਬਾਉਣ ਨਾਲ ਜਿਨਸੀ ਤਾਕਤ ਮਰਦੀ ਤਾਂ ਨਹੀਂ ਵਿਅਰਥ ਹੋ ਜਾਂਦੀ ਹੈ। ਯੇ ਹੀ ਤੋ ਹੈ ਕੁਦਰਤ ਦਾ ਕ੍ਰਿਸ਼ਮਾ।'' (ਗੰਧੁ ਕਥੂਰੀ, ਪੰਨਾ 24)

ਇੰਝ ਹੀ 'ਖੁਣੇ ਹੋਏ ਤਿਲ' ਵਿਚਲੀ 'ਪਠਾਣੀ ਭੂਆ' ਜਿਸ ਨੂੰ ਵਲੀ ਕੰਧਾਰੀ ਦੀ ਪਹਾੜੀ ਚੜ੍ਹਦਿਆਂ ਚਿਤਰਿਆ ਗਿਆ। ਉਹ ਪਠਾਣੀ ਔਰਤ ਇਕੋ ਸਾਹ ਪੀਰ ਵਲੀ ਕੰਧਾਰੀ ਤੇ ਨਾਨਕ ਸ਼ਾਹ ਨੂੰ ਚਿਤਵਦੀ ਜਾ ਰਹੀ ਹੈ। ਜਾਣ-ਪਛਾਣ ਨਿਕਲ ਆਉਣ ਤੇ ਪਤਾ ਲੱਗਦਾ ਹੈ ਕਿ ਉਹ 'ਮੈਂ' ਪਾਤਰ ਦੀ ਬਚਪਨ ਵੇਲੇ ਦੀ ਗਵਾਂਢਣ ਰਹਿ ਚੁੱਕੀ ਹੈ। ਇਹ ਸਾਰੀ ਕਹਾਣੀ ਅੰਤ ਵਿੱਚ ਉਥੇ ਖਤਮ ਹੁੰਦੀ ਹੈ, ਜਿੱਥੇ ਇਕ ਸਿੰਘ ਸਜੀ ਪਠਾਣੀ ਔਰਤ ਕੰਧਾਰੀ ਦੇ ਦਰਸ਼ਨ ਕਰਦਿਆਂ ਮੁੜ ਕੇ ਆਉਂਦਿਆਂ ਹੀ ਆਪਣੇ ਸਵਾਸ ਦੇ ਦੇਂਦੀ ਹੈ ਤੇ ਉਸ ਦਾ ਸਰਦਾਰ ਪੁੱਤਰ ਕਹਿੰਦਾ ਹੈ,

''ਹਾਂ, ਸੰਸਕਾਰ ਕੀ ਤੇ ਦਫ਼ਨ ਕੀ... ਕੀ ਫ਼ਰਕ ਪੈਂਦੇ ਇਥੇ ਇਸੀ ਮਿੱਟੀ ਵਿੱਚ ਮਾਂ ਨੂੰ ਦਫ਼ਨ ਕਰ ਦੇਈਏ।''

'ਸਿੱਖ ਤੇ ਦਫ਼ਨ..।'

'ਧਰਮ ਦੇ ਠੱਪੇ ਮਨੁੱਖ ਹੀ ਲਗਾਂਦੈ...। ਮਰਨ ਤੋਂ ਬਾਅਦ ਮਿੱਟੀ ਦਾ ਕੀ ਧਰਮ ਹੁੰਦੈ। ਅਗਨ ਭੇਟ ਕਰੋ ਜਾਂ ਧਰਤੀ ਭੇਟ...।'' (ਹਰਖ ਸੋਗ, ਪੰਨਾ-53)

ਇਥੇ ਕਹਾਣੀਕਾਰ ਦੀ ਆਪਣੀ ਸੋਚ ਹੈ ਜੋ ਪਾਤਰ ਦੇ ਮੂੰਹੋਂ ਬੋਲ ਰਹੀ ਹੈ। ਆਖਿਰ ਪਾਤਰ ਅਸੀਂ ਆਪਣੀ ਜ਼ਿੰਦਗੀ ਵਿਚੋਂ ਹੀ ਤਾਂ ਲੱਭਦੇ ਹਾਂ ਜਾਂ ਸਾਡੀ ਅਚਾਨਕ ਉਨ੍ਹਾਂ ਉਤੇ ਨਜ਼ਰ ਪੈ ਜਾਂਦੀ ਹੈ। ਦੂਸਰੇ ਸ਼ਬਦਾਂ ਵਿੱਚ, ਕੋਈ ਅਜਿਹਾ ਪੱਖ ਜਾਂ ਅਜਿਹੀ ਸੱਚਾਈ ਜਿਸ ਦਾ ਤਾਲੁੱਕ ਸਾਰੀ ਲੋਕਾਈ ਨਾਲ ਜੁੜ ਕੇ ਇਕ ਨਵਾਂ ਵਿਚਾਰ ਜਾਂ ਨਵੀਨ ਸੇਧ ਦੇਣ ਵਾਲਾ ਹੋਵੇ, ਉਹ ਨਿੱਜੀ ਪੱਧਰ ਤੋਂ ਉਠ ਕੇ 'ਅਸੀਂ ਜਾਂ ਲੋਕਾਂ ਤਕ ਪਹੁੰਚ ਵਿਸ਼ਾਲ ਅਰਥ ਗ੍ਰਹਿਣ ਕਰ ਸਕਣ ਦੇ ਸਮਰੱਥ ਹੋ ਜਾਂਦਾ ਹੈ।

ਚੰਦਨ ਨੇਗੀ ਦੀਆਂ ਕਹਾਣੀਆਂ ਦਾ ਇਕ ਪਹਿਲੂ 'ਵਿਆਹੁਤਾ ਇਸਤਰੀ' ਦਾ ਵਿਭਿੰਨ ਪੱਖਾਂ ਤੋਂ ਚਿਤਰਣ ਹੈ। ਸਾਡੇ ਸਮਾਜ ਵਿੱਚ ਵਿਆਹ ਨੂੰ ਜ਼ਿੰਦਗੀ ਦਾ ਇਕ ਮਹੱਤਵਪੂਰਨ ਟਰਨਿੰਗ ਪੁਆਇੰਟ ਸਮਝਿਆ ਜਾਂਦਾ ਹੈ। ਹੁਣ ਭਾਵੇਂ ਸਮੇਂ ਦੇ ਨਾਲ ਇਸ ਸੋਚ ਵਿੱਚ ਬਦਲਾਵ ਆਉਂਦਾ ਜਾਂਦਾ ਹੈ ਪਰ ਦੋ-ਤਿੰਨ ਦਹਾਕਿਆਂ ਤੋਂ ਪਹਿਲਾਂ ਵਿਆਹ ਨੂੰ ਜ਼ਿੰਦਗੀ ਦਾ ਮਰਕਜ਼ ਮੰਨਿਆ ਜਾਂਦਾ ਸੀ, ਖਾਸ ਕਰ ਕੁੜੀਆਂ ਲਈ। ਉਨ੍ਹਾਂ ਦੀ ਸਾਰੀ ਪੜ੍ਹਾਈ ਲਿਖਾਈ ਸਿਲਾਈ-ਕਢਾਈ ਸਿੱਖਣਾ-ਪਕਾਉਣਾ ਸਿਰਫ ਦੂਜੇ ਘਰ ਜਾਂ ਪਰਾਏ ਘਰ ਜਾਣ ਨਾਲ ਹੀ ਸੰਬੰਧਿਤ ਹੁੰਦਾ ਸੀ। ਧੀ ਨੂੰ ਵਿਆਹੁਤਾ ਮਾਪਿਆ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਤੇ ਬੋਝ ਸਮਝਿਆ ਜਾਂਦਾ ਰਿਹਾ ਹੈ। ਮਾਪੇ ਕੁੜੀ ਨੂੰ ਉਸ ਦੇ ਸਹੁਰੇ ਟੋਰ ਆਪ ਸੁਰਖਰੂ ਹੋਣਾ ਚਾਹੁੰਦੇ ਹਨ, ਕਿਉਂਕਿ ਹੁਣ ਕੁੜੀ ਉਨ੍ਹਾਂ ਦੀ ਜ਼ਿੰਮੇਵਾਰੀ ਨਾ ਰਹਿ ਕੇ ਸਹੁਰਿਆਂ ਦੀ ਹੋ ਜਾਂਦੀ ਹੈ। ਇੰਝ ਕਈ ਵਾਰ ਇਹ ਵੀ ਸਮਝ

ਲਿਆ ਜਾਂਦਾ ਹੈ ਕਿ ਵਿਆਹ ਮਗਰੋਂ ਹੁਣ ਕਿਸ ਕਹਾਣੀ ਨੇ ਜਨਮ ਲੈਣਾ ਹੈ, ਕਹਾਣੀ ਵਿਆਹ ਤੋਂ ਪਹਿਲਾਂ ਹੀ ਜਨਮ ਲੈਂਦੀ ਹੈ, ਬਾਅਦ ਵਿੱਚ ਤਾਂ ਕੁੜੀਆਂ ਗ੍ਰਹਿਸਥੀ ਦੇ ਚੱਕਰਾਂ ਤੇ ਬੱਚਿਆਂ ਦੀ ਪਾਲਨਾ-ਪੋਸ਼ਣਾ ਵਿੱਚ ਹੀ ਐਨੀਆਂ ਰੁੱਝ ਜਾਂਦੀਆਂ ਹਨ ਕਿ ਕਿਸੇ ਹੋਰ ਗੱਲ ਜਾਂ ਸ਼ੌਂਕ ਵੱਲ ਨਾ ਉਨ੍ਹਾਂ ਦਾ ਧਿਆਨ ਜਾਂਦਾ ਹੈ ਤੇ ਨਾ ਹੀ ਉਨ੍ਹਾਂ ਕੋਲ ਵੇਲਾ ਵਿਹਲ ਹੁੰਦੀ ਹੈ। ਇਹ ਸਮਾਜਕ ਪੱਧਰ ਦੀ ਸੋਚ ਹੋ ਸਕਦੀ ਹੈ, ਪਰ ਆਮ ਤੌਰ ਤੇ ਕਹਾਣੀਆਂ ਹਰ ਵੇਲੇ ਹੀ ਸਾਹ ਲੈਂਦੀਆਂ ਪ੍ਰਤੀਤ ਹੁੰਦੀਆਂ ਹਨ।

ਚੰਦਨ ਦੀਆਂ ਕਹਾਣੀਆਂ ਵਿੱਚ ਅਕਸਰ ਵਿਆਹ ਮਗਰੋਂ ਕਹਾਣੀ ਦਾ ਆਗਾਜ਼ ਹੁੰਦਾ ਹੈ। ਇਹ ਵਿਆਹੁਤਾ ਇਸਤਰੀਆਂ ਹਰ ਤਰ੍ਹਾਂ ਦੀਆਂ ਮਿਲਦੀਆਂ ਹਨ। ਆਪਣੇ ਪਹਿਲੇ ਹੀ ਕਹਾਣੀ ਸੰਗ੍ਰਹਿ 'ਮੇਰਾ ਆਪਾ ਮੋੜ ਦੇ' ਵਿੱਚ ਉਹ 'ਸੁਲਫੇ ਦੀ ਲਾਟ' ਵਿਚ ਇਕ ਅਜਿਹੀ ਵਿਆਹੁਤਾ ਇਸਤਰੀ ਨੂੰ ਸਿਰਜਦੀ ਹੈ ਜੋ ਜਵਾਨ, ਖੂਬਸੂਰਤ ਤੇ ਧਨ-ਦੌਲਤ ਨਾਲ ਲੱਦੀ ਹੋਈ ਰਾਤ ਦੇ ਹਨੇਰੇ ਵਿੱਚ ਕਿਸੇ ਅਜਨਬੀ ਮਰਦ ਨੂੰ ਇਸ ਲਈ ਮੂੰਹ ਛੁਪਾ ਕੇ ਮਿਲਦੀ ਹੈ ਤਾਂ ਕਿ ਉਹ ਸੇਠ ਪਤੀ ਤੋਂ ਪਿਆਸੀ ਆਪਣੀ ਛਟਪਟਾਹਟ 'ਤੇ ਕਾਬੂ ਪਾ ਸਕੇ। ਉਹ ਸੁਲਫੇ ਦੀ ਲਾਟ ਵਰਗੀ ਬਲ-ਬਲ ਕਰਦੀ ਜਵਾਨੀ ਆਪਣੀ ਮੰਜ਼ਿਲ ਪਾ ਸਕੇ।

'ਚੰਦ ਰਾਤ' ਵਿਚਲੀ ਕ੍ਰਿਸ਼ਨਾ ਬੇਕਸੂਰੀ ਹੀ ਲੋਕਾਂ ਵਿੱਚ ਬਦਨਾਮ ਹੋ ਜਾਂਦੀ ਹੈ। ਕਿਉਂਕਿ ਉਸ ਦਾ ਪਤੀ ਵਿਆਹ ਵਾਲੀ ਰਾਤ ਵੀ ਉਸ ਕੋਲ ਆ ਕੇ ਸੌਂ ਜਾਂਦਾ ਹੈ ਤੇ ਮੁੜ ਕਦੇ ਉਸ ਕੋਲ ਨਹੀਂ ਆਉਂਦਾ ਤੇ ਲੋਕ ਸੋਚਦੇ ਹਨ ਕਿ ਕ੍ਰਿਸ਼ਨਾ ਦੇ ਔਰਤਪੁਣੇ ਵਿੱਚ ਕੋਈ ਕਮੀ ਹੈ। ਜਦ ਕਿ ਸੱਚਾਈ ਇਹ ਕਿ ਕ੍ਰਿਸ਼ਨਾ ਦੀ ਮਾਂ ਨੇ ਜਾਣ ਬੁਝ ਕੇ ਉਸ ਮੁੰਡੇ ਨਾਲ ਆਪਣੀ ਧੀ ਵਿਆਹੀ ਤਾਂ ਕਿ ਉਹ ਆਪ ਉਸ ਮੁੰਡੇ ਨਾਲ ਆਪਣਾ ਸੰਬੰਧ ਕਾਇਮ ਰੱਖ ਸਕੇ।

'ਖੂਹ ਦੀ ਟਿੰਡ' ਦੀ ਸੁਹਾਗਣ ਨੂੰ ਲੋਕਾਂ ਦੇ ਦੂਸ਼ਣ ਇਸ ਲਈ ਸਹਿਣੇ ਪੈਂਦੇ ਹਨ, ਕਿਉਂਕਿ ਮੰਜ਼ੀ ਨਾਲ ਮੰਜ਼ੀ ਹੋਏ ਪਤੀ ਦੀਆਂ ਵਿਲਕਦੀਆਂ ਅੱਖਾਂ ਵਿੱਚ ਉਸ ਨੇ ਜੋ ਅਤ੍ਰਿਪਤੀ ਵੇਖੀ ਸੀ, ਉਸ ਨੂੰ ਉਸ ਨੇ ਕਈ ਵਾਰ ਅਣਵੇਖਿਆ ਕਰਨਾ ਚਾਹਿਆ ਸੀ, ਪਰ ਆਖਿਰ ਪਤੀ ਦੀ ਜਿੱਦ ਅੱਗੇ ਹਾਰ ਮੰਨ ਲਈ ਸੀ। ਪਤੀ ਦੇ ਮਰ ਜਾਣ ਮਗਰੋਂ ਸਹੁਰਿਆਂ ਤੇ ਲੋਕਾਂ ਨੇ ਇਸ ਗੱਲ 'ਤੇ ਯਕੀਨ ਨਾ ਕੀਤਾ ਕਿ ਉਸ ਦੀ ਕੁੱਖ ਵਿੱਚ ਪਲਦਾ ਜੀਅ ਉਸ ਦੇ ਪਤੀ ਦਾ ਹੀ ਹੈ। ਲੋਕਾਂ ਉਸ ਨੂੰ ਕੁਲਛੱਣੀ ਸਮਝਿਆ ਤੇ ਉਸ ਨੂੰ ਘਰੋ-ਬਾਹਰ ਛੱਡਣ ਲਈ ਮਜ਼ਬੂਰ ਕਰ ਦਿੱਤਾ।

'ਕਰੜਾ ਸਾਰ' ਕਹਾਣੀ-ਸੰਗ੍ਰਹਿ ਦੀ ਇਕ ਕਹਾਣੀ 'ਕੰਮੋਡ' ਵੀ ਧਿਆਨ ਖਿਚਦੀ ਹੈ। 'ਰੂਬੀ' ਜਿਸ ਦੇ ਅਯਾਸ਼ ਪਤੀ ਨੇ ਵਿਆਹ ਨੂੰ ਆਪਣੀ ਆਜ਼ਾਦੀ ਦਾ ਖਲਲ ਸਮਝ ਬੀਵੀ ਤੋਂ ਪਿੱਛਾ ਛੁਡਾਉਣ ਖਾਤਿਰ ਆਪਣੇ ਹਨੀਮੂਨ ਸਮੇਂ ਪਤਨੀ ਦੀਆਂ ਖਿਚੀਆਂ ਅੱਧ ਨੰਗੀਆਂ ਤਸਵੀਰਾਂ ਨੂੰ ਅਦਾਲਤ ਵਿੱਚ ਉਸ ਦੀ ਚਰਿਤ੍ਰਹੀਣਤਾ ਦਰਸਾਉਣ ਲਈ ਹੀ ਪੇਸ਼ ਕਰ ਤਲਾਕ ਲੈ ਲਿਆ। ਪਰ ਰੂਬੀ ਨੇ ਭਰੇ ਬਜ਼ਾਰ ਵਿੱਚ ਪਤੀ ਦੀ ਇਕ ਦੋਸਤ ਕੁੜੀ ਸਾਹਮਣੇ ਉਸ ਨੂੰ ਜ਼ੋਰਦਾਰ ਥੱਪੜ ਮਾਰ ਦੱਸਿਆ ਸੀ ਕਿ ਉਹ ਕਦੇ ਉਸ ਦੀ ਬੀਵੀ ਰਹਿ ਚੁੱਕੀ ਹੈ। ਉਂਜ ਵਕੀਲ ਸਾਹਵੇਂ ਉਸ ਕਿਹਾ ਸੀ,

ਕੰਪਰੋਮਾਈਜ਼...? ਨਹੀਂ ਵਕੀਲ ਸਾਹਬ , ਕੰਮੋਡ ਚਾਹੇ ਨਵਾਂ-ਨਵਾਂ ਫੈਕਟਰੀ ਵਿਚੋਂ ਨਿਕਲਿਆ ਹੋਵੇ, ਕੰਮੋਡ ਕੰਮੋਡ ਹੀ ਹੁੰਦੈ...। ਕਦੇ ਕਿਸੇ ਖੀਰ ਨਹੀਂ ਬਣਾਈ।''

ਸ਼ਕ ਇਕ ਅਜਿਹਾ ਜ਼ਹਿਰੀਲਾ ਬੀਜ਼ ਹੁੰਦਾ ਹੈ ਜੋ ਵਿਸ਼ਵਾਸ ਦੇ ਫੁੱਲ ਨੂੰ ਵੀ ਖਿੜਨ ਤੋਂ ਪਹਿਲਾਂ ਜਾਂ ਖਿੜੇ ਹੋਏ ਨੂੰ ਮੁਰਝਾਉਣ ਲਈ ਕਾਫੀ ਹੁੰਦਾ ਹੈ। ਹਰ ਰਿਸ਼ਤੇ ਨੂੰ ਵਿਗਾੜਨ ਵਿੱਚ ਸ਼ੱਕ ਦਾ ਬਹੁਤ ਵੱਡਾ ਹੱਥ ਹੁੰਦਾ ਹੈ। ਪਰ ਪਤੀ-ਪਤਨੀ ਦੇ ਬੁਨਿਆਦੀ ਰਿਸ਼ਤੇ ਵਿੱਚ ਇਹ ਸ਼ੱਕ ਤੇ ਗਲਤਫਹਿਮੀ ਬੇੜਾ ਗਰਕ ਹੀ ਕਰ ਦੇਂਦੇ ਹਨ। ਇਸ ਨੂੰ ਮੂਲ ਵਿੱਚ ਰੱਖ ਚੰਦਨ ਨੇ ਕਈ ਕਹਾਣੀਆਂ ਦੀ ਰਚਨਾ ਕੀਤੀ, ਜਿਨ੍ਹਾਂ ਵਿਚੋਂ 'ਧੁਆਂਖੀ ਧੁੱਪ', 'ਰੇਸ਼ਮੀ ਖੰਭਾਂ ਵਾਲੀ ਚਿੜੀ' ਦਾ ਜ਼ਿਕਰ ਕੀਤਾ ਜਾ ਸਕਦਾ ਹੈ।

'ਧੁਆਂਖੀ ਧੁੱਪ' ਵਿੱਚ ਹੀਣਭਾਵਨਾ ਦਾ ਸ਼ਿਕਾਰ ਇੰਦਰ, ਪਤਨੀ ਆਸ਼ੀ ਦੀ ਬਰਾਬਰੀ ਨਾ ਕਰ ਸਕਣ ਖਾਤਿਰ ਆਪਣੇ-ਆਪ ਨੂੰ ਮਿੱਟੀ ਦਾ ਤੇਲ ਪਾ ਸਾੜ ਲੈਂਦਾ ਹੈ। ਤੇ 'ਰੇਸ਼ਮੀ ਖੰਭਾਂ ਵਾਲੀ ਚਿੜੀ' ਵਿੱਚ ਵਿਆਹ ਵੇਲੇ ਜੈ ਮਾਲਾ ਲੈ ਕੇ ਤਿਆਰ ਆਪਣੀ ਦੁਲਹਨ ਕੋਲ ਜਾ ਕੇ ਮਜ਼ਾਕ ਕਰਨ ਵਾਲੇ ਮੁੰਡੇ ਨੂੰ ਉਸ ਦਾ ਪ੍ਰੇਮੀ ਸਮਝ ਸਦਾ ਉਸ ਉਤੇ ਸ਼ੱਕ ਹੀ ਕਰਦਾ ਆਇਆ, ਭਾਵੇਂ ਸੱਚ ਇਹ ਸੀ ਕਿ ਉਹ ਮੁੰਡਾ ਉਸ ਕੁੜੀ ਦੀ ਭੂਆ ਦਾ ਮੁੰਡਾ ਸੀ। ਪਰ ਆਪਣੇ ਸੋਹਣੇ ਬੱਚਿਆ ਦੀ ਪੈਦਾਇਸ਼ ਨੂੰ ਵੀ ਉਹ ਸ਼ੱਕੀ ਨਿਗਾਹ ਨਾਲ ਦੇਖਦਾ ਰਿਹਾ ਤੇ ਪਤਨੀ ਨਾਲ ਕਦੇ ਵੀ ਸੁਭਾਵਿਕ ਰਿਸ਼ਤਾ ਕਾਇਮ ਨਾ ਕਰ ਸਕਿਆ।

'ਸਹਿਮ' ਤੇ 'ਪਲੰਦੇ' ਜਿਹੀਆਂ ਕਹਾਣੀਆਂ ਦੀਆਂ ਇਸਤਰੀਆਂ ਪਾਤਰਾਂ ਦੇ ਨਾਲ ਸੁਹਾਗਣ ਇਸਤਰੀਆਂ ਦੀਆਂ ਵਿਵਿਧਤਾ ਦੀ ਇਹ ਚਰਚਾ ਉਦੋਂ ਤੱਕ ਅਧੂਰੀ ਹੀ ਰਹੇਗੀ ਜਦੋਂ ਤਕ 'ਮੈਂ ਸੀਤਾ ਨਹੀਂ ' 'ਚਟਾਨ' ਦਾ ਜ਼ਿਕਰ ਨਾ ਕੀਤਾ ਜਾਏ। ਚੰਦਨ ਦੀਆਂ ਇਹ ਇਸਤਰੀਆਂ ਵਿਦਰੋਹੀ ਵੀ ਹਨ ਸਿਰਫ ਸਿਰ ਝੁਕਾ ਕੇ ਪਤੀ ਦੀ



ਹਰ ਖੁਸ਼ੀ, ਹਰ ਠੋਕਰ ਸਹਿਣ ਵਾਲੀਆਂ ਨਹੀਂ ਹਨ। ਆਪਣਾ ਰੋਸ ਪ੍ਰਗਟ ਕਰ ਆਪਣਾ ਨਿਵੇਕਲਾ ਰਾਹ ਚੁਣਨ ਵਿੱਚ ਵੀ ਗੁਰੇਜ ਨਹੀਂ ਕਰਦੀਆਂ।

'ਮੈਂ ਸੀਤਾ ਨਹੀਂ' ਵਿੱਚ ਆਪਣੀ ਸਹੇਲੀ ਤੇ ਗੁਆਂਢਣ ਸ਼ਕਤੀ ਦੇ ਮਰ ਜਾਣ ਪਿੱਛੋਂ ਉਸ ਦੇ ਬੱਚਿਆਂ ਦੀ ਪਾਲਣਾ ਕੀਤੀ ਤਾਂ ਲੋਕਾਂ ਨੇ ਉਸ ਦਾ ਨਾਂ ਸ਼ਕਤੀ ਦੇ ਪਤੀ ਇਕਬਾਲ ਨਾਲ ਜੋੜ ਦਿੱਤਾ। ਆਪਣੇ ਪਤੀ ਵਲੋਂ ਵੀ ਸ਼ੱਕੀ ਨਿਗਾਹ ਨਾਲ ਦੇਖੇ ਜਾਣ 'ਤੇ ਉਸ ਨੇ ਭਰੀ ਬਿਰਾਦਰੀ ਸਾਹਮਣੇ ਮੰਦਰ ਵਿੱਚ ਆਪਣੀ ਪਵਿਤਰਤਾ ਦੀ ਸਹੁੰ ਚੁੱਕਣ ਦੀ ਬਜਾਏ, ਇਕਬਾਲ ਸਾਹਮਣੇ ਹੀ ਆਪਣੇ ਬਾਂਹ ਵਲਾ ਕੇ ਕਿਹਾ,

''ਮੇਰਾ ਇਕਬਾਲ ਨਾਲ ਕਦੇ ਕੋਈ ਸੰਬੰਧ ਨਹੀਂ ਰਿਹਾ, ਤੁਸੀਂ ਲੋਕਾਂ ਮੈਨੂੰ ਇਥੇ ਇਕੱਠੇ ਹੋ ਕੇ ਨਸ਼ਰ ਕੀਤਾ ਹੈ... ਜੇ ਤੂੰ ਮਰਦ ਏਂ ਤਾਂ ਅੱਜ ਫੜ ਲੈ ਇਸ ਭਰੀ ਬਿਰਾਦਰੀ ਦੇ ਸਾਹਮਣੇ ਮੇਰੀ ਬਾਂਹ... ਜੋ ਇਨ੍ਹਾਂ ਲੋਕਾਂ ਮੈਨੂੰ ਬਣਾਇਆ ਹੈ, ਹੁਣ ਬਣ ਕੇ ਹੀ ਦੱਸਾਂਗੀ।'' (ਸਗਲ ਸੰਗਿ, ਪੰਨਾ 75)

ਆਪਣੀ ਅਫਸਰ ਪਤਨੀ ਤੋਂ ਈਰਖਾ ਤੇ ਨਫਰਤ ਕਰਦੇ ਪਤੀ ਦੀਆਂ ਸੜੀਆਂ ਬਲੀਆਂ ਗੱਲਾਂ ਤੇ ਮਾਰ ਤੋਂ ਪਤਨੀ ਐਨੀ ਤੰਗ ਪੈ ਚੁੱਕੀ ਸੀ ਕਿ ਉਸ ਨੇ ਮਰਦੇ ਪਤੀ ਤੋਂ ਤਲਾਕ ਲੈ ਆਪਣੇ ਸੱਤ ਜਨਮਾਂ ਦਾ ਨਾਤਾ ਤੋੜ ਲੈਣਾ ਬਿਹਤਰ ਸਮਝਿਆ ਤਾਂ ਕਿ ਉਹ ਉਸ ਦੇ ਮਰਨ ਮਗਰੋਂ ਉਸ ਦੀ ਬੇਵਾ ਵੀ ਨਾ ਕਹਾਈ ਜਾ ਸਕੇ। ਇਹੋ ਜਿਹੀ 'ਚਟਾਨ' ਇਰਾਦੇ ਵਾਲੀ ਪਤਨੀ ਵੀ ਚੰਦਨ ਦੀ ਕਲਮ ਤੋਂ ਸਿਰਜੀ ਗਈ।

ਚੰਦਨ ਦੀਆਂ ਕਹਾਣੀਆਂ ਵਿੱਚ ਸਮਾਜ ਦੇ ਠੁਕਰਾਏ, ਸੜਕਾਂ ਤੇ ਰੁਲ-ਖੁਲ ਕੇ ਪਲਣ ਤੇ ਜੀਵਨ ਜਿਉਣ ਵਾਲੇ ਪਾਤਰ ਵੀ ਮਿਲਦੇ ਹਨ। ਜਿਨ੍ਹਾਂ ਦਾ ਨਾ ਕੋਈ ਘਰ-ਬਾਰ ਹੁੰਦਾ ਹੈ, ਨਾ ਕੋਈ ਉਨ੍ਹਾਂ ਨੂੰ ਪਿਆਰ ਕਰਦਾ ਹੈ, ਨਾ ਉਨ੍ਹਾਂ ਲਈ ਰੋਟੀ ਪਰੋਸ ਕੇ ਰੱਖਦਾ ਹੈ। ਉਹ ਸੜਕਾਂ ਤੇ ਹੀ ਜੰਮਦੇ ਪਲਦੇ ਤੇ ਅਖੀਰ ਉਥੇ ਹੀ ਮਰ ਜਾਂਦੇ ਹਨ। ਚੰਦਨ ਦੀ ਖੋਜੀ ਨਿਗਾਹ ਕਿਰਮਾਂ ਤੇ ਕੀੜੇ-ਮਕੌੜਿਆਂ ਵਾਂਗ ਜ਼ਿੰਦਗੀ ਬਸਰ ਕਰਨ ਲਈ ਮਜ਼ਬੂਰ ਹੋਏ ਮਨੁੱਖਾਂ ਵਿਚੋਂ ਵੀ ਧੜਕਣ ਲੱਭ ਲੈਂਦੀ ਹੈ। ਕਹਾਣੀ ਵਿਚਲੇ ਪਾਤਰ ਹੀ ਸਹੀ, ਪਰ ਕਿਧਰੇ ਨਾ ਕਿਧਰੇ ਉਨ੍ਹਾਂ ਦੀ ਮਨੁੱਖੀ ਹੋਂਦ ਕਿਸੇ ਸੜਕ-ਨਦੀ ਕਿਨਾਰੇ, ਮੁਹੱਲੇ-ਗਲੀ ਵਿੱਚ ਨਜ਼ਰੀ ਪੈ ਹੀ ਜਾਂਦੀ ਹੈ। ਆਖਿਰ ਹੈ ਤਾਂ ਮਨੁੱਖ ਹੀ, ਉਨ੍ਹਾਂ ਦਾ ਜਨਮ ਵੀ ਆਮ ਮਨੁੱਖਾਂ ਵਾਂਗ ਹੀ ਹੁੰਦਾ ਹੈ, ਉਨ੍ਹਾਂ ਅੰਦਰ ਵੀ ਲਹੂ ਦੌੜਦਾ ਹੈ, ਜਜ਼ਬਾਤ ਉਹਦੇ, ਉਗਮਦੇ ਤੇ ਪਲੰਮਦੇ ਹਨ। ਪਤਾ ਨਹੀਂ ਉਹ ਰੱਬ ਦੀ ਮਾਰ ਸਹਿੰਦੇ ਹਨ ਜਾਂ ਆਪਣੀ ਕਿਸਮਤ ਦੀ। ਪਤਾ ਨਹੀਂ ਇਸ ਲਈ ਸਥਿਤੀਆਂ ਕਸੂਰਵਾਰ ਹੁੰਦੀਆਂ ਹਨ ਜਾਂ ਸਮਾਜ। ਕਿਸੇ ਦੇ ਘਰ ਦਾ ਹਿੱਸਾ ਉਹ ਭਾਵੇਂ ਨਹੀਂ ਬਣ ਸਕਦੇ, ਸਮਾਜ ਉਨ੍ਹਾਂ ਨੂੰ ਨਹੀਂ ਅਪਨਾਉਂਦਾ ਪਰ ਚਾਹੇ-ਅਣਚਾਹੇ ਉਹ ਲੋਕਾਂ ਦੇ ਨਜ਼ਰੀ ਪੈਂਦੇ ਰਹਿੰਦੇ ਹਨ, ਗਲੀ-ਮੁਹੱਲੇ ਵਾਲੇ ਉਨ੍ਹਾਂ ਨੂੰ ਜਾਨਣ-ਪਛਾਨਣ ਲੱਗਦੇ ਹਨ ਤੇ ਉਹ ਅਚੇਤੇ ਹੀ ਸਮਾਜ ਦਾ ਹਿੱਸਾ ਬਣ ਜਾਂਦੇ ਹਨ। ਇਹੋ ਜਿਹੇ ਗ਼ਮ ਖਾਧੇ ਟੁੱਟੇ ਹਾਲ ਲੋਕਾਂ ਨੂੰ ਚੰਦਨ ਨੇ 'ਠੁੱਠ', 'ਕਿਰਮ', 'ਦਲਦਲ', 'ਵਿਸੂਰੇ' ਆਦਿ ਕਹਾਣੀਆਂ ਵਿੱਚ ਥਾਂ ਦਿੱਤੀ। ਉਨ੍ਹਾਂ ਦੀ ਬਦਨਸੀਬੀ ਦਾ ਹਾਲ ਇੰਜ ਸੁਣਾਇਆ ਕਿ ਉਨ੍ਹਾਂ ਦੀ ਫਟੇਹਾਲ ਜ਼ਿੰਦਗੀ ਪ੍ਰਤੀ ਹਮਦਰਦੀ ਦੇ ਨਾਲ ਉਤਸੁਕਤਾ ਵੀ ਜਾਗਣ ਲੱਗ ਪਈ।

ਚੰਦਨ ਨੇਗੀ ਦੀਆਂ ਕਹਾਣੀਆਂ ਦਾ ਪਾਠਕਾਂ ਨਾਲ ਨੇੜਤਾ ਰਿਸ਼ਤਾ ਜੁੜਨ ਦਾ ਇਕ ਕਾਰਨ ਉਸ ਦੀ ਬੋਲੀ ਹੈ। ਉਹ ਹਿੰਦਕੋ, ਪਸ਼ਤੋ, ਪੋਠੋਹਾਰੀ ਤੇ ਡੋਗਰੀ ਦੀ ਵਰਤੋ ਇੰਝ ਕਰਦੀ ਹੈ ਕਿ ਪਾਠਕ ਉਸ ਮਿਠਾਸ ਨਾਲ ਭਰ ਜਾਂਦੇ ਹਨ।

ਉਦਾਹਰਣ ਲਈ,

''ਮੇਕੂ ਤਾਂ ਫਿਕਰ ਖਾ ਗਏ... ਛੇਹਰ ਦਾ ਹੁਣ ਕਿਆ ਕਰਾਂ? ਅਗਲੇ ਸ਼ਰੀਕਾਂ ਦੀ ਘਿੱਦੀ ਹੋਈਅਸ... ਇੰਦੀ ਵੀ ਹਾਲੀ ਕੇਹ ਉਮਰ ਏ... ਕੋਈ ਹੋਰ ਕਰ ਘਿੰਨੀ ਸੀ।'' (ਹਰਖ ਸੋਗ, ਪੰਨਾ 65)

''ਕੇਹ ਕੀਤਾ ਨੀ ਘੜੰਦਨ ਮਾਵਾਂ ਦੀਆਂ ਗੁੱਤਾਂ ਪਟੀਦੀਆਂ ਨ... ਤੂੰ ਹਿੰਝ ਸਿਧੀ ਨ੍ਹੀ ਹੋਂਦੀ... ਵਿਗੜੀ-ਤਿਗੜੀ ਨਾ ਹੋਵੇ ਤਾਂ।'' (ਗੰਧੂ ਕਥੂਰੀ, ਪੰਨਾ 12)

ਥੋੜੇ ਵਿੱਚ ਕਿਹਾ ਜਾਏ ਤਾਂ ਚੰਦਨ ਭਾਵੁਕ ਪਲਾਂ ਨੂੰ ਬਿਆਨ ਕਰਨ ਵਾਲੀ ਕਥਾਕਾਰ ਹੈ। ਉਸ ਦੀਆਂ ਕਹਾਣੀਆਂ ਵਿੱਚ ਭਾਵੁਕਤਾ ਦਾ ਪੱਧਰ ਵਧੇਰੇ ਹਾਵੀ ਰਹਿੰਦਾ ਹੈ। ਇਹ ਪਾਠਕਾਂ ਨੂੰ ਛੂੰਹਦਾ ਤਾਂ ਹੈ ਪਰ ਚੇਤੰਨ ਪੱਧਰ ਤੇ ਝਿੰਝੋੜਨ ਵਿੱਚ ਕਈ ਵਾਰ ਢਿੱਲਾ ਵੀ ਰਹਿ ਜਾਂਦਾ ਹੈ। ਅੱਜ ਦੇ ਦੌਰ ਦੀ ਕਹਾਣੀ ਵਿੱਚ ਫੈਲਾਓ ਦੀ ਬਜਾਏ ਉਤਾਰ-ਚੜਾਅ ਉਤੇ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਥੋੜਾ ਦੱਸ ਕੇ ਬਹੁਤਾ ਛੁਪਾ ਕੇ ਰੱਖਿਆ ਜਾਂਦਾ ਹੈ ਤਾਂ ਕਿ ਪਾਠਕ ਆਪ ਕਿਆਸੇ ਲਗਾਉਣ ਤੇ ਇਸ ਚੱਕਰ ਵਿੱਚ ਕਹਾਣੀ ਵਿੱਚ ਵੱਧ ਤੋਂ ਵੱਧ ਖੁਭ ਜਾਣ। ਚੰਦਨ ਨੇਗੀ ਦਾ ਅੰਦਾਜ਼ ਆਪਣਾ ਹੈ, ਪਰ ਜੇ ਉਹ ਅੱਜ ਦੇ ਦੌਰ ਨਾਲ ਕਦਮ ਮੇਚ ਕੇ ਤੁਰੇ ਤਾਂ ਉਸ ਦੇ ਅੰਦਾਜ਼ ਵਿੱਚ ਕਮੀ ਨਹੀਂ ਆਏਗੀ, ਨਵੇਂ ਦੌਰ ਨਾਲ ਜੁੜਨ ਦੀ ਸੰਭਾਵਨਾ ਜ਼ਰੂਰ ਵੱਧ ਜਾਏਗੀ। ੦

# ਪ੍ਰਵਾਸੀ ਪੰਜਾਬੀ ਨਾਰੀ ਕਥਾ ਜਗਤ ਵਿੱਚ ਨਾਰੀਵਾਦ

ਡਾ. ਅਕਵਿੰਦਰ ਕੌਰ ਬਾਹਲ

ਆਦਿ ਕਾਲ ਤੋਂ ਭਾਰਤੀ ਨਾਰੀ ਹਰੇਕ ਪੱਖ ਤੋਂ ਮਰਦ ਦੀ ਗੁਲਾਮ ਰਹੀ ਹੈ। ਇਨਸਾਨ ਦੇ ਰੂਪ ਵਿਚ ਉਸ ਦੀ ਪਛਾਣ ਹੋਣ ਦੀ ਥਾਂ ਉਸ ਨੂੰ ਦੇਵੀ ਜਾਂ ਦਾਸੀ ਦੇ ਰੂਪ ਵਿੱਚ ਵੇਖਿਆ ਜਾਂਦਾ ਹੈ। ਅਰਸਤੂ ਅਤੇ ਜੇਮਜ਼ ਵਰਗੇ ਮਹਾਨ ਚਿੰਤਕਾਂ ਨੇ ਵੀ ਨਾਰੀ ਦੀ ਬੁਰਾਈ ਕਰਨੋਂ ਝਿਜਕ ਨਾ ਕੀਤੀ ਪਰ ਆਧੁਨਿਕ ਨਾਰੀ ਉਹ ਸਾਰੀਆਂ ਲੀਹਾਂ ਟੱਪ ਕੇ ਆਪਣੀ ਅਲੱਗ ਤੇ ਸਵੈ-ਪਛਾਣ ਦੇ ਰਸਤੇ ਤੇ ਤੁਰ ਪਈ ਹੈ। ਇਸ ਰਸਤੇ ਤੇ ਚਲਦਿਆਂ ਹੀ ਉਹ ਨਾਰੀਵਾਦ ਤੱਕ ਪਹੁੰਚ ਸਕੀ, ਨਾਰੀਵਾਦ ਬਿਨਾਂ ਕਿਸੇ ਲਿੰਗ-ਭੇਦਭਾਵ ਸਭ ਲਈ ਸਮਾਨ ਅਧਿਕਾਰਾਂ ਤੇ ਹੱਕਾਂ ਦੀ ਮੰਗ ਕਰਦਾ ਹੈ।

ਨਾਰੀ ਦੇ ਹੱਕਾਂ ਬਾਰੇ ਸੰਘਰਸ਼ ਕਰਦਿਆਂ ਨਾਰੀਵਾਦੀ ਲਹਿਰਾਂ ਪੱਛਮ ਵਿਚ ਉਭਰਦੀਆਂ ਹਨ ਤੇ ਇਨ੍ਹਾਂ ਦਾ ਪ੍ਰਭਾਵ ਬਾਕੀ ਦੇਸ਼ਾਂ ਤੇ ਵੀ ਪੈਂਦਾ ਹੈ। ਪੱਛਮੀ ਨਾਰੀ ਦੇ ਅਧਿਕਾਰਾਂ ਤੇ ਹੱਕਾਂ ਦੀ ਮੰਗ ਭਾਰਤੀ ਨਾਰੀ ਦੇ ਅਧਿਕਾਰਾਂ ਤੇ ਹੱਕਾਂ ਤੋਂ ਵੱਖਰੀ ਹੈ ਜਿੱਥੇ ਪੱਛਮੀ ਨਾਰੀ ਕੰਮ ਤੇ ਕਾਮ ਦਾ ਬਰਾਬਰ ਅਧਿਕਾਰ ਮੰਗਦੀ ਹੈ ਉਥੇ ਭਾਰਤੀ ਨਾਰੀ ਦੀਆਂ ਸਮੱਸਿਆਵਾਂ ਬਾਲ-ਵਿਆਹ, ਬਲਾਤਕਾਰ, ਉਧਾਲਾ, ਲਿੰਗ ਭੇਦ ਆਦਿ ਹਨ, ਪਰ ਫਿਰ ਵੀ ਪੂਰਬੀ ਨਾਰੀ ਤੇ ਪੱਛਮੀ ਨਾਰੀ ਦੀਆਂ ਸਮੱਸਿਆਵਾਂ ਵੱਖਰੀਆਂ ਹੋਣ ਦੇ ਬਾਵਜੂਦ ਇੱਕ ਹਨ।

ਭਾਰਤੀ ਨਾਰੀ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਨਹੀਂ ਹੋ ਸਕਦੀ ਇਸੇ ਜਾਗਰੂਕਤਾ ਦੀ ਘਾਟ ਕਾਰਨ ਪੱਛਮ ਵਿੱਚ ਉਭਰਦੀਆਂ ਨਾਰੀਵਾਦੀ ਲਹਿਰਾਂ ਦਾ ਭਾਰਤੀ ਸਮਾਜ ਤੇ ਬਹੁਤ ਪ੍ਰਭਾਵ ਵੇਖਣ ਨੂੰ ਮਿਲਦਾ ਹੈ ਪਰ ਜਦੋਂ ਭਾਰਤੀ ਨਾਰੀ ਪੱਛਮੀ ਦੇਸ਼ਾਂ ਵਿੱਚ ਪਹੁੰਚ ਕੇ ਉਥੋਂ ਦੇ ਮਾਹੌਲ ਵਿੱਚ ਗੁਜ਼ਰਦੀ ਹੈ ਤਾਂ ਉਹ ਵੀ ਆਪਣੀ ਸਵੈ-ਪਛਾਣ ਤੇ ਸਵੈ-ਹੱਕਾਂ ਲਈ ਚੇਤੰਨ ਹੋ ਜਾਂਦੀ ਹੈ। ਪੰਜਾਬੀ ਨਾਰੀ ਲੇਖਿਕਾਵਾਂ ਪੱਛਮੀ ਦੇਸ਼ਾਂ ਵਿਚ ਜਾ ਕੇ ਉਥੋਂ ਦੀ ਸਥਿਤੀ ਤੋਂ ਪ੍ਰਭਾਵਿਤ ਹੁੰਦੀਆਂ ਹਨ ਅਤੇ ਆਪਣੇ ਹੱਕ, ਸੱਚ ਦੀ ਰਾਖੀ ਲਈ ਯਤਨਸ਼ੀਲ ਇਹ ਲੇਖਿਕਾਵਾਂ ਪ੍ਰਵਾਸੀ ਪੰਜਾਬੀ ਨਾਰੀ ਨਾਲ ਸਬੰਧਿਤ ਸਮੱਸਿਆਵਾਂ ਨੂੰ ਆਪਣੀਆਂ ਕਹਾਣੀਆਂ ਦਾ ਮੁੱਖ ਵਿਸ਼ਾ ਬਣਾਉਂਦੀਆਂ ਹਨ। ਪ੍ਰਵਾਸੀ ਪੰਜਾਬੀ ਕਹਾਣੀ ਵਿਚ ਨਾਰੀ ਆਪਣੀ ਸਵੈ-ਪਛਾਣ ਦਾ ਸਫ਼ਰ ਆਰੰਭਦੀ ਹੈ। ਇਨ੍ਹਾਂ ਕਹਾਣੀਆਂ ਦੀਆਂ ਨਾਇਕਾਵਾਂ ਸਵੈ-ਮਾਣ ਨਾਲ ਜਿਉਣ ਲਈ ਸੰਘਰਸ਼ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਹੇਠਾ ਅਸੀਂ ਨਾਰੀ ਲੇਖਿਕਾਵਾਂ ਅਤੇ ਉਨ੍ਹਾਂ ਦੀਆਂ ਕਹਾਣੀਆਂ ਵਿਚ ਲੁਕੇ ਹੋਏ ਨਾਰੀ ਸਰੋਕਾਰ ਸਮਝਣ ਦਾ ਯਤਨ ਕਰਾਗੇ।

ਕੈਲਾਸ਼ ਪੁਰੀ- ਇਨ੍ਹਾਂ ਦੇ ਚਾਰ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ, ਇੱਕ ਸ਼ੱਕ, ਦੋ ਤਜਵੀਜਾਂ, ਲੇਡੀ ਮਾਰਗਰੇਟ ਤੇ ਹੋਰ ਕਹਾਣੀਆਂ, ਸੂਲੀ 'ਤੇ ਟੰਗਿਆ ਪਿਓ। 'ਬਚਨੀ' ਕਹਾਣੀ 'ਲੇਡੀ ਮਾਰਗਰੇਟ ਤੇ ਹੋਰ ਕਹਾਣੀਆਂ ' ਕਹਾਣੀ ਸੰਗ੍ਰਹਿ ਵਿੱਚ ਦਰਜ ਹੈ। ਇਸ ਕਹਾਣੀ ਵਿੱਚ ਪ੍ਰਵਾਸ ਦੇ ਪਹਿਲੇ ਪੜਾਅ ਵਿਚ ਨਾਰੀ ਨੂੰ ਆਉਂਦੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਹੋਈ ਹੈ, ਕਿਸ ਤਰ੍ਹਾਂ ਉਹ ਆਪਣੀ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਨਿਕਲ ਕੇ ਫੈਕਟਰੀਆਂ ਵਿੱਚ ਕੰਮ ਕਰਦੀਆਂ ਵਿਤਕਰੇ ਦਾ ਸ਼ਿਕਾਰ ਹੁੰਦੀਆਂ ਹਨ ਕਿਸ ਤਰ੍ਹਾਂ ਬਰਾਬਰੀ ਦੇ ਅਧਿਕਾਰ ਪ੍ਰਾਪਤ ਕਰਨ ਲਈ ਸੰਘਰਸ਼ ਕਰਦੀਆਂ ਹਨ। ਕੈਲਾਸ਼ਪੁਰੀ ਦੀ ਦੂਸਰੀਆਂ ਨਾਰੀ ਲੇਖਿਕਾਵਾਂ ਦੇ ਮੁਕਾਬਲੇ ਵੱਡੀ ਵਿਸ਼ੇਸ਼ਤਾ ਇਹੀ ਹੈ ਕਿ ਉਹ ਨਾਰੀ ਨੂੰ ਨਾਰੀ ਪਾਤਰ ਦੇ ਤੌਰ ਤੇ ਨਹੀਂ ਸਗੋਂ ਇੱਕ ਵਿਅਕਤੀ ਦੇ ਤੌਰ ਤੇ ਪੇਸ਼ ਕਰਦੀ ਹੈ, ਨਾਰੀ ਨੂੰ ਜਿਥੇ ਉਸ ਨੇ ਆਗਿਆਕਾਰੀ, ਸਹਿਣਸ਼ੀਲ ਅਤੇ ਕੁਰਬਾਨੀ ਦੀ ਭਾਵਨਾ ਵਾਲੀ ਪ੍ਰਗਟਾਇਆ ਹੈ ਉਥੇ ਉਸ ਨੇ ਨਾਰੀ ਪਾਤਰਾਂ ਨੂੰ ਈਰਖਾਲੂ ਤੇ ਬੇਵਫ਼ਾ ਦੇ ਰੂਪ ਵਿੱਚ ਵੀ ਪੇਸ਼ ਕੀਤਾ ਹੈ। 'ਬਚਨੀ' ਕਹਾਣੀ ਵਿੱਚ, ਭਾਰਤੀ ਨਾਰੀ ਆਪਣੇ ਹੱਕਾਂ ਲਈ ਵਿਦੇਸ਼ ਵਿੱਚ ਗੋਰਿਆਂ ਦਾ ਵਿਰੋਧ ਕਰਦੀ ਹੈ।

''ਬਲੱਡੀ ਬਿਚਿਜ... ਰੋਜ਼ਮੇਰੀ ਬੁੜਬੁੜਾਈ ਤੇ ਆਈਲੀਨ ਹੱਸਦੇ-ਮਚਲਦੇ ਮੂੰਹ ਜਰ ਨਾ ਸਕੀ।

''ਸ਼ਟ-ਅਪ, ਯੂ ਬਲੱਡੀ ਬਲੈਕੀਜ਼...ਕੁੱਤੀਆਂ ਦੀ ਸ਼ਿਕਾਇਤ ਉਹ ਫੋਰਮੈਨ ਕੋਲ ਕਰਨ... ਆਖਰ ਇਨ੍ਹਾਂ ਦਾ ਕੀ ਹੱਕ ਏ, ਏਡੀ ਬਕਵਾਸ ਕਰਨ ਦਾ... ਜਿਹੋ ਜਿਹੀ ਦਿਹਾੜੀਦਾਰੀ ਦਾ ਕੰਮ ਕਰਦੀਆਂ ਹਨ ਉਹੀ ਅਮਰੋ...।''(ਸੁਰਿੰਦਰਪਾਲ ਸਿੰਘ (ਸੰਪਾ.) ਪਰਵਾਸੀ ਪੰਜਾਬੀ ਕਹਾਣੀ 'ਚੋਂ)

ਵੀਨਾ ਵਰਮਾ-ਨਾਰੀ+ਵਾਦ ਦਾ ਅਸਲੀ ਰੂਪ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਵੇਖਣ ਨੂੰ ਮਿਲਦਾ ਹੈ। 'ਮੁੱਲ ਦੀ ਤੀਵੀ' ਅਤੇ 'ਫਰੰਗੀਆਂ ਦੀ ਨੂੰਹ' ਉਸ ਦੇ ਦੋ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ



ਹਨ। ਉਹ ਆਪਣੀਆਂ ਕਹਾਣੀਆਂ ਵਿੱਚ ਦਲੇਰੀ ਨਾਲ ਸਮਾਜ ਦੀਆਂ ਕੁਰੀਤੀਆਂ, ਮਰਦ ਦੁਆਰਾ ਨਾਰੀ ਉਤੇ ਕੀਤੇ ਅਤਿਆਚਾਰ ਤੇ ਨਾਰੀ ਵੇਦਨਾ ਦਾ ਪ੍ਰਗਟਾਵਾ ਅਜਿਹੇ ਢੰਗਾਂ ਨਾਲ ਕਰਦੀ ਹੈ ਕਿ ਇਹ ਸਮਾਜ ਦੇ ਮੂੰਹ ਤੇ ਚਪੇੜ ਵਾਂਗ ਹੈ, ਨਾਰੀ ਵੇਦਨਾ ਤੇ ਨਾਰੀਵਾਦ ਦਾ ਅਸਲੀ ਕਰਮ ਇਨ੍ਹਾਂ ਕਹਾਣੀਆਂ'ਚ ਪ੍ਰਗਟਾਇਆ ਗਿਆ ਹੈ, ਅਸੀ ਇਥੇ 'ਛੁੱਟੜ' ਕਹਾਣੀ ਦਾ ਜ਼ਿਕਰ ਕਰ ਰਹੇ ਹਾਂ। ਜਿਸ ਦੀ ਨਾਇਕਾ 'ਅਨੀਤਾ' ਆਪਣੇ ਪਤੀ ਦੇ ਹੋਰ ਲੜਕੀਆਂ ਨਾਲ ਸੰਬੰਧ ਪਤਾ ਲੱਗਣ ਤੇ ਉਸਨੂੰ ਛੱਡ ਆਉਂਦੀ ਹੈ ਅਤੇ ਮਾਂ ਪਿਓ ਨੂੰ ਉਸ ਅੱਗੇ ਝੁਕਣ ਨਹੀਂ ਦਿੰਦੀ। ਉਹ ਆਜ਼ਾਦ ਰਹਿ ਸਮਾਜ ਨਾਲ ਲੜਨਾ ਚਾਹੁੰਦੀ ਹੈ ਪਰ ਮਾਂ ਦੀ ਮੌਤ ਤੇ ਪਿਤਾ ਦੀ ਬੀਮਾਰੀ ਮਗਰੋਂ ਪਿਤਾ ਵਲੋਂ ਮਜ਼ਬੂਰ ਕਰਨ ਤੇ ਉਹ ਦੂਸਰੀ ਸ਼ਾਦੀ ਕਰ ਲੈਂਦੀ ਹੈ।

'ਰਮੇਸ਼, ਮੈਂ ਉਨ੍ਹਾਂ ਔਰਤਾਂ 'ਚੋਂ ਨਹੀਂ ਹਾਂ ਜੋ ਹਰ ਹਾਲ 'ਚ ਆਦਮੀ ਦੇ ਨਾਲ ਚਿਪਕੀਆਂ ਰਹਿਣਾ ਚਾਹੁੰਦੀਆਂ ਹਨ, ਤੂੰ ਤਾਂ ਹਾਲੇ ਸੋਚੇਂਗਾ ਪਰ ਮੈਂ ਸੋਚ ਲਿਆ ਹੈ, ਅੱਜ ਤੋਂ ਬਾਅਦ ਤੇਰਾ ਮੇਰਾ ਕੋਈ ਰਿਸ਼ਤਾ ਨਹੀਂ। ਡਾਇਵੋਰਸ ਦੇ ਪੇਪਰ ਤੈਨੂੰ ਛੇਤੀ ਹੀ ਮਿਲ ਜਾਣਗੇ।(ਵੀਨਾ ਵਰਮਾ, ਮੁੱਲ ਦੀ ਤੀਵੀ)

'ਵਿਚਾਰੀ ਦਾ ਤਲਾਕ ਹੋ ਗਿਆ...।ਆਦਮੀ ਛੱਡ ਗਿਆ ਇਸਦਾ...।ਜਿਵੇਂ ਕਹਿੰਦੇ ਹੋਣ, ਹਾਏ ਹਾਏ ਵਿਚਾਰੀ ਦੀ ਲੱਤ ਟੁੱਟ ਗਈ, ਕੈਂਸਰ ਹੋ ਗਿਆ ਹੈ ਉਸਨੂੰ ਕਿਸ ਕਿਸ ਨੂੰ ਸਮਝਾਉਂਦੀ ਕਿ ਔਰਤ ਨੂੰ ਵੀ ਮਰਦ ਛੱਡਣ ਦਾ ਉਨਾ ਹੱਕ ਹੈ ਜਿਨਾ ਮਰਦ ਨੂੰ ਔਰਤ ਨੂੰ ਘਰੋਂ ਕੱਢਣ ਦਾ।

ਪਰਵੇਜ਼ ਸੰਧੂ- ਪਰਵੇਜ਼ ਸੰਧੂ ਦਾ ਨਾਂ ਪਰਵਾਸੀ ਪੰਜਾਬੀ ਕਹਾਣੀਕਾਰਾਂ 'ਚ ਯੋਗ ਕਹਾਣੀਕਾਰਾਂ 'ਚ ਗਿਣਿਆ ਜਾਂਦਾ ਹੈ। ਉਸ ਨੇ ਸਮਾਜਿਕ ਸਮੱਸਿਆਵਾਂ ਨੂੰ ਘੋਖਦਿਆਂ ਹੋਇਆਂ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਇਆ ਹੈ। 'ਮੁੱਠੀ ਭਰ ਸੁਪਨੇ' ਕਹਾਣੀ ਸੰਗ੍ਰਹਿ ਵਿੱਚ ਉਸਨੇ ਵਿਦੇਸ਼ਾਂ 'ਚ ਰੁਲਦੇ ਬੁਢਾਪੇ ਤੇ ਜਾਵਨੀ ਦਾ ਕਲਾਤਮਕ ਕਲਮੀ ਅਕਸ ਤੇ ਨਾਲ ਹੀ ਹੋ ਰਹੀਆਂ ਵਧੀਕੀਆਂ ਤੇ ਉਨ੍ਹਾਂ ਦੁਆਰਾ ਇਸ ਦੇ ਵਿਰੁੱਧ ਚੁੱਕੇ ਜਾ ਰਹੇ ਕਦਮਾਂ ਦੀ ਸਫ਼ਲ ਪੇਸ਼ਕਾਰੀ ਕੀਤੀ ਹੈ। 'ਧੀਆਂ' ਕਹਾਣੀ ਵਿਚ ਪਰਵੇਜ਼ ਸੰਧੂ' ਨੇ ਅਣਜੰਮੀਆਂ ਧੀਆਂ ਦੀ ਹੱਤਿਆ ਦਾ ਵਿਰੋਧ ਕਰਦੀ ਨਾਰੀ ਪਾਤਰ 'ਰਾਜੀ' ਦੇ ਰੂਪ ਵਿਚ ਨਾਰੀ ਦੇ ਦਰਦ ਦੀ ਦਾਸਤਾਂ ਪ੍ਰਗਟਾਈ ਹੈ। 'ਰਾਜੀ' ਆਪਣੀ ਦਾਦੀ ਦੁਆਰਾ ਧੀਆਂ ਦੀ ਸਵੀਕਾਰਤਾ ਨੂੰ ਯਾਦ ਕਰ ਆਪਣੀਆਂ ਅਣਜੰਮੀਆਂ ਧੀਆਂ ਦੇ ਕਾਤਲਾਂ ਦਾ ਵਿਰੋਧ ਕਰਦੀ ਹੈ।

'ਛੋਟੀ ਉਮਰ ਤੇ ਦੋ ਐਬੋਰਸ਼ਨ-ਸੀ ਇਜ ਵੈਰੀ ਵੀਕ, ਬੀ ਕੈਅਰਫੁਲ ਨੈਕਸਟ ਟਾਇਮ, ਕਹਿ ਡਾਕਟਰ ਬਾਹਰ ਨਿਕਲ ਗਿਆ।''

ਰਾਜੀ-'ਕੀ ਫਰਕ ਪੈਂਦਾ ਜੇ ਮੈਂ ਮਰ ਗਈ..., ਤੁਸੀਂ ਤਾਂ ਆਪਣੀਆਂ ਧੀਆਂ ਨੂੰ ਨਹੀਂ ਬਖਸ਼ਿਆ... ਮੈਂ ਕੀ ਲਗਦੀ ਆਂ ਤੁਹਾਡੀ... ਮੇਰੀ ਕੁੱਖ ਉਜਾੜ ਕੇ ਚੰਗਾ ਨੀ ਕੀਤਾ...।'

'ਰਣਜੀਤ ਮੇਰੀਆਂ ਧੀਆਂ ਮੈਨੂੰ ਮੋੜ ਦਿਉ...।'

'ਦੂਰ ਹੋ ਜਾਉ ਮੇਰੀਆਂ ਨਜ਼ਰਾਂ ਤੋਂ ਤੁਸੀਂ ਸਭ ਖੂਨੀ ... ਮੇਰੀਆਂ ਧੀਆਂ ਦੇ ਖੂਨੀ।' (ਪਰਵੇਜ਼ ਸੰਧੂ, ਮੁੱਠੀ ਭਰ ਸੁਪਨੇ 'ਚੋਂ)

ਸੁਸ਼ੀਲ ਕੌਰ-ਸੁਸ਼ੀਲ ਕੌਰ ਭਾਵੇਂ ਪੰਜਾਬੀ ਦੀ ਕਵਿਤਰੀ ਮੰਨੀ ਜਾਂਦੀ ਹੈ ਪਰ ਪਿਛੇ ਜਿਹੇ ਉਸ ਦਾ ਕਹਾਣੀ ਸੰਗ੍ਰਹਿ 'ਕੁੱਝ ਦੇਖੀਆਂ ਕੁੱਝ ਬੀਤੀਆਂ' ਛਪਿਆ ਹੈ। ਇਹ ਭਾਵੇਂ ਉਂਝ ਸਾਹਿਤਕ ਮਿਆਰ ਤੱਕ ਨਹੀਂ ਪਹੁੰਚ ਸਕਿਆ ਪਰ ਉਸਦੀਆਂ ਕਹਾਣੀਆਂ ਵਿਚ ਜੋ ਪ੍ਰਮੁੱਖ ਧੁਨੀ ਉਭਰਦੀ ਹੈ ਉਹ ਨਾਰੀ ਦੀ ਮਾਨਸਿਕਤਾ ਉਸਦੀ ਮਾਨਸਿਕ ਪੀੜ, ਨਾਰੀ ਦੀ ਹੋਂਦ ਇਨ੍ਹਾਂ ਕਹਾਣੀਆਂ ਦਾ ਕੇਂਦਰ ਬਿੰਦੂ ਹੈ ਜਿਸ ਦੀ ਸੇਧ ਵਿਚ ਲੇਖਿਕਾ ਦੀ ਪ੍ਰਤਿਭਾ ਕਾਰਜਸ਼ੀਲ ਹੈ। ਕਿਸਮਤ, ਚੰਨੀ, ਚੰਪਾ, ਸੋਮਨਾਥ ਚੂੜੀਆਂ ਵਾਲਾ, ਅਜਿਹੀਆਂ ਕਹਾਣੀਆਂ ਹਨ ਜਿਨ੍ਹਾਂ ਵਿੱਚ ਪੇਂਡੂ ਟੱਬਰ-ਟੀਰਾ, ਪੇਂਡੂ ਜ਼ਿੰਦਗੀ ਦੇ ਅਣਮੇਲ ਵਿਆਹ ਪਤਨੀ ਤੇ ਤਸ਼ਦੱਦ, ਧੀ-ਪੁੱਤਰ 'ਚ ਵਿਤਕਰੇ ਦੀ ਭਾਵਨਾ, ਮਰਦ ਦੀ ਹਉਮੈ ਆਦਿ ਪਰਿਵਾਰਿਕ ਤੇ ਸਮਾਜਿਕ ਮਸਲੇ ਪੇਸ਼ ਕੀਤੇ ਹਨ। ਇਸ ਤਰ੍ਹਾਂ ਨਾਰੀ ਕਾਹਣੀਕਾਰ ਸੁਸ਼ੀਲ ਕੌਰ ਨਾਰੀ ਪੀੜ ਗ੍ਰਸਤ ਆਤਮਾ ਦੀ ਦਰਦਨਾਕ ਆਵਾਜ਼ ਹੋ ਨਿਬੜਦੀ ਹੈ। 'ਸੋਮਨਾਥ ਚੂੜੀਆਂ ਵਾਲਾ' ਕਹਾਣੀ ਵਿੱਚ ਸੋਮਨਾਥ ਗਲਤ ਰਾਹ ਪੈ ਕੇ ਆਪਣੀ ਪਤਨੀ ਨਾਲ ਦੁਰਵਿਵਹਾਰ ਕਰਦਾ ਹੈ ਤੇ ਉਸਦੇ ਵਿਰੋਧ ਵਿਚ ਉਨ੍ਹਾਂ ਦੀ ਗੁਆਂਢਣ ਹਰਨਾਮ ਕੌਰ ਸੋਮਨਾਥ ਨੂੰ ਸਬਕ ਸਿਖਾਉਂਦੀ ਹੈ, ''ਹਰਨਾਮ ਕੌਰ ਨੂੰ ਵੀ ਤਾਅ ਚੜ੍ਹ ਗਿਆ ਉਸਨੇ ਪਾਰੋ ਨੂੰ ਕਿਹਾ, 'ਤੂੰ ਫਿਕਰ ਨਾ ਕਰ ਕੁੜੀ ਅੰਦਰ ਲੈ ਚਲ ਮੈਂ ਇਸ ਨਾਲ ਨਿਬੜਦੀ ਹਾਂ। ' ਹਰਨਾਮ ਕੌਰ ਜੁੱਸੇ ਦੀ ਦਲੇਰ ਔਰਤ ਸੀ। ਉਸਨੇ ਅੰਦਰੋਂ ਡੰਡਾ ਚੁੱਕਿਆ ਬਾਰ ਖੋਲ੍ਹ ਕੇ ਸੋਮੇ ਨੂੰ ਪਟਿਆ ਤੋਂ ਫੜ ਕੇ ਉਸਦੇ ਮੌਰਾਂ ਵਿਚਾਂ ਦੋ ਚਾਰ ਡੰਡੇ ਛੱਡ ਦਿੱਤੇ, ਮੂੰਹੋਂ ਗੱਲ ਨਹੀਂ ਕੀਤੀ।(ਸੁਸ਼ੀਲ ਕੌਰ, ਕੁਝ ਦੇਖੀਆਂ ਕੁਝ ਬੀਤੀਆਂ 'ਚੋਂ)

ਸੁਰਜੀਤ ਕਲਸੀ-ਕੈਨੇਡਾ ਵਾਸੀ ਸੁਰਜੀਤ ਕਲਸੀ ਦੀਆਂ ਰਚਨਾਵਾਂ 'ਚ ਨਾਰੀ ਸੰਵੇਦਨਾ ਦੀ ਝਲਕ

ਪੈਂਦੀ ਹੈ। ਉਹ ਨਾਰੀ ਦੇ ਹੱਕਾਂ ਲਈ ਸੰਘਰਸ਼ਸ਼ੀਲ ਹੈ। 'ਸੱਤ ਪਰਾਈਆਂ ਔਰਤਾਂ' ਕਹਾਣੀ ਸੰਗ੍ਰਹਿ ਵਿਚ ਉਸਨੇ ਪ੍ਰਵਾਸੀ ਨਾਰੀ ਦੀ ਸਥਿਤੀ ਨੂੰ ਵਿਭਿੰਨ ਪਰਿਪੇਖਾਂ ਵਿੱਚ ਪੇਸ਼ ਕਰਨ ਦੀ ਸਫਲ ਕੋਸ਼ਿਸ਼ ਕੀਤੀ ਹੈ। 'ਦੁਖਵਾ ਕੈਸੇ ਕਹੂੰ' ਕਹਾਣੀ ਵਿੱਚ ਸਥਿਤੀ ਨੂੰ ਯਥਾਰਥਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਵਿਚ ਨਾਰੀ ਵੇਦਨਾ ਦਾ ਪ੍ਰਗਟਾਵਾ ਉਸਨੇ ਇੱਕ ਅਣਜਾਣ ਔਰਤ ਦੀ ਦੂਸਰੀ ਅਣਜਾਣ ਔਰਤ ਨਾਲ ਟੈਲੀਫੋਨ ਤੇ ਹੋਈ ਗੱਲਬਾਤ ਰਾਹੀਂ ਪੇਸ਼ ਕੀਤਾ ਹੈ। ਇਸੇ ਪ੍ਰਕਾਰ 'ਮੇਲੋ ਦੀ ਕਹਾਣੀ' ਵਿੱਚ ਸੁਰਜੀਤ ਕਲਸੀ ਮੇਲੋ ਪਾਤਰ ਰਾਹੀਂ ਅਜਿਹੀ ਨਾਰੀ ਦੀ ਸੰਵੇਦਨਾ ਪ੍ਰਗਟਾਈ ਹੈ ਜਿਸ ਦੀ ਪਰਵਰਿਸ਼ ਤਾਂ ਪੰਜਾਬੀ ਵਿਚ ਹੋਈ ਹੈ ਪਰ ਬਹੁਤਾ ਬਾਕੀ ਸਮਾਂ ਪਰਾਏ ਮੁਲਕ ਵਿੱਚ ਬੀਤਦਾ ਹੈ । ਇਸ ਕਹਾਣੀ ਵਿੱਚ ਮੇਲੋ ਆਪਣੇ ਸ਼ਰਾਬੀ ਤੇ ਜੁਆਰੀ ਪਤੀ ਨੂੰ ਛੱਡ ਕੇ ਇੱਕਲੀ ਰਹਿਣ ਲਗਦੀ ਹੈ। ਉਹ ਆਪਣੇ ਹੱਕਾਂ ਦੀ ਰਾਖੀ ਦੇ ਨਾਲ ਨਾਲ ਉਸਦੇ ਪਤੀ ਦੁਆਰਾ ਵਿਆਹੀ ਗਈ ਦੂਸਰੀ ਔਰਤ ਦੀ ਜ਼ਿੰਦਗੀ ਨਾ ਬਰਬਾਦ ਹੋਣ ਦੇਣ ਦਾ ਨਿਸਚਾ ਕਰ ਲੈਂਦੀ ਹੈ ਤੇ ਸਵੈ-ਮਾਣ ਤੇ ਸਵੈ-ਹੱਕਾਂ ਦੀ ਰਾਖੀ ਲਈ ਅਟਲ ਰਹਿੰਦੀ ਹੈ। ਉਸਦੇ ਪਤੀ ਦੇ ਵਾਰ ਵਾਰ ਜੋਰ ਦੇਣ ਤੇ ਵੀ ਉਹ ਉਸ ਕੋਲ ਵਾਪਸ ਨਹੀਂ ਜਾਂਦੀ।

'...... ਇਸ ਬੰਦੇ ਨੂੰ ਘੋੜਿਆ ਤੇ ਔਰਤਾਂ 'ਚ ਕੋਈ ਫਰਕ ਨਹੀਂ ਦਿਖਾਈ ਦਿੰਦਾ। ਸ਼ਾਇਦ ਇੱਕ ਅਜੀਬ ਜਿਹੀ ਸੋਝੀ ਉਸ ਨੂੰ ਮਹਿਸੂਸ ਹੁੰਦੀ ਹੈ। ਘੋੜਿਆਂ ਤੇ ਪੈਸੇ ਲਾਦਾਂ-ਲਾਦਾਂ ਅੱਜ ਉਸ ਤੇ ਆਪਣੀ ਦੂਸਰੀ ਔਰਤ ਦੀ ਬਾਜ਼ੀ ਲਾ ਗਿਆ ਸੀ...।

ਪਰ ਉਹ ਉਸਨੂੰ ਜਿੱਤਣ ਨਹੀਂ ਦੇਵੇਗੀ... ਨਾ ਹੀ ਦੂਸਰੀ ਔਰਤ ਨਾਲ ਬੇਇਨਸਾਫੀ ਹੋਣ ਦੇਵੇਗੀ।'

... ਫਿਰ ਤੀਸਰੇ ਸਾਲ ਪਤਾ ਲੱਗਾ ਕਿ ਉਹ ਆ ਰਹੀ ਹੈ। ਇਸ ਦੌਰਾਨ ਗੁਰਬੰਤ ਨੇ ਕਈ ਗੇੜੇ ਮਾਰੇ, ਕਈ ਵਾਰ ਬੀਬੀ ਨਾਲ ਸਲਾਹੀ ਪਿਆ। ਕਈ ਸੁਨੇਹੇ ਭਜਵਾਏ। ਮੇਲੋ ਸੀ ਕਿ ਟਸ ਤੋਂ ਮਸ ਨਾ ਹੋਈ, ਉਹ ਮੋਮ ਦੀ ਗੁੱਡੀ ਨਹੀਂ ਸੀ ਜੋ ਪੰਘਰ ਜਾਂਦੀ ਹੈ। ' (ਸੁਰਜੀਤ ਕਲਸੀ, ਸੱਤ ਪਰਾਈਆਂ ਔਰਤਾਂ 'ਚੋਂ)

ਬਲਵੀਰ ਕੌਰ ਸੰਘੇੜਾ-ਬਲਵੀਰ ਕੌਰ ਸੰਘੇੜਾ ਨੇ ਵੀ ਪ੍ਰਵਾਸੀ ਪੰਜਾਬੀ ਕਹਾਣੀ 'ਚ ਆਪਣਾ ਆਪਣਾ ਅਹਿਮ ਯੋਗਦਾਨ ਪਾਇਆ ਹੈ। ਹੁਣ ਤੱਕ ਉਸ ਦੇ ਦੋ ਕਹਾਣੀ ਸੰਗ੍ਰਹਿ ਪ੍ਰਕਾਸਿਤ ਹੋ ਚੁੱਕੇ ਹਨ।

'ਆਪਣੇ ਹੀ ਓਹਲੇ' ਅਤੇ 'ਖੰਭੇ' ਇਨ੍ਹਾਂ ਕਹਾਣੀ ਸੰਗ੍ਰਹਿਆਂ ਵਿੱਚ ਲੇਖਿਕਾ ਸਮਾਜਿਕ, ਵਿਵਹਾਰਿਕ ਤੇ ਇਨਸਾਨੀ ਰਿਸ਼ਤਿਆਂ ਨਾਲ ਸਬੰਧਿਤ ਘਟਨਾਵਾਂ ਦੇ ਨਾਲ ਨਾਲ ਨਾਰੀਵਾਦ ਨੂੰ ਆਪਣੀਆਂ ਕਹਾਣੀਆਂ ਦਾ ਮੁੱਖ ਵਿਸ਼ਾ ਬਣਾਇਆ ਹੈ। 'ਖੰਭੇ' ਗੰਗ੍ਰਹਿ ਵਿਚਲੀ 'ਜੰਗ' ਕਹਾਣੀ ਵਿੱਚ ਮਰਦ ਦੁਆਰਾ ਨਾਰੀ ਦੀ ਕੀਤੀ ਜਾ ਰਹੀ ਬੇਕਦਰੀ ਅਤੇ ਪੂਰਬੀ ਮਾਂ-ਪਿਓ ਦੇ ਨਾਲ ਪੱਛਮੀ ਕਾਨੂੰਨ ਦੁਆਰਾ ਵੀ ਇਸ ਨਾਰੀ ਨੂੰ ਕਸੂਰਵਾਰ ਮੰਨਣਾ ਤੇ ਨਾਰੀ ਦਾ ਵਿਦਰੋਹ ਸ਼ਾਮਿਲ ਹੈ। 'ਨਿੱਕੀ' ਕਹਾਣੀ ਦੀ ਮੁੱਖ ਪਾਤਰ ਹੈ ਜੋ ਕਿ ਪੂਰਬੀ ਸੰਸਕਾਰਾਂ ਨਾਲ ਜੁੜੀ ਹੈ ਪਰ ਉਸ ਦਾ ਹੀ ਦੋਸਤ ਉਸ ਨੂੰ ਨਾਲ ਬਲਾਕਤਾਰ ਕਰ ਲੈਂਦਾ ਹੈ। ਕਾਨੂੰਨ ਦਾ ਸਹਾਰਾ ਲੈ ਕੇ ਵੀ ਉਸ ਨੂੰ ਆਪਣੀ ਆਤਮਾ ਸਵਾਲਾਂ ਨਾਲ ਲਹੂ-ਲੁਹਾਨ ਹੁੰਦੀ ਜਾਪਦੀ ਹੈ। ਇਸ ਦੁਬਿਧਾ ਵਿੱਚ ਫਸੀ ਨਿੱਕੀ ਸ਼ੈਰਨ ਨੂੰ ਆ ਕੇ ਆਪਣੀ ਕਹਾਣੀ ਦੱਸਦੀ ਹੈ। ਸ਼ੈਰਨ ਨਾਲ ਵੀ ਅਜਿਹੀ ਹੀ ਘਟਨਾ ਘਟ ਚੁੱਕੀ ਹੈ ਪਰ ਉਸਨੇ ਇਸਦਾ ਜਵਾਬ ਦਿੱਤਾ ਤੇ ਨਿੱਕੀ ਨੂੰ ਵੀ ਹੌਸਲਾ ਨਾ ਹਾਰਨ ਤੇ ਆਪਣੇ ਸਵੈ-ਮਾਣ ਦੀ ਰਾਖੀ ਲਈ ਲੜਨ ਦੀ ਪ੍ਰੇਰਨਾ ਦਿੰਦੀ ਹੈ।

'ਹਾਂ ਨਿੱਕੀ ਮੈਂ ਹੀ ਉਹ ਕੁੜੀ ਹਾਂ। ਇਹ ਇੱਕ ਜੰਗ ਹੈ ਨਿੱਕੀ ਦੁਨੀਆਂ ਦੇ ਹਰ ਕੋਨੇ ਵਿੱਚ ਹਰ ਔਰਤ ਨੂੰ ਲੜਨੀ ਪੈਣੀ ਹੈ। ਮੇਰੇ ਨਾਲ ਮੇਰੀ ਮਾਂ ਸੀ ਤੇਰੇ ਨਾਲ ਮੈਂ ਹਾਂ ਤੇ ਤੂੰ ਕਿਸੇ ਹੋਰ ਨਾਲ ਹੋਵੇਂਗੀ। ਉਸ ਵੇਲੇ ਤੱਕ ਜਦੋਂ ਤੱਕ ਇਨਸਾਨ ਇਹ ਨਹੀਂ ਸਮਝਦਾ ਕਿ ਔਰਤ ਦੀ ਨਾਂਹ ਦਾ ਮਤਲਬ ਨਾਂਹ ਹੈ। ' (ਬਲਵੀਰ ਕੌਰ ਸੰਘੇੜਾ, ਖੰਭੇ'ਚੋਂ )

ਰਾਣੀ ਨਾਗੇਂਦਰ- ਨਾਰੀਵਾਦ ਦੇ ਪ੍ਰਗਟਾਵੇ ਲਈ ਰਾਣੀ ਨਗੇਂਦਰ ਦਾ ਪ੍ਰਵਾਸੀ ਪੰਜਾਬੀ ਕਹਾਣੀਕਾਰਾਂ 'ਚ ਸਭ ਤੋਂ ਪਹਿਲਾਂ ਵਰਨਣਯੋਗ ਨਾਂ ਹੈ। ਉਸਨੇ ਕਹਾਣੀ ਵੰਨਗੀ ਨੂੰ ਆਪਣੀਆਂ ਕਲਾਤਮਕ ਸ਼ਖਸੀਅਤ ਦੇ ਇਜ਼ਹਾਰ ਲਈ ਚੁਣਿਆ ਹੈ। ਰਾਣੀ ਨਗੇਂਦਰ ਦੇ ਪਾਤਰ ਬਾਕੀ ਲੇਖਕਾਂ ਦੇ ਪਾਤਰਾਂ ਨਾਲੋਂ ਦੋ ਤਰ੍ਹਾਂ ਭਿੰਨ ਹਨ, ਇੱਕ ਤਾਂ ਉਹ ਮਾਸੂਮੀ ਤੇ ਤਲਖ਼ੀ ਤੋਂ ਨਿਕਲ ਜਾਂਦੇ ਹਨ ਹਿੰਮਤ ਨਹੀਂ ਹਾਰਦੇ ਤੇ ਕੋਸ਼ਿਸ਼ ਤੇ ਆਸ 'ਚ ਜਿਉਂਦੇ ਹਨ। ਨਾਰੀ ਨੂੰ ਮਾਨਵ ਰੂਪ ਵਿਚ ਪੇਸ਼ ਕਰਦਿਆਂ ਰਾਣੀ ਨਗੇਂਦਰ ਨਾਰੀ ਨੂੰ ਸਵੈ-ਮਾਣ ਤੇ ਸਵੈ-ਹੱਕਾਂ ਦੀ ਰਾਖੀ ਲਈ ਵੀ ਚੇਤੰਨ ਕਰਦੀ ਹੈ। 'ਦੁੱਖਦਾ ਸ਼ਹਿਰ' ਕਹਾਣੀ ਸੰਗ੍ਰਹਿ ਵਿੱਚ ਨਾਰੀਵਾਦ ਨਾਲ ਸਬੰਧਿਤ ਉਸ ਦੀਆਂ ਕਹਾਣੀਆਂ 'ਚੋਂ 'ਬਨੱਸ਼ਫ਼ਾ' , 'ਖਾਲੀ ਪੰਘੂੜਾ' ਤੇ 'ਦੀਪਸ਼ਿਖ਼ਾ' ਵਰਨਣਯੋਗ ਹਨ। ਨਾਰੀ ਦੇ ਸ਼ੋਸ਼ਣ ਅਤੇ ਉਸ ਦੁਆਰਾ ਹੱਕਾਂ ਲਈ ਆਵਾਜ਼ ਉਠਾਉਣ ਦਾ ਬੀੜਾ ਚੁੱਕਦੀਆਂ ਉਸਦੀਆਂ ਕਹਾਣੀਆਂ ਵਿੱਚ ਨਾਰੀ ਪਾਤਰਾਂ ਦੀ ਸਫ਼ਲ ਪੇਸ਼ਕਾਰੀ ਹੋਈ ਹੈ। 'ਦੀਪਸ਼ਿਖ਼ਾ' ਕਹਾਣੀ ਵਿਚ ਪੱਛਮੀ ਦੇਸ਼ਾਂ 'ਚ ਜੰਮੀ ਪਲੀ



ਕੁੜੀ ਦੀ ਕਹਾਣੀ ਹੈ ਜੋ ਆਪਣੀ ਮਾਂ ਨੂੰ ਇਸ ਕਾਰਨ ਛੱਡ ਆਉਂਦੀ ਹੈ ਕਿਉਂਕਿ ਉਸਨੂੰ ਦੀਪਸ਼ਿਖ਼ਾ ਦਾ ਜਨਮ ਦਿਨ ਵੀ ਯਾਦ ਨਹੀਂ ਰਹਿੰਦਾ 'ਚੋਂ।

'ਅਸੀਂ ਹਠੀਲੇ ਸ਼ਬਦ ਹਾਂ/ ਨਵੇਂ ਸ਼ਬਦ, ਨਵੀਂ ਬਾਣੀ, ਨਵੇਂ ਅਰਥਾਂ ਦੇ ਰਾਹੀ/ ਰੁਕਾਂਗੇ ਨਹੀਂ, ਵਾਪਸ ਪਰਤਾਂਗੇ ਨਹੀਂ,/ ਜੋ ਬਦਲ ਗਿਆ, ਉਸ ਨਾਲ ਅਨੁਰਾਗ ਨਹੀਂ, / ਜੋ ਬਿਖ਼ਰ ਗਿਆ ਉਸ ਵਿਚ ਆਪਣਾ ਮਨ ਸਮਾਂਦਾ ਨਹੀਂ,/ ਅਸੀਂ ਵੱਧ ਚੁੱਕੇ ਹਾਂ, ਸਾਨੂੰ ਅੱਗੇ ਚੱਲਣ ਦਿਓ,/ ਜੀਉਂਦੇ ਰਹਿਣ ਦਾ ਵਰਦਾਨ ਦੇ ਸਕਦੇ ਹੋ ਤਾਂ ਦੇ ਦਿਉ।' (ਰਾਣੀ ਨਾਗੇਂਦਰ, ਧੁਖਦਾ ਸ਼ਹਿਰ 'ਚੋਂ )

ਐਨ. ਕੌਰ- 'ਇੱਕ ਕੁੜੀ ਚੁੱਪ ਸੀ' ਐਨ. ਕੌਰ ਦਾ ਪਲੇਠਾ ਕਹਾਣੀ ਸੰਗ੍ਰਹਿ ਹੈ। ਇਸ ਵਿੱਚ 17 ਕਹਾਣੀਆਂ ਹਨ। ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਰਸਾਲਿਆਂ ਵਿੱਚ ਛਪਦੀਆਂ ਰਹਿੰਦੀਆਂ ਹਨ। ਇਨ੍ਹਾਂ ਵਿਚੋਂ ਦੋ-ਚਾਰ ਕਹਾਣੀਆਂ ਨੂੰ ਛੱਡ ਕੇ ਬਾਕੀ ਸਾਰੀਆਂ ਕਹਾਣੀਆਂ, ਨਾਰੀ ਦੀ ਸਥਿਤੀ ਤੇ ਤ੍ਰਸਦੀ ਦੀ ਪੇਸ਼ਕਾਰੀ ਕਰਦੀਆਂ ਹਨ। ਇਸ ਸੰਗ੍ਰਹਿ ਵਿੱਚ ਉਸ ਦੀ ਕਹਾਣੀ 'ਰਖੇਲ' ਇੱਕ ਅਜਿਹੀ ਮੁਟਿਆਰ ਦੀ ਕਹਾਣੀ ਹੈ ਜੋ ਆਪਣੇ ਪ੍ਰੇਮੀ ਦੇ ਵਿਆਹ ਮਗਰੋਂ ਉਸ ਨਾਲ ਰਹਿਣ ਦਾ ਪ੍ਰਸਤਾਵ ਤਿਆਗ ਦਿੰਦੀ ਹੈ ਕਿਉਂਕਿ ਉਹ ਦੂਸਰੀ ਔਰਤ (ਪ੍ਰੇਮੀ ਦੀ ਪਹਿਲੀ ਪਤਨੀ) ਦੀ ਜ਼ਿੰਦਗੀ ਬਰਬਾਦ ਨਹੀਂ ਕਰਨਾ ਚਾਹੁੰਦੀ ਅਤੇ ਨਾ ਹੀ 'ਰਖੇਲ' ਬਣ ਕੇ ਜਿਉਣਾ ਚਾਹੁੰਦੀ ਹੈ।

'...ਤਾਂ ਤੂੰ ਚਾਹੁੰਦਾ ਹੈ ਕਿ ਮੈਂ ਬੇਕਸੂਰ ਔਰਤ ਨਾਲ ਧੋਖਾ ਕਰਾਂ? ' (ਐਨ ਕੌਰ, ਇਕ ਕੁੜੀ ਚੁਪ ਸੀ 'ਚੋਂ)

'ਮਰਦ ਕਈ ਘਰਾਂ 'ਚ ਰਹਿ ਸਕਦਾ ਹੈ ਪਰ ਔਰਤ ਦਾ ਇੱਕ ਘਰ ਹੁੰਦਾ ਹੈ।'

...ਜਦੋਂ ਕੋਈ ਔਰਤ ਮਰਦ ਦੇ ਦੂਜੇ ਘਰ ਵਿਚ ਵਸਣਾ ਪ੍ਰਵਾਨ ਕਰ ਲੈਂਦੀ ਹੈ ਤਾਂ ਉਹ ਔਰਤ ਨਹੀਂ ਰਹਿ ਜਾਂਦੀ ਉਹ ਰਖੇਲ ਬਣ ਜਾਂਦੀ ਹੈ। ਮੈਂ ਕਿਸੇ ਦੀ ਰਖੇਲ ਨਹੀਂ ਬਣ ਸਕਦੀ। (ਐਨ ਕੌਰ, ਇਕ ਕੁੜੀ ਚੁਪ ਸੀ 'ਚੋਂ)

ਮਿੰਨੀ ਗਰੇਵਾਲ - ਮਿੰਨੀ ਗਰੇਵਾਲ ਦਾ ਪ੍ਰਕਾਸ਼ਿਤ ਕਹਾਣੀ ਸੰਗ੍ਰਹਿ 'ਚਾਂਦੀ ਦਾ ਗੇਟ' ਪ੍ਰਵਾਸੀ ਪੰਜਾਬੀ ਨਾਰੀ ਦੀ ਮਾਨਸਿਕਤਾ ਤੇ ਤ੍ਰਾਸਦਿਕ ਦਸ਼ਾ ਦਾ ਪ੍ਰਗਟਾਵਾ ਹੈ ਅਤੇ ਪ੍ਰਵਾਸੀ ਨਾਰੀ ਨੂੰ ਪ੍ਰਵਾਸ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਉਂਦਾ ਹੈ। ਉਸਦੀਆਂ ਕਹਾਣੀਆਂ ਵਿਚ ਨਾਰੀ ਆਪਣੇ ਨਾਲ ਹੋ ਰਹੇ ਅੱਤਿਆਚਾਰ ਬਾਰੇ ਸੰਵੇਦਨਸ਼ੀਲ ਹੈ ਪਰ ਉਸ ਉਸ ਨੂੰ ਨਾਅਰੇ ਦੇ ਰੂਪ ਵਿੱਚ ਪੇਸ਼ ਨਹੀਂ ਕਰਦੀ। 'ਇੱਕ ਬੇਨਾਮ ਕਹਾਣੀ' ਵਿੱਚ ਨਾਰੀ ਪਾਤਰ ਨੂੰ ਏਅਰ-ਪੋਰਟ ਉੱਤੇ ਕਿਸੇ ਅਣਜਾਣ ਔਰਤ ਦੁਆਰਾ ਆਪਣੀ ਨੂੰਹ ਦੀ ਬੁਰਾਈ ਸੁਣ ਕੇ ਆਪਣੀ ਹੱਡਬੀਤੀ ਯਾਦ ਆਉਂਦੀ ਹੈ ਅਤੇ ਉਹ ਆਪਣੇ ਵਾਂਗੂੰ ਬੇਕਸੂਰ ਔਰਤ ਦੀ ਬੁਰਾਈ ਨਹੀਂ ਸੁਣ ਸਕਦੀ।

'... ਮੈਂ ਹੋਰ ਤੋਹਮਤਾਂ ਨਹੀਂ ਸੁਣ ਸਕਦੀਂ ਕੋਈ ਕਿੰਨੀ ਕੁ ਦੇਰ ਆਪਣੇ ਜ਼ਖਮ ਉਚੇੜ-ਉਚੇੜ ਕੱਚਾ ਮਾਸ ਦੇਖੀ ਜਾਵੇ। (ਮਿੰਨੀ ਗਰੇਵਾਲ, ਚਾਂਦੀ ਦਾ ਗੇਟ 'ਚੋਂ)

ਸੁਰਜੀਤ ਕੌਰ ਕਲਪਨਾ- ਸੁਰਜੀਤ ਕੌਰ ਕਲਪਨਾ ਦੇ ਕਹਾਣੀ ਸੰਗ੍ਰਿਹ 'ਵਿਲਕਦੀਆਂ ਕੰਧਾਂ' ਅਤੇ 'ਕਸ਼ਮਕਸ਼' ਪ੍ਰਵਾਸੀਆਂ ਦੀਆਂ ਸਮੱਸਿਆਵਾਂ ਖਾਸ ਕਰ ਨਾਰੀ ਦੇ ਸਾਹਮਣੇ ਪੇਸ਼ ਆਉਂਦੀਆਂ ਸਮੱਸਿਆਵਾਂ ਪੇਸ਼ ਕੀਤੀਆਂ ਗਈਆਂ ਹਨ। 'ਵਲੈਤੀ ਰਾਂਝਾ' ਕਹਾਣੀ ਵਿੱਚ ਹਰਪਾਲ ਰਜਿੰਦਰ ਦੇ ਝੂਠੇ ਪਿਆਰ ਵਿੱਚ ਫਸ ਘਰ-ਬਾਰ ਛੱਡ ਆਉਂਦੀ ਹੈ ਪਰ ਰਜਿੰਦਰ ਉਸਨੂੰ ਧੋਖਾ ਦੇ ਜਾਂਦਾ ਹੈ ਤਾਂ ਹਰਪਾਲ ਆਪਣੇ ਵਰਗੀਆਂ ਮਾਸੂਮ ਹੀਰਾਂ ਨੂੰ ਵਲੈਤੀ ਰਾਂਝਿਆਂ ਤੋਂ ਬਚਾਉਣ ਦਾ ਨਿਸ਼ਚਾ ਕਰ ਲੈਂਦੀ ਹੈ।

''ਮੈਂ ਨਹੀਂ ਮਰਾਂਗੀ, ਮੇਰੀ ਮੌਤ ਤੇ ਤਾਂ ਕਿਸੇ ਨੇ ਹੰਝ ਵੀ ਨਹੀਂ ਭਰਨੀ, ਮੈਂ ਆਪਣੇ ਵਰਗੀਆਂ ਹੋਰ ਮਾਸੂਮ ਹੀਰਾਂ ਨੂੰ ਝੂਠ-ਮੂਠ ਦੇ ਰਾਂਝਿਆਂ ਤੋਂ ਬਚਾਵਾਂਗੀ। ਆਪਣੀ ਬੀਤੀ, ਬੋਲੀਆਂ ਅੱਲੜ ਕਲੀਆਂ ਨੂੰ ਸੁਣਾ ਫਰੇਬੀ ਭੌਰਿਆਂ ਅਤੇ ਵਲੈਤੀ ਰਾਂਝਿਆਂ ਤੋਂ ਬਚਣ ਲਈ ਪਰੇਰਾਂਗੀ। '' (ਸੁਰਜੀਤ ਕੌਰ ਕਲਪਨਾ, ਕਸਮਕਸ)

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਪ੍ਰਵਾਸੀ ਪੰਜਾਬੀ ਨਾਰੀ ਲੇਖਿਕਾਵਾਂ ਨੇ ਆਪਣੀਆਂ ਕਹਾਣੀਆਂ ਵਿਚ ਨਾਰੀਵਾਦ ਦੇ ਵਿਭਿੰਨ ਪਸਾਰਾਂ ਦੀ ਪੇਸ਼ਕਾਰੀ ਕੀਤੀ ਹੈ। ਇਨ੍ਹਾਂ ਕਹਾਣੀਆਂ ਦਾ ਮੁੱਖ ਵਿਸ਼ਾ ਪ੍ਰਵਾਸ ਵਿੱਚ ਨਾਰੀ ਦੀਆਂ ਸਮਾਜਿਕ ਪਰਸਥਿਤੀਆਂ, ਸਵੈ-ਹੋਂਦ ਅਤੇ ਅਧਿਕਾਰਾਂ ਪ੍ਰਤੀ ਚੇਤਨਾ ਅਤੇ ਨਾਰੀ ਦੇ ਜੀਵਨ ਦੇ ਵਿਭਿੰਨ ਪ੍ਰਸੰਗਾਂ ਨੂੰ ਪ੍ਰਗਟ ਕਰਨਾ ਹੈ। ○

# 'ਆਦਿ-ਕੁਆਰੀ' ਦਾ ਸਮਾਜਿਕ ਸਰੋਕਾਰ / ਡਾ. ਜਸਵਿੰਦਰ ਕੌਰ ਬਿੰਦਰਾ

ਬਹੁਤ ਘੱਟ ਲਿਖਣ ਵਾਲੀ ਰਸ਼ਪਿੰਦਰ ਰਸ਼ਿਮ ਦੀ ਕਹਾਣੀ 'ਆਦਿ-ਕੁਆਰੀ' ਉਸ ਦਾ ਪਛਾਣ ਚਿੰਨ੍ਹ ਬਣ ਗਈ ਹੈ। ਉੱਪਰੀ ਪਰਤੇ ਦੇਖਣ ਤੇ ਕਹਾਣੀ ਔਰਤ ਨਾਲ ਹੁੰਦੇ ਸਦੀਆਂ ਪੁਰਾਣੇ ਸੋਸ਼ਣ ਨਾਲ ਸੰਬੰਧਿਤ ਜਾਪਦੀ ਹੈ। ਹਰ ਯੁੱਗ ਹਰ ਕਾਲ ਵਿਚ ਉਮਰ ਦੇ ਕਿਸੇ ਵੀ ਪੜਾਅ ਤੇ ਸੈਕਸ ਪਖੋਂ ਔਰਤ ਨੂੰ ਭੋਗਿਆ ਜਾਣਾ ਕੋਈ ਨਵੀਂ ਗੱਲ ਨਹੀਂ। ਬਚਪਨ, ਅਲ੍ਹੜਪੁਣੇ, ਜਵਾਨੀ ਤੇ ਕਈ ਵਾਰ ਢਲਦੀ ਜਵਾਨੀ ਵਿੱਚ ਵੀ ਔਰਤ ਜਬਰਦਸਤੀ ਜਾਂ ਮਜ਼ਬੂਰੀ ਵੱਸ ਆਪਣੀ ਸਰੀਰਕ ਬਣਤਰ ਦੀ ਖੂਬਸੂਰਤੀ ਕਾਰਣ ਮਰਦਾਂ ਦੇ ਜ਼ਬਰ ਦਾ ਸ਼ਿਕਾਰ ਹੁੰਦੀ ਰਹੀ ਹੈ। 'ਆਦਿ-ਕੁਆਰੀ' ਵਿੱਚ ਇਸ ਸ਼ੋਸ਼ਣ ਨੂੰ ਲੇਖਿਕਾ ਕਈ ਢੰਗਾਂ ਤੇ ਕਾਰਣਾਂ ਰਾਹੀਂ ਦਰਸਾਉਂਦੀ ਹੈ। ਸੋਸ਼ਣ ਕਹਾਣੀ ਦਾ ਮੂਲ ਥੀਮ ਹੈ। ਇਸ ਰਾਹੀਂ ਜਿਸ ਚਰਿਤਰ ਦਾ ਨਿਰਮਾਣ ਹੁੰਦਾ ਹੈ, ਉਹ ਵੀ ਸ਼ੋਸ਼ਣ ਨੂੰ ਬਦਲੇ ਦੇ ਭਾਵ ਨਾਲ ਅਪਨਾਉਂਦੀ ਹੈ। ਇਸ ਦਾ ਆਰੰਭ ਤਾਂ ਕਹਾਣੀ ਦੇ ਆਰੰਭਕ ਪੈਰ੍ਹੇ ਵਿੱਚ ਹੀ ਹੁੰਦਾ ਵਿਖਾਈ ਦੇਂਦਾ ਹੈ, ਜਦੋਂ ਮੂਲ ਪਾਠ ਵਿੱਚ ਆਉਂਦਾ ਹੈ,

''ਜ਼ਨਾਨੀਆਂ ਨੂੰ ਹੁਕਮ ਸੀ ਕਿ ਦੂਰੋਂ ਹੀ ਦਰਸ਼ਨ ਪਾ ਇਕ ਪਾਸੇ ਬੈਠ ਜਾਇਆ ਕਰਨ। ਦੰਡਵਤ ਹੋਣ ਦਾ ਸੁਭਾਗ ਸਿਰਫ ਪੁਰਸ਼ਾਂ ਦੇ ਹਿੱਸੇ ਆਇਆ ਸੀ। ਪੁਰਸ਼ ਦੰਡਵਤ ਹੁੰਦੇ ਅਤੇ ਉਹ ਆਪਣੇ ਖਾਸ ਅੰਦਾਜ਼ ਵਿੱਚ ਉਨ੍ਹਾਂ ਦੇ ਪਾਪ ਬਖਸ਼ਦੀ ਜਾਂਦੀ। '' 'ਦੰਡਵਤ ਹੋਣ ਦਾ ਸੁਭਾਗ ਤੇ ਪਾਪ ਬਖਸ਼ਣਾ' ਸ਼ਾਇਦ ਪਹਿਲੀ ਵਾਰੀ ਪਾਠਕਾਂ ਦਾ ਧਿਆਨ ਨਹੀਂ ਖਿਚਦੇ, ਹਾਲਾਂਕਿ ਕਹਾਣੀਕਾਰ ਆਪਣਾ ਮਕਸਦ ਸਪਸ਼ਟ ਕਰ ਜਾਂਦੀ ਹੈ।

ਸਾਡੇ ਦੇਸ਼ ਵਿੱਚ ਡੇਰਾਵਾਦ, ਸਾਧੂ-ਸੰਤ, ਦੇਵੀਆਂ, ਸੰਤਣੀਆਂ ਦਾ ਬਹੁਤ ਬੋਲਬਾਲਾ ਹੈ। ਜਦੋਂ ਵੀ ਡੇਰਾ ਜਾਂ ਕਿਸੇ ਸਾਧੂ-ਸੰਤ ਜਾਂ ਦੇਵੀ-ਸੰਤਣੀ ਬਾਬਤ ਕਹਾਣੀ ਛੇੜੀ ਜਾਂਦੀ ਹੈ ਤਾਂ ਹੁਣ ਪਾਠਕ ਤੇ ਆਮ ਲੋਕ ਝੱਟ ਹੀ ਇਹ ਗੱਲ ਸਮਝ ਜਾਂਦੇ ਹਨ ਕਿ ਜਾਂ ਤਾਂ ਕਿਸੇ ਚਮਤਕਾਰ ਦੀ ਗੱਲ ਕੀਤੀ ਜਾਣੀ ਹੈ ਜਾਂ ਫਿਰ ਇਸ ਡੇਰੇ ਦੀ ਪਵਿੱਤਰਤਾ, ਚਿੱਟੇ ਦੁੱਧ ਮਾਹੌਲ ਹੇਠ ਦੱਬੇ ਕਿਸੇ ਬੋ ਮਾਰਦੇ ਸੱਚ ਦਾ ਨੰਗਾਪਨ ਹੀ ਸਾਹਮਣੇ ਆਉਣਾ ਹੈ ਤੇ ਹੁੰਦਾ ਵੀ ਇੰਜ਼ ਹੀ ਹੈ। ਕਿਉਂਕਿ ਲਿਬਾਸ ਤੇ ਧੂਫ਼-ਅਗਰਬੱਤੀਆਂ ਨਾਲ ਸੁੰਗਧਿਤ ਸ਼ਾਂਤ ਮਾਹੌਲ ਅਕਸਰ ਹੀ ਅਸ਼ਾਂਤ ਤੇ ਦਾਗਦਾਰ ਨੂੰ ਲੁਕਾਉਣ ਦਾ ਜਤਨ ਹੁੰਦਾ ਹੈ। ਹਾਂ ਇਹ ਵੱਖਰੀ ਗੱਲ ਹੈ ਕਿ ਅਸਲ ਪਹੁੰਚੇ ਹੋਏ ਸੰਤਾਂ ਨੂੰ ਵੀ ਇਸੀ ਸ਼ੱਕੀ ਨਿਗਾਹ ਦਾ ਇਵਜ਼ਾਨਾ ਭੁਗਤਣਾ ਪੈਂਦਾ ਹੈ।

ਆਦਿ-ਕੁਆਰੀ ਦਾ ਆਰੰਭ ਵੀ 'ਦੇਵੀ' ਦੇ ਦਰਸ਼ਨ ਤੋਂ ਹੁੰਦਾ ਹੈ ਤੇ ਦਿਨ ਦੇ ਉਜਾਲੇ ਦੀ ਦੇਵੀ ਅੱਧੀ ਰਾਤ ਮਗਰੋਂ ਇਕ ਆਮ ਔਰਤ ਵਰਗੀ ਹੀ ਨਜ਼ਰ ਆਉਂਦੀ ਹੈ। ਆਪਣੇ ਪ੍ਰੇਮੀ ਦਿਆਲ ਸਾਗਰ ਲਈ ਉਹ ਕੁਸ਼ਮਲਤਾ ਤੋਂ ਆਮੀਆ ਰਹਿਮਾਨ ਬਣ ਆਪਣੇ ਪ੍ਰੇਮੀ ਨਾਲ ਉਹੀ ਕੁਝ ਕਰਦੀ ਤੇ ਉਹੀ ਕੁਝ ਚਾਹੁੰਦੀ ਹੈ ਜੋ ਦੁਨੀਆਂ ਦੀ ਕੋਈ ਵੀ ਜਵਾਨ ਔਰਤ, ਆਪਣੇ ਪਤੀ, ਪ੍ਰੇਮੀ ਜਾਂ ਕਿਸੇ ਚਾਹੇ ਜਾਣ ਵਾਲੇ ਮਰਦ ਤੋਂ ਚਾਹ ਸਕਦੀ ਹੈ। ਕਹਾਣੀ ਉਸ 'ਤਥਾ-ਕਥਿਤ ਦੇਵੀ' ਦੀ ਅਸਲੀਅਤ ਸਾਹਮਣੇ ਲਿਆ ਮੂੰਹ ਦਾ ਸਵਾਦ ਕਸੈਲਾ ਜਿਹਾ ਕਰਦੀ ਹੈ। ਭਈ ਜੇ ਇਹੋ ਕੁਝ ਹੀ ਕਰਨਾ ਹੈ ਤਾਂ ਦੇਵੀ ਬਣਨ ਦਾ ਇਹ ਢੌਂਗ ਕਿਉਂ? ਸ਼ਰਧਾਲੂਆਂ ਦੀਆਂ ਭਾਵਨਾਵਾਂ ਦੀ ਜਿਹੀ-ਤਿਹੀ ਫੇਰਨ ਦੀ ਕੀ ਲੋੜ ਹੈ?

ਇਸ ਤਰ੍ਹਾਂ ਇਹ ਕਹਾਣੀ ਦੋ-ਤਿੰਨ ਘਟਨਾਵਾਂ ਰਾਹੀਂ ਦਿਨ ਦੇ ਉਜਾਲੇ ਤੇ ਰਾਤ ਦੇ ਹਨੇਰੇ ਦੇ ਦੋ ਵੱਖਰੇ ਪਹਿਲੂ ਸਾਡੇ ਸਾਹਮਣੇ ਲੈ ਕੇ ਆਉਂਦੀ ਹੈ। ਕਹਾਣੀ ਆਰੰਭ ਤੋਂ ਹੀ ਵਿਰੋਧਾਭਾਸ ਸਿਰਜਦੀ ਹੈ। ਪੁਰਸ਼ਾਂ ਦਾ ਦੇਵੀ ਸਾਹਮਣੇ ਦੰਡਵਤ ਹੋ ਪਾਪ ਬਖਸ਼ਣਾਉਣ ਤੇ ਕਿਸੇ ਮਰਦ ਨਾਲ ਦੇਵੀ ਬਣੀ ਕੁਸ਼ਮਲਤਾ ਦਾ ਰਾਸ ਲੀਲਾ ਰਚਾਉਣਾ । ਡੇਰੇ, ਆਸ਼ਰਮਾਂ ਦੇ ਜਿਹੜੇ ਨੰਗੇ ਸੱਚ ਬਾਬਤ ਅਸੀਂ ਸੋਚਦੇ ਹਾਂ, ਉਹ ਵਰਤਾਰਾ ਵੀ ਠੀਕ ਜਾਪਦਾ ਹੈ। ਪਰ 'ਚਮਤਕਾਰ' ਅਜੇ ਬਾਕੀ ਹੈ। ਆਖਿਰ ਡੇਰੇ+ਸੰਤ+ਦੇਵੀ ਦੇ ਸਮੀਕਰਣ ਵਿੱਚ ਚਮਤਕਾਰ ਵੀ ਆਪਣਾ ਮਹੱਤਵ ਰੱਖਦਾ ਹੈ। ਲੇਖਿਕਾ ਇਸ ਸਮੀਕਰਣ ਦੀ ਸਾਰੀ ਬਣਤਰ ਦਰਸਾ ਹੁਣ ਹੌਲੀ-ਹੌਲੀ ਪਾਠਕਾਂ ਨੂੰ ਉਸ ਰਾਹ ਤੇ ਲੈ ਜਾਂਦੀ ਹੈ, ਜਿੱਥੇ ਚਮਤਕਾਰ ਵਾਪਰਨ ਦੀ ਸੰਭਾਵਨਾ ਹੋ ਸਕਦੀ ਹੈ। ਜਦੋਂ ਚਮਤਕਾਰ ਵਾਪਰਦਾ ਹੈ ਤੇ ਉਸ ਦੀ ਰੁਸ਼ਨਾਈ ਵਿੱਚ ਸਮਝ ਆਉਂਦਾ ਹੈ ਕਿ ਉਹ ਦੇਵੀ-ਪ੍ਰਕਰਣ ਕੀ ਹੈ? ਤੇ ਪੁਰਸ਼ਾ ਨੂੰ ਹੀ ਸਿਰਫ ਦੰਡਵਤ ਹੋਣ ਦਾ ਸੁਭਾਗ ਕਿਉਂ ਬਖਸ਼ਿਆ ਗਿਆ ਹੈ।

ਬਚਪਨ ਤੋਂ ਕਿਸ਼ੋਰ ਅਵਸਥਾ ਵੱਲ ਪਹਿਲਾਂ ਕਦਮ ਪੁੱਟਦੀ ਇਕ ਗਿਆਰਾ ਸਾਲਾਂ ਦੀ ਮਾਸੂਮ-ਭੋਲੀ ਬੱਚੀ ਸ਼ੰਤੋਸ਼ ਨੂੰ ਉਸ ਦੇ ਅੰਕਲ ਲੱਗਦੇ ਕੁਲਜੀਤ ਨਾਮਕ ਕਾਮੀ ਮਰਦ ਨੇ ਇਹ ਸਮਝਾਉਣ ਦਾ ਜਤਨ ਕੀਤਾ ਸੀ ਕਿ ਉਸ ਕੋਲ ਇਕ ਜਿਸਮ ਹੈ। ਉਹ ਜਿਸਮ ਜਿਸ ਨੂੰ ਕੋਈ ਵੀ ਉਮਰ ਦਾਮਰਦ ਨੋਂਚ-ਖਸੁਟ ਕੇ , ਬਲ ਤੇ ਛਲ ਨਾਲ ਹਾਸਿਲ ਕਰਨ ਦੀ ਮਰਦਾਨਗੀ ਨਹੀਂ ਹਿੰਮਤ ਵੀ ਰੱਖਦਾ ਹੈ ਤੇ ਉਹ ਅਬੋਧ ਬੱਚੀ ਕਿਸੇ ਵੀ ਉਮਰ ਵਿੱਚ ਉਸ ਜਿਸਮ ਨੂੰ ਬਚਾ ਕੇ ਨਹੀਂ ਰੱਖ ਸਕੇਗੀ। ਚਾਹੇ-ਅਣਚਾਹੇ ਉਹ ਮਰਦ ਵਲੋਂ ਭੋਗੀ ਹੀ ਜਾਏਗੀ। ਪਰ



ਕਿਉਂਕਿ ਉਹ ਛੋਟੀ ਬੱਚੀ ਹੈ, ਉਸ ਨੂੰ ਅਜੇ ਮਰਦ-ਔਰਤ ਦੇ ਸਰੀਰਕ ਸੰਬੰਧਾਂ ਦੀ ਸੋਝੀ ਨਹੀਂ, ਇਸ ਲਈ ਉਹ ਬੱਚੀ ਨੂੰ ਵਰਗਲਾਉਣ ਲਈ ਉਸ ਦੇ ਪੱਧਰ ਦੀ ਚਾਲ ਖੇਡਦਾ ਹੈ ਤੇ ਬੱਚੀ ਨੂੰ ਕਹਿੰਦਾ ਹੈ ਕਿ ਉਹ ਇਕ ਖੇਡ ਖੇਡਣਗੇ ਜਿਸ ਵਿੱਚ ਉਹ ਬੱਚੀ ਸੰਤੋਸ਼ ਨਾ ਹੋ ਕੇ, ਉਹ ਨੀਲਮ ਪੁਰੀ ਹੋਏਗੀ, ਜੋ ਉਹ ਸਕੂਲ ਦੇ ਡਰਾਮੇ ਵਿੱਚ ਬਣੀ ਸੀ। ਚੰਗੀ ਜਾਂ ਮਾੜਾਂ ਜੋ ਬੀ ਹਰਕਤ ਉਸ ਨਾਲ ਕੀਤੀ ਜਾਏਗੀ, ਅਸਲ ਵਿੱਚ ਉਹ ਸੰਤੋਸ਼ ਨਾਲ ਨਹੀਂ ਹੋ ਰਹੀ ਹੋਏਗੀ, ਸਗੋਂ ਨੀਲਮ ਪੁਰੀ ਨਾਲ ਹੋ ਰਹੀ ਹੋਏਗੀ।

ਬੱਚਿਆ ਨੂੰ ਖੇਡਾਂ ਪਸੰਦ ਹੁੰਦੀਆਂ ਹਨ। ਪਰੀਆਂ ਆਦਿ ਦੀਆਂ ਕਹਾਣੀਆਂ ਉਂਜ ਵੀ ਬੱਚਿਆਂ ਵਿਸ਼ੇਸ਼ਕਰ ਕੁੜੀਆਂ, ਬੱਚੀਆਂ ਨੂੰ ਲੁਭਾਉਂਦੀਆਂ ਹਨ ਇਸ ਲਈ ਉਸ ਕਾਮੀ ਕੁਲਜੀਤ ਅੰਕਲ ਨੇ ਸੰਤੋਸ਼ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਵੇਲੇ ਉਸ ਨੂੰ ਭੁਲੇਖਾ ਪਾਉਣ ਦੀ ਇਹ ਖੇਡ ਖੇਡੀ। ਆਪਣੀ ਕਰਤੂਤ ਨੂੰ 'ਜਸਟੀਫਾਈ' ਕਰਨ ਲਈ ਉਸ ਨੇ ਕਿਹਾ, ਇਹ ਸਭ ਨੀਲਮ ਪੁਰੀ ਨਾਲ ਹੋਇਆ, ਤੂੰ ਤੇ ਤੋਸ਼ੀ ਹੈ।'

ਪਹਿਲੀ ਵਾਰ ਸੰਤੋਸ਼ ਨੂੰ ਆਪਣੇ ਆਪ ਵਿਚੋਂ ਗੈਰ ਹਾਜ਼ਿਰ ਹੋ ਕਿਸੇ ਕਲਪਨਾ ਸ਼ੀਲ ਪਾਤਰ ਲਈ ਮੁਹੱਈਆਂ ਹੋਣਾ ਪਿਆ। ਮਨੋਵਿਗਿਆਨ ਦੀ ਸ਼ਬਦਾਵਲੀ ਵਿੱਚ ਇਸ ਨੂੰ ਕਈ ਨਾਵਾਂ ਤੋਂ ਪੁਕਾਰਿਆ ਜਾਂਦਾ ਹੈ। ਜਿਨ੍ਹਾਂ ਵਿਚੋਂ ਅਦਰ ਪਰਸਨੈਲਿਟੀ ਦੀ ਛਾਪ ਮਨੁੱਖ ਉੱਤੇ ਹਾਵੀ ਹੋ ਜਾਂਦੀ ਹੈ। ਤੇ ਮਨੁੱਖ ਇਕੋ ਹੀ ਸਮੇਂ ਵਿੱਚ ਡਬਲ 'ਪਰਸਨੈਲਿਟੀ' ਨੂੰ ਜੀਊਣ ਲੱਗਦਾ ਹੈ। ਇਕ ਉਹ ਜੋ ਉਹ ਆਪ ਹੁੰਦਾ ਹੈ ਤੇ ਦੂਸਰਾ (ਅਦਰ) ਉਹ ਜਿਸ ਦੀ ਹੋਂਦ ਨੂੰ ਉਹ ਜੀਉਣਾ ਚਾਹੁੰਦਾ ਹੈ। ਦੋ ਹੋਂਦਾਂ ਨੂੰ ਇਕੋ ਵੇਲੇ ਜੀਉਣ ਵਾਲਾ ਆਪਣੀ ਅਸਲ ਹੋਂਦ ਨੂੰ ਹੌਲੀ ਹੌਲੀ ਭੁੱਲਾ ਬੈਠਦਾ ਹੈ। ਇਹ 'ਡਬਲ ਪਰਸਨੈਲਿਟੀ' ਇਕ ਬਹੁਤ ਵੱਡਾ ਮਨੋਰੋਗ ਹੁੰਦਾ ਹੈ, ਜਿਸ ਦੀ ਜਕੜ ਵਿੱਚ ਕਮਜ਼ੋਰ ਤੇ ਕਲਪਨਾ ਸ਼ੀਲ ਲੋਕ ਹੀ ਆਉਂਦੇ ਹਨ।

ਗਿਆਰਾਂ ਸਾਲਾਂ ਦੀ ਉਸ ਬੱਚੀ ਨੂੰ ਇਸ 'ਅੱਦਰ' ਪਰਸਨ ਬਾਰੇ ਕੋਈ ਸੌਝੀ ਨਹੀਂ। ਉਹ ਕੁਲਜੀਤ ਅੰਕਲ ਆਪਣੇ ਫਾਇਦੇ ਲਈ ਉਸ ਦੇ ਛੋਟੇ ਜਿਹੇ ਦਿਮਾਗ ਵਿੱਚ ਇਸ 'ਅੱਦਰ' ਪਰਸਨ ਦਾ ਮੰਤਰ ਫੂੰਕਦੇ ਹੋਏ ਇਸ ਨੂੰ ਖੇਡ ਦਾ ਨਾਂ ਦੇਂਦਾ ਹੈ। ਹੈ ਵੈਸੇ ਇਹ ਖੇਡ ਹੀ, ਭਾਵੇਂ ਵੱਡੇ ਹੋ ਕੇ ਬੰਦਾ ਆਪ 'ਅੱਦਰ ਪਰਸਨ' ਦਾ ਸਹਾਰਾ ਲੈ ਕੇ ਖੇਡੇ ਜਾਂ ਬੱਚਿਆਂ ਨੂੰ ਵਰਗਲਾਉਣ ਲਈ ਵਰਤੀ ਜਾਏ। ਇਹ ਆਪਣੇ ਆਪ ਨੂੰ ਵਰਗਲਾਉਣ ਤੇ ਭੁਲਾਵਾ ਦੇਣ ਦੀ ਇਕ ਖੇਡ ਹੀ ਹੈ। ਅਲ੍ਹੜ ਬੱਚੀ ਨੂੰ ਨੀਲਮ ਪੁਰੀ ਬਣਾ ਇਕ ਨਵਾਂ ਆਪਣੇ-ਆਪ 'ਚੋਂ ਗੈਰ ਹਾਜ਼ਿਰ ਹੋ, ਕਿਸੇ ਹੋਰ ਨਾਂ ਦਾ ਸਹਾਰਾ ਲੈ ਕੀਤੇ ਜਾਣ ਵਾਲੇ ਕੰਮ ਤੇ ਆਪਣੇ ਆਪ ਨੂੰ ਕਿਸੇ ਵੀ ਸ਼ਰਮਿੰਦਗੀ ਤੇ ਪਾਪ ਦੇ ਅਹਿਸਾਸ ਤੋਂ ਮੁਕਤ ਹੋਣ ਦਾ ਜਿਹੜਾ ਪਾਠ ਪੜ੍ਹਾਇਆ ਗਿਆ ਤੇ ਉਸ ਦਾ ਸੋਸ਼ਣ ਕਰ ਆਪਣਾ ਲਾਭ ਚੁਕਿਆ ਗਿਆ। ਉਸ ਪਾਠ ਨੂੰ ਉਸ ਬੱਚੀ ਨੇ ਮੁਟਿਆਰ ਹੋਣ ਤੇ ਆਪਣੇ ਫਾਇਦੇ ਲਈ ਭੁਨਾਉਣਾ ਸ਼ੁਰੂ ਕਰ ਦਿੱਤਾ। ਜਿਸ ਦਾ ਬੀਜ ਕੁਲਜੀਤ ਅੰਕਲ ਨੇ ਪਾਇਆ ਸੀ। ਬਾਅਦ ਵਿੱਚ ਉਹ ਜਦੋਂ ਚਾਹੁੰਦੀ ਕੁਸੁਮ ਲਤਾ ਤੋਂ ਆਸਾਨੀ ਨਾਲ ਮੇਨਕਾ ਰੂਪਮਤੀ, ਆਸੀਆ ਰਹਿਮਾਨ ਬਣ ਜਾਂਦੀ। ਹਾਲਾਂਕਿ ਤੋਸ਼ੀ, ਸੰਤੋਸ਼ ਤੋਂ ਉਹ ਪਹਿਲਾਂ ਉਮਾ ਦੇਵੀ ਵੀ ਬਣੀ, ਫਿਰ ਕੁਸੁਮ ਲਤਾ ਤੇ ਫਿਰ ਆਦਿ-ਕੁਆਰੀ ਦੇਵੀ। ਮਾਤਾ ਆਦਿ ਕਈ ਸੰਬੋਧਨਾਂ ਤੋਂ ਜਾਣੀ ਜਾਣ ਲੱਗ ਪਈ।

ਬਚਪਨ ਤੋਂ ਇਕ ਮਰਦ ਹੱਥੋਂ ਕਈ ਵਾਰ ਡਰਾ-ਧਮਕਾ ਕੇ ਹੋਈ ਹਵਸ ਦੇ ਸ਼ਿਕਾਰ ਕਾਰਣ ਆਪਣੇ ਬਾਊ ਜੀ ਤੋਂ ਇਲਾਵਾ ਉਹ ਮਾਸੂਮ ਸੰਤੋਸ਼ ਹਰ ਮਰਦ ਤੋਂ ਅਤਿਅੰਤ ਨਫ਼ਰਤ ਕਰਨ ਲੱਗ ਪਈ। ਪਤੀ ਜਗਦੇਵ ਵਲੋਂ ਪੁੱਠੇ-ਸਿੱਧੇ ਪੁੱਛੇ ਜਾਂਦੇ ਸਵਾਲਾਂ ਤੇ ਸ਼ੱਕੀ ਨਿਗਾਹ ਕਾਰਣ ਇਸ ਨਫ਼ਰਤ ਵਿੱਚ ਹੋਰ ਵਾਧਾ ਹੁੰਦਾ ਗਿਆ ਤੇ ਉਹ ਦੇਵੀ ਦੀ ਉਪਾਸਕ ਬਣ ਮਰਦਾਂ ਤੋਂ ਖੁੱਲ੍ਹ ਕੇ ਬਦਲਾ ਲੈਣ ਲੱਗ ਪਈ। ਆਪਣੀ ਨਫ਼ਰਤ ਦਾ ਇਜ਼ਹਾਰ ਉਹ ਮਰਦਾਂ ਨੂੰ ਠੁੱਡੇ ਮਾਰ ਤੇ ਕਈ ਤਰ੍ਹਾਂ ਦੀਆਂ ਗਾਲ੍ਹਾਂ ਕੱਢ ਕੇ ਕਰਦੀ, ਜਿਸ ਨੂੰ ਭੋਲੇ ਸ਼ਾਇਦ ਬੇਵਕੂਫ ਲੋਕ ਪ੍ਰਸ਼ਾਦ ਸਮਝ ਗ੍ਰਹਿਣ ਕਰਦੇ ਤੇ ਆਪਣੇ ਆਪ ਨੂੰ ਪਾਪਾਂ ਤੋਂ ਮੁਕਤ ਸਮਝਦੇ। ਆਮ ਜਨਤਾ ਲਈ ਦੇਵੀ ਬਣੀ ਕੁਸੁਮ ਲਤਾ ਰਾਤ ਵੇਲੇ ਆਪਣੀ ਕੁਦਰਤੀ ਜਿਸਮਾਨੀ ਭੁੱਖ ਦਾ ਲਾਹਾ ਆਪਣੇ ਜਵਾਨ ਮਰਦ-ਸੇਵਕਾਂ ਤੋਂ ਲਾਹੁੰਦੀ ਤੇ ਫਿਰ ਮੂੰਹ-ਮੰਗਿਆ ਧਨ ਦੇ ਉਨ੍ਹਾਂ ਦਾ ਮੂੰਹ ਬੰਦ ਰੱਖਦੀ।

ਸੰਤੋਸ਼ ਦਾ ਮੁਟਿਆਰ ਹੋਣ ਤੇ ਦੇਵੀ ਨਾਲ ਜੁੜਣਾ ਤੇ ਫਿਰ ਆਪ ਹੀ ਦੇਵੀ ਰੂਪ ਵਿੱਚ ਪ੍ਰਗਟ ਹੋ ਜਾਣਾ ਕਹਾਣੀ ਦੇ ਇਕ ਹੋਰ ਆਯਾਮ ਨੂੰ ਸਾਹਮਣੇ ਲਿਆਉਂਦਾ ਹੈ। ਇਕ ਤਾਂ ਇਹ ਕਿ ਜਦੋਂ ਮਨੁੱਖ ਹਰ ਪਾਸਿਓ ਆਪਣੇ ਆਪ ਨੂੰ ਬੇਬਸ ਮਹਿਸੂਸ ਕਰਦਾ ਹੈ, ਹਿੰਮਤ ਹਾਰ ਬੈਠਦਾ ਹੈ ਤਾਂ ਉਹ ਨਿਢਾਲ ਹੋ ਰੱਬ ਜਿਹੇ ਅਮੂਰਤ ਸੰਕਲਪ ਸਾਹਮਣੇ ਢਹਿ-ਢੇਰੀ ਹੋ ਜਾਂਦਾ ਹੈ, ਉਸ ਦੀ ਸ਼ਰਣ ਵਿੱਚ ਜਾ ਉਹ ਸਵੈ ਨੂੰ ਸੁਰੱਖਿਅਤ ਮਹਿਸੂਸ ਕਰਦਾ ਹੈ। ਸੰਤੋਸ਼ ਨੂੰ ਵੀ ਸੁਹਣੀ ਮੁਟਿਆਰ ਰੂਪ ਵਿੱਚ ਜਵਾਨ ਹੋਏ ਵੇਖ ਕੁਲਜੀਤ ਦੀ ਲੇਰ ਫਿਰ ਨਿਕਲੀ ਤਾਂ ਡਰੀ-ਸਹਿਮੀ ਸੰਤੋਸ਼ ਨੇ ਦੇਵੀ ਦੇ ਚਰਣਾਂ ਵਿੱਚ ਸਵੈ ਨੂੰ ਸਮਰਪਿਤ ਕਰ ਦਿੱਤਾ ਸੱਚੇ ਮਨ ਨਾਲ ਐਨੀ ਪ੍ਰਾਰਥਨਾ ਕੀਤੀ ਕਿ ਕੁਲਜੀਤ ਦਾ ਐਕਸੀਡੈਂਟ ਹੋ ਗਿਆ ਤੇ ਲੱਕ ਤੋਂ ਹੇਠਲਾ ਹਿੱਸਾ ਜ਼ਿੰਦਹੀਣ ਹੋ ਜਾਣ ਕਾਰਣ ਸੰਤੋਸ਼ ਨੂੰ ਹਮੇਸ਼ਾ ਲਈ ਉਸ ਦੇ ਖ਼ੌਫ਼ ਤੋਂ ਮੁਕਤੀ ਮਿਲ ਗਈ। ਜ਼ਰੂਰੀ ਨਹੀਂ ਐਕਸੀਡੈਂਟ ਦਾ ਕਾਰਣ ਸੰਤੋਸ਼ ਦੀ ਪ੍ਰਾਰਥਨਾ ਹੀ ਹੋਵੇ, ਕੁਲਜੀਤ ਦੀ ਆਪਣੀ ਲਾਪ੍ਰਵਾਹੀ ਵੀ ਹੋ ਸਕਦੀ ਹੈ। ਲੇਕਿਨ ਜਿਵੇਂ ਪਹਿਲਾਂ ਹੀ ਕਿਹਾ

ਹੈ ਦੇਵੀ ਤੇ ਚਮਤਕਾਰਾਂ ਦਾ ਨਾਤਾ ਬੜਾ ਨੇੜੇ ਦਾ ਹੈ, ਅਜਿਹਾ ਹੋਣਾ ਅਸੁਭਾਵਿਕ ਨਹੀਂ ਜਾਪਦਾ।

ਦੂਸਰੇ, ਸਾਡੇ ਦੇਸ਼ ਵਿੱਚ ਜਿੱਥੇ ਔਰਤ ਨੂੰ ਹਵਸ ਦਾ ਸ਼ਿਕਾਰ ਬਣਾਇਆ ਜਾਂਦਾ ਹੈ, ਉਥੇ ਉਸ ਨੂੰ ਦੇਵੀ ਜਾਂ ਮਾਤਾ ਦੇ ਰੂਪ ਵਿੱਚ 'ਸਥਾਪਿਤ' ਕਰ ਪੂਜਿਆ ਵੀ ਜਾਂਦਾ ਹੈ, ਨਤਮਸਤਕ ਵੀ ਹੋਇਆ ਜਾਂਦਾ ਹੈ। ਇਹ ਸਾਡੇ ਦੇਸ਼ ਦੀ ਧਾਰਮਿਕਤਾ ਤੇ ਅੰਧਵਿਸ਼ਵਾਸ ਦਾ ਵਿਰੋਧਾਭਾਸੀ ਪਹਿਲੂ ਵੀ ਹੈ। ਇਸ ਲਈ ਕਹਾਣੀਕਾਰਾ ਨੇ ਔਰਤ ਦੇ ਦੋਵਾਂ ਰੂਪਾਂ ਤੇ ਦੋ ਵਿਰੋਧਾ ਭਾਸਾਂ ਨੂੰ ਇਕੱਠੇ ਹੀ ਸਿਰਜਿਆ ਹੈ, ਜਿਸ ਤੋਂ ਭਾਰਤੀ ਪਰੰਪਰਿਕ ਔਰਤ ਦੀ ਸਹੀ ਨਿਸ਼ਾਨਦੇਹੀ ਹੋ ਸਕੇ। ਔਰਤ ਨੂੰ ਪੈਰ ਦੀ ਜੁੱਤੀ ਸਮਝਣ ਤੇ ਹਵਸ ਦਾ ਸ਼ਿਕਾਰ ਬਣਾਉਣ ਵਾਲੇ ਆਸਾਨੀ ਨਾਲ ਕਿਸੇ ਦੇਵੀ ਦੇ ਠੁੱਡੇ, ਠੋਕਰਾਂ ਤੇ ਗਾਲ੍ਹਾਂ ਨੂੰ ਹੱਸੀ-ਖੁਸ਼ੀ ਪ੍ਰਸ਼ਾਦ ਸਮਝ ਗ੍ਰਹਿਣ ਕਰ ਸਕਦੇ ਹਨ। ਇੰਝ ਰਸ਼ਪਿੰਦਰ ਰਸ਼ਿਮ ਸ਼ੋਸ਼ਿਤ ਤੇ ਦੇਵੀ ਔਰਤ ਦੇ ਦੋਵਾਂ ਰੂਪਾਂ ਨੂੰ ਪਾਠਕਾਂ ਸਾਹਮਣੇ ਲੈ ਕੇ ਆਉਂਦੀ ਹੈ।

ਜਿਵੇਂ ਦੱਸਿਆ ਹੈ ਕਿ 'ਅੰਦਰ ਪਰਸਨੈਲਿਟੀ' ਇਕ ਬਹੁਤ ਵੱਡਾ ਮਨੋਰੋਗ ਹੈ, ਜਿਸ ਦੇ ਤਹਿਤ ਬੰਦਾ ਹੌਲੀ-ਹੌਲੀ ਆਪਣੀ ਅਸਲ ਪਛਾਣ ਗੁਆ ਬਹਿੰਦਾ ਹੈ ਤੇ ਉਸ ਦਾ ਦਿਮਾਗ਼ੀ ਸੰਤੁਲਨ ਵਿਗੜ ਜਾਂਦਾ ਹੈ। ਸੰਤੋਸ਼ ਜਾਂ ਕੁਸੁਮ ਲਤਾ ਦੇ ਮਾਮਲੇ ਵਿੱਚ ਵੀ ਇਹੀ ਹੁੰਦਾ ਹੈ ਤੇ ਆਖਿਰ ਉਹ ਪਗਲਾ ਜਾਂਦੀ ਹੈ। ਲੇਖਿਕਾ ਨੇ ਇਥੇ ਵੀ ਈਮਾਨਦਾਰੀ ਨਾਲ ਇਸ ਸੱਚਾਈ ਤੋਂ ਮੂੰਹ ਨਹੀਂ ਮੋੜਿਆ ਤੇ ਦੇਵੀ ਨੂੰ ਹਮੇਸ਼ਾ ਲਈ ਦੇਵੀ ਨਹੀਂ ਰਹਿਣ ਦਿੱਤਾ, ਸਗੋਂ ਮਨੋਰੋਗੀ ਦੇ ਰੂਪ ਵਿੱਚ ਉਸ ਦੀ ਪਛਾਣ ਕਰਨਾ ਕਠੋਰ ਸੱਚਾਈ ਤੋਂ ਜਾਣੂ ਕਰਵਾਇਆ।

ਬਾਕੀ ਰਹੀ ਗੱਲ ਆਸ਼ਰਮ ਦੇ ਪ੍ਰਬੰਧਕਾਂ ਦੀ ਉਸ ਪਾਗਲ ਔਰਤ ਨੂੰ ਕੈਦ ਕਰ ਉਸ ਦੇ ਨਾਂ ਦਾ ਇਸਤੇਮਾਲ ਕਰ ਧਨ ਇਕੱਠਾ ਕਰਨ ਦੀ ਤਾਂ ਇਹ ਵੀ ਇਕ ਸੱਚਾਈ ਹੈ, ਡੇਰਿਆ-ਆਸ਼ਰਮਾਂ ਦੀ ਅੰਨੀ ਕਮਾਈ ਦਾ ਸੱਚ ਕਹਾਣੀ ਦੇ ਅੰਤ ਵਿੱਚ ਕਿਸੇ ਉਜਾੜ ਵਿੱਚ ਕਿਸੇ ਕਮਲੀ ਦਾ ਕਾਮੀ ਮਰਦਾਂ ਨੂੰ ਗਾਲ੍ਹਾਂ ਕੱਢਦੇ ਦੱਸਿਆ ਜਾਣਾ, ਇਕ ਗੱਲ ਵੱਲ ਸੰਕੇਤ ਕਰਦਾ ਹੈ ਕਿ ਇਹੋ ਜਿਹੀਆਂ ਕਮਲੀਆਂ ਨਾਲ ਤਾਂ ਜਹਾਨ ਭਰਿਆ ਪਿਆ ਹੈ। ਜ਼ਰੂਰੀ ਨਹੀਂ ਉਹ ਦੇਵੀ ਕੁਸੁਮ ਲਤਾ ਹੀ ਹੋਵੇ, ਕੋਈ ਹੋਰ ਵੀ ਸਤਾਈ, ਹਵਸ ਦਾ ਸ਼ਿਕਾਰ ਹੋਈ ਮਾਸੂਮ ਕੰਜਕ ਤੋਂ ਜਬਰਦਸਤੀ ਔਰਤ ਬਣਾਉਣ ਲਈ ਰੁੱਲੀ-ਖੁਲ੍ਹੀ ਔਰਤ ਹੋ ਸਕਦੀ ਹੈ, ਜਿਸ ਦਾ ਅਸਲ ਨਾਂ ਅਸਲ ਵਜੂਦ ਹੀ ਹਮੇਸ਼ਾ ਹੀ ਗਵਾਚ ਗਿਆ ਤੇ ਉਹ ਸਿਰਫ ਕਮਲੀ ਜਾਂ ਪਾਗਲ ਬਣ ਆਪਣਾ ਸਤਿਆ ਨਾਸ ਕਰਨ ਵਾਲਿਆਂ ਨੂੰ ਗਾਲਾਂ ਦੇਣ ਜੋਗੀ ਹੀ ਰਹਿ ਗਈ।


ਕਹਾਣੀ ਦਾ ਅਨੁਵਾਨ 'ਆਦਿ-ਕੁਆਰੀ' ਵੀ ਬੜਾ ਅਰਥ-ਭਰਪੂਰ ਹੈ। ਸੰਤੋਸ਼ ਤੋਂ ਲੈ ਕੇ ਕੁਸੁਮ ਲਤਾ ਤੇ ਹੋਰ ਕਈ ਨਾਵਾਂ ਦੇ ਸਫ਼ਰ ਵਿੱਚ ਉਸ ਸਦਾ ਕੁਆਰੀ ਹੀ ਰਹੀ। ਉਹ ਸਹਿਜ-ਸੁਭਾਵਿਕ ਤੌਰ ਤੇ ਜਵਾਨ ਹੋਈ, ਨਾ ਵਿਆਹ ਮਗਰੋਂ ਜਾਂ ਬਾਅਦ ਵਿੱਚ ਉਸ ਦਾ ਕੁਆਰਪਨ ਆਪਣੇ ਪਤੀ ਜਾਂ ਪ੍ਰੇਮੀ ਪਾਸੋਂ ਟੁੱਟ ਉਸ ਨੂੰ ਸੰਪੂਰਣ ਔਰਤ ਬਣਾ ਸਕਿਆ ਉਸ ਦਾ ਨਾਤਾ ਸਿਰਫ ਭੋਗ ਤੇ ਭੋਗਣ ਨਾਲ ਰਿਹਾ, ਪਹਿਲਾਂ ਭੋਗੀ ਗਈ, ਸਿਰਫ ਭੋਗਣ ਲੱਗ ਪਈ। ਮਨ ਦਾ ਮੀਤ ਕਦੇ ਨਾ ਮਿਲਿਆ, ਇਸ ਲਈ ਉਹ ਕੁਆਰੀ ਹੀ ਰਹੀ। ਇਹ ਤੱਥ ਮਿੱਥ ਨਾਲ ਸੰਬੰਧ ਰੱਖਦਾ ਹੈ, ਕਿਉਂਕਿ ਦੇਵੀਆਂ ਸਦਾ ਕੁਆਰੀਆ ਹੁੰਦੀਆਂ ਹਨ, ਫਿਰ ਵੀ ਮਾਤਾ ਆਦਿ ਸੰਬੋਧਨਾਂ ਨਾਲ ਪੁਕਾਰੀਆਂ ਜਾਂਦੀਆਂ ਹਨ। ਨਾਲ ਕਿਹਾ ਜਾਂਦਾ ਹੈ ਕਿ ਸ੍ਰੀ ਕ੍ਰਿਸ਼ਣ ਦੀਆਂ ਸੌਲ੍ਹਾਂ ਹਜ਼ਾਰ ਗੋਪੀਆਂ ਸਨ ਪਰ ਸ੍ਰੀ ਕ੍ਰਿਸ਼ਨ ਨਵਾਂ ਨਕੋਰ ਪੁਰਸ਼ ਸੀ। ਕਿਧਰੇ ਪੜ੍ਹਿਆ ਹੈ ਕਿ ਓਸ਼ੋ ਨੇ ਕਿ ਉਸ ਦੇ ਸਿਰ ਉਤੇ ਜਿੰਨੇ ਵਾਲ਼ ਹਨ, ਉਸ ਨੇ ਉਤਨੀਆਂ ਔਰਤਾਂ ਨਾਲ ਭੋਗ ਕੀਤਾ, ਪਰ ਉਹ ਸਦਾ ਅਵਿਵਾਹਿਤ ਅਖਵਾਉਂਦਾ ਰਿਹਾ। ਇਨ੍ਹਾਂ ਸਭ ਮਿੱਥਾਂ ਤੇ ਕਹਾਣੀਆਂ ਪਿੱਛੇ ਦੀ ਮੂਲ ਭਾਵਨਾ ਇਹ ਹੈ ਕਿ ਤਨ-ਮਨ, ਤੇ ਦਿਲ-ਦਿਮਾਗ਼ ਨਾਲ ਜਦੋਂ ਕਿਸੇ ਨੂੰ ਅਪਨਾ ਕੇ ਸਰੀਰਕ ਸੰਬੰਧ ਕਾਇਮ ਕੀਤਾ ਜਾਂਦਾ ਹੈ, ਅਸਲ ਸੰਬੰਧ ਉਹ ਹੁੰਦਾ ਹੈ। ਇਕ-ਦੂਸਰੇ ਵਿੱਚ ਤਨੋ-ਮਨੋਂ ਵਿਲੀਨ ਹੋ ਜਾਣ ਵਾਲਾ ਸਰੀਰਕ ਸੁਖ ਆਤਮਿਕ ਆਨੰਦ ਵਿੱਚ ਤਬਦੀਲ ਹੋ ਜਾਂਦਾ ਹੈ। ਇਸਤਰੀ ਜਾਂ ਮਰਦ ਕਿਸੇ ਇਕ ਨਾਲ ਆਪਣਾ ਸਥਾਈ ਨਾਤਾ ਜੋੜ ਕੇ ਉਸ ਨਾਲ ਬੱਝ ਜਾਂਦੇ ਹਨ। ਪਰ ਸੰਤੋਸ਼ ਜਾਂ ਕੁਸੁਮ ਲਤਾ ਨੂੰ ਇਹੋ ਜਿਹਾ ਸੁਭਾਗ ਕਦੇ ਪ੍ਰਾਪਤ ਨਾ ਹੋ ਸਕਿਆ। ਉਹ ਇਕ ਵਾਰ ਨੀਲਮ ਪੁਰੀ ਕੀ ਬਣੀ, ਮੁੜ ਜਦੋਂ ਵੀ ਉਸ ਨੇ ਭੋਗ ਭੋਗਿਆ ਉਹ ਸਵੈ-ਹੋਂਦ ਨਾਲ ਕਿਸੇ ਨਾਲ ਤਨੋਂ-ਮਨੋਂ ਵਿਲੀਨ ਨਾ ਹੋ ਸਕੀ। ਉਹ ਕਦੇ ਮੇਨਕਾ, ਰੂਪਮਤੀ ਤੇ ਕਦੇ ਆਮੀਆ ਰਹਿਮਾਨ ਦੇ ਨਾਂ ਦਾ ਸਹਾਰਾ ਲੈ ਕੇ ਹੀ ਮਰਦ ਨਾਲ ਜੁੜ ਸਕੀ। ਆਪਣੀ ਹੋਂਦ ਵਿੱਚੋਂ ਆਪ ਹੀ ਗੈਰ ਹਾਜ਼ਿਰ ਹੋ, ਕਿਸੇ ਹੋਰ ਨਾਂ ਹੇਠ ਸਰੀਰਕ ਭੋਗ, ਸਿਰਫ ਭੋਗ ਹੀ ਰਿਹਾ, ਆਤਮਿਕ ਅੰਨਦ ਦੀ ਤ੍ਰਿਪਤੀ ਕਦੇ ਨਾ ਬਣ ਸਕਿਆ। ਕੀ ਉਸ ਆਦਿ-ਕੁਆਰੀ ਨੇ ਸਿਰਫ ਮਰਦਾਂ ਤੋਂ ਬਦਲਾ ਲਿਆ...? ਆਪਣੇ ਆਪ ਨੂੰ ਵੀ ਤਾਂ ਉਸ ਬਦਲੇ ਦੀ ਅੱਗ ਵਿੱਚ ਝੌਂਕ ਕੇ ਸੜਦੀ-ਬਦਲੀ ਰਹੀ। ਰਸ਼ਪਿੰਦਰ ਰਸ਼ਿਮ ਦੀ ਇਹ ਪਾਤਰ ਭਾਰਤੀ ਸੰਕਲਪਾਂ ਤੇ ਆਧੁਨਿਕ ਯੁੱਗ ਦੀ ਰਲੀ-ਮਿਲੀ ਮਿਸ਼ਾਲ ਬਣ ਕੇ ਸਾਹਮਣੇ ਆਉਂਦੀ ਹੈ, ਜਿਸ ਵਿੱਚ ਸੰਘਰਸ਼ ਤੇ ਰੋਸ ਪ੍ਰਗਟ ਕਰਨ ਦੀ ਭਾਵਨਾ ਉਸ ਨੂੰ ਆਧੁਨਿਕ ਯੁਗ ਨਾਲ ਜੋੜ ਦੇਂਦੀ ਹੈ। ਕਹਾਣੀ ਵਿੱਚ ਕੋਈ ਵੀ ਅੰਸ਼ ਜਾਂ ਸੰਵਾਦ ਅਜਿਹਾ ਨਹੀਂ, ਜਿਸ ਨੂੰ ਫਾਲਤੂ ਤੇ ਵਾਧੂ ਕਿਹਾ ਜਾ ਸਕੇ। ਇਕ ਸਤੁੰਲਿਤ, ਆਰੰਭ ਤੋਂ ਹੀ ਆਪਣੇ ਸੇਧ ਨੂੰ ਪਛਾਣ ਕੇ ਤੁਰਨ ਵਾਲੀ ਗਠਿਤ ਬੁਣਤੀ ਵਾਲੀ ਕਹਾਣੀ, ਜਿਸ ਦੀ ਮਿਸ਼ਾਲ ਅਨੇਕਾਂ ਢੰਗਾਂ ਨਾਲ ਦਿੱਤੀ ਜਾਂਦੀ ਰਹੇਗੀ। ੦



# ਜਨ ਬੋਧ

**ਲੇਖ**

## ਰੂਹ ਦਾ ਚੋਲਾ ਬਦਲਣਾ (ਪੁਨਰ-ਜਨਮ)/ ਮੂਲ. ਐਮ. ਐਨ. ਰਾਏ



ਐਮ. ਐਨ. ਰਾਏ

ਸਾਡੀ ਇਸ ਛੋਟੀਆ ਜੇਹੀ ਦੁਨੀਆਂ ਦੇ ਬਾਸ਼ਿੰਦਆਂ ਵਿਚ ਇਕ ਨਵਾਂ ਜੋਸ਼ ਹੈ। ਪੂਰੀ ਤਰ੍ਹਾਂ ਨਾਲ ਜੋਸ਼ ਵੀ ਨਹੀਂ। ਬਲਿਕ ਇਹ ਇਕ ਹਲਚਲ ਜੇਹੀ ਹੈ। ਇਕ ਵਾਧੂ ਤਰਲੋਮੱਛੀ ਜੇਹੀ। ਜੋਸ਼ ਤਾਂ ਸਾਨੂੰ ਸਿੱਧੇ ਤੌਰ ਤੇ ਬਹੁਤ ਨੇੜਿਓਂ ਪ੍ਰਭਾਵਿਤ ਕਰਨ ਵਾਲੀਆਂ ਘਟਨਾਂਵਾਂ ਰਾਹੀਂ ਪੈਦਾ ਹੋਈ ਭਾਵਨਾ ਦਾ ਨਾਂ ਹੈ। ਅਜਿਹਾ ਕੁਝ ਨਹੀਂ ਵਾਪਰਿਆ। ਇਸ ਚਾਰ ਦੀਵਾਰੀ ਦੇ ਬਾਹਰੋਂ ਕੋਈ ਕਹਾਣੀ ਅੰਦਰ ਆਣ ਵੜੀ ਹੈ ਜਿਸ ਨੂੰ ਹਰ ਕੋਈ ਥੋੜਾ ਵਧਾ ਕੇ ਦੁਹਰਾ ਰਿਹਾ ਹੈ। ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਇਸ ਅਲੱਗ-ਥਲੱਗ ਦੁਨੀਆਂ ਵਿਚ ਏਨਾ ਤੱਕੜਾ ਬੰਦੋਬਸਤ ਹੁੰਦਿਆਂ ਹੋਇਆ ਵੀ ਕਹਾਣੀਆਂ ਪਹੁੰਚ ਕਿਵੇਂ ਜਾਂਦੀਆਂ ਹਨ। ਪਰ ਫਿਰ ਵੀ ਜਦੋਂ ਉਹ ਇਸ ਬੰਨ ਨੂੰ ਤੋੜ ਕੇ ਅੰਦਰ ਪਹੁੰਚਦੀਆਂ ਹਨ ਤਾਂ ਬਾਹਰ ਦੀਆਂ ਗੱਲਾਂ ਸੁਣਨ ਲਈ ਇਕਾਂਤ ਤੜਫਦੀਆਂ ਰੂਹਾਂ ਲਈ ਜੰਗਲ ਦੀ ਅੱਗ ਵਾਂਗ ਫੈਲ ਜਾਂਦੀਆਂ ਹਨ। ਖਾਸ ਕਰਕੇ ਜਦੋਂ ਇਹ ਕਹਾਣੀਆਂ ਨਿਕੰਮੇ ਵਿਚਾਰਾ ਜਾਂ ਪ੍ਰਚਲਤ ਵਿਸ਼ਵਾਸ਼ਾਂ ਨੂੰ ਪੱਠੇ ਪਾਉਣ ਵਾਲੀ ਕਿਸਮ ਦੀਆਂ ਹੋਣ। ਪਹਿਰੇਦਾਰਾਂ ਵਿਚੋਂ ਕੁਝ ਨਾਲ ਲੱਗਦੇ ਬਜ਼ਾਰ ਵਿਚੋਂ ਸੁਣ ਕੇ ਉਸ ਨੂੰ ਤੋੜ-ਮਰੋੜ ਕੇ ਜਾਂ ਵਧਾ-ਚੜ੍ਹਾ ਕੇ ਅੱਗੇ ਫੈਲਾਅ ਦਿੰਦੇ ਹਨ। ਜਾਂ ਕੁਝ ਕੈਦੀ ਜੋ ਦਫ਼ਤਰੀ ਕੰਮਾ ਵਿਚ ਲੱਗੇ ਹੁੰਦੇ ਹਨ, ਬਾਬੂਆਂ ਦੀ ਆਪਸੀ ਗੱਲ-ਬਾਤ 'ਚੋਂ ਕੁਝ ਅੰਸ਼ ਲੈਂਦੇ ਹਨ। ਇਹ ਖਾਸ਼ ਕਹਾਣੀ ਜਿਸ ਨੇ ਮੌਜੂਦਾ ਹਲਚਲ ਪੈਦਾ ਕੀਤੀ ਹੋਈ ਹੈ, ਇਸੇ ਸਰੋਤ ਰਾਹੀਂ ਆਈ ਲੱਗਦੀ ਹੈ। ਜੋ ਕਿ ਸਾਰੇ ਕੈਦੀਆਂ ਨੂੰ ਬਿਨਾਂ ਕਿਸੇ ਛੱਕ ਤੋਂ ਸੱਚੀ ਪ੍ਰਤੀਤ ਹੁੰਦੀ ਹੈ। ਇਹ ਵੀ ਸੁਣਿਆ ਹੈ ਕਿ ਜੇਲ੍ਹ ਦੀ ਚਾਰ-ਦੀਵਾਰੀ ਤੋਂ ਬਾਹਰ ਵੀ ਇਸ ਕਹਾਣੀ ਨੇ ਇਸ ਛੋਟਾ ਜਿਹਾ ਤੂਫਾਨ ਖੜਾ ਕੀਤਾ ਹੋਇਆ ਹੈ। ਇਹ ਉਸ ਕੁੜੀ ਬਾਰੇ ਹੈ ਜਿਸ ਨੂੰ ਆਪਣੇ ਪੂਰਵਲੇ ਜਨਮ ਬਾਰੇ ਸਭ ਕੁੱਝ ਯਾਦ ਹੈ। ਇਹ ਵਿਚਾਰ ਪੱਛਮੀ-ਪਾਦਰਥਵਾਦੀ ਸੋਚ ਅਧੀਨ ਵਿਗੜੇ ਲੋਕਾਂ ਲਈ ਕਰਾਰਾ ਝੱਟਕਾ ਹੈ। ਜੋ ਆਤਮਾ ਦੇ ਪੁਨਰ ਜਨਮ ਨੂੰ ਚੁਣੌਤੀ ਦਿੰਦੇ ਹਨ।

ਕਹਾਣੀ ਪਵਿੱਤਰ ਮੱਥਰਾ ਸ਼ਹਿਰ ਤੋਂ ਆਈ ਹੈ। ਕੀ ਤੁਸੀਂ ਸੰਭਵਤ ਅਜਿਹੀ ਕਿਸੇ ਚੀਜ ਤੋਂ ਇਨਕਾਰ ਕਰ ਸਕਦੇ ਹੋ ਜੋ ਉਸ ਜਗ੍ਹਾ ਵਾਪਰੀ ਹੋਵੇ ਜਿਥੇ ਕਿ ਨੱਟ-ਖੱਟ ਬਚਪਨ ਵਿਚ ਜਾਂ ਪ੍ਰੇਮ ਮੱਤੇ ਗੱਭਰੂ ਹੁੰਦਿਆਂ ਕ੍ਰਿਸ਼ਨ ਘਨਈਆ ਨੇ ਆਪ ਅਣਗਿਣਤ ਕ੍ਰਿਸ਼ਮੇ ਕੀਤੇ ਹੋਣ। ਕਹਾਣੀ ਕੁਝ ਇਸ ਤਰ੍ਹਾਂ ਹੈ ਜਿਵੇਂ ਕਿ ਮੈਨੂੰ ਪਤਾ ਹੈ। ਇਸ ਦਿਨ ਵਿਚ ਕਈ ਕਈ ਵਾਰ ਬੜੇ ਹੈਰਾਨੀ ਭਰੇ ਲਹਿਜੇ ਵਿਚ ਸੁਣਾਈ ਜਾਂਦੀ ਹੈ, ਪਰ ਇਸ ਦੇ ਅੰਤਰ-ਲੁਪਤ ਤੱਥ ਨੂੰ ਸਮਝਣਾ ਬੜਾ ਮੁਸ਼ਕਿਲ ਹੈ। ਇਹ ਹੈਰਾਨੀ ਦੀ ਗੱਲ ਹੈ ਕਿ ਵਿਸ਼ਵਾਸ਼ ਦੀ ਪਰਪੱਕਤਾ ਸਚਾਈ ਦਾ ਪੈਮਾਨਾਂ ਬਣ ਜਾਵੇ। ਵਿਸ਼ਵਾਸ਼ ਜਿਤਨਾ ਵੀ ਅੰਨਾ ਹੁੰਦਾ ਹੈ, ਉਨ੍ਹਾਂ ਹੀ ਪਰਪੱਕ ਹੁੰਦਾ ਹੈ। ਕਹਾਣੀ ਦਾ ਕੇਂਦਰੀ ਧੁਰਾ ਸ਼ਾਤੀ ਦੇਵੀ ਨੌ ਸਾਲਾਂ ਪਹਿਲਾਂ ਮੰਨਣਯੋਗ ਹੈ ਕਿ 10 ਲੱਖੀਵੀਂ ਵਾਰੀ ਜਾਂ ਇਸ ਦੇ ਲੱਗ-ਪੱਗ ਪੈਦਾ ਹੋਈ ਸੀ। ਉਹ ਦਿੱਲੀ ਦੇ ਆਸ-ਪਾਸ ਇਕ ਬ੍ਰਾਹਮਣ ਦੇ ਘਰ ਪੈਦਾ ਹੋਈ ਸੀ। ਇਹ ਵੀ ਖ਼ਬਰ ਹੈ ਕਿ ਕੁਝ ਸਮਾਂ ਉਹ ਆਪਣੇ ਮਾਪਿਆਂ ਨੂੰ ਉਸ ਮਥੁਰਾ ਲੈ ਜਾਣ ਲਈ ਜ਼ੋਰ ਪਾਉਂਦੀ ਰਹੀ, ਜਿਥੇ ਕਿ ਉਸ ਨੇ ਆਪਣਾ ਪੂਰਵਲਾ ਜੀਵਨ ਗੁਜਾਰਿਆ ਸੀ। ਸ਼ੁਰੂ ਸ਼ੁਰੂ ਜਿਵੇਂ ਕਿ ਉਹ ਦੱਸਦੇ ਹਨ ਮਾਪਿਆ ਨੇ ਉਸ ਦੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ। ਪਰ ਹੁਣ ਉਸ ਦੇ ਇਸ ਦਾਅਵੇ ਦਾ ਪਰਿਵਾਰ ਦੇ ਬਾਹਰਲੇ ਲੋਕਾਂ ਨੂੰ ਵੀ ਪਤਾ

ਲੱਗ ਚੁੱਕਾ ਸੀ। ਸਥਾਨਕ ਭੱਦਰ-ਪੁਰਸ਼ਾਂ ਨੇ ਇਕ "ਪੜਤਾਲ ਕਮੇਟੀ" ਬਣਾ ਲਈ ਤੇ ਲੜਕੀ ਨੂੰ ਮਥੁਰਾ ਲੈ ਗਏ। ਖਬਰ ਹੈ ਕਿ ਉਥੇ ਉਸ ਨੇ ਹੇਠ ਲਿਖੇ ਹੈਰਾਨੀ ਭਰੇ ਕਾਰਨਾਮੇ ਕੀਤੇ। ਪਲੇਟ ਫਾਰਮ ਉਪਰ ਉਸ ਨੇ ਇਕ ਸਥਾਨਕ ਬ੍ਰਾਹਮਣ ਨੂੰ ਆਪਣੇ ਪਿਛਲੇ ਜਨਮ ਦੇ ਪਤੀ ਦੇ ਤੌਰ ਤੇ ਪਹਿਚਾਣ ਲਿਆ, ਰਸਤੇ ਵਿਚ ਵੇਖਣ ਆਇਆ ਦੀ ਭੀੜ ਵਿਚੋਂ ਇਕ ਭੱਦਰ ਪੁਰਸ ਨੂੰ ਆਪਣੇ ਪਿਛਲੇ ਜਨਮ ਦੇ ਸਹੁਰੇ ਵਜੋਂ ਪਹਿਚਾਣ ਲਿਆ। ਉਹ ਕਮੇਟੀ ਦੇ ਇਕ ਆਦਮੀ ਨੂੰ ਉਸ ਘਰ ਵੱਲ ਲੈ ਗਈ ਜਿਥੇ ਕਿ ਉਸ ਨੇ ਪੂਰਵਲਾ ਜੀਵਨ ਬਿਤਾਇਆ ਸੀ। ਉਸ ਨੇ ਘਰ ਦੀ ਬਣਤਰ ਬਾਰੇ ਕਰੀਬੀ ਜਾਣ ਪਹਿਚਾਣ ਦਿਖਾਈ। ਉਸ ਨੇ ਜਮੁਨਾ ਉਤੇ ਉਸ ਘਾਟ ਵੱਲ ਇਸ਼ਾਰਾ ਕੀਤਾ ਜਿਥੇ ਕਿ ਉਹ ਨਹਾਉਣ ਜਾਇਆ ਕਰਦੀ ਸੀ। ਉਸ ਨੇ ਸੁਭਾਵਿਕ ਹੀ ਆਪਣੇ ਪੂਰਵਲੇ ਪਤੀ ਦੇ ਛੋਟੇ ਪੁੱਤਰ ਨਾਲ ਨਰਮੀ ਭਰਿਆ ਵਰਤਾਓ ਕੀਤਾ। ਪਤੀ ਨੇ ਦੱਸਿਆ ਕਿ ਨੌਂ ਵਰ੍ਹੇ ਪਹਿਲਾਂ ਇਸ ਪੁੱਤਰ ਦੇ ਜਨਮ-ਸਮੇਂ ਉਸ ਦੀ ਬੀਵੀ ਦੀ ਮੌਤ ਹੋ ਗਈ ਸੀ। ਹੁਣ ਇਹਨਾਂ ਸਾਰੇ ਤੱਥਾਂ ਦੀ ਮੌਜੂਦਗੀ ਵਿਚ ਆਤਮਾ ਦੇ ਪੁਨਰ-ਜਨਮ ਦੀ ਸਚਾਈ ਵਿੱਚ ਕੌਣ ਯਕੀਨ ਨਹੀਂ ਕਰੇਗਾ।

ਭਦਰ-ਪੁਰਸ਼ਾ ਦੀ ਕਮੇਟੀ ਜਿਸ ਨੂੰ ਕਿ ਇਸ ਸਚਾਈ ਉਤੇ ਪਹਿਲਾਂ ਹੀ ਯਕੀਨ ਸੀ, ਕੁਦਰਤੀ ਤੌਰ ਉਤੇ ਹੀ ਇਸ ਸਿੱਟੇ ਤੇ ਪਹੁੰਚਣ ਵਿਚ ਕੋਈ ਮੁਸ਼ਕਿਲ ਨਹੀਂ ਆਈ ਕਿ ਸ਼ਾਤੀ ਦੇਵੀ ਦੀ ਕਹਾਣੀ ਤੱਥਾਂ ਤੇ ਅਧਾਰਤ ਸੀ। ਇਸ ਸਿੱਟੇ ਨੂੰ ਜਨਤਕ ਤੌਰ ਤੇ ਅਖ਼ਬਾਰਾਂ ਵਿਚ ਦਿੱਤਾ ਗਿਆ ਤੇ ਪਲੇਟਫਾਰਮ 'ਤੇ ਲੋਕਾਂ ਨੂੰ ਵੀ ਦੱਸਿਆ ਗਿਆ। ਸ਼ਾਂਤੀ ਦੇਵੀ ਆਮ ਲੋਕਾਂ ਦੇ ਇਕੱਠਾਂ ਵਿਚ ਹਾਜ਼ਰ ਹੋਈ ਤੇ ਆਪਣੀ ਕਹਾਣੀ ਦੱਸੀ ਜਿਸ ਦੀ ਕਿ ਇਕ ਜਾਂ ਦੂਸਰੇ ਕਮੇਟੀ ਮੈਂਬਰ ਵਲੋਂ ਉਸ ਵਕਤ ਪ੍ਰੋੜਤਾ ਵੀ ਕੀਤੀ ਜਾਂਦੀ। ਹਿੰਦੂ ਸਭਿਆਚਾਰ ਦੇ ਜ਼ੋਸੀਲੇ ਰਖਵਾਲਿਆਂ ਨੇ ਅਖ਼ਬਾਰਾਂ ਵਿਚ ਆਧੁਨਿਕ ਵਿਗਿਆਨ ਦੇ ਦੰਦ ਚਿੜਾਏ ਤੇ ਨਵ-ਜਾਤ ਮਨੋਵਿਗਿਆਨ ਦੀ ਖਿਚੜੀ ਦਾ ਮਜ਼ਾਕ ਵੀ ਉਡਾਇਆ। ਵਿਗਿਆਨ ਨੂੰ ਨੌਂ ਵਰਿਆ ਦੀ ਸੂਰਬੀਰ ਲੜਕੀ ਵਲੋਂ ਵੰਗਾਰਿਆ ਗਿਆ ਸੀ ਜਿਸ ਨੇ ਕਿ ਕਦੀ ਵੀ ਭੌਤਿਕ ਵਿਗਿਆਨ ਤੇ ਮਨੋਵਿਗਿਆਨ ਵਰਗੇ ਅਜੀਬ ਨਾਂਵਾਂ ਬਾਰੇ ਕਦੇ ਸੁਣਿਆ ਵੀ ਨਹੀਂ ਸੀ। ਸੰਭਵ ਹੈ ਕਿ ਅਜੇ ਉਸ ਨੇ ਪੜ੍ਹਨਾ-ਲਿਖਣਾ ਸਿਖਣਾ ਸੀ। ਜੇ ਕਦੇ ਇਸ ਦੁਨਿਆਵੀ ਵਿਦਿਆ ਨੇ ਉਸ ਨੂੰ ਪਲੀਤ ਨਾ ਕਰ ਦਿੱਤਾ। ਕੌਮੀ-ਸਭਿਆਚਾਰ ਦੇ ਇਹ ਜੁਝਾਰੂ ਫਰਿਸਤੇ ਖੁਦ ਮਾਨਸਿਕ ਤੇ ਮਨੋਵਿਗਿਆਨਕ ਵਿਸ਼ਲੇਸ਼ਣ ਦਾ ਇਕ ਵਿਸ਼ਾ ਹਨ ਨਾ ਕਿ ਆਧੁਨਿਕ ਵਿਗਿਆਨ ਦੇ ਇਕ ਸਮਰੱਥ ਆਲੋਚਕ।

ਵਾਰ ਵਾਰ ਦੁਹਰਾਈ ਜਾਂਦੀ ਕਹਾਣੀ ਨੂੰ ਸੁਣਿਆਂ ਹੋਣ ਕਰਕੇ ਕੁਦਰਤੀ ਤੌਰ ਤੇ ਹੀ ਮੈਂ ਇਸਨੂੰ ਆਪਣੇ ਮਨ ਵਿਚ ਉਪਰ ਥੱਲੇ ਕਰਦਾ ਰਿਹਾ। ਮੇਰੀ ਦਿਲਚਸਪੀ ਦਾ ਕਾਰਨ ਪੁਨਰ-ਜਨਮ ਨਹੀਂ ਸੀ। ਇਸ ਸਵਾਲ ਦੀ ਮੈਨੂੰ ਕੋਈ ਪ੍ਰਵਾਹ ਨਹੀਂ ਇਕ ਸਮਾਂ ਸੀ ਜਦੋਂ ਮਨੁੱਖ ਲਈ ਆਤਮਾ ਦੀ ਖੋਜ ਦਾ ਕੋਈ ਕਾਰਨ ਸੀ। ਉਸ ਨੂੰ ਆਪਣੀ ਹੀ ਖੋਜ ਉਤੇ ਵਿਸ਼ਵਾਸ ਵੀ ਕਰਨਾ ਚਾਹੀਦਾ ਸੀ। ਉਹ ਲੋਕ ਵੀ ਹਨ ਜੋ ਬਿਹਤਰ ਜਾਣਦੇ ਹਨ ਤੇ ਪੁਰਾਣੇ ਖਿਡਾਉਣਿਆਂ ਨੂੰ ਨਫ਼ਰਤ ਕਰਦੇ ਹਨ। ਉਹਨਾਂ ਦੇ ਅਵਿਸ਼ਵਾਸ਼ ਦਾ ਜੋਰਦਾਰ ਖੰਡਨ ਕੀਤਾ ਜਾਂਦਾ ਹੈ ਜਾਂ ਦੂਸਰਿਆਂ ਦੁਆਰਾ ਉੱਚੀ ਸੁਰ ਵਿਚ ਅਫਸੋਸ ਪ੍ਰਗਟ ਕੀਤਾ ਜਾਂਦਾ ਹੈ। ਮੈਂ ਉਨ੍ਹਾਂ ਸਚਾਈਆਂ ਵਿਚ ਵਿਸ਼ਵਾਸ ਨਹੀਂ ਰੱਖਦਾ ਜੋ ਮਨੁੱਖ ਦੁਆਰਾ ਕਿਸੇ ਮਕਸਦ-ਪੂਰਨ ਸਚਾਈ ਨੂੰ ਲੱਭਣ ਵਿਚ ਅਸਮਰਥ ਰਹਿਣ ਪਿਛੋਂ ਘੜੀਆਂ ਗਈਆਂ ਹੋਣ। ਖੋਜੇ ਹੋਏ ਸੱਚ ਇਕ ਅਲੱਗ ਹੀ ਗੱਲ ਹੈ। ਭੌਤਿਕ ਸੱਚ ਹੋਣ ਕਰਕੇ ਉਹ ਅਸਲੀਅਤ ਦੀ ਦੁਨੀਆਂ ਨਾਲ ਸਬੰਧ ਰਖਦੇ ਹਨ। ਮੈਂ ਸੱਚ ਨੂੰ ਇਕ ਭੌਤਿਕ-ਤੱਥ ਮੰਨਦਾ ਹਾਂ। ਇਸ ਨੂੰ ਵਿਆਖਿਆ ਦੀ ਲੋੜ ਹੈ। 'ਭੌਤਿਕ' ਸ਼ਬਦ ਵਿਚ 'ਜੈਵਿਕ' ਤੇ 'ਮਾਨਸਿਕ' ਵੀ ਸਮਿਲਤ ਹੈ। ਇਹ ਇਕ ਨਿੱਗਰ-ਦਲੀਲ ਹੈ ਜਿਸ ਦਾ ਵਿਗਿਆਨਕ ਤਰੀਕੇ ਨਾਲ ਸਾਹਮਣਾ ਨਹੀਂ ਕੀਤਾ ਜਾ ਸਕਦਾ। ਅਧਿਆਤਮਵਾਦੀ ਇਸ ਦਾ ਵਿਰੋਧ ਕਰ ਸਕਦੇ ਹਨ, ਪਰ ਵਿਰੋਧ ਜਾਂ ਰੂੜੀਵਾਦੀ ਦਲੀਲ ਤਰਕ ਨਹੀਂ ਹੁੰਦਾ। ਮਨੁੱਖ ਦੇ ਦੇਵਤੇ ਉਸੇ ਦੀ ਸ਼ਕਲ ਦੇ ਬਣਾਏ ਹੁੰਦੇ ਹਨ। ਮੇਰੇ ਦਿਲ ਵਿਚ ਦੇਵਤਿਆਂ ਲਈ ਉਹਨਾਂ ਨੂੰ ਸਿਰਜਣ ਵਾਲੇ ਮਨੁੱਖ ਤੋਂ ਵਧੇਰੇ ਇੱਜਤ ਨਹੀਂ ਹੈ। ਕੀ ਮੈਂ ਇਹਨਾਂ ਸਿਰਜਣ ਹਾਰਿਆਂ ਦੀਆਂ ਕਮਜ਼ੋਰੀਆਂ ਨੂੰ ਦੇਖ ਨਹੀਂ ਲਿਆ? ਇਕ ਕਰਕੇ ਸ਼ਾਤੀ ਦੇਵੀ ਦੀ ਕਹਾਣੀ ਨੇ ਮੈਨੂੰ ਪੁਨਰ-ਜਨਮ ਦੀ ਸਚਾਦੀ ਜਾਣ ਕੇ ਭਗਤੀ ਕਰਨ ਨਹੀਂ ਲਾ ਦੇਣਾ। ਮੈਂ ਸਪੱਸ਼ਟ ਤੋਰ 'ਤੇ ਇਸ ਵਿਚ ਵਿਸ਼ਵਾਸ ਨਹੀਂ ਕਰਦਾ, ਕਿਉਂਕਿ ਆਪਣੀ ਹੋਂਦ ਨੂੰ ਝੁਠਲਾਉਣ ਦਾ ਮੇਰੇ ਕੋਲ ਕੋਈ ਕਾਰਨ ਨਹੀਂ ਹੈ। ਮਨੁੱਖ ਏਨੇ ਢੀਠ ਹਨ ਕਿ ਉਹ ਜੋ ਕੁਝ ਹਨ-ਪਸ਼ੂ, ਉਸ ਤੋਂ ਸ਼ਰਮਿੰਦਾ ਨਹੀਂ ਹਨ। ਸੋਚਣ ਵਾਲੇ ਪਸ਼ੂ ਹੋਣ ਕਰਕੇ ਉਹਨਾਂ ਨੂੰ ਵਧੇਰੇ ਸੂਝ ਹੋਣੀ ਚਾਹੀਦੀ ਹੈ, ਪਰ ਉਹਨਾਂ ਵਿਚੋਂ ਬਹੁਤਿਆਂ ਨੂੰ ਨਹੀਂ ਹੈ। ਉਹਨਾਂ ਵਾਸਤੇ ਏਨਾ ਹੀ ਬੁਰਾ ਹੈ। ਸੋਚਣ ਸ਼ਕਤੀ ਹੋਣਾ ਤੇ ਉਸ ਨੂੰ ਨਾ ਵਰਤਣਾ ਮੰਦਭਾਗੀ ਗੱਲ ਹੈ। ਇਸ ਲਈ ਉਹ ਦੇਵਤੇ ਹੋਣ ਦਾ ਬਹਾਨਾ ਕਰਦੇ ਹਨ, ਆਪਣੀ ਹੋਂਦ ਦੇ ਤੱਥਾਂ ਨੂੰ ਖਿਆਲੀ ਘੜੇ ਹੋਏ ਪ੍ਰਦੂਸ਼ਿਤ ਵਿਚਾਰਾ ਨਾਲ ਕੱਜਦੇ ਫਿਰਦੇ ਹਨ। ਉਹ ਸੱਚ ਨਾਲੋਂ ਝੂਠ ਨੂੰ ਚੰਗਾ ਸਮਝਦੇ



ਹਨ।

ਮੇਰੇ ਵਿਚਾਰ ਦਾ ਵਿਸ਼ਾ ਉਹਨਾਂ ਲੋਕਾਂ ਦਾ ਅੰਧ-ਵਿਸ਼ਵਾਸ਼ ਸੀ ਜਿਨ੍ਹਾਂ ਤੋਂ ਵਧੇਰੇ ਮੀਨ-ਮੇਖ ਕੱਢਣ ਤੋਂ ਨਿਖੇੜਾ ਕਰਨ ਦੀ ਆਸ ਕੀਤੀ ਜਾਂਦੀ ਹੈ। ਸ਼ਾਤੀ ਦੇਵੀ ਦੀਆਂ ਮੀਟਿੰਗਾ ਵਿਚ ਉਹ ਮਰਦ ਤੇ ਤੀਵੀਆਂ ਵੀ ਆਉਂਦੇ ਸਨ ਜੋ ਸੰਭਵ ਤੌਰ ਤੇ ਇਸ ਘਟਨਾ ਦੀ ਪੁਣ-ਛਾਣ ਵਿਚ ਵਰਤੀ ਸਪੱਸ਼ਟ ਲਾਪ੍ਰਵਾਹੀ ਤੋਂ ਅੰਨ੍ਹੇ ਨਹੀਂ ਹੋਣਗੇ। ਜਿਹੜੇ ਕਈ ਕਿਸਮ ਦੇ ਸਵਾਲ ਖੜੇ ਕਰ ਸਕਦੇ ਸਨ ਜਿਨ੍ਹਾਂ ਦਾ ਕਿਸੇ ਵੀ ਸਿੱਟੇ ਨੂੰ ਤਜ਼ਰਬੇ ਦੇ ਤੌਰ ਤੇ ਮੰਨਣ ਵੀ ਮੰਨਣ ਤੋਂ ਪਹਿਲਾਂ ਉੱਤਰ ਦੇਣਾ ਬਣਦਾ ਸੀ।

ਮੁਢਲਾ ਸਵਾਲ ਗਵਾਹੀ ਦੀ ਵਿਸ਼ਵਾ ਯੋਗਤਾ ਉਪਰ ਹੈ। ਜੇਕਰ ਕੋਈ ਸਿੱਧਾ ਹੀ ਪੁਨਰ-ਜਨਮ ਵਿਚ ਵਿਸ਼ਵਾਸ਼ ਰੱਖਦਾ ਹੈ ਤਾਂ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਤੁਸੀਂ ਕਿਸੇ ਵਿਸ਼ਵਾਸ਼ ਦੀ ਗੱਲ ਉਤੇ ਬਹਿਸ ਨਹੀਂ ਕਰ ਸਕਦੇ। ਕੋਈ ਸਧਾਰਨ ਵਿਚਾਰ ਪ੍ਰਕ੍ਰਿਆ ਰਾਹੀ ਪੁਨਰ ਜਨਮ ਵਿਚ ਵਿਸ਼ਵਾਸ਼ ਕਰਨ ਲੱਗ ਪੈਂਦਾ ਹੈ ਜੇਕਰ ਇਸ ਨੂੰ ਮਾਨਸਿਕ ਪ੍ਰਕ੍ਰਿਆ ਦੀ ਉਸ ਸ੍ਰੇਣੀ ਵਿਚ ਰੱਖਿਆ ਜਾਵੇ ਜਿਸ ਵਿਚ ਕਾਰਨ ਵੀ ਸਾਮਿਲ ਹੋਵੇ। ਇਸ ਧਾਰਨਾ ਨਾਲ ਸ਼ੁਰੂ ਕਰੀਏ ਕਿ ਇਕ ਆਤਮਾ ਹੈ ਜੋ ਮਨੁੱਖ ਦੀ ਜੀਵ-ਵਿਗਿਆਨ ਹੋਂਦ ਤੋਂ ਪਰੇ ਹੈ। ਠੀਕ ਵਿਗਿਆਨਕ ਭਾਸ਼ਾ ਵਿਚ 'ਭੌਤਿਕ' ਸ਼ਬਦ ਕਾਫੀ ਹੋਵੇਗਾ, ਕਿਉਂਕਿ ਭੌਤਿਕ ਹੋਂਦ ਵਿਚ ਉਹ ਸਭ ਕੁਝ ਆ ਜਾਂਦਾ ਹੈ ਜੋ ਅਸਲ ਵਿਚ ਹੈ ਫਿਰ ਵੀ ਮੈਂ ਜੀਵ-ਵਿਗਿਆਨਕ ਸ਼ਬਦ ਦਾ ਇਸਤੇਮਾਲ ਇਸ ਨੂੰ ਸਪੱਸ਼ਟ ਕਰਨ ਲਈ ਕਰਦਾ ਹਾਂ ਕਿਉਂਕਿ ਧਰਮ ਦੀ ਰੂਹ ਮਨੁੱਖ ਦੀਆਂ ਬੌਧਿਕ ਅਤੇ ਭਾਵਨਾਤਮਿਕ ਗਤੀ ਵਿਧੀਆਂ ਦਾ ਕੇਵਲ ਜੋੜ ਨਹੀਂ ਹੈ। ਇਕ ਮਾਨਤਾ ਮੰਨ ਕੇ ਚਲੇ ਸੀ ਜਿਹੜੀ ਕਿ ਆਪਣੀ ਪ੍ਰਵਿਰਤੀ ਅਨੁਸਾਰ ਕਦੇ ਵੀ ਤਜ਼ਰਬੇ ਦੇ ਤੌਰ ਤੇ ਸਿੱਧ ਨਹੀਂ ਕੀਤੀ ਜਾ ਸਕਦੀ, ਇਸ ਲਈ ਅੱਗੇ ਹੋਰ ਮੰਨ ਲਵੋਂ ਕਿ ਆਤਮਾ ਅਮਰ ਹੈ। ਇਸ ਵਾਧੂ ਮਾਨਤਾ ਦੀ ਲੋੜ ਮਨੁੱਖ ਦੇ ਖਿਆਲੀ ਅਸਤਿਤਵ ਨੂੰ ਉਸ ਦੀ ਜੀਵ-ਵਿਗਿਆਨਕ ਹੋਂਦ ਨਾਲੋਂ ਨਿਖੇੜਨ ਲਈ ਹੈ। ਮਨੁੱਖ ਦੇ ਅਮਰ ਹੋਣ ਕਰਕੇ ਕੁਦਰਤੀ ਤੌਰ ਤੇ ਹੀ ਆਤਮਾ ਸਰੀਰਕ ਮੌਤ ਵਿਚੋਂ ਬਚ ਨਿਕਲਦੀ ਹੈ। ਅਤੇ ਦੇਹ-ਮੁਕਤ ਆਤਮਾ ਹੋਣ ਕਰਕੇ, ਜਿਨੀ ਵਾਰ ਵੀ ਇਹ ਜੀਵ-ਵਿਗਿਆਨਕ ਨਿਯਮਾਂ ਦੀ ਅਣਥੱਕ ਪ੍ਰਕ੍ਰਿਆ ਰਾਹੀ ਜੋ ਇਸ ਦੇ ਵੱਸ ਵਿਚ ਨਹੀਂ ਹਨ, ਇਹ ਬੇਘਰ ਹੁੰਦੀ ਹੈ ਇਸ ਨੂੰ ਆਪਣੀ ਸਪਰਸ਼ ਮਾਤਰ ਅ-ਨਾਸ਼ਮਾਨਤਾ ਪ੍ਰਾਪਤ ਕਰਨ ਲਈ ਦੇਹ-ਧਾਰਨ ਕਰਨੀ ਪੈਂਦੀ ਹੈ। ਇਸ ਲਈ ਪੁਨਰ ਜਨਮ ਦਾ ਵਿਚਾਰ ਮਨੁੱਖ ਵਿਚਲੇ ਅਮਰ-ਤੱਤ ਦੀ ਧਾਰਨਾ ਤੋਂ ਪੈਦਾ ਹੁੰਦਾ ਹੈ ਤੇ ਇਸ ਧਾਰਨਾ ਦਾ ਪਿਛਲੇ ਵਿਸ਼ਲੇਸ਼ਣ ਅਨੁਸਾਰ ਆਦਿ-ਮਨੁੱਖ ਦੀ ਪਸ਼ੂ-ਬਿਰਤੀ ਤੋਂ ਬਿਨਾਂ ਹੋਰ ਕੋਈ ਅਧਾਰ ਨਹੀਂ ਹੈ।

ਅਮਰ-ਆਤਮਾਂ ਦੇ ਵਿਚਾਰ ਲਈ ਉੱਚੀ ਅਧਿਆਤਮਕ ਅਵਸਥਾ ਦੀ ਪ੍ਰਾਪਤੀ ਜ਼ਰੂਰੀ ਨਹੀਂ ਹੈ। ਇਹ ਬਹੁਤ ਹੀ ਆਰੰਭਕ ਵਿਚਾਰ ਹੈ। ਇਸ ਦਾ ਆਰੰਭ ਅਧਿਆਤਮਕ ਉਥਾਨ ਨਹੀਂ ਬਲਿਕ ਅਗਿਆਨਤਾ ਹੈ। ਇਹ ਪਰਕਰਮ ਅਜੇ ਵੀ ਜੰਗਲੀ ਜਾਤੀਆਂ ਵਿਚ ਵੇਖਿਆ ਜਾ ਸਕਦਾ ਹੈ। ਮਲਾਈ ਪੈਨਿਨਸੂਲਾ ਦੇ ਆਦਿ-ਵਾਸੀਆਂ ਦਾ ਵਿਸ਼ਵਾਸ਼ ਹੈ ਕਿ ਆਤਮਾਂਵਾਂ ਲਾਲ ਰੰਗ ਦੀਆਂ ਹੁੰਦੀਆਂ ਹਨ, ਸਿਰਫ਼ ਮਕਈ ਦੇ ਦਾਣੇ ਤੋਂ ਵੀ ਛੋਟੀਆਂ, ਦੂਸਰੀਆਂ ਮਲਾਈ ਜਾਤੀਆਂ ਲਈ ਉਹ ਵਾਸ਼ਪ, ਪਰਛਾਈ ਜਾਂ ਛਿਲਕੇ ਵਾਂਗ ਪਤਲੀਆਂ ਹੱਥ ਦੇ ਅੰਗੂਠੇ ਦੇ ਅਕਾਰ ਦੀਆਂ ਹੁੰਦੀਆਂ ਹਨ। ਪ੍ਰਸ਼ਾਂਤ ਸਾਗਰ ਦੇ ਦੂਸਰੇ ਟਾਪੂਆਂ ਦੇ ਲੋਕਾਂ ਲਈ ਆਤਮਾ ਏਨੀ ਛੋਟੀ ਨਹੀਂ ਜਿਸ ਨੂੰ ਕਿ ਸਰੀਰ ਦੇ ਕਿਸੇ ਇਕ ਹਿੱਸੇ ਵਿਚ ਡੱਕਿਆ ਜਾ ਸਕੇ, ਪਰ ਇਹ ਇਕ ਕਿਸਮ ਦਾ ਤਰਲ ਹੁੰਦੀ ਹੈ ਜੋ ਸਰੀਰ ਦੇ ਹਰ ਹਿੱਸੇ ਵਿਚ ਸਮੋਇਆ ਹੁੰਦਾ ਹੈ, ਜਪਾਨ ਦੇ ਪਿਛਾਂਹ ਖਿਚੂ ਲੋਕ ਆਤਮਾ ਨੂੰ ਇਕ ਛੋਟੀ ਜਿਹੀ, ਗੋਲ, ਸਰੀਰ ਦੇ ਪਿਛਲੇ ਹਿੱਸੇ ਵਾਲੀ ਚੀਜ਼ ਮੰਨਦੇ ਹਨ। ਅਸਟਰੇਲੀਆ ਦੇ ਜੰਗਲੀ ਕਬੀਲੇ ਵੀ ਆਤਮਾ ਨੂੰ ਛਾਤੀ ਵਿਚ ਵੱਸਦੀ ਇਕ ਛੋਟੀ ਜੇਹੀ ਚੀਜ ਮੰਨਦੇ ਹਨ।

ਆਦਿ-ਵਾਸੀ ਕੁਦਰਤੀ ਘਟਨਾਵਾਂ ਨੂੰ ਆਤਮਾਂਵਾਂ ਦਾ ਕਾਰਾ ਸਮਝਦੇ ਹਨ, ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਪ੍ਰਗਟ ਹੋ ਕੇ ਇਸ ਤਰ੍ਹਾਂ ਕਾਰੇ ਕਰਦੀਆਂ ਹਨ, 1. ਭੂਤਾਂ ਰਾਹੀ, ਇਹ ਉਹ ਆਤਮਾਂਵਾਂ ਹੁੰਦੀਆਂ ਹਨ ਜੋ ਪਹਿਲਾਂ ਦੇਹ ਧਾਰੀ ਸਨ, 2. ਸੁਪਨਈ ਆਤਮਾਂਵਾਂ, ਜੋ ਨੀਂਦ ਜਾਂ ਸਮਾਧੀ ਵਿਚ ਥੋੜੀ ਦੇਰ ਲਈ ਸਰੀਰ ਨੂੰ ਤਿਆਗਦੀਆਂ ਹਨ।

3. ਅਦਿੱਖ ਤੇ ਸਜੱਗ ਉਹ ਆਤਮਾਂਵਾਂ ਜਿਨ੍ਹਾਂ ਨੇ ਕਦੇ ਸਰੀਰ ਧਾਰਨ ਹੀ ਨਹੀਂ ਕੀਤਾ। ਇਸ ਵਿਸ਼ਵਾਸ਼ ਦੇ ਬਿੰਬ ਵੀ ਧਾਰਨਾ ਉੱਜਡ ਮਨੁੱਖ ਜਦੋਂ ਵੀ ਜਿਥੇ ਵੀ ਹੋਵੇ, ਜਗ੍ਹਾ ਤੇ ਸਮੇਂ ਅਨੁਸਾਰ ਵੱਖ ਹੁੰਦੀ ਹੈ। ਪਰ ਅੰਤ ਵਿਚ ਇਹ ਆਪਣੇ ਆਪ ਨੂੰ ਦੋ ਅਲੱਗ-ਅਲੱਗ ਵਿਚਾਰ ਧਾਰਾਵਾਂ ਵਿਚ ਵੰਡ ਲੈਂਦੀ ਹੈ, ਜਿਨਾਂ ਨੂੰ ਮਾਨਵ-ਵਿਗਿਆਨੀਆਂ ਨੇ ਹਾਈਪਰ- Physical Animism ਤੇ ਮਨੋਵਿਗਿਆਨਕ ਪਸ਼ੂਵਾਦ ਕਿਹਾ ਹੈ। ਇਕ ਦੀ ਰਾਇ ਹੈ ਕਿ ਕੋਈ ਵੀ ਵਸਤੂ ਇਸ ਅੰਦਰ ਧੁਰੋਂ ਦਿੱਤੀ ਹੋਈ ਆਤਮਾ ਦੇ ਕਾਰਨ ਹੀ ਚਲਦੀ ਫਿਰਦੀ ਹੈ ਜਦੋਂ ਕਿ ਦੂਸਰਾ ਵਿਚਾਰ ਇਸ ਸਾਰੀ ਹਰਕਤ ਨੂੰ ਕਿਸੇ ਦੂਤ ਰਾਹੀ ਚਲਾਈ ਹੋਈ ਮੰਨਦਾ ਹੈ ਜੋ ਕੁਝ ਸਮੇਂ

ਲਈ ਸਰੀਰ ਵਿਚ ਵਿਦਮਾਨ ਹੁੰਦਾ ਹੈ। ਪਰ ਇਸ ਤੋਂ ਅਲੱਗ ਵੀ ਹੋ ਸਕਦਾ ਹੈ H. A . ਪਰਾ ਭੌਤਿਕ ਪਸ਼ੂਵਾਦ ਚੇਤੰਨ ਅਵਸਥਾਂ ਨੂੰ ਦੇਹ ਤੋਂ ਅਲੱਗ ਹੋ ਸਕਣ ਵਾਲੀ ਚੀਜ਼ ਸਮਝਦਾ ਹੈ ਜੋ ਮੌਤ ਤੋਂ ਬਾਅਦ ਵੀ ਅਣਜਾਣ ਰੂਪ ਵਿਚ ਇਕ ਦੇਹ-ਮੁਕਤ ਆਤਮਾ ਵਜੋਂ ਵਿਚਰ ਸਕਦੀ ਹੈ। ਮਨੋਵਿਗਿਆਨਕ-ਪਸ਼ੂਵਾਦ ਇਸ ਤੋਂ ਉਲਟ ਮਾਨਵ-ਚੇਤੰਨਤਾ ਦੇ ਬਦਲਾਵ ਨੂੰ ਸਾਰੀਆਂ ਵਸਤਾਂ ਨਾਲ ਜੋੜਦਾ ਹੈ, ਖਾਸ ਕਰਕੇ ਪ੍ਰਾਣਧਾਰੀਆਂ ਨਾਲ। ਇਸ ਤਰ੍ਹਾਂ ਪਸ਼ੂਵਾਦ ਬੱਚਿਆ ਵਿਚ ਅਤੇ ਇਥੋਂ ਤੱਕ ਕਿ ਸਭਿਆ ਲੋਕਾਂ ਵਿਚ ਵੀ ਦੇਖਿਆ ਜਾ ਸਕਦਾ ਹੈ। ਉਹਨਾਂ ਨੂੰ ਮੇਜ਼ ਜਾਂ ਕੁਰਸੀ ਨਾਲ ਟਕਰਾਉਣ ਉਪਰੰਤ ਇਹਨਾਂ ਨਿਰਜੀਵ ਚੀਜਾਂ ਨੂੰ ਮੁੱਕੇ ਮਾਰਦਿਆਂ ਦੇਖਿਆ ਜਾ ਸਕਦਾ ਹੈ। ਜ਼ਾਹਿਰਾ ਤੌਰ ਤੇ ਆਤਮਾਂ ਤੇ ਉਸ ਪੁਨਰ-ਜਨਮ ਦਾ ਸਿਧਾਂਤ H. A . ਵਿਚੋਂ ਹੀ ਵਿਕਸਤ ਹੋਇਆ ਹੈ ਜਿਸ ਦੀਆਂ ਜੜ੍ਹਾ ਆਦਿ ਮਨੁੱਖ ਦੇ ਉਹਨਾਂ ਸੁਪਨਿਆਂ ਨੂੰ ਵਿਆਖਿਆ ਦੇਣ ਦੀ ਲਾਲਸਾ ਵਿਚੋਂ ਮਿਲਦੀ ਹੈ ਜਿਨ੍ਹਾਂ ਵਿਚ ਮੁਰਦੇ ਜਿੰਦਾ ਹੋ ਉੱਠਦੇ ਹਨ। ਸਪੱਸਟੀਕਰਣ ਇਹ ਦਿੱਤਾ ਜਾਂਦਾ ਹੈ ਕਿ ਮੌਤ ਉਪਰੰਤ ਆਤਮਾ ਸਰੀਰ ਛੱਡ ਜਾਂਦੀ ਹੈ। ਬਾਅਦ ਵਿਚ ਇਹ ਕਿਆਸ-ਅਰਾਈ ਸ਼ੁਰੂ ਹੁੰਦੀ ਹੈ ਕਿ ਆਤਮਾ ਕਿਸ ਚੀਜ਼ ਦੀ ਬਣੀ ਹੋਈ ਹੈ। ਆਤਮ ਵਸਤ ਨੂੰ ਇਕ ਵਸਤੂ ਦੇ ਤੌਰ ਤੇ ਚਿਤਵਿਆ ਜਾਂਦਾ ਹੈ, ਭਾਵੇਂ ਕਿ ਇਹ ਬੜੀ ਸੂਖਮ ਤੇ ਅਦ੍ਰਿਸ਼ਟ ਹੈ। ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਸਾਰੇ ਸਰੀਰ ਵਿਚ ਸੰਚਾਰ ਕਰਦੀ ਹੈ।

ਆਤਮਾ-ਵਸਤ ਦੀ ਇਹ ਧਾਰਨਾ ਸ਼ਾਇਦ ਅਧਿਆਤਮਕਵਾਦ ਨੂੰ ਇਕ ਮਹਾਨ ਦੇਣ ਹੁੰਦੀ। ਵਸਤਾਂ ਦੇ ਸਾਰੇ ਗੁਣਾਂ ਨੂੰ ਅੱਖੋਂ ਉਹਲੇ ਕਰਕੇ ਸੂਖ਼ਮ ਵਸਤੂ ਦੇ ਸਿਧਾਂਤ ਨੂੰ ਮੰਨਿਆ ਜਾਂਦਾ ਹੈ। ਪਰ ਇਹ ਇਸ ਪੂਜਣਯੋਗ ਵਿਚਾਰ ਕਰਕੇ ਹੀ ਹੈ ਕਿ ਵਸਤਾਂ ਵਿਚ ਕੋਈ ਨਾ-ਦੇਖ ਸਕਣ ਵਾਲੀ, ਨਾਂ ਛੋਹ ਸਕਣ ਵਾਲੀ ਚੀਜ ਵਿਦਮਾਨ ਹੁੰਦੀ ਹੈ, ਨਹੀਂ ਤਾਂ ਇਸ ਸਿਧਾਂਤ ਵਿਚ ਬਾਕੀ ਕੁਝ ਵੀ ਨਹੀਂ ਬਚਦਾ। ਕਿਆਸ ਅਰਾਈ ਦਾ ਇਕ ਹੋਰ ਪਹਿਲੂ ਵੀ ਹੈ ਕਿ ਆਤਮ-ਵਸਤ ਸੰਸਾਰ ਦੀ ਰੂਹ ਬਣ ਜਾਵੇ, ਜਦੋਂ ਕਿ ਦਾਰਸ਼ਨਿਕਾਂ ਦਾ ਵਿਚਾਰ ਹੈ ਕਿ ਰੂਹਾਂ ਦੇ ਸਰੀਰ ਨਹੀਂ ਹੁੰਦੇ, ਬਲਿਕ ਇਸ ਤੋਂ ਬਿਲਕੁਲ ਉਲਟ ਹੁੰਦਾ ਹੈ। ਇਕ ਅਗੰਮੀ ਵਸਤ ਦੀ ਖੋਜ ਕੀਤੀ ਜਾਣੀ ਚਾਹੀਦੀ ਹੈ ਜੋ ਉਸਦੇ ਗੁਣਾਂ ਦੀ ਜਾਣਕਾਰੀ ਹੋਵੇ ਤਾਂ ਇਕ ਉਹ ਦੇਹ-ਧਾਰੀ ਵਸਤਾਂ ਦੇ ਹਾਣ ਦੀ ਹੋ ਸਕੇ। ਪਰ ਅਜਿਹੀਆਂ ਕਿਆਸ-ਅਰਾਈਆਂ ਸਿਰਫ ਦਾਰਸ਼ਨਿਕਾਂ ਤੇ ਧਰਮਵਾਦੀਆਂ ਤੱਕ ਹੀ ਸੀਮਤ ਹਨ, ਜਿਨ੍ਹਾਂ ਵਿਚੋਂ ਕੁਝ ਦਾ ਵਿਚਾਰ ਹੈ ਕਿ ਵਸਤਾਂ ਦਾ ਅਸਲੀ ਤੱਤ ਰੂਹ ਹੀ ਹੈ, ਘੱਟੋਂ ਘੱਟ ਵਸਤਾਂ ਲਈ ਰੂਹ ਦਾ ਹੋਣਾ ਜ਼ਰੂਰੀ ਹੈ ਜਾਂ ਰੂਹ ਲਈ ਆਪਣੀ ਹੋਂਦ ਵਾਸਤੇ ਵਸਤੂ ਦਾ ਹੋਣਾ।

ਸਦੀਆਂ ਤੋਂ ਭੂਤਾਂ ਵਿਚ ਵਿਸ਼ਵਾਸ਼ ਲੋਕ ਮਨਾਂ ਵਿਚ ਇਸ ਆਤਮਾ-ਵਸਤ ਦੇ ਵਿਚਾਰ ਨਾਲ ਰਲ-ਗੱਡ ਰਿਹਾ ਹੈ। ਅਖੀਰ ਵਿਚ ਮਨ ਅਤੇ ਵਸਤੂ ਵਿਚ ਅੰਤਰ, ਆਤਮਾ ਤੇ ਸਰੀਰ ਵਿਚ ਅੰਤਰ ਵਰਗੀਆਂ ਰੂਹਾਨੀ ਸੂਖਮਤਾਵਾਂ ਦੇਹ-ਰਹਿਤ ਅਮਰ ਆਤਮਾ ਦੀ ਲਾਲਸਾ ਵਿਚੋਂ ਹੀ ਚਿਤਵੀਆਂ ਗਈਆਂ ਹਨ। ਫਿਰ ਵੀ ਮਹਾਨ ਆਧੁਨਿਕ ਅਧਿਆਤਮਵਾਦੀਆਂ ਨੂੰ ਆਪਣਾ ਦਾਰਸ਼ਨਿਕਾਂ ਵਾਲਾ ਅਕਸ ਕਾਇਮ ਰੱਖਣ ਤੇ ਅਧੁਨਿਕ ਗਿਆਨ ਤੇ ਤਰਕਵਾਦ ਪ੍ਰਤੀ ਸਤਿਕਾਰ ਦੱਸਣ ਲਈ ਮਜ਼ਬੂਰਨ ਮੰਨਣਾ ਪਿਆ ਹੈ ਕਿ ਪੁਨਰ ਜਨਮ ਦਾ ਪੂਜਣਯੋਗ ਸਿਧਾਂਤ ਪੁਰਾਤਨ ਮਨੁੱਖ ਦੀ ਅਗਿਆਨਤਾ ਵਿਚੋਂ ਪੈਦਾ ਹੋਇਆ ਹੈ। ਪ੍ਰਸਿੱਧ ਜਰਮਨ ਅਧਿਆਤਮਵਾਦੀ ਵੂੰਦ ਏਸ ਸਿੱਟੇ ਤੇ ਪਹੁੰਚਾ ਕਿ ਜੀਵਨ ਸਰੀਰ ਦੀ ਆਤਮਾ ਹੀ ਪਸ਼ੂਵਾਦ ਦੀ ਸ਼ੁਰੂਆਤ ਹੈ।

ਆਤਮਾ ਦਾ ਸਿਧਾਂਤ ਜਾਂਗਲੀਪੁਣੇ ਦੀ ਨਿਸ਼ਾਨੀ ਹੋਣ ਕਰਕੇ ਅਜੇ ਵੀ ਮੂਰਖ ਮਨਾਂ ਨੂੰ ਪ੍ਰਭਾਵਿਤ ਕਰਦਾ ਹੈ। ਪਰ ਪੁਨਰ-ਜਨਮ ਦੇ ਸਿਧਾਂਤ ਲਈ ਕੋਈ ਵਿਗਿਆਨਕ ਜਾਂ ਤਜਰਬੇ ਲਈ ਕੋਈ ਅਧਾਰ ਪੈਦਾ ਕਰਨਾ ਬਿਲਕੁਲ ਇਕ ਵੱਖਰੀ ਗੱਲ ਹੈ। ਆਤਮਾ ਦਾ ਆਰੰਭ ਕਿਵੇਂ ਵੀ ਹੋਇਆ ਹੋ ਸਕਦਾ ਹੈ ਪਰ ਇਸ ਦੇ ਪੁਨਰ-ਜਨਮ ਦੀ ਪ੍ਰਕਿਆ ਇਥੇ ਅਤੇ ਹੁਣੇ ਹੀ ਸ਼ੁਰੂ ਹੁੰਦੀ ਹੈ। ਜੇ ਇਹ ਠੋਸ ਹਕੀਕਤ ਹੈ ਤਾਂ ਇਸ ਨੂੰ ਵੇਖਣ ਦਾ ਜ਼ਰੂਰ ਕੋਈ ਤਰੀਕਾ ਹੋਵੇਗਾ। ਵਿਗਿਆਨਕ ਗਿਆਨ ਦੀ ਅਸਲੀਅਤ ਤੋਂ ਮੁਨਕਰ ਹੋ ਜਾਵੇ, ਵਿਗਿਆਨਕ ਸੋਚ ਵਿਧੀ ਨਾਲ ਵੀ ਸਹਿਮਤ ਨਾ ਹੋਵੇ, ਤੇ ਵਿਗਿਆਨ ਫਿਰ ਕੁਝ ਨਹੀਂ ਕਰ ਸਕਦਾ। ਸਿਵਾਏ ਕਿ ਤੁਹਾਨੂੰ ਤੁਹਾਡੇ ਅੰਧ ਵਿਸ਼ਵਾਸ਼ ਤੇ ਛੱਡਣ ਦੇ। ਧਾਰਮਿਕ ਰੂੜੀਆਂ ਤੇ ਪ੍ਰਚਲਤ ਵਹਿਮਾਂ ਨੂੰ ਤੁਸੀਂ ਆਪਣੇ ਤਜ਼ਰਬੇ ਦੇ ਅਧਾਰ ਤੇ ਤਰਕ-ਸੰਗਤ ਬਣਾਉਣ ਦੀ ਕੋਸ਼ਿਸ਼ ਕਰੋਗੇ ਤਾਂ ਤੁਸੀਂ ਬੜੇ ਖਤਰਨਾਕ ਰਸਤੇ 'ਤੇ ਚੱਲ ਰਹੇ ਹੋਵੋਗੇ। ਜੇ ਤੁਸੀਂ ਵਿਗਿਆਨ ਨੂੰ ਵੰਗਾਰੋਗੇ ਤਾਂ ਇਸ ਨਾਲ ਸੰਬੰਧਤ ਮਸਲਿਆਂ ਦਾ ਉੱਤਰ ਵਿਗਿਆਨਕ ਢੰਗ ਨਾਲ ਦੇਣਾ ਹੋਵੇਗਾ। ਤੇ ਤੁਹਾਨੂੰ ਇਸ ਖੇਡ ਦੇ ਨਿਯਮਾਂ ਦਾ ਪਾਲਣ ਕਰਨਾ ਪਵੇਗਾ। ਵਿਗਿਆਨਕ ਸੋਚ ਵਿਧੀ ਧਾਰਮਿਕ ਸੋਚ ਵਿਧੀ ਨਾਲੋਂ ਕਿਸੇ ਵੀ ਮਾਨਤਾ 'ਤੇ ਅਧਾਰਤ ਸਿਧਾਂਤ ਜਿਸ ਦੀ ਪਰਖ ਨਾ ਹੋ ਸਕੇ ਨੂੰ ਮੰਨਣ ਤੋਂ ਇਨਕਾਰੀ ਹੋਣ ਕਰਕੇ ਹੀ ਅਲੱਗ ਹੈ। ਵਿਗਿਆਨਕ ਤੇ ਤਰਕਸ਼ੀਲ ਵਿਚਾਰ ਧਰਮ ਨੂੰ ਇਸ ਕਰਕੇ ਰੱਦ ਨਹੀਂ ਕਰਦਾ ਕਿ ਇਸ ਦੇ ਸਿਧਾਂਤ ਵਿਗਿਆਨਕ ਤੇ ਤਰਕਸ਼ੀਲ ਪੜਚੋਲ ਦਾ ਸਾਹਮਣਾ ਨਹੀਂ ਕਰ ਸਕਦੇ



ਬਲਕਿ ਧਾਰਮਿਕ ਸੋਚ ਵਿਧੀ ਦੇ ਕੂੜੇ ਸੁਭਾਅ ਕਰਕੇ। ਇਸ ਦੀਆਂ ਆਪਣੀਆਂ ਅੰਤਰ-ਵਿਰੋਧਤਾਵਾਂ ਕਰਕੇ। ਜੇ ਧਰਮਵਾਦੀ ਵਿਗਿਆਨ ਤੇ ਤਰਕਵਾਦ ਨੂੰ ਉਸ ਦੀ ਪ੍ਰਿਸ਼ਟ-ਭੂਮੀ ਤੇ ਵੰਗਾਰਦਾ ਹੈ ਤਾਂ ਘੋਲ ਵਿਗਿਆਨਕ ਤੇ ਤਰਕਸ਼ੀਲ ਨਿਯਮਾਂ ਅਨੁਸਾਰ ਹੋਣਾ ਚਾਹੀਦਾ ਹੈ। ਜੇਕਰ ਉਹ ਆਪਣੇ ਵਹਿਮਾਂ ਦੇ ਹੱਕ ਵਿਚ ਕੋਈ ਅਨੁਭਵ ਦੇ ਅਧਾਰ ਤੇ ਗਵਾਹੀ ਦੇਣੀ ਚਾਹੁੰਦੇ ਹਨ ਕਿ ਉਹ ਵਿਗਿਆਨ ਦੇ ਗਿਆਨ ਤੋਂ ਉੱਪਰ ਹੈ ਤਾਂ ਫਿਰ (ਗਵਾਹੀ) ਸਬੂਤ ਦੇ ਕੁਝ ਮੁਢਲੇ ਨੇਮਾਂ ਦਾ ਪਾਲਣ ਹੋਣਾ ਚਾਹੀਦਾ ਹੈ। ਗਵਾਹੀ ਇਸ ਤਰ੍ਹਾਂ ਇਕੱਤਰ ਕੀਤੀ ਜਾਵੇ ਕਿ ਉਹ ਭਰੋਸੇਯੋਗ ਹੋਵੇ।

ਇਕ ਛੋਟੀ ਜੇਹੀ ਲੜਕੀ ਨੇ ਕੁਝ ਕਿਹਾ ਸੀ। ਇਹ ਦਾਅਵਾ ਕੀਤਾ ਜਾਂਦਾ ਹੈ ਕਿ ਉਸ ਦੇ ਬਿਆਨ ਦੀ ਪੜਚੋਲ ਕਰ ਲਈ ਗਈ ਹੈ। ਸਾਰਾ ਮਾਮਲਾ ਇਸੇ ਗੱਲ ਤੇ ਨਿਰਭਰ ਕਰਦਾ ਹੈ ਕਿ ਪੜਚੋਲ ਨਿਰਪੱਖ ਤਰੀਕੇ ਨਾਲ ਕੀਤੀ ਗਈ ਸੀ। ਪਰ ਕੀ ਅਜਿਹੀ ਪੁੱਛ-ਗਿੱਛ ਵਿਚ ਨਿਰਪੱਖਤਾ ਸੰਭਵ ਹੋ ਸਕਦੀ ਹੈ। ਪਹਿਲੋਂ ਬਣੀਆਂ ਬਣਾਈਆਂ ਮਾਨਤਾਵਾਂ ਕਿਸੇ ਕਿੰਤੂ ਨੂੰ ਨਹੀਂ ਮੰਨਦੀਆਂ, ਵਹਿਮੀਆਂ ਦੁਆਰਾ ਦਿੱਤੀ ਤੇ ਵਿਸ਼ਵਾਸ਼ੀਆਂ ਵਲੋਂ ਦਰਜ ਗਵਾਹੀ ਤੇ ਕਦੇ ਵੀ ਯਕੀਨ ਨਹੀਂ ਕੀਤਾ ਜਾ ਸਕਦਾ। ਇਸ ਮਾਮਲੇ ਵਿਚ ਜਾਂਚ ਇਹਨਾਂ ਦੋਸ਼ਾਂ ਤੋਂ ਮੁਕਤ ਨਹੀਂ ਸੀ। ਇਹ ਉਹਨਾਂ ਲੋਕਾਂ ਦੁਆਰਾ ਕੀਤੀ ਗਈ ਸੀ ਜਿਹੜੇ ਪੁਨਰ-ਜਨਮ ਦੇ ਆਪਣੇ ਵਿਸ਼ਵਾਸ਼ ਦੇ ਹੱਕ ਵਿਚ ਇਸ ਨੂੰ ਇਕ ਹੋਰ ਸਬੂਤ ਮੰਨਦੇ ਹਨ। ਗਵਾਹੀ ਉਨ੍ਹਾਂ ਲੋਕਾਂ ਵਲੋਂ ਦਿੱਤੀ ਗਈ ਜਿਹੜੇ ਕਿ ਵਿਗਿਆਨਕ ਪੁੱਛ-ਪੜਤਾਲ ਲਈ ਨਾ-ਅਹਿਲ ਸਨ। ਸੰਬੰਧਤ ਸਾਰੇ ਵਿਅਕਤੀ ਦ੍ਰਿੜ ਵਿਸ਼ਵਾਸ਼ੀ ਸਨ, ਉਹ ਛੱਕ ਤੋਂ ਰਹਿਤ ਤੇ ਜਾਂਚ ਲਈ ਪਾਰਖੂ ਦ੍ਰਿਸ਼ਟੀ ਕੋਣ ਤੋਂ ਹੀਣੇ ਸਨ ਸਿਰਫ਼ ਤੇ ਸਿਰਫ਼ ਜੋ ਠੋਸ ਸਚਾਈਆਂ ਲੱਭਣ ਲਈ ਜ਼ਰੂਰੀ ਹੈ।

ਪੁਨਰ-ਜਨਮ ਦੇ ਸਿਧਾਂਤ ਨੂੰ ਅਨੁਭਵ ਦੇ ਅਧਾਰ ਤੇ ਸਿੱਧ ਕਰਨ ਦੀ ਤਰਕ ਆਗਿਆ ਨਹੀਂ ਦਿੰਦਾ ਕਿਉਂਕਿ ਅਮਰ-ਆਤਮਾ ਦੀ ਧਾਰਨਾ ਸਿਰਫ਼ ਮਾਨਤਾ ਕਰਕੇ ਹੀ ਸਚਾਈ ਹੈ। ਸਿਧਾਂਤ ਆਤਮਾ ਵਿਚ ਅਤੇ ਇਸ ਦੇ ਅਮਰ ਹੋਣ ਵਿਚ ਵਿਸ਼ਵਾਸ਼ ਰੱਖਣ ਦੇ ਸਿੱਟੇ ਵਜੋਂ ਪੈਦਾ ਹੋਇਆ ਹੈ। ਇਸ ਸਿਧਾਂਤ ਦੇ ਅਧਾਰ ਨੂੰ ਹੀ ਚੰਗੀ ਤਰ੍ਹਾਂ ਪਰਖ-ਪੜਚੋਲ ਲੈਣਾ ਬਣਦਾ ਹੈ। ਵਿਗਿਆਨ ਇਸ ਵਿਸ਼ਵਾਸ਼ ਨੂੰ ਚੁਣੌਤੀ ਦਿੰਦਾ ਹੈ ਤੇ ਇਸ ਅਧਾਰ ਹੀਣ ਨੂੰ ਨੰਗਿਆ ਕਰਦਾ ਹੈ। ਪੁਨਰ-ਜਨਮ ਦੇ ਸੁਆਲ ਨੂੰ ਗੰਭੀਰ ਰੂਪ ਵਿਚ ਸੋਚਣ ਤੋਂ ਪਹਿਲਾਂ ਆਤਮਾ ਦੀ ਹੋਂਦ ਨੂੰ ਸਿੱਧ ਕਰਨਾ ਹੋਵੇਗਾ। ਬਿਨਾਂ ਵਜੂਦ ਵਸਤੂ ਦੇ ਘੁੰਮਣ ਫਿਰਨ ਦੀ ਜੇ ਆਤਮਾ ਦੀ ਹੋਂਦ ਨੂੰ ਮੰਨ ਕੇ ਨਾ ਚਲਦੇ ਤਾਂ ਇਸ ਘਟਨਾ ਦੀ ਜਾਂਚ ਕਿ ਮੌਤ ਪਿਛੋਂ ਕੁਝ ਬਾਕੀ ਵੀ ਰਹਿ ਜਾਂਦਾ ਹੈ, ਬਿਲਕੁਲ ਅਲੱਗ ਕਿਸਮ ਦੀ ਹੋਣੀ ਸੀ। ਕਿਸੇ ਵੀ ਜਾਂਚ ਦਾ ਨਤੀਜਾ ਬਹੁਤ ਹੱਦ ਤੱਕ ਉਸ ਦੇ ਨਿਖੇੜ-ਬਿੰਦੂ ਤੇ ਹੀ ਨਿਰਭਰ ਕਰਦਾ ਹੈ।

ਸ਼ਾਤੀ ਦੇਵੀ ਦੀ ਜਾਂ ਕੋਈ ਹੋਰ ਅਜੇਹੀ ਹੀ ਕਹਾਣੀ ਦੀ ਸਚਾਈ ਤਜਰਬੇ ਦੇ ਤੌਰ ਤੇ ਮੰਨ ਲਵੋ ਕਿ ਪਰਖ ਵੀ ਲਈ ਜਾਵੇ ਤਾਂ ਜ਼ਰੂਰੀ ਨਹੀਂ ਕਿ ਅਮਰ-ਆਤਮਾ ਦੀ ਹੋਂਦ ਦੀ ਪਸ਼ਟੀ ਹੋ ਜਾਂਦੀ ਹੈ। ਜੇ ਇਹ ਕੁਝ ਸਾਬਤ ਕਰਦੀ ਹੈ ਤਾਂ ਇਹ ਕਿ ਮੌਤ ਤੋਂ ਬਾਅਦ ਯਾਦਾਸ਼ਤ ਰਹਿ ਜਾਂਦੀ ਹੈ। ਇਹ ਪੂਰੀ ਤਰ੍ਹਾਂ ਨਾਲ ਗਲਤ ਸਿੱਟਾ ਹੈ ਤੇ ਖਾਸ ਕਰਕੇ ਆਤਮਾ ਦੇ ਸਿਧਾਂਤ ਲਈ ਤਬਾਹਕੁੰਨ ਹੈ। ਯਾਦਾਸ਼ਤ ਇਕ ਜੀਵ-ਵਿਗਿਆਨਕ ਕਰਮ ਹੈ। ਇਹ ਦਿਮਾਗ਼ ਵਿਚ ਜਮਾਂ ਰਹਿੰਦਾ ਹੈ ਤੇ ਸਰੀਰ ਦੀ ਮੌਤ ਤੇ ਨਾਲ ਹੀ ਨਸ਼ਟ ਹੋ ਜਾਂਦਾ ਹੈ। ਦਿਮਾਗ਼ੀ-ਆਸੰਤੁਲਨ ਕਰਕੇ ਯਾਦਾਸ਼ਤ ਖੋ ਜਾਵੇ ਇਕ ਮੰਨੀ ਪ੍ਰਮੰਨੀ ਹਕੀਕਤ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਯਾਦਾਸ਼ਤ ਸਰੀਰ ਵਿਗਿਆਨ ਦੇ ਅੰਗਾ ਦੇ ਸਧਾਰਨ ਰੂਪ ਵਿਚ ਕੰਮ ਕਰਦੇ ਰਹਿਣ ਤੇ ਨਿਰਭਰ ਕਰਦੀ ਹੈ ਜਿਸ ਨੂੰ ਦਿਮਾਗ਼ ਕਹਿੰਦੇ ਹਨ। ਹਰ ਇਕ ਸਰੀਰ-ਵਿਗਿਆਨਕ ਚੀਜ਼ ਸਰੀਰਕ ਹੁੰਦੀ ਹੈ। ਦਿਮਾਗ਼ ਦੀ ਇੱਕ ਗੱਠ ਹੁੰਦੀ ਹੈ ਜਿਸ ਨੂੰ ਅੱਗੇ ਇਸ ਰਸਾਇਣਕ ਹਿੱਸਿਆ ਵਿਚ ਪਰਖਿਆ ਜਾ ਸਕਦਾ ਹੈ। ਕਦੇ ਵੀ ਕਿਸੇ ਨੇ ਦੇਹ-ਮੁਕਤ ਦਿਮਾਗ਼ ਦੀ ਹੋਂਦ ਬਾਰੇ ਭਰੋਸੇ ਨਾਲ ਨਹੀਂ ਕਿਹਾ। ਸਰੀਰ ਵਿਗਿਆਨ ਦੀ ਰੌਸ਼ਨੀ ਵਿਚ ਇਹ ਵਿਅਰਥ ਹੋਵੇਗਾ।

ਅਗਰ ਯਾਦਾਸ਼ਤ ਆਤਮਾ ਦਾ ਗੁਣ ਹੋਣ ਕਰਕੇ ਮੌਤ ਤੋਂ ਬਾਅਦ ਵੀ ਬੱਚ ਰਹਿੰਦੀ ਹੈ ਤਾਂ ਫਿਰ ਆਤਮਾ ਦਾ ਕੀ ਹੁੰਦਾ ਹੈ? ਇਹ ਸਾਹਮਣੇ ਆ ਜਾਂਦੀ ਹੈ ! ਸਰੀਰ-ਵਿਗਿਆਨਕ ਗੁਣਾਂ ਦੀ ਧਾਰਨੀ ਹੋਣ ਕਰਕੇ ਆਤਮਾ ਦੀ ਸਰੀਰਕ ਹੋਂਦ ਹੋਣੀ ਚਾਹੀਦੀ ਹੈ। ਪਰ ਇਸ ਨੂੰ ਦੇਹ-ਮੁਕਤ ਆਤਮਾ ਮੰਨਿਆ ਗਿਆ ਹੈ ਅਤੇ ਇਸੇ ਮਾਨਤਾ ਵਿਚੋਂ ਹੀ ਪੁਨਰ-ਜਨਮ ਦੀ ਸੰਭਾਵਨਾ ਕੱਢੀ ਗਈ ਹੈ। ਆਤਮਾ ਦਾ ਸਰੀਰ ਨਾਲ ਕੁਝ ਵੀ ਮਿਲਦਾ-ਜੁਲਦਾ ਨਹੀਂ, ਇਹ ਇਕ ਸਰੀਰ ਵਿਚ ਵਾਸ ਕਰਦੀ, ਉਸ ਦੀ ਭੌਤਿਕ ਕਿਰਿਆ ਤੋਂ ਪ੍ਰਭਾਵਿਤ ਨਹੀਂ ਹੁੰਦੀ, ਇਕ ਅਲੱਗ ਦਰਸ਼ਨ ਦੀ ਤਰ੍ਹਾਂ ਇਸ ਲਈ ਇਹ ਸਰੀਰ ਦੇ ਨਾਲ ਮਰਦੀ ਵੀ ਨਹੀਂ। ਇਹ ਪੁਰਾਣੇ ਕਪੜਿਆਂ ਵਾਂਗ ਸਰੀਰ ਨੂੰ ਛੱਡ ਦਿੰਦੀ ਹੈ ਅਤੇ ਨਵੇਂ ਪਹਿਨ ਲੈਂਦੀ ਹੈ, ਜਿੰਨਾ ਚਿਰ ਕਿ ਇਹ ਉਸ ਅਵਸਥਾ

ਨੂੰ ਪ੍ਰਾਪਤ ਨਾ ਕਰ ਲਵੇ ਜਿਸ ਵਿਚ ਕਿ ਇਹਨਾਂ ਸਾਰੇ ਕਪੜਿਆਂ ਨੂੰ ਤਿਆਗ ਨਾ ਦੇਵੇ। ਹੁਣ ਅਸੀਂ ਦੇਖਦੇ ਹਾਂ ਕਿ ਪੁਰਾਣੇ ਕਪੜੇ ਇਸ ਨੂੰ ਚੰਬੜੇ ਰਹਿੰਦੇ ਹਨ। ਹੋਰ ਸੱਚ ਕਹੀਏ ਤਾਂ ਇਹ ਉਹਨਾਂ ਨੂੰ ਉੱਕਾ ਨਹੀਂ ਛੱਡਦੀ। ਕਿਉਂਕਿ ਜੇ ਅਜਿਹਾ ਹੁੰਦਾ ਤਾਂ ਕੋਈ ਯਾਦਾਸ਼ਤ ਵੀ ਨਹੀਂ ਰਹਿਣੀ ਸੀ। ਕਿਸੇ ਵੀ ਹਾਲਤ ਵਿਚ ਪੁਰਾਣੇ ਕਪੜਿਆਂ ਦੀ ਸੁੰਘ ਆਤਮਾ ਨੂੰ ਚੰਬੜੀ ਰਹਿੰਦੀ ਹੈ। ਸਪੱਸ਼ਟ ਤੌਰ 'ਤੇ ਇਸ ਦੀ ਪਵਿੱਤਰਤਾ ਨੂੰ ਪਲੀਤ ਕਰਦੀ ਹੈ। ਕੋਈ ਭਲਾ ਕਿਸੇ ਚੀਜ਼ ਤੋਂ ਅਣਭਿੱਜ ਕਿਵੇਂ ਹੋ ਸਕਦਾ ਹੈ ਜਿਸ ਦੀ ਯਾਦ ਉਸ ਵਿੱਚ ਏਨੀ ਸਮਾਈ ਹੋਵੇ। ਆਤਮਾ ਦੇ ਪੁਨਰ-ਜਨਮ ਦੇ ''ਵਿਗਿਆਨਕ ਸਬੂਤ'' ਇਸ ਤਰ੍ਹਾਂ ਆਤਮਾ ਦੇ ਸਿਧਾਂਤ ਨੂੰ ਹੀ ਨਸ਼ਟ ਕਰ ਦਿੰਦੇ ਹਨ। ਉਹ ਹੋਣ ਵਾਸਤੇ ਜੇਹਾ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ ਨਾਂ ਲੈਣ ਵਾਸਤੇ ਜਿਵੇਂ ਕਿ ''ਦੇਹ-ਮੁਕਤ ਆਤਮਾ'' ਰੂਹ ਦੀ ਕੋਈ ਯਾਦਾਸ਼ਤ ਨਹੀਂ ਹੋਣੀ ਚਾਹੀਦੀ। ਆਤਮਾ ਦੀ ਹੋਂਦ ਇਸ ਦੇ ਗੁਣਾਂ ਦੀ ਧਾਰਨੀ ਹੋਣ ਦੇ ਬਲਬੂਤੇ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜੋ ਕਿ ਇਸ ਵਿਚ ਨਹੀਂ ਹੋਣੀ ਚਾਹੀਦੀ, ਅਗਰ ਇਹ ਉਹ ਹੁੰਦੀ ਜੇਹਾ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਪੁਨਰ ਜਨਮ ਨੂੰ ਵਿਗਿਆਨਕ ਤੌਰ ਤੇ ਸਿੱਧ ਕਰਨ ਲਈ ਤੁਸੀਂ ਸਿਰਫ਼ ਦੇਹ-ਮੁਕਤ ਆਤਮਾ ਦੀ ਹੋਂਦ ਨੂੰ ਨਕਾਰਨ ਵਿਚ ਹੀ ਕਾਮਯਾਬ ਹੁੰਦੇ ਹੋ। ਇਹ ਬੜਾ ਅਜੀਬ ਢੰਗ ਹੈ, ਜਿਵੇਂ ਕਿ ਉਸ ਸ਼ਾਖ ਨੂੰ ਕੱਟਣਾ ਜਿਸ ਉਪਰ ਕਿ ਤੁਸੀਂ ਬੈਠੇ ਹੋਏ ਹੋ।

ਆਤਮਾ ਦੇ ਸਿਧਾਂਤ ਦੇ ਮੋਢੀਆਂ ਨੇ ਪੁਨਰ-ਜਨਮ ਵਿਚ ਵਿਸ਼ਵਾਸ਼ ਲਈ ਇਕ ਸੂਖ਼ਮ ਸਰੀਰ ਦੀ ਕਲਪਨਾ ਕੀਤੀ ਹੈ। ਜਿਵੇਂ ਕਿ ਰਾਧਾ ਕ੍ਰਿਸ਼ਨਨ ਨੇ ਕਿਹਾ ਹੈ, ''ਸਾਡੇ ਪੁਰਾਤਨ ਲੋਕ ਬਹਾਦਰ ਸਨ।'' ਉਹਨਾਂ ਨੂੰ ਪਤਾ ਲੱਗ ਗਿਆ ਸੀ ਕਿ ਪੁਨਰ-ਜਨਮ ਵਿਚ ਕੀ ਕੀ ਸ਼ਾਮਿਲ ਹੈ, ਅਤੇ ਉਹਨਾਂ ਨੇ ਆਤਮਾ ਦੀ ਧਾਰਨਾ ਨੂੰ ਉਵੇਂ ਹੀ ਢਾਲ ਲਿਆ। ਉਹਨਾਂ ਦੁਆਰਾ ਚਿਤਵੀ ਹੋਈ ਆਤਮਾ ਦੇਹ-ਮੁਕਤ ਆਤਮਾ ਨਹੀਂ ਹੈ। ਇਹ ਹੱਥ ਦੇ ਅੰਗੂਠੇ ਦੇ ਅਕਾਰ ਦੀ ਹੈ। ਇਹ ਸਾਰੇ ਅਜੀਬ ਤੇ ਉਤੇਜਕ ਵਿਚਾਰ ਉਪਨਿਸ਼ਦਾਂ ਵਿਚ ਕਾਫੀ ਹੱਦ ਤੱਕ ਰੱਖੇ ਗਏ ਸਨ। ਪੁਰਾਤਨ ਲੋਕ ਬਹਾਦਰ ਹੋ ਸਕਦੇ ਹਨ ਕਿਉਂਕਿ ਵਿਗਿਆਨ ਨੇ ਅਜੇ ਉਹਨਾਂ ਦੀਆਂ ਕਿਆਸ-ਅਰਾਈਆਂ ਨੂੰ ਚੁਣੌਤੀ ਨਹੀਂ ਸੀ ਦੇਣੀ। ਤੇ ਨਾਂ ਹੀ ਇਹ ਸਾਰੀਆਂ ਕਿਆਸ-ਅਰਾਈਆਂ ਉੱਕਾ ਵਿਅਰਥ ਸਨ। ਉਹਨਾਂ ਦਾ ਇਕ ਮੰਤਵ ਸੀ, ਉਹ ਵੀ ਬੜਾ ਹੀ ਦੁਨਿਆਵੀ। ਪੁਰਾਤਨ ਲੋਕ ਹਾਕਮ ਜਮਾਤ ਲਈ ਕਾਨੂੰਨ ਬਣਾ ਰਹੇ ਸਨ। ਇਸ ਲਈ ਅਸੱਭਿਆ ਲੋਕਾਂ ਦੇ ਵਹਿਮਾਂ ਦੀ ਵਰਤੋਂ ਕੀਤੀ ਗਈ। ਕਰਮ ਦੇ ਸਿਧਾਂਤ ਨੂੰ ਮਨਾਉਣ ਲਈ ਹੀ ਪੁਨਰ-ਜਨਮ ਦੇ ਸਿਧਾਂਤ ਨੂੰ ਪਾਲਣਾ ਪਿਆ। ਇਸ ਦਾ ਉਦੇਸ਼ ਸਥਾਪਿਤ ਤਾਣੇ-ਬਾਣੇ ਦੀ ਰੱਖਿਆ ਕਰਨਾ ਸੀ ਹਰ ਇਕ ਨੂੰ ਉਸਦੀ ਨਿਸਚਤ ਜਗ੍ਹਾ 'ਤੇ ਰੱਖਣਾ ਸੀ।

ਪਰ ਤਰਕ ਨੂੰ ਆ-ਤੱਰਕ ਨਾਲ ਮਨਾਉਣਾ ਬੜਾ ਮਾੜਾ ਕੰਮ ਹੈ। ਵਿਸ਼ਵਾਸ਼ ਦਾ ਕੋਈ ਮੱਤ ਵਿਗਿਆਨਕ ਤੌਰ ਤੇ ਸਿੱਧ ਨਹੀਂ ਕੀਤਾ ਜਾ ਸਕਦਾ। ਮੌਤ ਤੋਂ ਬਾਅਦ ਜਿਸ ਦੇ ਪੁਨਰ-ਜਨਮ ਲੈਣ ਵਿਚ ਵਿਸ਼ਵਾਸ਼ ਕੀਤਾ ਜਾਂਦਾ ਹੈ ਉਹ ਦੇਹ-ਮੁਕਤ ਆਤਮਾ ਨਹੀਂ ਹੈ। ਬਲਿਕ ਸੂਖਮ-ਸਰੀਰ ਹੈ। ਇਸ ਲਈ ਪੁਨਰ-ਜਨਮ ਦਾ ਸਿਧਾਂਤ ਕਹਿੰਦਾ ਹੈ ਕਿ ਸਰੀਰ ਦਾ ਛੋਟਾ ਜਿਹਾ ਨਮੂਨਾ ਮੌਤ ਤੋਂ ਬਾਅਦ ਵੀ ਬਚ ਜਾਂਦਾ ਹੈ। ਜੇਕਰ ਇਸ ਨੂੰ ਮੰਨ ਲਿਆ ਜਾਵੇ ਤਾਂ ਪਿਛਲੇ ਜਨਮ ਦੀ ਯਾਦਾਸ਼ਤ ਵਾਲੀ ਗੱਲ ਸੰਭਵ ਹੈ। ਪਰ ਏਥੇ ਤੁਸੀਂ ਪੱਕੇ ਤੌਰ ਤੇ ਦੁਸ਼ਮਣ ਦੇ ਘੇਰੇ ਵਿਚ ਹੋ ਤੇ ਬੱਚ ਨਿਕਲਣ ਦੀ ਕੋਈ ਆਸ ਨਹੀਂ ਹੈ। ਤੁਸੀਂ ਉਸ ਚੀਜ਼ ਨੂੰ ਮੰਨ ਕੇ ਚੱਲ ਰਹੇ ਹੋ ਜੋ ਕਿ ਪੱਕੇ ਤੌਰ ਵਿਗਿਆਨਕ ਸੁਭਾਅ ਦੀ ਹੈ, ਜਿਸ ਨੂੰ ਕਿ ਸਾਖਸ਼ਾਤ-ਜਾਂਚ ਲਈ ਪੇਸ਼ ਕੀਤਾ ਜਾ ਸਕਦਾ ਹੈ। ਜੇਕਰ ਮੌਤ ਤੋਂ ਬਾਅਦ ਬਚੀ ਹੋਈ ਚੀਜ਼ ਦਾ ਕੋਈ ਵਜ਼ੂਦ ਹੈ, ਤਾਂ ਫਿਰ ਅਗਲੇ ਜਨਮ ਤੋਂ ਪਹਿਲਾਂ ਇਸ ਨੂੰ ਕੀ ਹੁੰਦਾ ਹੈ ਇਸ ਪਰਖਣ ਦਾ ਕੋਈ ਤਰੀਕਾ ਹੋਣਾ ਚਾਹੀਦਾ ਹੈ।

ਇਹ ਬਿਆਨ ਵਸਤੂ ਦੀ ਆ-ਨਾਸ਼ਮਾਨਤਾ ਜਾਂ ਕਨਜ਼ਰਵੇਸ਼ਨ ਦੇ ਸਿਧਾਂਤ ਦੀ ਪ੍ਰੋੜਤਾ ਮਾਤਰ ਨਹੀਂ ਹੈ। ਸਰੀਰ ਦੀ ਮੌਤ ਨਾਲ ਉਹ ਤੱਤ ਨਸ਼ਟ ਨਹੀਂ ਹੋ ਜਾਂਦੇ ਜਿਨ੍ਹਾਂ ਦਾ ਇਹ ਬਣਿਆਂ ਹੋਇਆ ਹੈ ਬਲਿਕ ਉਸ ਦੀ ਰਸਾਇਣਕ ਤਬਦੀਲੀ ਹੁੰਦੀ ਹੈ। ਮੌਤ ਤੱਤਾਂ ਦੇ ਭੌਤਿਕ-ਪ੍ਰਬੰਧ ਦਾ ਖਾਤਮਾ ਹੈ, ਤੱਤ ਆਪ ਖਤਮ ਨਹੀਂ ਹੁੰਦੇ। ਪਰ ਸੂਖਮ ਸਰੀਰ ਦੀ ਰੂੜ੍ਹੀ ਅਨੁਸਾਰ ਇਹ ਭੌਤਿਕ ਪ੍ਰਬੰਧ ਇਕ ਛੋਟੀ ਸਕਲ ਵਿਚ ਜਿੰਦਾ ਰਹਿੰਦਾ ਹੈ। ਇਹ ਕਹਿਣ ਵਿਚ ਕੋਈ ਤੱਥ ਨਹੀਂ ਹੈ ਕਿ ਤੱਤ ਮੌਤ ਤੋਂ ਬਾਅਦ ਬਚ ਰਹਿੰਦੇ ਹਨ ਕਿਉਂਕਿ ਮੌਤ ਆਉਂਦੀ ਹੀ ਇਸ ਭੌਤਿਕ ਸਰੀਰ ਨੂੰ ਹੈ। ਤੱਤ ਆਪ ਇਸ ਪ੍ਰਕਿਰਿਆ ਵਿਚ ਸ਼ਾਮਿਲ ਨਹੀਂ ਹੁੰਦੇ। ਬਚੇ ਰਹਿਣ ਦਾ ਭਾਵ ਹੈ ਉਸ ਚੀਜ਼ ਦਾ ਮੌਤ ਤੋਂ ਬਾਅਦ ਵੀ ਚਲਦੇ ਰਹਿਣਾ ਜਿਸ ਨੂੰ ਕਿ ਮੌਤ ਦੀ ਪ੍ਰਕਿਰਿਆ ਤੋਂ ਪ੍ਰਭਾਵਿਤ ਮੰਨਿਆ ਜਾਂਦਾ ਹੈ। ਇਸ ਦਾ ਮਤਲਬ ਹੈ ਤੱਤਾਂ ਦੇ ਢਾਂਚੇ ਦਾ ਜਿੰਦਾ ਰਹਿਣਾ। ਸਰੀਰ ਸਮੁੱਚੇ ਰੂਪ ਵਿਚ ਨਸ਼ਟ ਹੋ ਜਾਂਦਾ ਹੈ ਪਰ ਇਸ ਦਾ ਇਕ ਘਟਿਆ ਹੋਇਆ ਰੂਪ, ਉਸ ਦਾ ਇਕ ਸਹੀ ਰੂਪ ਜੋ ਕਿ ਪੂਰੀ ਤਰ੍ਹਾਂ ਨਸ਼ਟ ਹੋ ਚੁੱਕਾ ਹੈ, ਬੱਚ ਰਹਿੰਦਾ ਹੈ।



ਇਹ ਅਜਿਹੀ ਗੱਲ ਹੈ ਜਿਸ ਦੀ ਵਿਗਿਆਨਕ ਪਰਖ ਹੋ ਸਕਦੀ ਹੈ। ਮਨੁੱਖੀ ਸਰੀਰ ਦੀ ਮੌਤ ਦੀ ਪ੍ਰਕਿਰਿਆ ਪੂਰੇ ਵਿਸਥਾਰ-ਸਹਿਤ ਦੇਖੀ ਜਾ ਸਕਦੀ ਹੈ। ਅਸਲ ਵਿਚ ਇਸ ਪ੍ਰਕਿਰਿਆ ਦਾ ਗਿਆਨ ਪਹਿਲਾਂ ਹੀ ਠੀਕ-ਠੀਕ ਪ੍ਰਾਪਤ ਹੈ। ਇਸ ਨੂੰ ਕਲੀਨਿਕ ਵਿਚ ਦੇਖਿਆ ਜਾ ਸਕਦਾ ਹੈ। ਇਸ ਚੀਜ ਦਾ ਭੋਰਾ ਵੀ ਸਬੂਤ ਨਹੀਂ ਹੈ ਕਿ ਸਰੀਰ ਦੀ ਕੋਈ ਛੋਟੀ ਜੇਹੀ ਨਕਲ ਮਰਦੇ ਹੋਏ ਢਾਂਚੇ ਵਿਚੋਂ ਨਿਕਲ ਗਈ ਹੋਵੇ। ਯਾਦਾਸ਼ਤ ਅਤੇ ਪਹਿਲੇ ਜਮਾਂ ਤਜਰਬੇ ਨੂੰ ਅੱਗੇ ਲਿਜਾਣ ਲਈ ਇਸ ਨਕਲ ਦੀ ਜ਼ਰੂਰ ਕੋਈ ਸਰੀਰਕ-ਰਸਾਇਣਕ ਬਣਤਰ ਹੋਣੀ ਚਾਹੀਦੀ ਹੈ। ਭਾਵੇਂ ਕਿੰਨੀ ਵੀ ਮਹੀਨ ਕਿਉਂ ਨਾ ਹੋਵੇ, ਅਜਿਹੀ ਬਣਤਰ ਜਾਂ ਨਮੂਨਾ ਸੰਭਵਨਾ ਕਿਸੇ ਵਿਗਿਆਨਕ ਪਰਖ ਨੂੰ ਧੋਖਾ ਨਹੀਂ ਦੇ ਸਕੇਗਾ।

ਨਹੀਂ, ਸੂਖ਼ਮ ਸਰੀਰ ਦਾ ਅਜਿਹਾ ਸੁਘੜ ਸਿਧਾਂਤ ਇਸ ਯੁੱਗ ਵਿਚ ਨਹੀਂ ਚਲੇਗਾ, ਜਦੋਂ ਕਿ ਸਰੀਰ ਵਿਗਿਆਨ ਮੌਤ ਤੱਕ ਦੀ ਗੁੱਥੀ ਵੀ ਸੁਲਝਾ ਚੁੱਕਾ ਹੈ। ਜਦੋਂ ਸਰੀਰ ਦੀ ਬਣਤਰ ਤੇ ਇਸ ਦੇ ਸੁਭਾਅ ਬਾਰੇ ਅਗਿਆਨਤਾ ਵਾਲਾ ਮਹੌਲ ਸੀ ਉਸ ਵਕਤ ਅਜਿਹੇ ਵਿਚਾਰਾਂ ਵਿਚ ਵਿਸ਼ਵਾਸ਼ ਦਾ ਦਬ-ਦਬਾਅ ਸੀ। ਪਰ ਸੂਖਮ-ਸਰੀਰ ਦੀ ਮਾਨਤਾ ਤੋਂ ਬਿਨਾਂ ਪੁਨਰ-ਜਨਮ ਦੇ ਵਿਚਾਰ ਨੂੰ ਸਿੱਧ ਕਰਨਾ ਜਾਰੀ ਰੱਖਣਾ ਸੰਭਵ ਨਹੀਂ ਹੈ। ਵਿਗਿਆਨਕ ਨਜ਼ਰੀਏ ਦੇ ਨੁਕਤੇ ਨਿਗਾਹ ਤੋਂ ਸ਼ਾਤੀ ਦੇਵੀ ਦੇ ਉਸੇ ਵਰਗੀਆਂ ਹੋਰ ਕਹਾਣੀਆਂ ਭਾਵੇਂ ਉਹ ਕਿੰਨੀਆਂ ਵੀ ਜ਼ੋਰ-ਸ਼ੋਰ ਨਾਲ ਦੱਬੀਆਂ ਜਾਣ ਅਤੇ ਵਿਗਿਆਨਕ ਤੌਰ ਤੇ ਪ੍ਰੜੋਤਾ ਕੀਤੀ ਜਾਵੇ ਇਸ ਨਾਲ ਕੋਈ ਫਰਕ ਨਹੀਂ ਪੈਂਦਾ, ਪਹਿਲੀ ਨਜ਼ਰੇ ਹੀ ਨਾ ਮੰਨਣਯੋਗ ਹਨ। ਦੇਹ-ਮੁਕਤ ਆਤਮਾ ਦੀ ਯਾਦਾਸ਼ਤ ਨਹੀਂ ਹੋ ਸਕਦੀ ਅਤੇ ਅਜਿਹਾ ਭੌਤਿਕ ਸਰੀਰ ਜੋ ਯਾਦਸਾਤ ਅਗਾਂਹ ਲਿਜਾ ਸਕਦਾ ਹੋਵੇ ਮੌਤੋਂ ਨਹੀਂ ਬੱਚ ਸਕਦਾ। ਇਕ ਪਾਸੇ ਤੁਸੀਂ ਆਪਣੇ ਹੀ ਹਿਸਾਬ ਨਾਲ ਆਪਣੀ ਗੱਲ ਸਾਬਤ ਨਹੀਂ ਕਰ ਸਕਦੇ, ਦੂਜੇ ਪਾਸੇ ਤੁਹਾਡੀ ਗੱਲ ਜਾਹਿਰਾ ਤੌਰ ਤੇ ਅਜਿਹੀ ਹੈ ਜਿਸ ਨੂੰ ਵਿਗਿਆਨਕ ਢੰਗ ਨਾਲ ਪਰਖਿਆ ਜਾ ਸਕਦਾ ਹੈ। ਇਹ ਸਾਫ਼ ਤੌਰ ਤੇ ਕਮਜ਼ੋਰ ਆਧਾਰ ਤੇ ਖੜੀ ਹੈ ਤੇ ਇਸ ਤੇ ਹੋਰ ਵਿਚਾਰ ਦੀ ਲੋੜ ਨਹੀਂ।

ਤਰਕਸੰਗਤਾ ਨਾਲ ਤਾਂ ਇਹ ਪੂਰਾ ਤਰੀਕਾ ਹੀ ਗਲਤ ਹੈ। ਇਹ ਉਸੇ ਧਾਰਨਾ ਤੇ ਖੜਾ ਹੈ ਜਿਸ ਨੂੰ ਕਿ ਇਸ ਨੇ ਸਾਬਤ ਕਰਨਾ ਹੈ। ਅਗਰ ਮੌਤ ਤੋਂ ਬਾਅਦ ਜ਼ਿੰਦਗੀ ਉਹਨ੍ਹਾਂ ਤੱਥਾਂ ਦੇ ਆਧਾਰ ਤੇ ਸਾਬਤ ਹੋ ਜਾਵੇ ਜਿਨ੍ਹਾਂ ਤੇ ਉਂਗਲੀ ਨਾ ਉਠਾਈ ਜਾ ਸਕੇ ਤਾਂ ਆਤਮਾਂ ਦਾ ਅਮਰ ਹੋਣਾ ਤੇ ਉਸ ਦੀ ਹੋਂਦ ਆਪਣੇ ਆਪ ਸਾਬਤ ਹੋ ਜਾਂਦੀ ਹੈ। ਇਹ ਇਕ ਦਲੀਲ ਹੈ। ਪਰ ਜਿੰਦਾ ਰਹਿਣ ਦੀ ਸੰਭਾਵਨਾ ਪਹਿਲਾਂ ਹੀ ਮੰਨ ਕੇ ਚਲਦੀ ਹੈ ਕਿ ਅਜਿਹੀ ਕੋਈ ਸ਼ੈਅ ਹੈ ਜੋ ਮੌਤ ਦੇ ਨਾਲ ਮਰਦੀ ਨਹੀਂ। ਜੇਕਰ ਅਜਿਹੀ ਪਹਿਲੋਂ ਹੀ ਮੰਨੀ ਹੋਈ ਮਾਨਤਾ ਨਾ ਹੋਵੇ ਤਾਂ ਅਜਿਹੀਆਂ ਸਾਰੀਆਂ ਕਹਾਣੀਆਂ ਨੂੰ ਪੂਰੀ ਸ਼ੱਕ ਦੀ ਨਿਗਾਹ ਨਾਲ ਦੇਖਿਆ ਜਾਂਦਾ। ਵਿਗਿਆਨਕ ਗਿਆਨ ਦੇ ਨਜ਼ਰੀਏ ਤੋਂ ਉਹਨਾਂ ਦੀ ਸਚਾਈ ਪਹਿਲੀ ਨਜ਼ਰੇ ਹੀ ਸ਼ੱਕੀ ਹੈ। ਪਹਿਲਾਂ ਹੀ ਮੰਨੀ ਹੋਈ ਮਾਨਤਾ ਤੋਂ ਬਿਨਾਂ ਅਜਿਹੀਆਂ ਕਹਾਣੀਆਂ ਨੂੰ ਇਕ ਸਥਾਪਿਤ ਸਿਧਾਂਤ ਦੀ ਪ੍ਰੋੜਤਾ ਲਈ ਗਵਾਹੀ ਨਹੀਂ ਮੰਨਿਆ ਜਾ ਸਕਦਾ। ਪਰ ਅਜਿਹੀ ਪ੍ਰਕਿਰਿਆ ਜਿਸਦੀ ਵਿਆਖਿਆ ਵਿਗਿਆਨਕ ਤੌਰ ਤੇ ਹੋ ਸਕੇ। ਸ਼ੱਕੀ ਨਜ਼ਰੀਏ ਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਕੀਤੀ ਪੜਚੋਲ ਬਿਲਕੁਲ ਵੱਖਰੇ ਢੰਗ ਅਖਤਿਆਰ ਕਰੇਗੀ।

ਹੁਣੇ ਹੁਣੇ ਹੋਏ ਮਨੋਵਿਗਿਆਨਕ ਖੋਜ਼ ਅਨੁਸਾਰ ਸਬੂਤ ਇਕੱਠੇ ਕਰਨਾ ਇਕ ਸਧਾਰਨ ਕੰਮ ਨਹੀਂ ਹੈ। ਸਬੂਤਾਂ ਦੀ ਵਿਸ਼ਵਾਸ ਯੋਗਤਾ ਕਈ ਕਿਸਮ ਦੇ ਕਾਰਵਾ ਤੇ ਨਿਰਭਰ ਕਰਦੀ ਹੈ ਜੋ ਕਿ ਗਵਾਹ ਦੀ ਇਖਲਾਕੀ ਨੀਅਤ ਤੋਂ ਅਜ਼ਾਦ ਹੁੰਦੇ ਹਨ। ਬਣੀਆਂ ਬਣਾਈਆਂ ਧਰਨਾਵਾਂ ਜਿਆਦਾ ਨਿਰਣਾਇਕ ਹੁੰਦੀਆਂ ਹਨ। ਇਸ ਗੱਲ ਦਾ ਸ਼ੁਕਰੀਆਂ ਕਿ ਲੋਕ ਉਹਨਾਂ ਚੀਜਾਂ ਨੂੰ ਵੇਖਣ ਦਾ ਅੰਦਾਜਾ ਲਾਉਂਦੇ ਹਨ ਜਿਨਾਂ ਨੂੰ ਕਿ ਉਹ ਨਹੀਂ ਵੇਖ ਸਕਦੇ ਜਿਨਾਂ ਦੇ ਮਨਾਂ ਵਿਚ ਉਹਨਾਂ ਦਾ ਪਹਿਲਾਂ ਤੋਂ ਖਿਆਲ ਨਾ ਹੋਵੇ। ਦੂਸਰੇ ਪਾਸੇ ਭਾਵਨਾਤਮਿਕ ਜਾਂ ਸਰੀਰਕ ਹਲਚੱਲ ਸਪੱਸ਼ਟ ਨਜ਼ਰ ਆਉਂਣ ਵਾਲੀਆਂ ਚੀਜਾਂ ਨੂੰ ਦੇਖਣ ਵਿਚ ਨਾ-ਕਾਮ ਕਰ ਦਿੰਦੀ ਹੈ। ਬਿਲਕੁਲ ਸਧਾਰਨ ਤੇ ਸਪੱਸ਼ਟ ਘਟਨਾਵਾਂ ਦੀ ਰੂਪ ਰੇਖਾ ਬਹੁਤ ਲੋਕਾਂ ਨੂੰ ਪਤਾ ਨਹੀਂ ਲੱਗਦੀ ਜੋ ਉਸ ਨੂੰ ਵੇਖ ਰਹੇ ਹੁੰਦੇ ਹਨ। ਸਿਰਫ਼ ਤੇਜ਼-ਬੁੱਧੀ ਸਿਖਿਅਤ ਦਰਸ਼ਨ ਹੀ ਘਟਨਾਵਾਂ ਨੂੰ ਲੱਗ-ਪੱਗ ਸਹੀ ਦੱਸ ਸਕਦੇ ਹਨ।

ਸਹੀ ਵਿਗਿਆਨਕ ਪੜਚੋਲ ਲਈ ਸਭ ਤੋਂ ਪਹਿਲੀ ਸ਼ਰਤ ਇਹ ਨਿਸਚਤ ਕਰਨਾ ਹੈ ਕਿ ਜਿਸ ਨੂੰ ਅਸੀਂ ਹਕੀਕਤ ਕਹਿੰਦੇ ਹਾਂ ਕੀ ਉਹ ਵਾਕਿਆ ਹਕੀਕਤ ਹੈ। ਇਸ ਮੁੱਢਲੀ ਚਿਤਾਵਨੀ ਤੋਂ ਬਿਨਾਂ ਹਵਾਈ ਕਿਲੇ ਬਣਾਉਣਾ ਬਹੁਤ ਸੋਖਾ ਹੈ ਜੋ ਕਿ ਕਾਰਨ ਦੇ ਮਾੜੇ ਜਿਹੇ ਪ੍ਰਭਾਵ ਨਾਲ ਢੇਰੀ ਹੋ ਜਾਂਦੇ ਹਨ। ਇਕ ਵਾਰ ਸੁਣੀਆਂ-ਸੁਣਾਈਆਂ ਨੂੰ ਸੱਚ ਕਰ ਜਾਵੋ, ਬਾਕੀ ਸਭ ਕੁੱਝ ਆਪਣੇ ਪਿੱਛੇ ਤੁਰਿਆ ਆਉਂਦਾ ਹੈ। ਬਹੁਤੇ ਲੋਕ ਜਿਨ੍ਹਾਂ ਦਾ ਭੂਤਾਂ ਵਿਚ ਵਿਸ਼ਵਾਸ਼ ਹੈ, ਆਪਣੇ ਤਜ਼ਰਬੇ ਦੀ ਗੱਲ ਦੱਸਦੇ ਹਨ। ਪਰ ਇਸ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਵਾਕਿਆ ਹੀ ਉਹਨਾਂ ਨੂੰ ਕੋਈ ਅਜਿਹਾ ਠੋਸ ਤਜ਼ਰਬਾ ਹੋਇਆ ਹੈ। ਅਜੇ ਵੀ ਅਜਿਹੀਆਂ ਹਕੀਕਤਾਂ ਕਿ ਬੜੇ ਭਰੋਸੇਮੰਦ ਲੋਕਾਂ ਨੇ ਭੂਤਾ ਨੂੰ ਵੇਖਿਆ ਹੈ, ਬੜੇ ਬੁੱਧੀਮਾਨ ਲੋਕਾਂ ਨੂੰ ਭੂਤਾਂ ਵਿਚ ਵਿਸ਼ਵਾਸ਼ ਕਰਨ ਲਈ

ਦਿੰਦੀਆਂ ਹਨ। ਕਿਆਸੀਆਂ ਹੋਈ ਵਸਤਾਂ ਕਿਆਸੀਆਂ ਨਜ਼ਰਾਂ ਨਾਲ ਹੀ ਵੇਖੀਆਂ ਜਾਂਦੀਆਂ ਹਨ। ਜਿੰਨਾ ਚਿਰ ਤੁਹਾਡਾ ਕਿਆਸ ਰਹਿੰਦਾ ਹੈ ਉਨਾ ਚਿਰ ਉਹ ਹਕੀਰਤ ਹੀ ਹਨ। ਇਸ ਲਈ ਖਿਆਲੀ-ਪੁਲਾਂਵਾ ਨੂੰ ਕਿਸੇ ਠੋਸ ਹਕੀਕਤ ਦੇ ਸਬੂਤ ਵਜੋਂ ਨਹੀਂ ਲਿਆ ਜਾਣਾ ਚਾਹੀਦਾ।

ਤਜਰਬਾਤੀ ਮਨੋਵਿਗਿਆਨ ਦੀ ਗੱਲ ਛੱਡੋ ਜੇ ਕਿਸੇ ਨੇ ਹੁਸ਼ਿਆਰੀ ਨਾਲ ਲਿਖੀਆਂ ਹੋਈਆਂ ਸੂਹੀਆਂ ਕਹਾਣੀਆਂ ਪੜ੍ਹੀਆਂ ਹੋਣ ਤਾਂ ਉਸ ਨੂੰ ਪਤਾ ਹੋਵੇਗਾ ਕਿ ਵਾਚਣਾ ਏਨ੍ਹਾ ਸੋਖਾ ਕੰਮ ਨਹੀਂ ਹੈ। ਵੇਖਣ ਤੇ ਵਾਚਣ ਵਿਚ ਫਰਕ ਹੈ। ਤਜ਼ਰਬਾਤੀ ਤੋਰ ਤੇ ਰਿਕਾਰਡ ਕੀਤੀਆਂ ਗਵਾਹੀਆਂ ਦੀਆਂ ਕੁਝ ਉਦਾਰਨਾਂ ਦਾ ਉਹਨਾਂ ਲੋਕਾਂ ਨੂੰ ਲਾਭ ਹੋ ਸਕਦਾ ਹੈ ਜਿਹੜੇ ਅੰਧਾ-ਧੁੰਦ ਵਿਸ਼ਵਾਸ਼ ਨਾਲ ਇਹ ਕਹਿੰਦੇ ਹਨ ਕਿ ਸ਼ਾਂਤੀ ਦੇਵੀ ਦੀ ਕਹਾਣੀ ਆਧੁਨਿਕ-ਮਨੋਵਿਗਿਆਨ ਲਈ ਇਕ ਵੰਗਾਰ ਹੈ। ਮੈਂ ਹਿੰਮਤ ਨਾਲ ਜਾਂ ਆਸ ਨਾਲ ਇਹ ਮੰਨਦਾ ਹਾਂ ਕਿ ਉਹਨਾਂ ਨੂੰ ਫਾਇਦਾ ਹੋਵੇਗਾ ਕਿਉਂਕਿ ਅਜੇ ਉਹ ਨਫ਼ਰਤ ਵਿਚ ਏਨਾ ਨਹੀਂ ਖੁੱਭੇ ਕਿ ਨਿਕਲ ਨਾ ਸਕਣ। W. M. ਮਾਰਸਟਨ ਨੇ ਬਲੱਡ ਪਰੈਸ਼ਰ ਦੇ ਇਕ ਮਸ਼ੀਨੀ ਸੂਚਕ ਰਾਹੀ ਇਕ ਵਿਧੀ ਦੀ ਕਾਢ ਕੱਢੀ ਹੈ ਕਿ ਕੋਈ ਪਕੜਿਆ ਹੋਇਆ ਵਿਅਕਤੀ ਪੁਛ-ਪੜਤਾਲ ਤੇ ਸੱਚ ਬੋਲ ਰਿਹਾ ਹੈ। ਉਸ ਮਸ਼ਹੂਰ ਅਮਰੀਕੀ ਮਨੋਵਿਗਿਆਨੀ ਨੇ ਹੇਠ ਲਿਖਿਆ ਇਕ ਤਜ਼ਰਬਾ ਕੀਤਾ ਸੀ। ਤਜ਼ਰਬਾ ਕਰਨ ਵਾਲਾ ਅਠਾਰ੍ਹਾ ਹੋਰ ਪੜ੍ਹੇ-ਲਿਖੇ ਲੋਕਾਂ ਨਾਲ ਇਕ ਕਮਰੇ ਵਿਚ ਸੀ ਜਿਨ੍ਹਾਂ ਵਿਚੋਂ ਬਹੁਤੇ ਵਕੀਲ ਸਨ। ਜਿਨ੍ਹਾਂ ਨੂੰ ਪਹਿਲਾਂ ਬਿਲਕੁਲ ਇਹ ਪਤਾ ਨਹੀਂ ਸੀ ਕਿ ਕੋਈ ਤਜ਼ਰਬਾ ਹੋਣ ਲੱਗਾ ਹੈ। ਉਹ ਸਾਰੇ ਇਕ ਆਮ ਇੱਕਠ ਵਿਚ ਇਕੱਠੇ ਹੋਣ ਵਾਂਗ ਵਿਚਰ ਰਹੇ ਸਨ, ਸਾਰੇ ਸਰਸਰੀ ਗੱਲਾਂ ਕਰ ਰਹੇ ਸਨ। ਥੋੜੀ ਦੇਰ ਬਾਅਦ ਜਿਵੇਂ ਕਿ ਤਜ਼ਰਬਾ ਕਰਨ ਵਾਲੇ ਨੇ ਪਹਿਲਾਂ ਕਮਰੇ ਵਿਚ ਦਾਖਲ ਹੋਇਆ ਤੇ ਇਕ ਪੀਲੇ ਰੰਗ ਦਾ ਲਿਫ਼ਾਫ਼ਾ ਤਜ਼ਰਬਾ ਕਰਨ ਵਾਲੇ ਨੂੰ ਫੜਾਇਆ। ਜਿਸ ਵਕਤ ਤਜ਼ਰਬਾ ਕਰਨ ਵਾਲਾ ਸੁਨੇਹੇ ਨੂੰ ਪੜ੍ਹਨ ਵਿਚ ਰੁੱਝਿਆ ਹੋਇਆ ਸੀ, ਉਸ ਨੋਜੁਆਨ ਨੇ ਪਹਿਲਾਂ ਦੱਸੇ ਅਨੁਸਾਰ ਇਕ ਚਾਕੂ ਇਸ ਤਰ੍ਹਾਂ ਕੱਢਿਆ ਕਿ ਕਮਰੇ ਵਿਚ ਮੌਜੂਦ ਸਾਰੇ ਉਸ ਨੂੰ ਇਸ ਤਰ੍ਹਾਂ ਕਰਦਿਆਂ ਦੇਖ ਸਕਣ। ਡਾ. ਮਾਰਸਟਨ ਲਿਖਦੇ ਹਨ, ''ਉਹਨਾਂ ਅਠਾਰਾਂ ਲੋਕਾਂ ਵਿਚੋਂ ਇਕ ਨੇ ਵੀ ਚਾਕੂ ਨਹੀਂ ਦੇਖਿਆ। ਉਹਨਾਂ ਦਾ ਧਿਆਨ ਆਏ ਹੋਏ ਤਾਰ-ਪੱਤਰ ਵੱਲ ਸੀ। ਜਦੋਂ ਪੁੱਛ ਗਿੱਛ ਵਿਚ ਸਿੱਧੇ ਤੌਰ 'ਤੇ ਚਾਕੂ ਬਾਰੇ ਪੁੱਛਿਆ ਗਿਆ ਤਾਂ ਉਹ ਹੋਰ ਜ਼ੋਰ-ਸ਼ੋਰ ਨਾਲ ਇਨਕਾਰ ਕਰਨ ਲੱਗੇ। ਉਹਨਾਂ ਨੂੰ ਸ਼ੱਕ ਹੋ ਗਿਆ ਕਿ ਪੜਤਾਲ ਕਰਨਾ ਉਹਨਾਂ ਨੂੰ ਗਲਤ ਬਿਆਨਬਾਜ਼ੀ ਕਰਨ ਲਈ ਫਸਾ ਰਿਹਾ ਹੈ। ਭਾਵੇਂ ਚਾਕੂ ਲੱਗ-ਪੱਗ ਤਿੰਨ ਮਿੰਟ ਲਈ ਸਾਰਿਆਂ ਦੇ ਸਾਹਮਣੇ ਫੜੀ ਰੱਖਿਆ ਸੀ।

ਫਿਰ ਅਖੌਤੀ ਔਸੇਜ ਟੇਸਟ ਵੀ ਕੀਤੇ ਜਾਂਦੇ ਹਨ ਜਿਨਾਂ ਤੋਂ ਪਤਾ ਲੱਗਦਾ ਹੈ ਕਿ ਅਸਲ ਵਿਚ ਸੱਚ ਦੀ ਤਹਿ ਤੱਕ ਜਾਣਾ ਕਿੰਨਾ ਮੁਸ਼ਕਿਲ ਹੈ। ਇਕ ਕਲਾਸ ਰੂਮ ਵਿਚ ਵਿਦਿਆਰਥੀਆਂ ਨੂੰ ਕਿਹਾ ਜਾਂਦਾ ਹੈ ਕਿ ਜੋ ਕੁਝ ਉਹ ਵੇਖਦੇ ਹਨ ਸਭ ਕੁਝ ਲਿਖੀ ਜਾਣ। ਪ੍ਰੋਫੈਸਰ ਕਈ ਕਿਸਮ ਦੀਆਂ ਘਟਨਾਵਾਂ ਵਾਪਰਦੀਆਂ ਵਿਖਾਉਂਦਾ ਹੈ। ਜੋ ਕਿ ਵਿਦਿਆਰਥੀਆਂ ਨੇ ਲਿਖਣੀਆਂ ਹੁੰਦੀਆਂ ਹਨ। ਉਹ ਹੈਰਾਨੀ ਜਨਕ ਗਲਤੀਆਂ ਕਰਦੇ ਹਨ। ਜਿਨ੍ਹਾਂ ਤੇ ਵਿਸ਼ਵਾਸ਼ ਵੀ ਨਹੀਂ ਕੀਤਾ ਜਾ ਸਕਦਾ। ਜੇ ਇਹੋ ਟੈਸਟ ਵੱਖ ਵੱਖ ਕਾਲਜਾਂ ਵਿਚ ਵਿਦਿਆਰਥੀਆਂ ਦੇ ਵੱਖ ਗਰੁੱਪਾਂ ਨਾਲ ਵਾਰ-ਵਾਰ ਦੁਹਰਾਇਆ ਨਾ ਗਿਆ ਹੁੰਦਾ ਤਾਂ ਕਹਾਣੀ ਬੜੀ ਹੀ ਵਚਿੱਤਰ ਜਾਪਣੀ ਸੀ। ਔਸਤਨ 30% ਤੋਂ ਘੱਟ ਵਿਦਿਆਰਥੀ ਠੀਕ ਰਿਪੋਰਟ ਲਿਖਦੇ ਹਨ। ਉਦਾਹਰਣ ਦੇ ਤੌਰ ਤੇ ਅਜਿਹੀਆਂ ਹੈਰਾਨੀਜਨਕ ਗਲਤੀਆਂ ਕਰਦੇ ਹਨ ਕਿ ਇਕ ਘਟਨਾ ਵਿਚ ਬਹੁਤ ਸਾਰੇ ਲੋਕਾਂ ਨੂੰ ਝਗੜਦਿਆਂ ਵਿਖਾਇਆ ਸੀ। ਅਜਿਹੀ ਖਾਸ ਘਟਨਾ ਨੂੰ ਬਹੁਤੇ ਵਿਦਿਆਰਥੀ ਨੋਟ ਕਰਨ ਵਿਚ ਨਾਕਾਮ ਹੀ ਨਹੀਂ ਰਹੇ ਬਲਿਕ ਬਾਅਦ ਵਿਚ ਪੁੱਛਣ ਤੇ ਉਹਨਾਂ ਇਸ ਦੀ ਕੋਈ ਜਾਣਕਾਰੀ ਹੋਣ ਤੋਂ ਸਾਫ ਇਨਕਾਰ ਕਰ ਦਿੱਤਾ। ਇਕ ਹੋਰ ਤਜ਼ਰਬੇ ਵਿਚ ਘੱਟੋਂ ਘੱਟ ਤਿੰਨ ਵਿਦਿਆਰਥੀਆਂ ਨੇ ਵਰਨਣ ਕੀਤਾ ਕਿ ''ਇਕ ਖਾਲੀ ਹੱਥ ਵਿਅਕਤੀ ਜਿਸ ਨੇ ਕੋਈ ਵੀ ਮਾੜ੍ਹਾ ਸ਼ਬਦ ਨਹੀਂ ਕਿਹਾ, ਇਕ ਪਿਸਤੋਲ ਲਹਿਰਾਉਂਦਿਆਂ ਹੋਇਆ ਕਿਹਾ, ਰੁਕੋ, ਨਹੀਂ ਤਾਂ ਗੋਲੀ ਮਾਰ ਦਿਆਂਗਾ। ਇਹਨਾਂ ਇਕ-ਦੁੱਕਾ ਘਟਨਾਵਾਂ ਤੋਂ ਇਲਾਵਾ ਜੋ ਕਿ ਆਧੁਨਿਕ ਮਨੋਵਿਗਿਆਨ ਰਾਹੀ ਬਿਆਨ ਕੀਤੀਆਂ ਜਾ ਸਕਦੀਆਂ ਹਨ ਔਸਤਨ ਨਤੀਜਾ ਇਹ ਹੈ ਕਿ 150 ਕੇਸਾਂ ਵਿਚੋਂ ਕੇਵਲ 41 ਕੇਸਾਂ ਦੀ ਹੀ ਠੀਕ ਵਿਆਖਿਆ ਹੁੰਦੀ ਹੈ। ਇਹਨਾਂ ਸਾਰੇ ਤਜ਼ਰਬਿਆਂ ਦਾ ਚਿੰਤਾਜਨਕ ਪਹਿਲੂ ਹੈ ਕਿ ਪਹਿਲਾਂ ਬਣੀਆਂ ਬਣਾਈਆਂ ਧਾਰਨਾਵਾਂ ਇਹਨਾਂ ਵਿਚੋਂ ਗਾਇਬ ਹੋ ਜਾਂਦੀਆਂ ਹਨ। ਪੇਸ਼ ਕੀਤੀਆਂ ਘਟਨਾਵਾਂ ਸਾਰੀਆਂ ਦੀਆਂ ਸਾਰੀਆਂ ਕੇਵਲ ਮਕੈਨੀਕਲ ਕਿਸਮ ਦੀਆਂ ਹਨ, ਜਿਹੜੀਆਂ ਕਿ ਪਹਿਲੀਆਂ ਸੰਚਤ ਧਾਰਨਾਵਾਂ ਨੂੰ ਹਲੂਣਾ ਨਹੀਂ ਦਿੰਦੀਆਂ। ਵਿਦਿਆਰਥੀ ਆਪਣੀ ਇਕਾਗਰਤਾ ਸ਼ਕਤੀ ਦਾ ਵਿਖਾਵਾ ਕਰਨ ਲਈ ਜੋ ਕਿ ਠੀਕ ਜਾਂਚ ਲਈ ਜ਼ਰੂਰੀ ਹੁੰਦੀ ਹੈ, ਉਤਸੁਕ ਹੁੰਦੇ ਹਨ। ਫਿਰ ਵੀ ਰਿਪੋਰਟਾਂ ਦੋਸ਼ ਪੂਰਨ ਹੀ ਹੁੰਦੀਆਂ ਹਨ। ਜਦੋਂ ਕਿ ਮਨ ਕਿਸੇ ਖਾਸ ਘਟਨਾ ਵੱਲ ਖਿੱਚਿਆ ਹੁੰਦਾ ਹੈ, ਦੂਸਰੀਆਂ ਵਾਪਰ ਜਾਂਦੀਆਂ ਹਨ ਜੋ ਕਿ ਦ੍ਰਿਸ਼ 'ਤੇ ਹਾਜ਼ਰ ਲੋਕਾਂ



ਦੇ ਸੁਚੇਤ ਮਨ ਵਿਚ ਦਾਖਲ ਹੋਣ ਜਾਂ ਨਾ ਹੋਣ। ਇਹ ਜਿਆਦਾਤਰ ਵੇਖਣ ਵਾਲਿਆਂ ਦੀ ਦਿਮਾਗੀ ਬਣਤਰ ਤੇ ਹਾਲਾਤਾਂ ਉਪਰ ਨਿਰਭਰ ਕਰਦਾ ਹੈ।

ਮੈਨੂੰ ਹੈਰਾਨੀ ਹੋਵੇਗੀ ਕਿ ਜੇਕਰ ਸ਼ਾਂਤੀ ਦੇਵੀ ਦੀ ਕਹਾਣੀ ਦੇ ਵਕੀਲ ਇਹਨਾਂ ਤਜ਼ਰਬਿਆਂ ਤੋਂ ਚਸ਼ਮਦੀਦ-ਗਵਾਹਾ ਦੀ ਭਰੋਸੇਯੋਗਤਾ ਬਾਰੇ ਕੁਝ ਸਿੱਖ ਸਕਣ। ਇਸ ਲਈ ਮੈਨੂੰ ਗੱਲ ਸਿੱਧੇ ਰੂਪ ਵਿਚ ਕਹਿ ਦੇਣੀ ਚਾਹੀਦੀ ਹੈ। ਕਹਾਣੀ ਦੀ ਜਾਂਚ ਭਰੋਸੇਯੋਗ ਨਹੀਂ ਸੀ, ਇਸ ਦੀ ਕੋਈ ਵਿਗਿਆਨਕ ਮਾਨਤਾ ਨਹੀਂ ਹੈ, ਮਥੁਰਾ ਵਾਲੀ ਮੁਹਿੰਮ ਦੀ ਰਿਪੋਰਟ ਕੁਝ ਵੀ ਸਾਬਤ ਨਹੀਂ ਕਰਦੀ। ਪੜਚੋਲ ਕਮੇਟੀ ਦੀ ਰਿਪੋਰਟ ਨੂੰ ਇਕ ਬਹੁਤ ਵੱਡੇ ਛੱਕ ਨਾਲ ਲਿਆ ਜਾਣਾ ਚਾਹੀਦਾ ਹੈ। ਇਹ ਸਬੰਧਤ ਸਾਊ ਲੋਕਾਂ ਦੀ ਸਚਾਈ ਜਾਂ ਨੀਅਤ ਉਪਰ ਕੋਈ ਇਲਜ਼ਾਮ ਲਾਉਣ ਲਈ ਨਹੀਂ ਹੈ। ਦੱਸੇ ਹੋਏ ਨੁਕਤੇ ਅਨੁਸਾਰ ਸ਼ੱਕ ਨੂੰ ਜਾਇਜ਼ ਠਹਿਰਾਇਆ ਜਾਂਦਾ ਹੈ ਕਿ ਪੂਰੀ ਤਰ੍ਹਾਂ ਇਮਾਨਦਾਰ ਅਤੇ ਬੁੱਧੀਮਾਨ ਚਸ਼ਮਦੀਦ-ਗਵਾਹਾ ਦੀਆਂ ਰਿਪੋਰਟਾਂ ਵੀ ਕਦੇ ਕਦੇ ਹੀ ਵਿਸ਼ਵਾਸ਼ਯੋਗ ਹੁੰਦੀਆਂ ਹਨ। ਸਾਰੀ ਸਚਾਈ ਕਹਿਣ ਦੀ ਬਜਾਏ, ਸੱਚ ਤੋਂ ਬਿਨਾਂ ਹੋਰ ਕੁਝ ਨਹੀਂ ਉਹ ਕਦੇ ਵੀ ਅੰਸ਼ਿਕ ਤੌਰ ਤੇ ਸੱਚੇ ਹੁੰਦੇ ਹਨ ਅਤੇ ਅਕਸਰ ਪੂਰੀ ਤਰ੍ਹਾਂ ਗਲਤ। ਇਸ ਲਈ ਅਜਿਹੀ ਕਿਸੇ ਵੀ ਗਵਾਹੀ ਤੋਂ ਕੱਢੇ ਸਿੱਟਿਆ ਨੂੰ ਵਿਗਿਆਨਕ ਤੌਰ ਤੇ ਉਚਿੱਤ ਨਹੀਂ ਮੰਨਿਆ ਜਾ ਸਕਦਾ।

ਇਸ ਖਾਸ ਕੇਸ ਦੇ ਮੁੱਖ ਨੁਕਤੇ ਕੀ ਹਨ? (1) ਕਿਹਾ ਜਾਂਦਾ ਹੈ ਕਿ ਲੜਕੀਆਂ ਨੇ ਕਈਆਂ ਲੋਕਾਂ ਦੀ ਭੀੜ ਵਿਚੋਂ ਆਪਣੇ ਪਿਛਲੇ ਜਨਮ ਦੇ ਪਤੀ ਅਤੇ ਸਹੁਰੇ ਦੀ ਪਹਿਚਾਣ ਕਰ ਲਈ ਆਦਿ ਆਦਿ। (2) ਇਹ ਵੀ ਕਿਹਾ ਜਾਂਦਾ ਹੈ ਕਿ ਉਸ ਨੇ ਪੁੱਛ ਗਿੱਛ ਕਰਨ ਵਾਲਿਆਂ ਨੂੰ ਜਿਸ ਘਰ ਵਿਚ ਉਹ ਆਪਣੇ ਪੂਰਵਲੇ ਜਨਮ ਵਿਚ ਰਹਿੰਦੀ ਸੀ ਵਿਖਾਇਆ। (3) ਇਹ ਵੀ ਕਿਹਾ ਗਿਆ ਹੈ ਕਿ ਉਸ ਨੂੰ ਆਪਣੇ ਪੁਰਾਣੇ ਘਰ ਬਾਰੇ ਪੂਰੀ ਜਾਣਕਾਰੀ ਸੀ, ਹੋਰ ਵੀ ਵੇਰਵਾ ਹੈ, ਪਰ ਇਹ ਖਾਸ ਨੁਕਤੇ ਹਨ।

ਹੁਣ ਜਰਾਂ ਉਨ੍ਹਾਂ ਹਾਲਾਤਾਂ ਬਾਰੇ ਸੋਚੋ ਜਿਨ੍ਹਾਂ ਅਧੀਨ ਇਹ ਹਕੀਕਤਾ ਸਾਹਮਣੇ ਆਈਆਂ ਸਨ। ਮਥੁਰਾ ਵਿਚ ਪਹਿਲਾਂ ਹੀ ਪਤਾ ਸੀ ਕਿ ਇਕ ਕਮੇਟੀ ਆ ਰਹੀ ਹੈ। ਜਿਨ੍ਹਾਂ ਨੂੰ ਉਸ ਨੇ ਆਪਣੇ ਪੂਰਵਲੇ ਰਿਸ਼ਤੇਦਾਰਾਂ ਵਜੋਂ ਚੁਣਿਆ ਉਹਨਾਂ ਨੂੰ ਪਹਿਲਾਂ ਹੀ ਇਸ ਸਾਰੀ ਕਹਾਣੀ ਦੀ ਜਾਣਕਾਰੀ ਸੀ ਜਿਸ ਵਿਚ ਕਿ ਏਨੇ ਉਚੇਚੇ ਮਾਣ ਨਾਲ ਸਾਮਿਲ ਹੋਏ ਸਨ। ਹਾਂ! ਸਨਮਾਨ ਨਾਲ, ਇਹੋ ਖਾਸ ਵਜਹ ਹੈ ਜੋ ਕਿਸੇ ਠੋਸ ਜਾਂ ਬੇਲਾਗ ਪਹੁੰਚ ਦਾ ਤਵਾਜ਼ਨ ਖਰਾਬ ਕਰ ਦਿੰਦੀ ਹੈ।

ਕਮੇਟੀ ਦਾ ਪਲੇਟਫਾਰਮ ਉੱਤੇ ਸਵਾਗਤ ਕਰਨ ਵਾਲੀ ਭੀੜ ਕੋਈ ਕ੍ਰਿਸ਼ਮਾ ਹੁੰਦਾ ਵੇਖਣ ਲਈ ਉੱਤਸਕ ਸੀ। ਇਸ ਲਈ ਇਹ ਬੜੀ ਹੀ ਭਾਵੁਕ ਅਵਸਥਾ ਵਿਚ ਸੀ ਜੋ ਕਿਸੇ ਚੇਤਾਵਨੀ ਨੂੰ ਸਹਿਣ ਨਹੀਂ ਸਕਦੀ ਤੇ ਨੁਕਤਾਚੀਨੀ ਨੂੰ ਬਿੱਲਕੁਲ ਅਣਦੇਖਿਆ ਕਰ ਦਿੰਦੀ ਹੈ। ਥੋੜੇ ਸ਼ਬਦਾਂ ਵਿਚ ਮਨ ਵਿਚ ਪਹਿਲਾਂ ਹੀ ਵੱਸੇ ਹੋਏ ਵਿਚਾਰ ਉਸ ਮਾਨਸਿਕ ਵਾਤਾਵਰਣ ਉੱਤੇ ਹਾਵੀ ਸਨ ਜਿਸ ਵਿਚ ਕਿ ਇਸ ਸਾਰੀ ਕਹਾਣੀ ਦੀ ਜਾਂਚ ਕੀਤੀ ਗਈ ਸੀ। ਇਹ ਯਕੀਨ ਕਰਨਾ ਕਿਵੇਂ ਸੰਭਵ ਹੈ ਕਿ ਲੜਕੀ ਦੇ ਭਾਵੀ ਰਿਸ਼ਤੇਦਾਰਾਂ ਨੇ ਉਸ ਨੂੰ ਪਹਿਲੋਂ ਹੀ ਨਾਂ ਪੁਕਾਰ ਲਿਆ ਹੋਵੇ? ਇਸ ਸਥਿਤੀ ਵਿਚ ਅਜਿਹੀ ਸੰਭਾਵਨਾ ਨੂੰ ਖ਼ਾਰਜ਼ ਨਹੀਂ ਕੀਤਾ ਜਾ ਸਕਦਾ। ਮੰਨ ਲਵੋ ਕਿ ਉਹਨਾਂ ਦੇ ਅਜਿਹਾ ਨਾ ਕਰਨ ਲਈ ਇਹਤਆਤ ਵਰਤਿਆਂ ਗਿਆ ਸੀ ਭਾਵੇਂ ਕਿ ਰਿਪੋਰਟਾਂ ਤੋਂ ਅਜਿਹਾ ਪ੍ਰਤੀਤ ਨਹੀਂ ਹੁੰਦਾ। ਫਿਰ ਵੀ ਸਾਰੀ ਭੀੜ ਦੀਆਂ ਭਾਵਨਾਵਾਂ ਤੇ ਕਾਬੂ ਰੱਖਿਆ ਜਾਣਾ ਸੰਭਵ ਸੀ! ਇਹ ਹੂ-ਬ-ਹੂ ਤੌਰ ਤੇ ਮੰਨਿਆਂ ਜਾ ਸਕਦਾ ਹੈ ਕਿ ਉਹਨਾਂ ਦੇ ਸਾਹਮਣੇ ਆਉਂਦਿਆਂ ਹੀ ਅਜਿਹੇ ਹੈਰਾਨੀ ਭਰੇ ਪ੍ਰਗਟਾਏ ਹੋਏ ਹੋਣ, ''ਔਹ ਆਉਂਦਾ ਹੈ ਉਸ ਦਾ ਪਤੀ, ਸਹੁਰਾ ਜਾਂ ਪੁੱਤਰ।'' ਅਜਿਹੀਆਂ ਹੈਰਾਨੀ ਭਰੀਆਂ ਕਥਨੀਆਂ ਬਿਲਕੁੱਲ ਆਪ-ਮੁਹਾਰੇ ਹੋ ਜਾਂਦੀਆਂ ਹਨ। ਕੋਈ ਵੀ ਲੜਕੀ ਨੂੰ ਸੁਝਾਉਣ ਖਾਤਰ ਅਜਿਹਾ ਨਹੀਂ ਕਰਦਾ। ਭੀੜ ਨੂੰ ਤਾਂ ਇਸ ਬਾਰੇ ਰੱਤੀ ਮਾਤਰ ਵੀ ਸੱਕ ਨਹੀਂ ਸੀ। ਲੜਕੀ ਆਪਣੇ ਰਿਸ਼ਤੇਦਾਰਾਂ ਨੂੰ ਪਹਿਚਾਣੇਗੀ ਨਹੀਂ ਅਜਿਹਾ ਤਾਂ ਕਿਸੇ ਨੂੰ ਖਿਆਲ ਹੀ ਨਹੀਂ ਹੋਵੇਗਾ। ਸੋ ਕਿਸੇ ਨੂੰ ਉਸ ਦੀ ਮਦਦ ਕਰਨ ਦੀ ਕੀ ਲੋੜ ਸੀ? ਕਮੇਟੀ ਦੇ ਮੈਂਬਰ ਮੰਨ ਲਓ ਕਿ ਪੂਰੀ ਤਰ੍ਹਾਂ ਸ਼ੱਕੀ ਹੋਣ ਤੇ ਲੜਕੀ ਨੂੰ ਕੁਦਰਤੀ ਤੋਰ ਤੇ ਬਾਰੀਕੀ ਨਾਲ ਵੇਖ ਰਹੇ ਹੋਣਗੇ ਅਤੇ ਨਤੀਜਨ ਭੀੜ ਦਾ ਵਰਤਾਓ ਧਿਆਨ ਵਿਚ ਰੱਖਣ ਤੋਂ ਨਾਕਾਮ ਰਹੇ ਹੋਣਗੇ। ਵਿਸ਼ਵਾਸ਼ੀ ਲੋਕਾਂ ਵਾਸਤੇ ਇਹ ਬਿਲਕੁਲ ਸੁਭਾਵਿਕ ਹੈ ਜਿਨ੍ਹਾਂ ਨੂੰ ਇਸ ਕਹਾਣੀ ਬਾਰੇ ਪਹਿਲਾਂ ਹੀ ਪਤਾ ਸੀ ਕਿ ਇਸ ਲੜਕੀ ਦੇ ਪੂਰਵਲੇ-ਜਨਮ ਦੇ ਰਿਸ਼ਤੇਦਾਰ ਕੋਣ ਰਹੇ ਹੋਣਗੇ, ਉਹ ਕਿਸ ਘਰ ਵਿਚ ਰਹਿੰਦੀ ਹੋਵੇਗੀ। ਇਤ ਆਦਿ। ਸੁਭਾਵਿਕ ਹੈ ਕਿ ਅਜਿਹੀ ਭਾਗਾਂ ਵਾਲੀ ਦੇ ਰਿਸ਼ਤੇਦਾਰ ਕੁਝ ਗਿਣੇ ਚੁਣੇ ਕੁਲੀਨ ਲੋਕ ਹੀ ਹੋਣਗੇ। ਅਜਿਹਾ ਸੁਭਾਗ ਪ੍ਰਾਪਤ ਕਰਨ ਦੀ ਬਹੁਤਿਆਂ ਦੀ ਤਾਮੰਨਾ ਹੋਵੇਗੀ ਤੇ ਹੋ ਸਕਦਾ ਹੈ ਕਿ ਬਹਾਨੇਬਾਜ਼ਾ ਨੇ ਅਜਿਹਾ ਹੱਕ ਵੀ ਜਿਤਾਇਆ ਹੋਵੇ। ਨਤੀਜੇ ਦੇ ਤੌਰ ਤੇ ਉਸ ਦੇ ਪਹਿਚਾਣ ਲੈਣ ਨੂੰ ਭਰੋਸੇਯੋਗ ਗਵਾਹੀ ਨਹੀਂ ਮੰਨਿਆ ਜਾ ਸਕਦਾ। ਜਿੰਨ੍ਹਾ ਚਿਰ ਕਿ ਲੋੜੀਦੇ ਬਚਾਓ ਨਾ ਕੀਤੇ ਹੁੰਦੇ। ਇਸ ਵਿਚ ਭਰੋਸੇ ਦੀ ਕਮੀ ਹੈ।

ਅਸਲੀਅਤ ਇਹ ਕਿ ਬਚਾਉ ਨਾ ਕੀਤੇ ਹੁੰਦੇ। ਇਸ ਵਿਚ ਭਰੋਸੇ ਦੀ ਕਮੀ ਹੈ। ਅਸਲੀਅਤ ਇਹ ਹੈ ਕਿ ਵਿਗਿਆਨਕ ਪੜਚੌਲ ਕਈ ਲੋੜੀਦੀਆਂ ਸ਼ਰਤਾਂ ਦੀ ਅਣਹੋਂਦ ਸੀ। ਜਾਂਚ ਦੀ ਬੇ ਭਰੋਸਗੀ ਉਹਨਾਂ ਹਾਲਾਤਾਂ ਵਿਚੋਂ ਝਲਕਦੀ ਹੈ ਜਿਨ੍ਹਾਂ ਵਿਚ ਕਿ ਇਹ ਕੀਤੀ ਗਈ ਸੀ ਤੇ ਉਸ ਵਿਧੀ ਤੋਂ ਵੀ ਜੋ ਅਪਣਾਈ ਗਈ ਸੀ। ਜਾਂਚ ਬੁਰੀ ਤਰ੍ਹਾਂ ਇਕ ਪਾਸੜ ਸੀ ਇਹ ਇਸ ਤੱਥ ਤੋਂ ਪਤਾ ਲੱਗਦਾ ਹੈ ਕਿ ਕਮੇਟੀ ਦੇ ਮਥੁਰਾ ਪਹੁੰਚਣ ਤੋਂ ਪਹਿਲਾ ਹੀ ਆਮ ਲੋਕਾਂ ਨੂੰ ਇਸ ਬਾਰੇ ਜਾਣਕਾਰੀ ਸੀ। ਪਹਿਲਾਂ ਹੀ ਜਾਣਕਾਰੀ ਹੋਣ ਕਰਕੇ ਹੋਣ ਵਾਲੇ ਰਿਸ਼ਤੇਦਾਰਾਂ ਵਿਚ ਇਹ ਸੁਭਾਵਿਕ ਹੀ ਸੀ ਕਿ ਆਪਣੇ ਆਪ ਨੂੰ ਸਟੇਸ਼ਨ ’ਤੇ ਸਾਨ-ਨਾਲ ਤੇ ਉਚੇਚੇ ਤੌਰ ਤੇ ਪੇਸ਼ ਕਰਦੇ। ਇਹ ਮੰਤਵ ਲਈ ਬੜੇ ਅੰਧ-ਵਿਸ਼ਵਾਸ਼ ਦੀ ਲੋੜ ਹੈ ਕਿ ਇਹਨਾਂ ਹਾਲਾਤਾਂ ਵਿਚ ਲੜਕੀ ਦੇ ਵਤੀਰੇ ਦੀ ਆਪ-ਮੁਹਾਰੇ ਮਦਦ ਨਾ ਹੋਈ ਹੋਵੇ ਜਾਂ ਉਸ ਦਾ ਵਤੀਰਾ ਪ੍ਰਭਾਵਤ ਨਾ ਹੋਇਆ ਹੋਵੇ। ਭਰੋਸੇਯੋਗ ਇਮਤਿਹਾਨ ਲਈ ਮਥੁਰਾ ਦੇ ਲੋਕਾਂ ਨੂੰ ਇਸ ਬਾਰੇ ਉੱਕਾ ਜਾਣਕਾਰੀ ਨਹੀਂ ਹੋਣੀ ਚਾਹੀਦੀ ਸੀ। ਇਹ ਸ਼ਰਤ ਬਿਲਕੁਲ ਨਹੀਂ ਸੀ। ਕੋਈ ਇਹਤਆਤ ਨਹੀਂ ਵਰਤਿਆ ਗਿਆ। ਇਹ ਹੋ ਹੀ ਨਹੀਂ ਸੀ ਸਕਦਾ। ਜਾਂਚ ਕਮੇਟੀ ਦੇ ਗਠਨ ਤੋਂ ਪਹਿਲਾਂ ਹੀ ਇਹ ਕਹਾਣੀ ਲੋਕਾਂ ਵਿਚ ਪਹੁੰਚ ਚੁੱਕੀ ਸੀ। ਜਾਂਚ ਉਹਨਾਂ ਸ਼ਰਤਾਂ ਅਧੀਨ ਕਰਨ ਵਿਚ ਦੇਰ ਹੋ ਚੁੱਕੀ ਜਿਨ੍ਹਾਂ ਵਿਚ ਕਿ ਇਸ ਦੇ ਨਤੀਜੇ ਦੀ ਵਿਸ਼ਵਾਸਯੋਗਤਾ ਦੀ ਭੋਰਾ ਵੀ ਜਾਮਨੀ ਦਿੱਤੀ ਜਾ ਸਕਦੀ।

ਦੂਸਰੇ ਤੱਥਾਂ ਦੇ ਸੰਬੰਧ ਵਿਚ ਵੀ ਇਹੋ ਹੈ ਕਿ ਉਹ ਹਾਲਾਤਾਂ ਦੇ ਭਾਰ ਹੇਠ ਸਨ ਜੋ ਕਿ ਇਸ ਮੰਤਵ ਦੀ ਪੂਰਤੀ ਲਈ ਢੁਕਵੇਂ ਸਨ। ਭੀੜ ਦਾ ਬੇ-ਰੋਕ ਟੋਕ ਚਲਣਾ-ਫਿਰਨਾਂ, ਜਿਸ ਨੂੰ ਕਿ ਉਸ ਦੇ ਘਰ ਦੀ ਪਹਿਲਾਂ ਹੀ ਜਾਣਕਾਰੀ ਸੀ, ਜ਼ਰੂਰੀ ਤੌਰ ਤੇ ਲੜਕੀ ਲਈ ਕਮੇਟੀ ਨੂੰ ਦੱਸਣ ਵਿਚ ਮਦਦਗਾਰ ਸਾਬਤ ਹੋਇਆ ਹੋਵੇਗਾ। ਫਿਰ ਇਸ ਦੀ ਕੌਣ ਜਿਮੇਵਾਰੀ ਲੈ ਸਕਦਾ ਹੈ ਕਿ ਘਰ ਵਿਚ ਮੌਜੂਦ ਉਤਸੱਕ ਰਿਸ਼ਤੇਦਾਰਾਂ ਨੇ ਉਸ ਨੂੰ ਬੀਤੇ ਦੀਆਂ ਘਟਨਾਂਵਾਂ ਯਾਦ ਕਰਨ, ਸੌਣ ਕਮਰਾ ਤੇ ਨਹਾਉਣ ਵਾਲੀ ਘਾਟ ਆਦਿ ਚੇਤੇ ਕਰਾਉਣ ਵਿਚ ਮਦਦ ਨਾ ਕੀਤੀ ਹੋਵੇ। ਤੁਸੀਂ ਉਥੇ ਆਪਣੇ ਕਪੜੇ ਰੱਖਦੇ ਹੁੰਦੇ ਸੀ, ਹੈ ਕਿ ਨਹੀਂ? ਲੜਕੀ ਨੂੰ ਝੱਟ ਯਾਦ ਆ ਜਾਵੇਗਾ। ਕੋਈ ਵੀ ਜਾਣ-ਬੁੱਝ ਕੇ ਕਹਾਣੀ ਨਹੀਂ ਸੀ ਘੜ ਰਿਹਾ। ਸਾਰੇ ਸੰਬੰਧਤ ਲੋਕ ਆਪਣੇ ਵਿਸ਼ਵਾਸ਼ ਵਿਚ ਈਮਾਨਦਾਰ ਸਨ। ਅਸਲੀ ਨੁਕਤਾ ਹੀ ਇਹ ਹੈ। ਪੂਰਨ-ਵਿਸ਼ਵਾਸ਼ ਦੇ ਮਾਹੌਲ ਵਿਚ ਝੂਠ ਅਸਾਨੀ ਨਾਲ ਹੀ ਸੱਚ ਦਾ ਰੁੱਤਬਾ ਪਾ ਲੈਂਦਾ ਹੈ। ਮੌਕੇ ਤੇ ਹਾਜ਼ਰ ਹਰ ਇਕ ਵਿਅਕਤੀ ਸੱਚ ਦਾ ਪ੍ਰਗਟਾਵਾ ਹੁੰਦਾ ਵੇਖਣ ਗਿਆ ਸੀ, ਜਿਸ ਬਾਰੇ ਕਿਸੇ ਸ਼ੱਕ ਦਾ ਸੁਆਲ ਹੀ ਨਹੀਂ ਸੀ । ਇਹ ਮੰਨਣਾ ਪਵੇਗਾ ਕਿ ਕਮੇਟੀ ਇਸ ਤੋਂ ਬਾਹਰ ਸੀ, ਪਰ ਉਹ ਹਾਲਾਤਾਂ ਦੀ ਸ਼ਿਕਾਰ ਸੀ।

ਲੋੜੀਦੇ ਇਹਤਆਤ ਨਹੀਂ ਕੀਤੇ ਗਏ, ਇਸ ਲਈ ਕਮੇਟੀ ਸੰਭਵ ਤੌਰ ਤੇ ਸਥਿਤੀ ਨੂੰ ਸੰਭਾਲ ਨਾ ਸਕੀ। ਇਸ ਲਈ ਕਮੇਟੀ ਲਈ ਇਹ ਕਹਿਣਾ ਬਹੁਤ ਹੱਦ ਤੱਕ ਉਚਿੱਤ ਹੋਵੇਗਾ ਕਿ ਸਾਰੀ ਜਾਂਚ ਦੌਰਾਨ ਅਜਿਹਾ ਕੁਝ ਨਹੀਂ ਹੋਇਆ ਜੋ ਲੜਕੀ ਦੇ ਵਤੀਰੇ ਨੂੰ ਪ੍ਰਭਾਵਤ ਕਰਦਾ। ਜੇਕਰ ਕਮੇਟੀ ਅਜਿਹਾ ਕੁਝ ਕਹਿੰਦੀ ਤਾਂ ਇਸ ਦਾ ਮਤਲਵ ਇਹ ਹੁੰਦਾ ਕਿ ਉਹ ਆਪਣੇ ਹੀ ਮੰਤਵ ਦੇ ਖਿਲਾਫ਼ ਗਵਾਹੀ ਦੇ ਰਹੀ ਹੈ। ਤਾਂ ਫਿਰ ਜਿੰਨਾ ਕੁ ਮੈਨੂੰ ਪਤਾ ਹੈ ਕਮੇਟੀ ਦੇ ਇਕ ਵੀ ਮੈਂਬਰ ਨੂੰ ਇਕ ਸ਼ੱਕ ਨਹੀਂ ਕਿ ਆਤਮਾ ਦਾ ਸਿਧਾਂਤ ਸਹੀ ਹੈ ਤੇ ਮੌਤੋਂ ਬਾਅਦ ਵੀ ਜੀਵਨ ਹੈ। ਸਿਰਫ ਇਹੋ ਤੱਥ ਸਾਊ ਮਨੁੱਖਾਂ ਨੂੰ ਕਮੇਟੀ ਦੀ ਮੈਂਬਰੀ ਤੋਂ ਅਯੋਗ ਕਰਾਰ ਦੇਣ ਲਈ ਕਾਫੀ ਹੈ।

ਤੁਸੀਂ ਆਪਣੇ ਹੀ ਵਿਸ਼ਵਾਸ਼ ਨੂੰ ਕਿਸੇ ਪਰਖ ਵਿਚ ਨਹੀਂ ਪਾ ਸਕਦੇ। ਇਹ ਮਨੋਵਿਗਿਆਨਕ ਤੌਰ ’ਤੇ ਅਸੰਭਵ ਹੈ। ਪਰਖ ਦੀ ਇੱਛਾ ਦਾ ਹੀ ਮਤਲਵ ਹੈ ਕਿ ਵਿਸ਼ਵਾਸ਼ ਨਹੀਂ ਰਿਹਾ। ਜਿੰਨਾ ਚਿਰ ਤੁਸੀਂ ਕਿਸੇ ਚੀਜ਼ ਨੂੰ ਠੀਕ ਸਮਝਦੇ ਹੋ ਤੁਸੀਂ ਇਸ ਨੂੰ ਪਰਖਣ ਦੀ ਲੋੜ ਹੀ ਨਹੀਂ ਸਮਝਦੇ। ਜੇ ਤੁਸੀਂ ਅਜਿਹਾ ਕਰਦੇ ਹੋ ਤਾਂ ਇਹ ਉਨ੍ਹਾਂ ਨੂੰ ਮਨਵਾਉਣ ਲਈ ਹੁੰਦਾ ਹੈ ਜੋ ਤੁਹਾਡੇ ਨਾਲ ਸਹਿਮਤ ਨਹੀਂ ਹਨ। ਇਸ ਲਈ ਕਾਫੀ ਕਾਰਨ ਮੌਜੂਦ ਹਨ ਕਿ ਪੜਤਾਲ ਕਮੇਟੀ ਦਾ ਮੰਤਵ ਵੀ ਇਹੋ ਸੀ। ਅਸਲ ਵਿਚ ਇਹ ਪੜਤਾਲ ਨਹੀਂ ਤਸਦੀਕ ਸੀ। ਪੜਤਾਲ ਵਿਚ ਸ਼ੱਕ ਪਹਿਲਾਂ ਹੀ ਨਹਿਤ ਹੁੰਦਾ ਹੈ। ਪੁਨਰ-ਜਨਮ ਦੀ ਇਹ ਇਕ ਠੋਸ ਉਦਾਹਰਣ ਸੀ। ਮਾਮਲਾ ਇਸ ਨੂੰ ਤਸਦੀਕ ਕਰਨ ਦਾ ਸੀ ਤਾਂ ਕਿ ਇਸ ਸਿਧਾਂਤ ਦੀ ਹਮਾਇਤ ਵਿਚ ਸ਼ਾਖਸ਼ਾਤ ਕਿਸਮ ਦੀ ਗਵਾਹੀ ਦਿੱਤੀ ਜਾ ਸਕੇ। ਸਪੱਸ਼ਟ ਤੌਰ ਤੇ ਕਮੇਟੀ ਇਕ-ਪਾਸੜ ਸੀ। ਇਸ ਦਾ ਮੰਤਵ ਤੱਥਾਂ ਨੂੰ ਲੱਭਣਾ ਨਹੀਂ ਸੀ। ਏਨਾ ਨਿਸਚਤ ਕਰਨਾ ਸੀ ਕਿ ਕਹਾਣੀ ਵਿਚ ਜੋ ਤੱਥ ਹਨ, ਕੀ ਉਹ ਤੱਥ ਹੀ ਹਨ? ਇਸ ਦਾ ਮੰਤਵ ਹੀ ਇਹ ਸਾਬਤ ਕਰਨਾ ਸੀ ਕਿ ਕਹਾਣੀ ਸੱਚੀ ਹੈ।

ਇਹਨਾਂ ਮਨੋਵਿਗਿਆਨਕ ਤੇ ਵਿਧੀ ਵੱਤ ਵਿਚਾਰਾਂ ਤੋਂ ਇਲਾਵਾ ਸ਼ੱਕ ਕਰਨ ਦੇ ਕਈ ਹੋਰ ਅਧਾਰ ਵੀ ਹਨ ਕਿ ਜਾਂਚ ਸਖਤੀ ਨਾਲ ਨਹੀਂ ਸੀ ਕੀਤੀ ਗਈ! ਅਲੱਗ ਅਲੱਗ ਰਿਪੋਰਟਾਂ ਦੇ ਵੇਰਵੇ ਵਿਚ ਕਈ ਖ਼ਾਮੀਆਂ ਹਨ। ਕਮੇਟੀ ਦੀ ਰਿਪੋਰਟ ਇਹਨਾਂ ਵੇਰਵਿਆਂ ਨੂੰ ਛੱਡ ਦਿੰਦੀ ਹੈ। ਪਰ ਅਖ਼ਬਾਰਾਂ ਵਾਲੇ ਇਹ ਵੇਰਵੇ ਦਿੰਦੇ ਹਨ ਤੇ ਇਸ ਤਰ੍ਹਾਂ ਕਰਦਿਆਂ ਇਹ ਪਾਜ ਉਘੇੜ ਦਿੰਦੇ ਹਨ ਕਿ ਸਾਰਾ ਮਾਮਲਾ ਇਕ ਕ੍ਰਿਸ਼ਮੇ ਨੂੰ



ਮਨਾਉਣ ਦਾ ਇਕ ਜ਼ਸ਼ਨ ਹੈ ਨਾਂ ਇਕ ਮਾਸੂਮ-ਅਨਪੜ੍ਹ ਲੜਕੀ ਵਲੋਂ ਕਹੇ ਹੋਏ ਬਚਨਾਂ ਦੀ ਸਚਾਈ ਨੂੰ ਜਾਨਣ ਲਈ ਕੋਈ ਪੁੱਛ-ਪੜਤਾਲ। ਇਸ ਤਰ੍ਹਾਂ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਪੁਨਰ-ਜਨਮ ਵਿਚ ਅੰਧ-ਵਿਸ਼ਵਾਸ਼ ਤੋਂ ਸ਼ਿਵਾਏ ਹੋਰ ਕੁਝ ਵੀ ਸਾਬਤ ਨਹੀਂ ਕਰਦੀ। ਪਰ ਵਿਸ਼ਵਾਸ਼ ਵਿਚ ਪਰਪੱਕਤਾ ਇਸ ਦੀ ਸਚਾਈ ਦੀ ਪਰਖ ਨਹੀਂ ਹੈ। ਜਾਹਿਰਾ ਤੌਰ ਤੇ ਕਹਾਣੀ ਦੀ ਕੋਈ ਪਰਖ ਹੀ ਨਹੀਂ ਕੀਤੀ ਗਈ। ਕਮੇਟੀ ਦੀ ਰਿਪੋਰਟ ਗਵਾਹੀ ਦੇ ਰੂਪ ਵਿਚ ਬੇਕਾਰ ਹੈ। ਇਹ ਇਕ ਵਿਸ਼ਵਾਸ਼ ਦੀ ਘੋਸ਼ਣਾ ਦੇ ਤੌਰ ਤੇ ਸਤਿਕਾਰਤ ਹੋ ਸਕਦੀ ਹੈ, ਪਰ ਵਿਗਿਆਨ ਨੂੰ ਇਕ ਚੁਣੌਤੀ ਦੇ ਰੂਪ ਵਿਚ ਇਹ ਹਾਸੋਹੀਣੀ ਹੈ। ਝੂਠੇ ਪਹਿਲਵਾਨਾਂ ਨੇ ਖੇਡ ਦੇ ਮੁਢਲੇ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਕਿਉਂਕਿ ਉਹ ਵਿਗਿਆਨਕ ਪੜਚੋਲ ਦੇ ਨਿਯਮਾਂ ਤੋਂ ਰੱਬੀ ਤੌਰ ਤੇ ਕੋਰੇ ਸਨ। ਇਹ ਦਿਲਚਸਪ ਹੈ ਕਿ ਹੁਣ ਵੀ ਕਈ ਚਲਾਕ ਲੋਕ ਇਸ ਸਵਾਲ ਦੀ ਵਿਗਿਆਨਕ ਪੜਚੋਲ ਦੀ ਗੱਲ ਕਰਦੇ ਹਨ। ਇਹਨਾਂ ਵਿਗਿਆਨਕ ਵਿਸ਼ਵਾਸ਼ੀਆਂ ਦੇ ਇਹ ਪੱਲੇ ਨਹੀਂ ਪੈਂਦਾ ਹੈ ਕਿ ਇਸ ਪ੍ਰਸਾਤਵਤ ਪੜਚੋਲ ਲਈ ਸਮੱਗਰੀ ਜੋ ਕਮੇਟੀ ਦੀ ਰਿਪੋਰਟ ਹੈ ਵਿਗਿਆਨਕ ਤੌਰ ਤੇ ਬੇਕਾਰ ਹੈ। ਨਾ ਹੀ ਇਸ ਸਮੱਗਰੀ ਦੀ ਪੜਚੋਲ ਸੰਭਵ ਹੈ। ਵਿਗਿਆਨਕ ਪੜਚੋਲ ਲਈ ਢੁੱਕਵੀਆਂ ਸਥਿਤੀਆਂ ਪੈਦਾ ਕਰਨ ਵਿਚ ਹੁਣ ਦੇਰ ਹੋ ਚੁੱਕੀ ਹੈ। ਪੁਨਰ-ਜਨਮ ਦੇ ਸੁਆਲ ਤੇ ਕੋਈ ਵੀ ਜਾਂਚ ਕਿਸੇ ਨਵੀਂ ਕਹਾਣੀ ਤੋਂ ਸ਼ੁਰੂ ਹੋਣੀ ਚਾਹੀਦੀ ਹੈ। ਪਹਿਲੀ ਸ਼ਰਤ ਇਹ ਹੋਣੀ ਚਾਹੀਦੀ ਹੈ ਕਿ ਕਹਾਣੀ ਸ਼ਖਤ-ਨਿਯਮਤ ਪਰਖ ਵਿਚੋਂ ਪਾਉਣ ਤੋਂ ਪਹਿਲਾਂ ਫੈਲ ਨਾ ਜਾਵੇ।

ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਇਸ ਖਾਸ ਕਹਾਣੀ ਨੇ ਲੋਕਾਂ ਵਿਚ ਬੜਾ ਜੋਸ਼ ਪੈਦਾ ਕੀਤਾ ਹੋਇਆ ਹੈ। ਇਹ ਕਿਸੇ ਤਰ੍ਹਾਂ ਵੀ ਇਕੱਲੀ ਘਟਨਾ ਨਹੀਂ ਹੈ। ਪਿਛਲੇ ਜਨਮ ਨੂੰ ਯਾਦ ਕਰਨ ਦੀਆਂ ਕਹਾਣੀਆਂ ਇਸ ਦੇਸ਼ ਵਿਚ ਆਮ ਦੱਸੀਆਂ ਜਾਂਦੀਆਂ ਹਨ। ਉਹ ਆਧੁਨਿਕ ਪੜੇ ਲਿਖੇ ਲੋਕਾਂ ਵਿਚ ਵੀ ਆਮ ਫਲ ਦੀਆਂ ਰਹਿੰਦੀਆਂ ਹਨ। ਪਰੰਤੂ ਇਸ ਤੋਂ ਪਹਿਲਾਂ ਕਦੇ ਵੀ ਕੋਈ ਜਾਂਚ ਸੰਗਠਿਤ ਰੂਪ ਵਿਚ ਨਹੀਂ ਸੀ ਹੋਈ। ਇਹ ਖਾਸ ਕਹਾਣੀ ਦੂਸਰੀਆਂ ਕਹਾਣੀਆਂ ਤੋਂ ਕਿਸੇ ਤਰ੍ਹਾਂ ਵੀ ਵੱਖ ਨਹੀਂ ਲੱਗਦੀ। ਇਹ ਕਿਸੇ ਤਰ੍ਹਾਂ ਵੀ ਪੁਨਰ ਜਨਮ ਦੇ ਵਿਸ਼ਵਾਸ਼ ਦੀ ਪ੍ਰੜੋਤਾ ਲਈ ਵਧੇਰੇ ਸਪਸ਼ਟ ਜਾਂ ਸਿੱਟਾ ਕੱਢਣ ਯੋਗ ਗਵਾਹੀ ਪੇਸ਼ ਨਹੀਂ ਕਰਦੀ। ਅੱਜ ਕੱਲ ਵੀ ਤੁਸੀਂ ਅਖ਼ਬਾਰਾਂ ਵਿਚ ਇਸ ਬਾਰੇ ਪੜ੍ਹਦੇ ਹੋ। ਜਾਂਚ ਪੜਤਾਲ ਦੇ ਘੇਰਾ ਕਿਉਂ ਨਹੀਂ ਵਧਾਇਆ ਗਿਆ? ਆਪਣੇ ਮਾਮਲੇ ਦਾ ਡਾਟਾ ਉਸ ਸਮੱਗਰੀ ਉਪਰ ਅਧਾਰਤ ਕਿਉਂ ਕੀਤਾ ਗਿਆ ਜੋ ਆਲੋਚਨਾ ਦਾ ਸਾਹਮਣਾ ਨਹੀਂ ਕਰ ਸਕਦੀ, ਅਤੇ ਉਸੇ ਕਹਾਣੀ ਨਾਲ ਚੰਬੜੇ ਰਹਿਣਾ ਜਿਹੜੀ ਜਿਆਦਾ ਦੇਰ ਕਿਸੇ ਨਵੀਂ ਪੁੱਛ-ਪੜਤਾਲ ਵਿਚ ਨਹੀਂ ਪਾਈ ਜਾ ਸਕਦੀ। ਪੁਨਰ-ਜਨਮ ਸਿਧਾਂਤ ਦੇ ਵਿਗਿਆਨਕ ਰਖਵਾਲੇ ਅਗਾਂਹ ਤੱਕ ਜਾਣ ਤੋਂ ਡਰਦੇ ਹਨ।

ਜਿਸ ਨੂੰ ਵੀ ਥੋੜਾ ਬਹੁਤ ਵਿਗਿਆਨ ਦਾ ਚਾਨਣ ਹੈ, ਇਹ ਜਾਣਦਾ ਹੈ ਕਿ ਅਜਿਹੀਆਂ ਕਹਾਣੀਆਂ ਵਹਿਮਾਂ ਦੇ ਖੜੇ ਪਾਣੀ ਵਿਚ ਪਲਦੀਆਂ ਹਨ। ਅਤੇ ਜੇਕਰ ਉਸ ਨੂੰ ਲੋਕਾਂ ਦੇ ਵਿਸ਼ਵਾਸ਼ ਦਾ ਮਹੌਲ ਮਿਲ ਜਾਵੇ ਜਿਸ ਵਿਚ ਕਿ ਉਹ ਪ੍ਰਫੁੱਲਤ ਹੁੰਦੀਆਂ ਹਨ ਤਾਂ ਵੀ ਉਹ ਕਿਸੇ ਵਿਗਿਆਨਕ ਪੜਚੋਲ ਦਾ ਅਧਾਰ ਨਹੀਂ ਬਣਦੀਆਂ। ਵਹਿਮ ਦੀ ਹਰ ਉਦਾਹਰਣ ਨੂੰ ਵਿਗਿਆਨ ਦੀ ਥਿਊਰੀ ਨੂੰ ਹਿਲਾ ਦੇਣ ਵਾਲਾ ਨਹੀਂ ਮੰਨ ਲੈਣਾ ਚਾਹੀਦਾ ਜੋ ਕਿ ਯੋਜਨਾਬੱਧ ਪੜਚੋਲ ਅਤੇ ਸਖਤ ਪ੍ਰੀਖਿਆ ਦੇ ਮਜ਼ਬੂਤ ਅਧਾਰ ’ਤੇ ਖੜੀ ਹੈ। ਵਿਗਿਆਨਕ ਪੜਚੋਲ ਕਿਸੇ ਨੁਮਾਇਸ਼ੀ ਮਾਨਤਾ ਤੋਂ ਸ਼ੁਰੂ ਹੋਣੀ ਚਾਹੀਦੀ ਹੈ। ਅਤੇ ਪੜਚੋਲ ਵਿਗਿਆਨਕ ਵਿਧੀ ਅਨੁਸਾਰ ਹੀ ਹੋਣੀ ਚਾਹੀਦੀ ਹੈ। ਮਾਨਤਾ ਅਜਿਹੀ ਹੋਵੇ ਜਿਸ ਨੂੰ ਵਿਗਿਆਨਕ ਤੌਰ ਤੇ ਪ੍ਰਗਟ ਕੀਤਾ ਜਾ ਸਕੇ ਪ੍ਰਚਲਤ ਕਹਾਣੀਆਂ ਹੱਥਲੀ ਕਹਾਣੀ ਸਮੇਤ ਸਾਰੀਆਂ ਦੀ ਪਹਿਲੀ ਨਜ਼ਰੇ ਇਹੋ ਮਾਨਤਾ ਹੈ ਕਿ ਯਾਦਾਸ਼ਤ ਸ਼ਰੀਰ ਦੀ ਮੌਤ ਤੋਂ ਬਾਅਦ ਵੀ ਜਿੰਦਾ ਰਹਿੰਦੀ ਹੈ। ਪਰ ਇਹ ਮਾਨਤਾ ਵਿਗਿਆਨਕ ਤੋਰ ’ਤੇ ਦਿਖਾਉਣ ਯੋਗ ਨਹੀਂ ਹੈ, ਕਿਉਂਕਿ ਇਸ ਨੂੰ ਨਿਸਚਤ ਗਿਆਨ ਰਾਹੀ ਸ਼ਾਮਿਲ ਨਹੀਂ ਕੀਤਾ ਗਿਆ ਕਿਉਂਕਿ ਅਜਿਹੀ ਕੋਈ ਵੀ ਸਰੀਰਕ ਪ੍ਰਬੰਧ ਨਹੀਂ ਹੈ ਜੋ ਯਾਦਾਸ਼ਤ ਨੂੰ ਸੰਭਾਲ ਰੱਖੇ, ਉਹ ਵੀ ਮੌਤ ਜਿਹੀ ਜੀਵ-ਵਿਗਿਆਨਕ ਘਟਨਾ ਤੋਂ ਬਾਅਦ।

ਇਸ ਲਈ ਕੋਈ ਵੀ ਜਾਂਚ ਵਿਗਿਆਨਕ ਨਹੀਂ ਹੋਵੇਗੀ ਜੇਕਰ ਇਹਨਾਂ ਕਹਾਣੀਆਂ ਨੂੰ ਜਿਵੇਂ ਹਨ ਉਵੇਂ ਹੀ ਮੰਨ ਲੈਣ ਤੋਂ ਸ਼ੁਰੂ ਹੋਵੇ। ਇਕ ਕਦਮ-ਪਿੱਛੇ ਜਾਣ ਦੀ ਲੋੜ ਹੈ। ਕਹਾਣੀਆਂ ਪ੍ਰਤੀ ਆਲੋਚਨਾਤਮਕ ਨਜ਼ਰੀਆਂ ਨਿਖੇੜ-ਬਿੰਦੂ ਹੋਣਾ ਚਾਹੀਦਾ ਹੈ।

ਜੇਕਰ ਕੋਈ ਹੁਣ ਤੱਕ ਆਗਿਆਤ ਕਿਸੇ ਪ੍ਰਕਿਰਿਆ ਦੀ ਘੋਸ਼ਣਾ ਕਰੇ ਜਿਵੇਂ ਕਿ ਪਾਣੀ ਅੱਗ ਉੱਤੇ ਜੰਮ ਜਾਂਦਾ ਹੈ, ਜਾਂ ਕੋਈ ਤਿੰਨਾ ਲੱਤਾਂ ਵਾਲਾ ਆਦਮੀ ਹੈ, ਜਾਂ ਕੋਈ ਪੱਥਰ ਪਾਣੀ ਉੱਤੇ ਤੌਰ ਰਿਹਾ ਹੈ, ਜਿਸ ਨੂੰ ਕਿ ਪਰਖਿਆ ਸਾਇੰਸ ਦੀ ਕੋਈ ਇਕ ਜਾਂ ਦੂਸਰੀ ਥਿਊਰੀ ਬੇਕਾਰ ਹੁੰਦੀ ਹੋਵੇ, ਪਹਿਲੀ ਗੱਲ ਖੋਜਕਾਰ ਦੀ ਵਿਸ਼ਵਾਸ ਯੋਗਤਾ ਨਿਸਚਤ ਕਰਨੀ ਹੋਵੇਗੀ। ਇਹ ਇਖ਼ਲਾਕ ਦਾ ਸੁਆਲ ਨਹੀਂ ਹੈ ਬਲਿਕ ਬੁੱਧੀ ਦਾ ਅਤੇ

ਮਨੋਵਿਗਿਆਨਕ, ਅਵਸਥਾ ਦਾ ਜਿਸ ਵਿਚ ਕਿ ਖੋਜ ਕੀਤੀ ਗਈ ਸੀ। ਉਸ ਨੇ ਖੋਜ ਕਿਵੇਂ ਕੀਤੀ। ਉਸ ਨੇ ਇਸ ਪ੍ਰਕਿਰਿਆ ਨੂੰ ਵਾਪਰਦਿਆਂ ਕਿਥੇ ਵੇਖਿਆ? ਕੀ ਉਸ ਨੂੰ ਇਸ ਤੋਂ ਪਹਿਲਾਂ ਉਸ ਵਿਗਿਆਨਕ ਸਿਧਾਂਤ ਬਾਰੇ ਜਾਣਕਾਰੀ ਸੀ ਜਿਸ ਦਾ ਕਿ ਉਸ ਦੀ ਖੋਜ ਦੁਆਰਾ ਖੰਡਨ ਹੋਇਆ ਹੈ। ਉਸ ਦਾ ਇਸ ਸਿਧਾਂਤ ਪ੍ਰਤੀ ਗਵਈਆਂ ਕੀ ਸੀ। ਕੀ ਉਸ ਨੇ ਅਸਲ ਵਿਚ ਇਸ ਪ੍ਰਕਿਰਿਆ ਨੂੰ ਦੇਖਿਆ ਹੈ ਕਿ ਉਹ ਸੁਣੀ-ਸੁਣਾਈ ਗੱਲ ਕਰ ਰਿਹਾ ਹੈ। ਕੀ ਉਹ ਪੁਣ-ਛਾਣ ਅਤੇ ਠੀਕ ਢੰਗ ਨਾਲ ਰਿਪੋਰਟ ਕਰਨ ਦੇ ਕਾਬਲ ਹੈ? ਕੀ ਉਹ ਦਿਮਾਗ਼ੀ ਪ੍ਰੇਸ਼ਾਨੀ ਦਾ ਸ਼ਿਕਾਰ ਤਾਂ ਨਹੀਂ। ਇਹ ਕੁਝ ਸੁਆਲ ਹਨ ਜਿਨ੍ਹਾਂ ਦਾ ਤਸੱਲੀਬਖ਼ਸ਼ ਤਰੀਕੇ ਨਾਲ ਉੱਤਰ ਦਿੱਤਾ ਜਾਣਾ ਚਾਹੀਦਾ ਹੈ ਇਸ ਤੋਂ ਪਹਿਲਾਂ ਕਿ ਖੋਜ ਨੂੰ ਕਿਸੇ ਗੰਭੀਰਤਾ ਨਾਲ ਵਿਚਾਰਿਆ ਜਾਵੇ। ਤਾਂ ਕਿ ਇਸ ਦੀ ਪੜਚੋਲ ਵੀ ਕਿਸੇ ਕੰਮ ਦੀ ਹੋਵੇ।

ਕਿਸੇ ਵੀ ਵਿਗਿਆਨਕ ਪੜਚੋਲ ਤੋਂ ਪਹਿਲਾਂ ਪੁਨਰ-ਜਨਮ ਦੀਆਂ ਕਹਾਣੀਆਂ ਨੂੰ ਅਜੇਹੀ ਪੁਣ-ਛਾਣ ਵਿਚੋਂ ਲੰਘਾਉਣਾ ਚਾਹੀਦਾ ਹੈ। ਸ਼ਾਤੀ ਦੇਵੀ ਦੀ ਕਹਾਣੀ ਦੀ ਇਸ ਤਰ੍ਹਾਂ ਪੁਛ-ਛਾਣ ਨਹੀਂ ਸੀ ਕੀਤੀ ਗਈ। ਕੋਈ ਬਜ਼ਿਦ ਹੋ ਕੇ ਕਹਿ ਸਕਦਾ ਹੈ, ''ਅਸੀਂ ਇਹ ਕਿਉਂ ਸੋਚੀਏ ਕਿ ਇਕ ਛੋਟੀ ਜੇਹੀ ਲੜਕੀ ਨੇ ਏਡੀ ਵੱਡੀ ਕਹਾਣੀ ਘੜੀ ਹੈ। '' ਪਰ ਕਿਸੇ ਚੀਜ ਨੂੰ ਵੇਖਣ ਦੇ ਅਲੱਗ ਅਲੱਗ ਢੰਗ ਹੁੰਦੇ ਹਨ। ਇਹ ਬਜਿਦ ਹੋ ਕੇ ਨਹੀਂ ਬਲਿਕ ਜਿਆਦਾ ਧੀਰਜ ਨਾਲ ਪੁੱਛਿਆ ਜਾ ਸਕਦਾ ਹੈ। ਇਕ ਛੋਟੇ ਜਿਹੇ ਬੱਚੇ ਦੁਆਰਾ ਦੱਸੀ ਕਹਾਣੀ ਜੋ ਕਿ ਵਹਿਮਾਂ ਭਰਮਾਂ ਦੇ ਮਹੌਲ ਵਿਚ ਜੰਮਿਆਂ ਤੇ ਪਲਿਆ ਹੋਵੇ, ਉਸ ਕਹਾਣੀ ਨੂੰ ਉਸੇ ਤਰ੍ਹਾਂ ਮੰਨ ਲਿਆ ਜਾਵੇ। ਕੀ ਇਹ ਮੰਨਣਯੋਗ ਨਹੀਂ ਕਿ ਕਹਾਣੀ ਦੂਸਰਿਆਂ ਦੁਆਰਾ ਘੜ ਕੇ ਉਸ ਦੇ ਮੂੰਹ ਵਿਚ ਪਾ ਦਿੱਤੀ ਗਈ? ਕਹਾਣੀ ਜਾਣ-ਬੁੱਝ ਕੇ ਘੜੀ ਜਾਂ ਸਕਦੀ ਹੈ, ਤੇ ਇਹ ਘੱਟੋ ਘੱਟ ਘਾੜਤ ਹੀ ਹੋਵੇਗੀ। ਕਿ ਇਹ ਜ਼ਰੂਰੀ ਤੌਰ ਤੇ ਇਕ ਘਾੜਤ ਹੀ ਸੀ, ਪਰ ਮੇਰਾ ਸੁਝਾਓ ਹੈ ਕਿ ਅਜਿਹੀਆਂ ਕਹਾਣੀਆਂ ਘਾੜਤ ਹੋ ਸਕਦੀਆਂ ਹਨ। ਤੇ ਇਹ ਇਕ ਖਾਸ ਨੁਕਤਾ ਸੀ ਜਿਸ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਸੀ।

ਕਹਾਣੀ ਆਰੰਭ ਕਿਵੇਂ ਹੋਈ? ਕੀ ਲੜਕੀ ਦੇ ਮਾਤਾ-ਪਿਤਾ ਜਾਂ ਹੋਰ ਦੂਸਰੇ ਜੋ ਇਸ ਨੂੰ ਪਹਿਲਾਂ ਸੁਣਨ ਦਾ ਦਾਅਵਾ ਕਰਦੇ ਹਨ ਉਨ੍ਹਾਂ ਨੂੰ ਪੁਨਰ-ਜਨਮ ਵਿਚ ਪੂਰਨ ਵਿਸ਼ਵਾਸ਼ ਸੀ? ਬਿਨਾਂ ਕਿਸੇ ਛੱਕ ਤੋਂ ਉਨ੍ਹਾਂ ਨੂੰ ਸੀ। ਮਾਮਲਾ ਇਸ ਤਰ੍ਹਾਂ ਹੋਣ ਤੇ, ਹੋ ਸਕਦਾ ਹੈ ਕਿ ਕਹਾਣੀ ਇਸੇ ਬਚਕਾਨਾ ਇਸ਼ਾਰੇ ਦੇ ਅਧਾਰ 'ਤੇ ਘੜੀ ਗਈ ਹੋਵੇ। ਇਸ ਲਈ ਮੁਢਲਾ ਤਰੀਕਾ ਇਹ ਹੋਣਾ ਚਾਹੀਦਾ ਸੀ ਕਿ ਉਹਨਾਂ ਲੋਕਾਂ ਦਾ ਮੁਕੰਮਲ ਰੂਪ ਵਿਚ ਕਰਾਸ-ਇਮਤਿਹਾਨ ਹੁੰਦਾ ਜਿੰਨਾ ਰਾਹੀ ਇਹ ਕਹਾਣੀ ਲੋਕਾਂ ਤੱਕ ਪਹੁੰਚੀ ਸੀ। ਅਜਿਹੇ ਢੰਗ ਨਾਲ ਕਹਾਣੀ ਦੇ ਝੂਠੇ ਹੋਣ ਦਾ ਪਰਦਾਫਾਸ਼ ਹੋ ਜਾਣਾ ਸੀ ਤੇ ਇਸ ਜਾਂਚ ਪਰਖ ਸੰਬੰਧੀ ਵਾ-ਵੇਲਾ ਵੀ ਨਹੀਂ ਰਹਿਣਾ ਸੀ। ਜਦੋਂ ਤੱਥਾਂ ਤੇ ਨਿਯੰਤਰਨ ਨਾ ਰਹੇ ਤੇ ਪੜਤਾਲ ਆਪਣੇ ਆਪ ਆਂਡਿਆ ਨੂੰ ਪੰਖ ਲਗਾ ਦਿੰਦੀ ਹੈ। ਇਹ ਅਸਲੀਅਤ ਹੈ ਕਿ ਕਹਾਣੀ ਦਾ ਜਨਮ ਕਿਵੇਂ ਵੀ ਹੋਇਆ ਹੋਵੇ ਪਰ ਮੁਢਲੇ ਤੌਰ ਤੇ ਇਸ ਨਾਲ ਸੰਬੰਧਤ ਸਾਰੇ ਲੋਕ ਪੁਨਰ-ਜਨਮ ਦੇ ਸਿਧਾਂਤ ਨੂੰ ਪੱਕੇ ਤੌਰ ਤੇ ਮੰਨਣ ਵਾਲੇ ਸਨ। ਇਹ ਇੱਕਲਾ ਤੱਥ ਹੀ ਇਸ ਧਾਰਨਾ ਲਈ ਇਕ ਮਜ਼ਬੂਤ ਅਧਾਰ ਹੈ ਕਿ ਇਹ ਜਦੋਂ ਤੱਕ ਲੋਕਾਂ ਵਿਚ ਪਹੁੰਚੀ ਇਸ ਦੇ ਪ੍ਰਚਾਰਕਾਂ ਦੇ ਰੰਗੀਨ ਵਿਚਾਰਾਂ ਵਿਚ ਰੰਗ ਚੁੱਕੀ ਸੀ। ਕਹਾਣੀ ਜਿਸ ਰੂਪ ਵਿਚ ਲੋਕਾਂ ਤੱਕ ਪਹੁੰਚੀ, ਲੜਕੀ ਵਲੋਂ ਦੱਸੇ ਹੋਏ ਰੂਪ ਤੋਂ ਬਹੁਤ ਭਿੰਨ ਹੋਣੀ ਹੈ ਜੇਕਰ ਉਸ ਨੇ ਕੋਈ ਅਜਿਹੀ ਕਹਾਣੀ ਦੱਸੀ ਵੀ ਹੋਵੇ। ਇਹ ਸੱਭ ਨੂੰ ਪਤਾ ਹੈ ਕਿ ਅਜਿਹੀਆਂ ਖਾਸ ਕਹਾਣੀਆਂ ਨੂੰ ਕਿਵੇਂ ਲਿਸ਼ਕਾ-ਪੁਸ਼ਕਾ ਕੇ ਪ੍ਰਚਾਰਿਆ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਕਹਾਣੀ ਹੇਠ ਲਿਖੇ ਅਨੁਸਾਰ ਆਰੰਭ ਹੋਈ ਹੋਣੀ ਹੈ।

ਲੜਕੀ ਨੇ ਆਪਣੇ ਮਾਤਾ-ਪਿਤਾ ਜਾਂ ਘਰ ਦੇ ਦੂਸਰੇ ਜੀਆਂ ਨੂੰ ਪਿਛਲੇ ਜਨਮ ਬਾਰੇ ਆਮ ਤੌਰ 'ਤੇ ਗੱਲਬਾਤ ਕਰਦਿਆਂ ਸੁਣਿਆਂ ਹੋਣਾ ਹੈ। ਸ਼ਰਧਾਵਾਨ ਹਿੰਦੂ ਪਿਛਲੇ ਜਨਮ ਦੇ ਕਰਮ ਦੀਆਂ ਹਮੇਸ਼ਾ ਗੱਲਾਂ ਕਰਦੇ ਰਹਿੰਦੇ ਹਨ। ਉਹਨਾਂ ਲੋਕਾਂ ਦੇ ਗੱਲ ਬਾਤ ਵਿਚ ਹਵਾਲੇ ਵੀ ਹੋਣਗੇ ਜਿਨ੍ਹਾਂ ਨੂੰ ਪਿਛਲਾ ਜੀਵਨ ਯਾਦ ਸੀ। ਇਸ ਗੱਪ-ਸ਼ੱਪ ਦੇ ਦੌਰਾਨ ਹੋ ਸਕਦਾ ਹੈ ਕਿ ਕਿਸੇ ਹਾਸੇ-ਮਜ਼ਾਕ ਨਾਲ ਲੜਕੀ ਨੂੰ ਪੁੱਛਿਆ ਹੋਵੇ ਕਿ ਪਿਛਲੇ ਜਨਮ ਵਿਚ ਉਹ ਕੀ ਸੀ। ਅਜਿਹੀਆਂ ਗੱਲਾਂ ਬਾਤਾਂ ਕੁੜੀ ਦੀ ਸੋਚ ਨੂੰ ਟੁੰਬਣ ਲਈ ਕਾਫੀ ਸਨ। ਕੀ ਕੁੜੀ ਸੁਭਾਵਿਕ ਤੌਰ ਤੇ ਤਾਂ ਖਿਆਲ-ਉਡਾਰੀਆਂ ਮਾਰਨ ਵਾਲੀ ਤਾਂ ਨਹੀਂ ਸੀ ਮਨੋਵਿਗਿਆਨਕ ਪਰਖ ਰਾਹੀਂ ਅਸਾਨੀ ਨਾਲ ਹੀ ਪਤਾ ਲਗਾਇਆ ਜਾ ਸਕਦਾ ਹੈ। ਕਹਾਣੀ ਦੀ ਜੜ੍ਹ ਤੱਕ ਜਾਣ ਲਈ ਇਹ ਇਕ ਜ਼ਰੂਰੀ ਕਦਮ ਸੀ। ਖਿਆਲ ਉਡਾਰੀ ਦੀਆਂ ਅਸਧਾਰਨ ਸ਼ਕਤੀਆਂ ਵਾਲਾ ਬੱਚਾ ਇਧਰੋਂ ਉਧਰੋਂ ਸੁਣੀਆਂ ਗੱਲਾਂ ਵਿਚੋਂ ਸੋਹਣੀ ਕਹਾਣੀ ਘੜਨ ਦੇ ਸਮਰੱਥ ਹੁੰਦਾ ਹੈ। ਪਰੀਆਂ ਦੀਆਂ ਕਹਾਣੀਆਂ ਸੁਣੀਆਂ ਹੋਣ ਕਰਕੇ ਅਜਿਹੇ ਬੱਚੇ ਸੋਚਦੇ ਹਨ ਕਿ ਉਹਨਾਂ ਨੇ ਪਰੀਆਂ ਵੇਖੀਆਂ ਹਨ, ਤੇ ਇਸ ਤਜ਼ਰਬੇ ਨੂੰ ਇਸ ਤਰ੍ਹਾਂ ਖਾਕੇ ਨਾਲ ਜੋੜ ਕੇ ਦ੍ਰਿੜਤਾਂ ਨਾਲ ਦੱਸਦੇ ਹਨ ਕਿ ਵਿਸ਼ਵਾਸ਼ੀਆਂ ਦੀ ਸਵੀਕ੍ਰਿਤੀ ਯਕੀਨਨ ਹੋ ਜਾਂਦੀ ਹੈ। ਜੇਕਰ ਕਹਾਣੀ



ਨੇ ਖਿਆਲਾਂ ਵਿਚੋਂ ਹੀ ਜਨਮ ਲਿਆ ਸੀ ਤਾਂ ਉਸ ਨੇ ਕਿਸੇ ਖਾਸ ਜਗ੍ਹਾ ਜਾਂ ਕੁਝ ਵਿਅਕਤੀਆਂ ਦਾ ਜ਼ਿਕਰ ਕੀਤਾ ਸੀ ਇਸ ਦੀ ਵਿਆਖਿਆ ਕਿਵੇਂ ਹੋ ਸਕਦੀ ਹੈ। ਇਸ ਵਿਚ ਕੋਈ ਮੁਸ਼ਕਿਲ ਨਹੀਂ ਹੈ? ਪਰ ਵਿਆਖਿਆ ਦੀ ਗੱਲ ਕਰਨ ਤੋਂ ਪਹਿਲਾਂ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਵਿਆਖਿਆ ਵਾਲੀ ਕੋਈ ਗੱਲ ਵੀ ਹੈ। ਮੁੱਢਲੀ ਕਹਾਣੀ ਏਡੇ ਠੋਸ ਵੇਰਵਿਆਂ ਨਾਲ ਭਰੀ ਪਈ ਹੈ ਕਿ ਕਾਰਨਵੱਸ ਇਹ ਸ਼ੱਕ ਦੇ ਘੇਰੇ ਵਿਚ ਆ ਜਾਂਦੀ ਹੈ। ਕਿਸੇ ਵੀ ਕੀਮਤ ਤੇ ਇਸ ਦਾ ਕੋਈ ਭਰੋਸਾ ਨਹੀਂ ਕਿ ਕੁੜੀ ਨੇ ਸ਼ੁਰੂ ਵਿਚ ਕਿਸੇ ਜਗ੍ਹਾ ਜਾਂ ਵਿਅਕਤੀਆਂ ਦਾ ਜ਼ਿਕਰ ਕੀਤਾ ਹੋਵੇ। ਇਹ ਵੇਰਵੇ ਉਨ੍ਹਾਂ ਵਲੋਂ ਸ਼ਾਮਿਲ ਕੀਤੇ ਹੋਣਗੇ ਜਿਨ੍ਹਾਂ ਨੇ ਇਸ ਕਹਾਣੀ ਨੂੰ ਲੋਕਾਂ ਵਿਚ ਪਹੁਚਾਇਆ ਹੋਵੇਗਾ। ਜੇ ਮੰਨ ਵੀ ਲਵੋ ਕਿ ਲੜਕੀ ਨੇ ਇਹ ਵੇਰਵਾ ਖੁੱਦ ਹੀ ਦਿਤਾ ਸੀ ਤਾਂ ਇਹਨਾਂ ਥਾਵਾਂ ਤੇ ਵਿਅਕਤੀਆਂ ਕੋਲ ਉਹ ਲੋਕਾਂ ਤੋਂ ਸੁਣ ਕੇ ਵੀ ਪਹੁੰਚ ਸਕਦੀ ਸੀ।

ਇਸ ਮਨੋਵਿਗਿਆਨਕ ਤੌਰ ਤੇ ਦਿਖਾਵੇ ਦੀ ਧਾਰਨਾ ਦੇ ਹੱਕ ਵਿਚ ਸਿਰਫ਼ ਇਹ ਤੱਥ ਸਾਬਤ ਕਰਨਾ ਹੋਵੇਗਾ ਕਿ ਮੱਥਰਾਂ ਵਿਚ ਲੜਕੀ ਦੇ ਰਿਸ਼ਤੇਦਾਰਾਂ ਬਾਰੇ ਉਸ ਦੇ ਦੱਸਣ ਤੋਂ ਪਹਿਲਾਂ ਉਸ ਦੇ ਪਰਿਵਾਰ ਨੂੰ ਕੋਈ ਜਾਣਕਾਰੀ ਨਹੀਂ ਸੀ। ਇਹ ਇਕੋ ਇਕ ਜ਼ਰੂਰੀ ਨੁਕਤਾ ਛੂਹਿਆਂ ਤੱਕ ਨਹੀਂ ਗਿਆ। ਪੜਤਾਲਕਾਰਾਂ ਵਿਚੋਂ ਕਿਸੇ ਨੇ ਵੀ ਇਸ ਤੱਥ ਨੂੰ ਜਾਨਣ ਦੀ ਖੇਚਲ ਨਹੀਂ ਕੀਤੀ। ਅਸਲ ਵਿਚ ਕਹਾਣੀ ਦੇ ਪੈਦਾ ਹੋਣ ਬਾਰੇ ਜਾਂਚ ਪੜਤਾਲ ਨੂੰ ਕਿਸੇ ਨੇ ਜ਼ਰੂਰੀ ਨਹੀਂ ਸਮਝਿਆ। ਚਲੋ ਹੁਣ ਮੰਨ ਲਵੋ ਕਿ ਮੱਥਰਾ ਵਾਲਿਆਂ ਨੂੰ ਲੜਕੀ ਦੇ ਪਰਿਵਾਰ ਨੂੰ ਪਹਿਲਾਂ ਹੀ ਪਤਾ ਸੀ, ਫਿਰ ਲੜਕੀ ਨੇ ਜ਼ਰੂਰੀ ਤੌਰ ਤੇ ਜ਼ਿਕਰ ਕੀਤੇ ਨਾਂਵਾ ਨੂੰ ਸੁਣਿਆ ਹੋਵੇਗਾ। ਫਿਰ ਇਸੇ ਤੋਂ ਪਰੇ ਸਥਾਨ ਦਾ ਨਾਂ ਮੱਥਰਾ ਆਪਣੇ ਆਪ ਵਿਚ ਹੀ ਅਜਿਹੇ ਚਮਤਕਾਰਾਂ ਨੂੰ ਜਨਮ-ਦੇਣ ਵਾਲਾ ਲੱਗਦਾ ਹੈ। ਸ਼ਾਇਦ ਲੜਕੀ ਨੇ ਸੁਣਿਆ ਹੋਵੇਗਾ ਕਿ ਮੱਥਰਾ ਵਿੱਚ ਉਸ ਔਰਤ ਦੀ ਮੌਤ ਦਾ ਉਸ ਦੇ ਆਪਣੇ ਜਨਮ ਨਾਲ ਕੋਈ ਮਾੜਾ-ਮੋਟਾ ਸੰਬੰਧ ਹੈ, ਤੇ ਇਸ ਤੋਂ ਇਲਾਵਾਂ ਉਹ ਬੱਚੇ ਨੂੰ ਜਨਮ-ਦੇਣ ਸਮੇਂ ਮਰ ਗਈ ਸੀ। ਇਸ ਤੋਂ ਵੀ ਅੱਗੇ ਇਸ ਮੌਕਾ ਮੇਲ ਨਾਲ ਲੜਕੀ ਦੇ ਪਰਿਵਾਰ ਦੇ ਕਿਸੇ ਜੀਅ ਦੇ ਮਨ ਵਿਚ ਇਹ ਆਇਆ ਹੋਵੇ ਕਿ ਸੰਭਵ ਤੌਰ ਤੇ ਉਸ ਮੁਰਦਾ ਔਰਤ ਨੇ ਇਸ ਲੜਕੀ ਦੇ ਰੂਪ ਵਿਚ ਜਨਮ ਲਿਆ ਹੈ। ਇਸੇ ਮੌਕਾ ਮੇਲ ਦੇ ਅਧਾਰ 'ਤੇ ਹੋ ਸਕਦਾ ਹੈ ਕਿ ਕਿਸੇ ਨੇ ਸਰਸਰੀ ਤੌਰ ਤੇ ਜਾਂ ਹਾਸੇ ਨਾਲ ਲੜਕੀ ਨੂੰ ਪੁੱਛ ਲਿਆ ਹੋਵੇ ਕਿ ਤੂੰ ਮੱਥਰਾ ਵਾਲੀ ਔਰਤ ਦਾ ਅਵਤਾਰ ਤਾਂ ਨਹੀਂ? ਲੜਕੀ ਵਲੋਂ ਹਾਂ ਵਾਚੀ ਦਿੱਤਾ ਹੋਇਆ ਉੱਤਰ ਕਿਸੇ ਦੇ ਕਹੇ-ਕਹਾਏ ਜਾਂ ਮਥਰਾ ਵਿਚ ਕਦੇ ਰਹੇ ਹੋਣ ਦੀ ਲਾਲਸਾ ਵੱਸ, ਇਸ ਸਾਰੀ ਕਹਾਣੀ ਨੂੰ ਬਾਅਦ ਵਿੱਚ ਪਾਏ ਵੇਰਵਿਆਂ ਸਹਿਤ ਸ਼ੁਰੂ ਕਰ ਦਿੱਤਾ ਹੋਏਗਾ। ਤੇ ਇਹ ਸਭ ਕੁਝ ਨੇਕ-ਨੀਅਤੀ ਨਾਲ ਕੀਤਾ ਗਿਆ ਹੋਵੇਗਾ। ਅੰਤ ਵਿਚ ਕਹਾਣੀ ਜਿਸ ਰੂਪ ਵਿਚ ਲੋਕਾਂ ਤੱਕ ਪਹੁੰਚੀ ਉਸ ਨੂੰ ਇਸ ਤੋਂ ਵੱਧ ਤੱਥਾਂ ਤੇ ਅਧਾਰਤ ਹੋਣ ਦੀ ਲੋੜ ਨਹੀਂ ਸੀ। ਤਾਂ ਵੀ ਇਹ ਇਕ ਝੂਠੀ ਘਾੜਤ ਹੀ ਸੀ।

ਲੜਕੀ ਵਲੋਂ ਵਹਿਮ ਜਾਂ ਕਿਆਸ ਵਜੋਂ ਇਕ ਵਾਰ ਹਰੀ ਝੰਡੀ ਦੇ ਦੇਣ ਤੇ ਸਾਰੀ ਕਹਾਣੀ ਆਪਣੇ ਆਪ ਸ਼ੁਰੂ ਹੋ ਜਾਂਦੀ ਹੈ, ਸਿਰਫ਼ ਇਸ ਦਾ ਬੁਨਿਆ ਤਾਣਾ ਬਾਣਾ ਸ਼ੁਰੂ ਵਿਚ ਲੜਕੀ ਵਲੋਂ ਨਹੀਂ ਸੀ ਬੁਣਿਆ ਗਿਆ, ਇਹ ਉਸ ਤੋਂ ਕਹਾਇਆ ਗਿਆ ਸੀ। ਪਰ ਜਿਨ੍ਹਾਂ ਨੇ ਇਹ ਕੀਤਾ ਸੀ ਉਹਨਾਂ ਨੂੰ ਇਹ ਨਹੀਂ ਸੀ ਪਤਾ ਕਿ ਉਹ ਝੂਠ ਫੈਲਾਅ ਰਹੇ ਹਨ। ਉਹਨਾਂ ਨੂੰ ਖੁਦ ਕਹਾਣੀ ਵਿਚ ਵਿਸ਼ਵਾਸ਼ ਸੀ। ਇਸ ਦੀ ਸਚਾਈ ਭਲੇ-ਪੁਰਸ਼ਾ ਦੇ ਪੁਨਰ ਜਨਮ ਦੇ ਸਿਧਾਂਤ ਵਿਚ ਵਿਸ਼ਵਾਸ਼ ਤੋਂ ਉਤਪੰਨ ਹੁੰਦੀ ਸੀ। ਅਜਿਹਾ ਭਰੋਸਾ ਹੋਣ ਤੇ ਬੱਸ ਲੜਕੀ ਵਲੋਂ ਮਾੜੀ ਜੇਹੀ 'ਹਾਂ' ਦੀ ਲੋੜ ਸੀ। ਜੇਕਰ ਉਹ ਉਹੋਂ ਮੁਰਦਾ ਔਰਤ ਸੀ ਤਾਂ ਫਿਰ ਫਲਾਣਾ ਫਲਾਣਾ ਉਸ ਦਾ ਪਤੀ ਸੀ ਤੇ ਫਲਾਣਾ ਫਲਾਣਾ ਉਸ ਦਾ ਸਹੁਰਾ, ਉਸ ਦਾ ਬੱਚਾ ਵੀ ਅਜੇ ਜਿਊਂਦਾ ਸੀ ਤੇ ਉਹ ਉਸ ਖਾਸ ਘਰ ਵਿਚ ਰਿਹਾ ਕਰਦੀ ਸੀ। ਇਤਿ ਆਦਿ। ਇਸ ਤੋਂ ਵੱਧ ਸਪੱਸ਼ਟ ਹੈਰਾਨੀ ਹੋ ਸਕਦਾ ਹੈ? ਅਤੇ ਕਹਾਣੀ ਨੂੰ ਦੁਹਰਾਉਣਾ ਲੜਕੀ ਲਈ ਬਹੁਤ ਸੋਖਾਂ ਸੀ ਜਿਵੇਂ ਕਿ ਉਸ ਨੂੰ ਖੁਦ ਸ਼ੁਰੂ ਵਿਚ ਦੱਸਿਆ ਸੀ।

ਕਹਾਣੀ ਦਾ ਆਰੰਭ ਅਜੇ ਵੀ ਇਕ ਹੋਰ ਤਾਰੀਕੇ ਰਾਹੀ ਵੀ ਦੱਸਿਆ ਜਾ ਸਕਦਾ ਹੈ, ਇਸ ਤੋਂ ਵੀ ਵੱਧ ਵਿਗਿਆਨਕ ਤਾਰੀਕੇ ਨਾਲ। ਪਹਿਲੀ ਵਿਆਖਿਆ। ਮਨੋਵਿਗਿਆਨਕ ਹੈ ਦੂਸਰੀ ਜੀਵ-ਵਿਗਿਆਨਕ। ਇਹ ਥੋੜੀ ਓਪਰੀ ਭਾਵੇ ਜਾਪੇ ਪਰ ਵਿਗਿਆਨਕ ਤੌਰ ਤੇ ਇਹ ਜਿਆਦਾ ਨੁਮਾਇਸ਼ੀ ਕਿਸਮ ਦੀ ਹੈ। ਹਾਂ, ਇਸ ਮਾਮਲੇ ਵਿਚ ਵੀ ਕਹਾਣੀ ਦਾ ਆਰੰਭ ਇਸੇ ਧਾਰਨਾ ਤੋਂ ਹੁੰਦਾ ਹੈ ਕਿ ਲੜਕੀ ਦੇ ਪਰਿਵਾਰ ਦੇ ਲੋਕ ਮੱਥਰਾ ਵਾਲਿਆਂ ਨੂੰ ਪਹਿਲਾਂ ਤੋਂ ਜਾਣਦੇ ਸਨ। ਇਹ ਧਾਰਨਾ ਮੰਨਣਯੋਗ ਹੈ ਕਿਉਂਕਿ ਇਹ ਉਹ ਨੁਕਤਾ ਹੈ ਜਿਸ ਬਾਰੇ ਅਜੇ ਨਿਸਚਤ ਕੀਤਾ ਜਾ ਸਕਦਾ ਹੈ। ਇਹ ਮਨ-ਮਰਜੀ ਵਾਲੀ ਧਾਰਨਾ ਨਹੀਂ ਹੈ। ਦੂਸਰਿਆਂ ਨੂੰ ਇਹ ਸਾਬਤ ਕਰਨ ਦਿਓਂ ਕਿ ਇਹ ਅਧਾਰ-ਹੀਣ ਹੈ। ਕਹਾਣੀ ਦੇ ਆਰੰਭ ਦਾ ਝੂਠ ਤੋਂ ਹੋਣ ਦਾ ਪ੍ਰਗਟਾਵਾ ਤਜ਼ਰਬਾਤੀ ਅਧਾਰ ਤੇ ਠੀਕ ਹੋਵੇਗਾ। ਪਰ ਇਸ ਨੁਕਤੇ ਦੀ ਜਬਰਦਸਤ ਜਾਂਚ ਪੜਤਾਲ ਹੋਣੀ ਚਾਹੀਦੀ ਹੈ। ਸੰਬੰਧਤ ਧਿਰਾਂ ਦੇ ਬਿਆਨ ਭਾਵੇਂ ਸੌਂਹ ਖਾਹ ਕੇ ਦਿੱਤੇ ਹੋਣ ਗਵਾਹੀ ਲਈ ਯੋਗ ਨਹੀਂ ਹਨ। ਅਜਾਦਾਨਾ

ਗਵਾਹੀ ਪ੍ਰਾਪਤ ਕਰਨੀ ਚਾਹੀਦੀ ਹੈ। ਉਸੇ ਵਕਤ ਪਹਿਲੀ ਜਾਣ-ਪਹਿਚਾਣ ਦੀ ਧਾਰਨਾ ਵੀ ਮੌਜੂਦ ਹੈ। ਇਸ ਤੋਂ ਬਿਨਾਂ ਕੋਈ ਵੀ ਵਿਗਿਆਨਕ ਪੜਤਾਲ ਸੰਭਵ ਨਹੀਂ। ਵਿਗਿਆਨ ਨੂੰ ਚੁਣੌਤੀ ਦਿੱਤੀ ਗਈ ਹੈ, ਇਸ ਕਰਕੇ ਆਪ ਸਪੱਸਟੀਕਰਣ ਦੇਣਾ ਇਸ ਦਾ ਹੱਕ ਹੈ ਅਤੇ ਇਸ ਦੇ ਸਪੱਸ਼ਟੀਕਰਣ ਦਾ ਫੈਸਲਾ ਸੁਆਲ ਦੇ ਬਦਲਵੇਂ ਪਹਿਲੂ ਰਾਹੀਂ ਨਿਰਧਾਰਤ ਮਾਪ ਦੰਡ ਦੇ ਅਧਾਰ ’ਤੇ ਨਹੀਂ ਹੋਣਾ ਚਾਹੀਦਾ। ਵਿਗਿਆਨ ਕੋਲ ਪੁਰਨ-ਜਨਮ ਨੂੰ ਮੰਨਣ ਲਈ ਕੋਈ ਨੁਮਾਇਸ਼ੀ ਆਧਾਰ ਨਹੀਂ ਹੈ। ਇਸ ਲਈ ਇਸ ਨੂੰ ਕਹਾਣੀ ਨੂੰ ਕਿਸੇ ਹੋਰ ਕੋਣ ਤੋਂ ਵੇਖਣਾ ਹੋਵੇਗਾ, ਕਿਸੇ ਪ੍ਰਕਿਰਿਆ ਨੂੰ ਵਿਆਖਿਆਉਣ ਦੇ ਮੰਤਵ ਨਾਲ। ਜੇਕਰ ਪਹਿਲੀ ਜਾਣ ਪਹਿਚਾਣ ਸਾਬਤ ਹੋ ਜਾਂਦੀ ਹੈ (ਇਹ ਜ਼ਰੂਰ ਹੋਵੇਗੀ ਜੇਕਰ ਪੜਤਾਲ ਠੀਕ ਢੰਗ ਨਾਲ ਕੀਤੀ ਜਾਵੇ, ਕਿਉਂਕਿ ਜਾਣ-ਪਹਿਚਾਣ ਪਹਿਲਾ ਹੀ ਸੀ) ਤਾਂ ਕਹਾਣੀ ਦਾ ਆਰੰਭ ਵਿਗਿਆਨਕ ਤੋਰ ’ਤੇ ਵਿਆਖਿਆ ਕੀਤਾ ਜਾ ਸਕੇਗਾ, ਨਤੀਜੇ ਦੇ ਤੌਰ ਤੇ ਇਹ ਪੁਨਰ-ਜਨਮ ਦੇ ਸਿਧਾਤਾਂ ਨੂੰ ਹੋਰ ਦੇਰ ਤੱਕ ਫਰਜ਼ੀ ਅਧਾਰ ’ਤੇ ਮੰਨਣ ਵਿਚ ਸਹਾਈ ਨਹੀਂ ਹੋ ਸਕੇਗੀ।

ਕਹਾਣੀ ਝੂਠ ਦੇ ਤੌਰ ਤੇ ਨੰਗੀ ਹੋ ਜਾਵੇ ਤਾਂ ਜਾਂਚ-ਪੜਤਾਲ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਇਹ ਕਿ ਦੂਸਰੀ ਫਰਜ਼ੀ ਵਿਆਖਿਆ ਹੈ, ਜੀਵ-ਵਿਗਿਆਨਕ ਪਹਿਲੂ ਤੋਂ। ਮਥਰਾ ਵਿਚ ਹੋਈ ਔਰਤ ਦੀ ਮੌਤ ਬਾਰੇ ਲੜਕੀ ਦੀ ਮਾਂ ਹੋ ਸਕਦਾ ਹੈ ਕਿ ਉਸ ਦੇ ਜਨਮ ਤੋਂ ਪਹਿਲਾਂ ਗੱਲਬਾਤ ਕਰਦੀ ਰਹੀ ਹੋਵੇ। ਜਨਮ ਅਤੇ ਮੌਤ ਵਿਚਲਾ ਸਮਾਂ ਠੀਕ ਠੀਕ ਨਿਸਚਤ ਨਹੀਂ ਹੈ, ਇਹ ਸਾਰੀ ਪੜਤਾਲ ਦੇ ਢਿੱਲੀ ਹੋਣ ਦਾ ਇਕ ਹੋਰ ਸਬੂਤ ਹੈ। ਇਸ ਲਈ ਇਹ ਸੰਭਵ ਹੈ ਕਿ ਲੜਕੀ ਦੀ ਪੈਦਾਇਸ਼ ਨਾਲੋਂ ਪੈਦਾਇਸ਼ ਲਈ ਗਰਭ ਠਹਿਰਨ ਦਾ ਸਮਾਂ ਲੱਗ-ਭਗ ਔਰਤ ਦੀ ਮੌਤ ਨਾਲ ਮਿਲਦਾ ਸੀ। ਅਸਲ ਵਿਚ ਆਤਮਾ ਦੇ ਸਿਧਾਂਤਵਾਦੀਆਂ ਦੀ ਸਹੂਲਤ ਲਈ ਮਾਮਲਾ ਇਸ ਤਰ੍ਹਾਂ ਹੋਣਾ ਚਾਹੀਦਾ ਹੈ, ਨਹੀਂ ਤੇ ਪੁਨਰ-ਜਨਮ ਦੇ ਵਿਸ਼ਵਾਸ਼ੀਆਂ ਨੂੰ ਬੜੀ ਸਖਤ ਮੁਸ਼ਕਿਲ ਦਾ ਸਾਹਮਣਾ ਕਰਨਾ ਹੋਵੇਗਾ।

ਗਰਭ-ਧਾਰਨ ਸਮੇਂ ਤੋਂ ਹੀ ਇਕ ਨਵੇਂ ਜੀਵ (ਪ੍ਰਬੰਧ) ਦੀ ਰਚਨਾ ਹੋ ਜਾਂਦੀ ਹੈ। ਜਿਵੇਂ ਹੀ ਅੰਡੇ ਵਿਚ ਸਪਰਮ ਦਾਖਲ ਹੋ ਜਾਂਦਾ ਹੈ ਇਕ ਨਵਾਂ ਜੀਵ ਹੋਂਦ ਵਿਚ ਆ ਜਾਂਦਾ ਹੈ। ਕਿਉਂਕਿ ਪੁਨਰ-ਜਨਮ ਦੇ ਸਿਧਾਂਤ ਰਾਹੀ ਸੂਖ਼ਮ-ਸਰੀਰ ਦੀ ਵਿਆਖਿਆ ਹੋਣੀ ਬਣਦੀ ਹੈ, ਇਸ ਅਨੁਸਾਰ ਪੁਨਰ-ਜਨਮ ਲੈਣ ਵਾਲੀ ਆਤਮਾ ਨੂੰ ਗਰਭ ਧਾਰਨ ਸਮੇਂ ਹੀ ਭਰੂਣ ਵਿਚ ਦਾਖਲ ਹੋ ਜਾਣਾ ਚਾਹੀਦਾ ਹੈ।

ਪਰ ਆਪਣੇ ਅਸਲੀ ਨੁਕਤੇ ਵੱਲ ਆਉਂਦੇ ਹਾਂ। ਜਦੋਂ ਲੜਕੀ ਦੀ ਮਾਂ ਨੂੰ ਗਰਭ ਠਹਿਰਿਆ ਸੀ ਹੋ ਸਕਦਾ ਹੈ ਉਸ ਨੇ ਮਥਰਾ ਵਾਲੀ ਔਰਤ ਦੀ ਮੌਤ ਬਾਰੇ ਸੋਚਿਆ ਹੋਵੇ। ਮੰਨ ਲਓ ਕਿ ਉਨ੍ਹਾਂ ਦੀ ਆਪਸੀ ਜਾਣ ਪਹਿਚਾਣ ਸੀ ਅਜਿਹਾ ਵਿਚਾਰ ਬਿਲਕੁਲ ਕੁਦਰਤੀ ਹੋਵੇਗਾ। ਕਿਉਂਕਿ ਮੌਤ ਬੱਚੇ ਦੇ ਜਨਮ ਸਮੇਂ ਹੋਈ ਸੀ। ਕਿਸੇ ਨੇੜੇ ਜਾਂ ਜਾਣ-ਪਹਿਚਾਣ ਵਾਲੇ ਦੀ ਮੌਤ ਦਾ ਖਿਆਲ ਕਰਦਿਆਂ ਉਹ ਸੋਚ ਸਕਦੀ ਹੈ ਕਿ ਮੁਰਦਾ ਔਰਤ ਉਸ ਦੇ ਹੋਣ ਵਾਲੇ ਬੱਚੇ ਦੇ ਰੂਪ ਵਿਚ ਜਨਮ ਲੈ ਸਕਦੀ ਹੈ। ਗਰਭ ਠਹਿਰਨ ਸਮੇਂ ਜੋ ਵਿਚਾਰ ਮਾਂ ਦੇ ਜਿਹਨ ਵਿਚੋਂ ਗੁਜਰਦੇ ਹਨ ਉਹ ਚੰਗੀ ਤਰ੍ਹਾਂ ਹੋਣ ਵਾਲੇ ਬੱਚੇ ਉਪਰ ਉੱਕਰੇ ਜਾਂਦੇ ਹਨ ਤੇ ਇਸ ਤਰ੍ਹਾਂ ਬੱਚੇ ਨੂੰ ਵਿਰਾਸਤ ਵਿਚ ਪ੍ਰਾਪਤ ਹੁੰਦੇ ਹਨ। ਆਮ ਹਾਲਤਾਂ ਵਿਚ ਪੈਦਾ ਹੋਏ ਅਤੇ ਮਸ਼ੀਨ ਰਾਹੀ ਪੈਦਾ ਹੋਏ ਬੱਚਿਆਂ ਦੇ ਮਨੋਵਿਗਿਆਨ ਵਿਚ ਵੱਡੇ ਅੰਤਰ ਦਾ ਇਹੋ ਕਾਰਨ ਹੈ। ਇਹ ਇਕ ਆਮ ਟਿੱਪਣੀ ਹੈ। ਨਤੀਜ਼ਨ ਹੋ ਸਕਦਾ ਹੈ ਕਿ ਮਾਂ ਮਰੀ ਹੋਏ ਔਰਤ ਦੇ ਆਪਣੇ ਬੱਚੇ ਵਜੋਂ ਦੁਬਾਰਾ ਜਨਮ ਲੈਣ ਬਾਰੇ ਸੋਚਦੀ ਰਹੇ, ਅਤੇ ਆਪਣੇ ਇਸ ਖਿਆਲ ਬਾਰੇ ਦੂਸਰਿਆਂ ਨਾਲ ਗੱਲਬਾਤ ਵੀ ਕਰੇ। ਮਾਤਾ ਦੀ ਤਰਫੋਂ ਅਜਿਹਾ ਵਿਵਹਾਰ ਇਸ ਵਿਚਾਰ ਨੂੰ ਬੱਲ ਦਿੰਦਾ ਹੈ ਕਿ ਲੜਕੀ ਮਾਤਾ ਵਲੋਂ  ਵਿਰਾਸਤ ਵਿਚ ਮਿਲੇ ਉਸ ਦੁਆਰਾ ਪਹਿਲਾਂ ਹੀ ਧਾਰਨ ਕੀਤੇ ਹੋਏ ਵਿਚਾਰਾਂ ਨੂੰ ਲੈ ਕੇ ਜੰਮੀ ਸੀ। ਇਹ ਕਿਸੇ ਬਾਹਰੀ ਇਸ਼ਾਰੇ ਤੇ ਆਪਣੇ ਅਚੇਤ-ਮਨ ਵਿਚੋਂ ਅਚਾਨਕ ਉਭਰ ਕੇ ਪੁਰਵਲੇ ਜਨਮ ਦੀਆਂ ਗੱਲਾਂ ਦੱਸਣ ਵਾਂਗ ਸੀ। ਹਾਂ ਫਿਰ ਵੀ ਕਹਾਣੀ ਏਨੇ ਠੋਸ ਸਬੂਤਾਂ ਨਾਲ ਭਰਪੂਰ ਨਹੀਂ ਹੋਵੇਗੀ। ਇਹ ਮੋੜਵੀਂ ਮਨੋਵਿਗਿਆਨਕ ਵਿਆਖਿਆ ਹਿੱਤ ਹੋਵੇਗੀ ਅਤੇ ਕੁਝ ਘੱਟ ਹੋਵੇਗੀ। ਇਸ ਮਾਮਲੇ ਵਿਚ ਕਹਾਣੀ ਦਾ ਕੇਂਦਰ ਬਿੰਦੂ ਲੜਕੀ ਹੋਵੇਗੀ ਤੇ ਇਕ ਦਮ ਉਸੇ ਤੋਂ ਸ਼ੁਰੂ ਹੋਵੇਗੀ। ਮਥਰਾ ਦਾ ਨਾਂ ਸੁਣਦਿਆਂ ਹੀ ਉਹ ਇਕ ਦਮ ਆਪਣੀ ਮਾਤਾ ਤੋਂ ਵਿਰਾਸਤ ਵਿਚ ਮਿਲੇ ਵਿਚਾਰ ਪ੍ਰਤੀ ਸੁਚੇਤ ਹੋ ਉਠੇਗੀ ਤੇ ਕਹੇਗੀ ਹਾਂ ਮੈਨੂੰ ਮਥਰਾਂ ਦਾ ਪਤਾ ਹੈ। ਮੈਂ ਉਥੇ ਰਹਿੰਦੀ ਸੀ। ਜਾਂ ਕੁਝ ਅਜਿਹਾ ਹੀ। ਅਜਿਹਾ ਕੋਈ ਵੀ ਵਿਖਿਆਨ ਜਾਂ ਇਲਜ਼ਾਮ ਜੋ ਲੜਕੀ ਵਲੋਂ ਘੋਸ਼ਿਤ ਕੀਤਾ ਹੋਵੇ ਮਾਂ ਵਲੋਂ ਕੀਤੀ ਭਵਿੱਖਬਾਣੀ ਨੂੰ ਬੱਲ ਦੇਵੇਗਾ। ਉਹ ਕਹੇਗੀ ਕਿ ਉਹ ਹਮੇਸ਼ਾ ਇਹੋ ਕਹਿੰਦੀ ਸੀ ਜਾਂ ਇਸ ਨੂੰ ਇਵੇਂ ਹੀ ਮਹਿਸੂਸ ਹੁੰਦਾ ਸੀ। ਇਸ ਲਈ ਮਾਂ ਦੁਆਰਾ ਕੀਤੀ ਮੁੱਢਲੀ ਕਿਆਸ ਅਰਾਈ ਇਕ ਸਚਾਈ ਦਾ ਰੂਪ ਧਾਰਨ ਕਰ ਲਵੇਗੀ। ਅਤੇ ਕਹਾਣੀ ਸਾਰੇ ਵੇਰਵਿਆਂ ਸਾਹਿਤ ਰਚੀ ਹੋਵੇਗੀ ਬਿਲਕੁਲ ਉਸੇ ਤਰ੍ਹਾਂ ਜਿਵੇਂ ਪਹਿਲੀ ਕਹਾਣੀ ਦੇ ਅਮਲੇ ਵਿਚ ਹੋਇਆ



ਸੀ। ਇਸ ਮਾਮਲੇ ਵਿਚ ਸਿਰਫ਼ ਤੱਥਾਂ ਦਾ ਅਧਾਰ ਵਿਸ਼ਾਲ ਹੋਵੇਗਾ। ਇਹ ਮੰਨਣਯੋਗ ਹੈ ਕਿ ਲੜਕੀ ਕਦੇ ਵੀ ਮਥਰਾ ਨਹੀਂ ਗਈ ਸੀ। ਤਾਂ ਕਿ ਉਸ ਨੂੰ ਜਗਾ ਦੀ ਜਾਣਕਾਰੀ ਹੋਵੇ, ਉਹ ਸਿਰਫ਼ ਉਥੇ ਆਪਣੇ ਪੂਰਵਲੇ ਜਨਮ ਵਿਚ ਰਹਿੰਦੀ ਹੋਵੇ। ਉਹ ਇਸ ਤਰ੍ਹਾਂ ਦੱਸਦੀ ਹੈ। ਇਸ ਲਈ ਜ਼ਰੂਰੀ ਤੌਰ ਤੇ ਆਪਣੇ ਪੂਰਵਲੇ ਜਨਮ ਨੂੰ ਯਾਦ ਕਰਦੀ ਹੋਵੇ। ਤਰਕ ਦੇ ਅਧਾਰ ਉਪਰ ਇਹ ਧਾਰਨਾ ਪੁਨਰ-ਜਨਮ ਦੇ ਸਿਧਾਂਤ ਵਿਚੋਂ ਹੀ ਪੈਦਾ ਹੁੰਦਾ ਹੈ। ਸ਼ਾਤੀ ਦੇਵੀ ਦੀ ਕਹਾਣੀ ਦੁਆਰਾ ਪੈਦਾ ਹੋਈ ਹਲਚਲ ਨੂੰ ਦੇਖਦਿਆਂ ਹੋਇਆ ਜੋ ਕਿ ਇਕ ਸਨਮਾਨ ਦੀ ਵਸਤ ਬਣ ਗਈ ਸੀ। ਜਿਸ ਨੂੰ ਦੇਖਣ ਵਾਲਿਆਂ ਦੇ ਇਕੱਠ ਵਿਚ ਮਹਾਰਾਜਾ ਪਟਿਆਲਾ ਅਤੇ ਮਹਾਤਮਾ ਗਾਂਧੀ ਨੇ ਜੀ ਆਇਆ ਕਿਹਾ। ਮੈਥੋਂ ਇਹਨਾਂ ਭਾਰਤ ਦੇ ਅਧਿਆਤਮਕ ਸਭਿਆਚਾਰ ਦੇ ਜੁਝਾਰੂ ਰਖਵਾਲਿਆਂ ਦੀ ਅਕਲ ਤੇ ਗੁੱਸਾ ਆਉਣੋ ਨਾ ਰੋਕ ਸਕਿਆ। ਇਹ ਅਸਾਨੀ ਨਾਲ ਪਤਾ ਚਲ ਸਕਦਾ ਹੈ ਕਿ ਕਈ ਬੜੇ ਅਹਿਮ ਸੁਆਲ ਸਨ ਜਿਨ੍ਹਾਂ ਦੇ ਉੱਤਰ ਤਸੱਲੀਬਖਸ਼ ਢੰਗ ਨਾਲ ਦੇਣਾ ਪੁਨਰ-ਜਨਮ ਵਿਚ ਵਿਸ਼ਵਾਸ਼ੀਆਂ ਨੂੰ ਮੁਸ਼ਕਿਲ ਲਗਣਾ ਸੀ।

ਉਦਾਹਰਣ ਦੇ ਤੌਰ ਤੇ ਹਰ ਇਕ ਨੂੰ ਪੁਨਰ-ਜਨਮ ਦੀਆਂ ਘਟਨਾਵਾਂ ਯਾਦ ਕਿਉਂ ਨਹੀਂ ਰਹਿੰਦੀਆਂ? ਇਸ ਸੁਆਲ ਦਾ ਤਸੱਲੀਬਖ਼ਸ਼ ਉੱਤਰ ਨਾ ਦੇ ਸਕਣਾ, ਇਸ ਦਾਅਵੇ ਲਈ ਮਾਰੂ ਹੈ ਕਿ ਕੁਝ ਵਿਰਲੇ ਵਾਂਝੇ ਲੋਕਾਂ ਦੀਆਂ ਪੁਰਾਣੀਯਾਦਸ਼ਤ ਦੀਆਂ ਕਹਾਣੀਆਂ ਪੁਨਰ-ਜਨਮ ਨੂੰ ਸਾਬਤ ਕਰ ਦਿੰਦੀਆਂ ਹਨ। ਇਹ ਮੰਨਿਆਂ ਜਾਂਦਾ ਹੈ ਕਿ ਮੌਤੋਂ ਬਾਅਦ ਜ਼ਿੰਦਗੀ ਦਾ ਸਿਧਾਂਤ ਪੁਰਾਤਨ ਪਸ਼ੂਵਾਦੀ ਵਿਸ਼ਵਾਸ਼ ਦਾ ਹੀ ਹਿੱਸਾ ਨਹੀਂ ਹੈ, ਬਲਿਕ ਇਸ ਨੂੰ ਅਨੁਭਵ ਦੇ ਅਧਾਰ ’ਤੇ ਪ੍ਰਮਾਣਿਤ ਵੀ ਕੀਤਾ ਜਾ ਸਕਦਾ ਹੈ। ਮਨੁੱਖ ਦੀ ਮੌਤ ਨੂੰ ਇਕ ਕੁਦਰਤੀ ਨਿਯਮ ਵਿਸ਼ਵਾਸ਼ ਕੀਤਾ ਜਾਂਦਾ ਹੈ, ਕਿਉਂਕਿ ਸਭ ਵਿਅਕਤੀ ਕਦੇ ਨਾ ਕਦੇ ਮਰ ਹੀ ਜਾਂਦੇ ਹਨ। ਪਰ ਪੁਨਰ-ਜਨਮ ਦੇ ਮਾਮਲੇ ਵਿਚ ਸਾਨੂੰ ਇਕੱਲੇ ਦੁਕੱਲੇ ਮਾਮਲੇ ਨੂੰ ਸਭ ਤੇ ਲਾਗੂ ਕਰਨ ਲਈ ਕਿਹਾ ਜਾਂਦਾ ਹੈ। ਅਨੁਭਵ ਦੇ ਅਧਾਰ ’ਤੇ ਸਬੂਤ ਦਾ ਇਹ ਅਜੀਬ ਤਰੀਕਾ ਹੈ। ਮੰਨ ਲਓ ਕਿ ਕੁਝ ਵਿਅਕਤੀ ਆਮ ਉਮਰ ਨਾਲੋਂ ਵੱਧ ਉਮਰ ਭੋਗਦੇ ਹਨ। ਇਸ ਖੋਜ ਦੇ ਅਧਾਰ ’ਤੇ ਵੱਧ ਤੋਂ ਵੱਧ ਏਨਾ ਦਾਅਵਾ ਹੀ ਉਚਿਤ ਹੋਵੇਗਾ ਜੇਕਰ ਤੱਥਾਂ ਨੂੰ ਬਾਰੀਕਬੀਨੀ ਨਾਲ ਘੋਖਿਆ ਹੋਵੇ ਕਿ ਮੌਤ ਇਕ ਆਮ ਨਿਯਮ ਨਹੀਂ ਹੈ। ਇਸ ਤੱਥ ਦੇ ਅਧਾਰ ਉਪਰ ਕਿ ਕੁਝ ਲੋਕ ਇਕ ਸੋ  ਸਾਲ ਤੋਂ ਵੀ ਵੱਧ ਜੀਉਂਦੇ ਰਹਿੰਦੇ ਹਨ। ਇਹ  ਮੰਨਣਾ ਹਾਸੋ ਹੀਣੀ ਗੱਲ ਹੋਵੇਗੀ ਕਿ ਲੱਖਾਂ ਲੋਕ ਜੋ ਮਰਦੇ ਵੇਖੇ ਗਏ, ਉਹ ਮਰਦੇ ਹੀ ਨਹੀਂ। ਪੁਨਰ-ਜਨਮ ਨੂੰ ਅਨੁਭਵ ਦੇ ਅਧਾਰ ’ਤੇ ਸਾਬਤ ਕਰਨ ਦੀ ਕੋਸ਼ਿਸ਼ ਵਿਚ ਇਹ ਵੀ ਸ਼ਾਮਿਲ ਹੋਣਾ ਚਾਹੀਦਾ ਹੈ ਕਿ ਸਭ ਲੋਕਾਂ ਨੂੰ ਪੂਰਵਲਾ ਜਨਮ ਯਾਦ ਕਿਉਂ ਨਹੀਂ ਰਹਿੰਦਾ। ਇਸ ਵਿਆਖਿਆ ਦੀ ਅਣਹੋਂਦ ਕਾਰਨ ਅਨੁਭਵ ਦੇ ਅਧਾਰ ’ਤੇ ਗਵਾਹੀ ਸਾਰੀ ਦੀ ਸਾਰੀ ਇਸ ਸਿਧਾਂਤ ਦੇ ਖਿਲਾਫ਼ ਹੈ। ਅਗਰ ਯਾਦਾਸ਼ਤ ਪਿਛਲੇ ਜਨਮ ਦੀ ਗਵਾਹੀ ਹੈ ਤੇ ਆਮ ਸਿਧਾਂਤ ਇਹ ਹੈ ਕਿ ਇਸ ਅਣਹੋਂਦ ਹੈ। ਜਿੰਨਾ ਚਿਰ ਪੁਖਤਾ ਸਬੂਤ ਇਸ ਦੇ ਉਲਟ ਤਸੱਲੀਬਖਸ਼ ਤਰੀਕੇ ਨਾਲ ਵਿਆਖਿਆ ਨਹੀਂ ਕੀਤਾ ਜਾਂਦਾ, ਉਸ ਵਕਤ ਤੱਕ ਪੁਨਰ-ਜਨਮ ਦੇ ਸਿਧਾਂਤ ਦਾ ਅਨੁਭਵ ਦੇ ਅਧਾਰ ਤੇ ਬਚਾਅ ਇਕ ਨਿਕੰਮਾ ਕੰਮ ਹੈ। ਇਹ ਵਿਆਖਿਆ ਦੀ ਕਦੇ ਕੋਸ਼ਿਸ਼ ਹੀ ਨਹੀਂ ਕੀਤੀ ਗਈ ਕਿਉਂਕਿ ਅਜਿਹਾ ਕੁਝ ਹੈ ਹੀ ਨਹੀਂ।

ਧਾਰਮਿਕ ਪੁਸਤਕਾਂ ਅਨੁਸਾਰ ਭੂਤਕਾਲ ਅਤੇ ਭਵਿੱਖ ਵਿਚ ਝਾਕਣ ਲਈ ਦਿੱਬ-ਦ੍ਰਿਸ਼ਟੀ ਦੀ ਲੋੜ ਹੁੰਦੀ ਹੈ। ਕਿਉਂਕਿ ਧਾਰਮਿਕ ਪੁਸਤਕਾਂ ਗਲਤ ਨਹੀਂ ਹੋ ਸਕਦੀਆਂ ਇਸ ਲਈ ਵਿਸ਼ਵਾਸ਼ੀਆਂ ਨੂੰ ਮੰਨਣਾ ਪਵੇਗਾ ਕਿ ਜਿਨਾਂ ਲੋਕਾਂ ਨੂੰ ਬੀਤੇ ਦੀਆਂ ਘਟਨਾਵਾਂ ਯਾਦ ਹੁੰਦੀਆਂ ਹਨ, ਉਨ੍ਹਾਂ ਕੋਲ ਸ਼ਕਤੀ ਹੁੰਦੀ ਹੈ ਜੋ ਕਿ ਅਧਿਆਤਮਕ ਤੌਰ ਤੇ ਉੱਚ-ਅਵਸਥਾ ਪ੍ਰਾਪਤ ਲੋਕਾਂ ਕੋਲ ਹੁੰਦੀ ਹੈ। ਅਸਲ ਵਿਚ ਇਹਨਾਂ ਟਾਂਵੇ ਟਾਵੇਂ ਮਸਲਿਆਂ ਨੂੰ ਇਸ ਤਰ੍ਹਾਂ ਸਮਝਿਆ ਜਾਂਦਾ ਹੈ। ਸਾਂਤੀ ਦੇਵੀ ਇਕ ਛੋਟੇ ਜਿਹੇ ਸੰਤ ਦੇ ਬਰਾਬਰ ਹੈ। ਅਜੀਬ ਗੱਲ ਇਹ ਕਿ ਇਸ ਢਹਿੰਦੀ ਕਲਾ ਵਿਚ ਜਾਂਦੀ ਆਧੁਨਿਕ ਸਭਿਅਤਾ ਵਿਚ ਅਗਿਆਨੀ ਲੋਕਾਂ ਵਲੋਂ ਇਹ ਅਧਿਆਤਮਕਤ ਗੁਣ ਪ੍ਰਾਪਤ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ। ਪੁਨਰ-ਜਨਮ ਦੇ ਸਿਧਾਂਤ ਦੇ ਪੜ੍ਹੇ ਲਿਖੇ ਰਖਵਾਲਿਆਂ ਵਿਚੋਂ ਕਿਸੇ ਕੋਲ ਵੀ ਇਹ ਲੋੜੀਦੀ ਧਾਰਮਿਕ  ਸ਼ੁੱਧਤਾ ਨਹੀਂ ਹੁੰਦੀ ਜਿਸ ਨਾਲ ਉਹ ਖੁਦ ਉਸ ਸਚਾਈ ਅਨੁਸਾਰ ਕਰ ਸਕਣ ਜਿਸ ਵਿਚ ਕਿ ਉਹ ਏਨੀ ਦ੍ਰਿੜਤਾ ਨਾਲ ਵਿਸ਼ਵਾਸ਼ ਰਖਦੇ ਹਨ। ਦਿੱਬ-ਦ੍ਰਿਸ਼ਟੀ ਤਾਂ ਸਾਡੇ ਆਧੁਨਿਕ ਸਵਾਮੀਆਂ ਵਿਚ ਵੀ ਨਹੀਂ ਹੈ ਜੋ ਭਾਰਤੀ ਅਧਿਆਤਮਵਾਦ ਦੇ ਠੇਕੇਦਾਰ ਬਣੇ ਹੋਏ ਨੇ। ਇਹ ਬੜੀ ਬਦਕਿਸਮਤੀ ਵਾਲੀ ਗੱਲ ਹੈ। ਕਿਉਂਕਿ ਜਿਨ੍ਹਾਂ ਵਿਚ ਅਧਿਆਤਮਕ ਸ਼ੁੱਧਤਾ ਹੁੰਦੀ ਹੈ ਉਹਨਾਂ ਵਿਚ ਦਿਬ-ਦ੍ਰਿਸ਼ਟੀ ਘੱਟ ਹੀ ਵੇਖਣ ਨੂੰ ਮਿਲਦੀ ਹੈ, ਇਸ ਹੱਤਕ ਭਰੇ ਸਿੱਟੇ ਨੂੰ ਬਲ ਮਿਲਦਾ ਹੈ ਕਿ ਅਗਿਆਨਤਾ ਵਿੱਚੋਂ ਉਪਜਿਆ ਵਹਿਮ ਹੀ ‘‘ਰੱਬੀ ਸ਼ਕਤੀਆਂ’ ਦਾ ਅਧਾਰ ਹੈ। ਅਤੇ ਇਹ ਪੁਰਾਤਨ ਸੁਨਹਿਰੀ ਕਾਲ ਤੱਕ ਚਲਾ ਜਾਂਦਾ ਹੈ ਕਿਉਂਕਿ ਉਸ ਵਕਤ ਬਹੁਤ ਸੰਤ-ਭਗਤ ਹੋਇਆ ਕਰਦੇ ਸਨ ਇਸ

ਲਈ ਉਸ ਵਕਤ ਉਨੀ ਹੈ ਅਗਿਆਨਤਾ ਵੀ ਸੀ।

ਫਿਰ ਵੀ ਦਿੱਬ-ਦ੍ਰਿਸ਼ਟੀ ਦਾ ਸਿਧਾਂਤ ਸਾਡੇ ਸੁਆਲ ਦਾ ਜਵਾਬ ਨਹੀਂ ਹੈ। ਇਹ ਦੱਸਦਾ ਹੈ ਕਿ "ਕਿਉਂ ਕੁਝ ਲੋਕ ਉਹ ਦੇਖ ਸਕਦੇ ਹਨ, ਜੋ ਦੂਸਰਿਆਂ ਨੂੰ ਨਹੀਂ ਦਿੱਸਦਾ। ਪਰ ਇਹ ਨਹੀਂ ਦੱਸਦਾ ਕਿ ਸਾਰਿਆਂ ਨੂੰ ਪੂਰਵਲਾ ਜਨਮ ਯਾਦ ਕਿਉਂ ਨਹੀਂ ਰਹਿੰਦਾ। ਅਗਰ ਸੱਚ-ਮੁੱਚ ਮੇਰੀ ਕੋਈ ਪੂਰਵਲੀ ਜ਼ਿੰਦਗੀ ਸੀ ਤਾਂ ਇਹ ਮੰਨਣ ਦਾ ਕੋਈ ਕਾਰਨ ਨਹੀਂ ਹੈ ਉਸ ਯਾਦ ਰੱਖਣ ਲਈ ਮੈਨੂੰ ਕਿਸੇ ਖਾਸ ਸ਼ਕਤੀ ਦੀ ਲੋੜ ਹੈ। ਇਸ ਨਾਲ ਕੰਮ ਨਹੀਂ ਚਲੇਗਾ ਕਿ 'ਰੂਹਾਨੀ ਲੋਅ'' ਤੇ ਸਰੀਰ ਦੇ ਲਗਾਵ ਨਾਲ ਕੋਈ ਫ਼ਰਕ ਪੈਂਦਾ ਹੈ। ਯਾਦਾਸ਼ਤ ਲਗਾਵ ਦੀ ਨਿਸ਼ਾਨੀ ਹੈ। ਸਾਨੂੰ ਭਾਉਂਦੀਆਂ-ਅਣ-ਭਾਉਂਦੀਆਂ ਚੀਜਾਂ ਯਾਦ ਰਹਿੰਦੀਆਂ ਹਨ। ਗ਼ੈਰ-ਦਿਲਚਸਪ ਗੱਲਾਂ ਛੇਤੀ ਵਿਸਰ ਜਾਂਦੀਆਂ ਹਨ। ਇਸ ਲਈ ਪੂਰਵਲੇ ਮਾਮਲਿਆਂ ਨਾਲੋਂ ਵਧੇਰੇ ਲਗਾਵ ਨੂੰ ਸਾਬਤ ਕਰਦੀ ਹੈ। ਅਸੀਂ ਉਸ ਸਿੱਟੇ ਤੇ ਪਹੁੰਚਣ ਲਈ ਮਜਬੂਰ ਹਾਂ ਕਿ ਜਿੰਨਾ ਜਿੰਦਗੀ ਨਾਲ ਲਗਾਵ ਵਧੇਰੇ ਹੋਵੇਗਾ ਉਨੀਂ ਹੀ ਅਧਿਆਤਮਕ ਲੋਅ ਵਧੇਰੇ ਹੋਵੇਗੀ। ਇਹ ਸਿੱਟਾ ਇਸ ਧਾਰਨਾ ਨੂੰ ਰੱਦ ਕਰਦਾ ਹੈ ਕਿ ਆਮ ਲੋਕ ਪਿਛਲੇ ਜਨਮ ਵਿਚ ਨਹੀਂ ਵੇਖ ਸਕਦੇ। ਕਿਉਂਕਿ ਉਹਨਾਂ ਦੇ ਆਤਮਾ ਰੂਪੀ ਦਰਪਣ ਉਪਰ ਦੇਹ-ਬੰਧਨ ਦੀ ਪਰਛਾਈ ਪਈ ਹੁੰਦੀ ਹੈ। ਆਮ ਤੌਰ ਤੇ ਇਹ ਨਤੀਜਾ ਅਧਿਆਤਮਵਾਦ ਲਈ ਤਬਾਹਕੁੰਨ ਹੈ। ਇਸ ਜੀਵਨ ਨਾਲ ਲਗਾਓ ਹੀ ਨਹੀਂ ਬਲਿਕ ਪੂਰਵਲੇ ਜਨਮ ਦੀ ਯਾਦਾਸ਼ਤ ਨਾਲ ਵੀ ਅਧਿਆਤਮ-ਉਥਲ-ਪੁਥਲ ਦੀ ਨਿਸ਼ਾਨੀ ਹੈ।

ਅਵਤਾਰ ਵਾਦ ਨੂੰ ਤਰਕ-ਸੰਗਤ ਬਣਾਉਣਾ ਅਸੰਭਵ ਹੈ। ਪੁਨਰ-ਜਨਮ ਵਿਸ਼ਵਾਸ਼ ਦੀ ਇਕ ਪੱਧਤੀ ਹੈ, ਜੋ ਕਿ ਅਕਾਲ-ਆਤਮਾ ਦੇ ਕੰਮ-ਚਲਾਊ ਮੰਨ ਵਿਚੋਂ ਉਪਜਦੀ ਹੈ। ਇਹ ਸਾਬਤ ਨਹੀਂ ਹੁੰਦਾ। ਅਧਿਆਤਮਵਾਦ ਦੇ ਯੋਧਿਆਂ ਲਈ ਵਿਗਿਆਨ ਨਾਲ ਆਪਣੇ ਹੀ ਮੈਦਾਨ ਵਿਚ ਲੜਾਈ ਦਾ ਖਤਰਾ ਮੁੱਲ ਲੈਣਾ, ਮੂਰਖਤਾ ਹੈ। ਉਹਨਾਂ ਦਾ ਮੰਤਵ ਹੀ ਬੁਰੀ ਤਰ੍ਹਾਂ ਹਾਰਿਆ ਹੋਇਆ ਹੈ।

ਅਜੇ ਵੀ ਬਹੁਤ ਅਜਿਹੇ ਸੁਆਲ ਹਨ ਜਿਨ੍ਹਾਂ ਦਾ ਉੱਤਰ ਪੁਨਰ-ਜਨਮ ਨੂੰ ਮੰਨਣ ਵਾਲੇ ਨਹੀਂ ਦੇ ਸਕਦੇ। ਮੌਤ ਅਤੇ ਅਗਲੇ ਜਨਮ ਦੇ ਵਿਚਕਾਰ ਕੀ ਹੁੰਦਾ ਹੈ? ਆਤਮਾ ਜਾਂ ਸੂਖ਼ਮ ਸਰੀਰ ਨਵੀਂ ਦੇਹ ਵਿਚ ਪ੍ਰਵੇਸ਼ ਕਿਵੇਂ ਕਰਦਾ ਹੈ? ਆਪਣੀ ਉਤਪਤੀ ਦੇ ਕਿਸ ਪੜਾਅ ਉਪਰ ਭਰੂਣ ਨੂੰ ਆਤਮਾ ਪ੍ਰਾਪਤ ਹੁੰਦੀ ਹੈ। ਅਗਲੇ ਸਰੀਰ ਦੀ ਚੋਣ ਕਿਵੇਂ ਹੁੰਦੀ ਹੈ? ਇਹ ਸੁਆਲ ਹਨ ਜੋ ਅੰਧ-ਵਿਸ਼ਵਾਸ਼ੀਆਂ ਤੋਂ ਬਿਨਾਂ ਕਿਸੇ ਦੇ ਮਨ ਵਿਚ ਵੀ ਉੱਠਦੇ ਹਨ। ਰਵਾਇਤੀ ਉਤਰਾਂ ਵਿਚੋਂ ਕੋਈ ਵੀ ਵਿਗਿਆਨਕ ਕਸੌਟੀ ਤੇ ਖਰਾਂ ਨਹੀਂ ਉੱਤਰਦਾ। ਜਿਨ੍ਹਾਂ ਚਿਰ ਇਹ ਤੇ ਬਾਕੀ ਢੁਕਵੇਂ ਸੁਆਲਾ ਦੇ ਉੱਤਰ ਨਾ ਦਿੱਤੇ ਜਾਣ, ਪੁਨਰ-ਜਨਮ ਦੇ ਸਿਧਾਂਤ ਸਿੱਧ ਕਰ ਸਕਣ ਵਾਲਾ ਸਿਧਾਂਤ ਮੰਨਣਾ ਸਿੱਧਾ ਰੂੜ੍ਹੀਵਾਦ ਹੋਵੇਗਾ। ਵਿਗਿਆਨ ਦੀ ਮਨੋ-ਇੱਛਤ ਹਾਰ ਉਤੇ ਰਹੱਸਮਈ ਖੁਸ਼ੀ ਨਿਰ੍ਹਾ ਰੂੜ੍ਹੀਵਾਦ ਹੈ। ਜੇਕਰ ਪੁਨਰ-ਜਨਮ ਅਤੇ ਹੋਰ ਰੂਹਾਨੀ-ਵਿਸ਼ਵਾਸ਼ ਠੋਸ ਹਕੀਕਤਾਂ ਦੇ ਪਰਖੇ ਜਾਣ ਵਾਲੇ ਗਿਆਨ ਉਪਰ ਆਧਰਤ ਹਨ ਤਾਂ ਫਿਰ ਵਿਗਿਆਨ ਦੇ ਖ਼ਿਲਾਫ਼ ਇਹ ਜਹਾਦ ਕਿਸ ਲਈ? ਵਿਗਿਆਨ ਵਿਚ ਕਿਸੇ ਚੀਜ਼ ਦਾ ਅੰਤ ਨਹੀਂ। ਇਹ ਪੂਰਨਤਾ ਦਾ ਦਾਅਵਾ ਨਹੀਂ ਕਰਦੀ। ਇਹ ਪ੍ਰਮਾਣਿਤ ਤੱਥਾਂ ਨੂੰ ਨਕਾਰਨ ਵਿਚ ਨਹੀਂ ਹਿਚਕਚਾਉਂਦੀ ਜੇਕਰ ਉਹਨਾਂ ਨੂੰ ਠੋਸ ਤੱਥਾਂ ਨਾਲ ਝੁਠਲਾ ਦਿੱਤਾ ਜਾਵੇ। ਅਗਰ ਪੁਨਰ-ਜਨਮ ਨੂੰ ਇਕ ਤੱਥ ਵਜੋਂ ਸਾਬਤ ਕਰ ਦਿੱਤਾ ਜਾਵੇ, ਵਿਗਿਆਨ ਮੰਨਣ ਲਈ ਤੱਤਪਰ ਹੈ। ਸਿਰਫ ਇਹ ਕਿਸੇ ਦੀ ਚੀਜ਼ ਨੂੰ ਬਿਨਾਂ ਦੇਖੇ ਮੰਨਣ ਲਈ ਤਿਆਰ ਨਹੀਂ ਹੈ। ਰੂਹਾਨੀ ਲੋਕ ਇਹ ਤਾਂ ਨਹੀਂ ਕਹਿੰਦੇ ਕਿ ਜੀਵਨ-ਪ੍ਰਤੀ ਉਨ੍ਹਾਂ ਦਾ ਦ੍ਰਿਸ਼ਟੀ ਕੋਣ ਵਿਗਿਆਨਕ ਹੈ। ਉਨ੍ਹਾਂ ਦਾ ਨਿਸ਼ਾਨਾ ਹੈ ਕਿ ਵਿਗਿਆਨ ਬਕਵਾਸ ਹੈ। ਵਿਗਿਆਨ ਦੇ ਵਿਰੁੱਧ ਜਹਾਦ ਦਾ ਕਾਰਨ ਹੈ ਕਿ ਇਹ ਜੀਵਨ ਨੂੰ ਦਰਸਾਉਣ ਲਈ ਰੂਹਾਨੀ ਦੂਤਾਂ ਦੀ ਧਾਰਨਾਂ ਨੂੰ ਖ਼ਾਰਜ਼ ਕਰਦੀ ਹੈ। ਅਤੇ ਰੂਹਾਨੀਅਤ ਦਾ ਅਧਾਰ ਹੀ ਇਸ ਵਿਚ ਵਿਸ਼ਵਾਸ਼ ਹੈ। ਦੇਹ-ਮੁਕਤ ਆਤਮਾ ਰੂਹਾਨੀ ਸ੍ਰੈਣੀ ਵਿਚ ਆਉਂਦੀ ਹੈ। ਇਹ ਕੁਦਰਤ ਦੇ ਨੇਮਾਂ ਤੋਂ ਉਪਰ ਅਤੇ ਬਾਹਰ ਹੈ। ਵਿਗਿਆਨ ਫਰਜ਼ੀ ਤੌਰ ਤੇ ਹਰ ਹਾਲਤ ਵਿਚ ਉਸ ਸਾਰੀ ਪ੍ਰਕਿਰਿਆ ਦੀ ਵਿਆਖਿਆ ਕਰਨਾ ਹੈ ਜੋ ਇਸ ਤੋਂ ਮੁਨਕਰ ਹੈ। ਵਿਗਿਆਨ ਮਾਨਤਾ ਨੇਮ-ਚਲਾਊ ਧਾਰਨਾਂ ਨਹੀਂ ਹੁੰਦੀ। ਇਹ ਤਰਕ ਨਾਲ ਵਿਖਾਈ ਜਾ ਸਕਣ ਵਾਲੀ ਅਤੇ ਪਰਖੀ ਜਾ ਸਕਣ ਵਾਲੀ ਹੁੰਦੀ ਹੈ। ਜੇਕਰ ਫਰਜ਼ ਕੀਤੀਆਂ ਸਫਾਈਆਂ ਜਾਂਚ ਅਤੇ ਤਜ਼ਰਬੇ ਉਪਰ ਪੂਰੀਆਂ ਨਾ ਉਤਰਨ ਤਾਂ ਵਿਗਿਆਨ ਦੂਸਰੀ ਸਫਾਈ ਦੀ ਤਲਾਸ਼ ਕਰਦਾ ਹੈ। ਇਕੱਲਤਾਵਾਂ ਨਿਸਚਤ ਤੌਰ 'ਤੇ ਕਿਸੇ ਨੇਮ ਨੂੰ ਝੂਠਾ ਸਾਬਤ ਨਹੀਂ ਕਰਦੀਆਂ। ਇਸ ਤੋਂ ਇਲਾਵਾਂ ਨੇੜਿਓ ਬਾਰੀਕਬੀਨੀ ਨਾਲ ਜਾਂਚ ਪੜਤਾਲ ਕੀਤਿਆਂ ਅਕਸਰ ਇਕੱਲਤਾਵਾਂ, ਇਕੱਲਤਾਵਾਂ ਨਹੀਂ ਰਹਿੰਦੀਆਂ। ਪੁਨਰ-ਜਨਮ ਦੇ ਸੁਆਲ ਉੱਪਰ ਵਿਗਿਆਨ, ਅਗਿਆਨ ਤੇ ਵਹਿਮ ਦੇ ਰੂਹਾਨੀ ਵਿਖਾਵੇ ਦੀ ਵੰਗਾਰ ਤੋਂ ਵਿਚਲਤ ਨਹੀਂ ਹੈ। ਇਹ ਅਸਾਨੀ ਨਾਲ ਸ਼ਾਂਤੀ ਦੇਵੀ ਵਰਗੀਆਂ ਮਨ-ਘੜਤ ਕਹਾਣੀਆਂ ਨੂੰ ਝੁਠਲਾ ਸਕਦਾ ਹੈ। ਅਗਿਆਨਤਾ 'ਤੇ ਅਧਾਰਤ



ਝੂਠੇ ਵਿਸ਼ਵਾਸ਼ ਦੇ ਮਾਹੌਲ ਵਿਚ ਹੋਈ ਉਤਪਤੀ ਬਾਰੇ ਪ੍ਰਗਟਾਵਾ ਕਰ ਸਕਦਾ ਹੈ। ਇਹ ਰੂਹਾਨੀ ਦ੍ਵੈਸ਼ ਵਿਰੁੱਧ ਆਪਣਾ ਬਚਾਅ ਕਰ ਸਕਦਾ ਹੈ। ਵਿਗਿਆਨ ਨਾਲ ਆਪਣੇ ਹੀ ਮੈਦਾਨ ਵਿਚ ਲੜਾਈ ਲੜ ਕੇ ਅਧਿਆਤਮਵਾਦ ਬੁਰੀ ਹਾਰ ਖਾਂਦਾ ਹੈ। ਹਮਲਾ ਹਮੇਸ਼ਾ ਸਭ ਤੋਂ ਅੱਛਾ ਬਚਾਓ ਨਹੀਂ ਹੁੰਦਾ। ਕਈ ਵਾਰੀ ਇਹ ਬਿਲਕੁਲ ਅਹਿਮਕਾਨਾ ਤੇ ਤਬਾਹਕੁੰਨ ਹੁੰਦਾ ਹੈ। ਵਿਗਿਆਨ ਵਿਰੁੱਧ ਰੂਹਾਨੀ ਜਹਾਦ ਦਾ ਇਹੋ ਮਮਲਾ ਹੈ।

ਦੂਜੇ ਪਾਸੇ ਵਿਗਿਆਨ ਅਤੇ ਤਰਕਵਾਦ ਲੜਾਈ ਨੂੰ ਜੇਤੂ ਢੰਗ ਨਾਲ ਦੁਸ਼ਮਣ ਦੇ ਇਲਾਕੇ ਵਿਚ ਲਿਜਾ ਸਕਦੇ ਹਨ। ਤਰਕਵਾਦੀ ਸੋਚ ਰੂਹਾਨੀਅਤ ਨੂੰ ਵਿਗਿਆਨ ਨਾਲ ਵਿਗਿਆਨ ਦੇ ਘਰ ਵਿਚ ਮੱਥਾ ਲਾਉਣ ਲਈ ਨਹੀਂ ਵੰਗਾਰਦੀ। ਇਹ ਰੂਹਾਨੀ ਵਿਚਾਰਧਾਰਾ ਦੀਆਂ ਗਲਤੀਆਂ ਦਾ ਪਰਦਾਫਾਸ਼ ਕਰਦੀ ਹੈ ਤੇ ਇਸ ਨੂੰ ਆਪਣੀ ਸਫ਼ਾਈ ਦੇ ਬਲਬੂਤੇ ਰੱਦ ਕਰਦੀ ਹੈ। ਪੁਨਰ-ਜਨਮ ਵਿਚ ਵਿਸ਼ਵਾਸ਼ ਦੀ ਵਜਹਾ ਨਾਲ ਜੋ ਉਪਰ ਦਿੱਤੇ ਸੁਆਲ ਉਠਦੇ ਹਨ, ਅਧਿਆਤਮਵਾਦ ਉਹਨਾਂ ਦੀ ਵੰਗਾਰ ਨੂੰ ਸਵੀਕਾਰ ਕਰੇ। ਸੂਖ਼ਮ-ਸਰੀਰ ਦਾ ਵਿਚਾਰ ਪੁਨਰ-ਜਨਮ ਦੇ ਸਿਧਾਂਤ ਵਿਚ ਨਹਿਤ ਹੈ। ਇਕ ਗੱਲ ਲਈ, ਇਹ ਵਿਚਾਰ ਦੇਹ-ਮੁਕਤ ਆਤਮਾ ਦੀ ਚਾਹਤ ਨੂੰ ਰੱਦ ਕਰਦਾ ਹੈ, ਇਸ ਦਾ ਮਤਲਵ ਹੈ ਕਿ ਆਤਮਾ ਸਰੀਰ ਦੇ ਨਾਲ ਹੈ। ਦੂਜੇ ਪਾਸੇ ਜੇਕਰ ਸੂਖ਼ਮ ਸਰੀਰ ਕੋਈ ਹਕੀਕਤ ਹੁੰਦੀ ਤਾਂ ਇਹ ਧਾਰਨਾ ਇਕ ਨਿਯਮ ਦੇ ਰੂਪ ਵਿਚ ਬਿਲਕੁਲ ਠੀਕ ਹੁੰਦਾ। ਫਿਰ ਭੌਤਿਕ ਵਿਧੀ ਗ਼ੈਰ-ਰੂਹਾਨੀ ਖਾਕੇ ਵਿਚ ਭੌਤਿਕ ਢਾਂਚਾ ਇਕ ਵਾਧੂ ਚੀਜ਼ ਹੈ। ਫਿਰ ਮਰਦ ਤੇ ਇਸਤਰੀਆਂ ਨਹੀਂ ਸਨ ਹੋਣੇ। ਕਿਸੇ ਵੀ ਹਾਲਤ ਵਿਚ ਮਰਦਾਂ ਤੋਂ ਤਾਂ ਛੁਟਕਾਰਾ ਪਾਇਆ ਹੀ ਜਾ ਸਕਦਾ ਸੀ ਸੰਤਾ ਅਵਤਾਰਾ ਦੇ ਮਾਮਲੇ ਵਿਚ ਸਾਰੇ ਸੂਖ਼ਮ ਸਰੀਰ ਮਾਂ ਦੇ ਗਰਭ ਵਿਚ ਦਾਖਲ ਹੋ ਸਕਦੇ ਹਨ। ਘੁਮੰਡੀ ਮਰਦ ਲਈ ਇਹ ਕਿੰਨੀ ਮਾੜੀ ਘਟਨਾ ਹੁੰਦੀ! ਅਤੇ ਤੀਵੀ ਲਈ ਕਿੰਨੀ ਨਿਰਾਸ਼ਾ ਜਨਕ ਹੋਂਦ ਹੁੰਦੀ ਪਿਆਰ ਦੀ ਖੁਸ਼ੀ ਮਾਣੇ ਬਿਨਾਂ ਹੀ ਜਨਮ-ਪੀੜਾ ਸਹਿਣੀ ਪੈਂਦੀ, ਜੋ ਇਸ ਨੂੰ ਇਸ ਯੋਗ ਬਣਾਉਦੀ ਹੈ। ਮੈਨੂੰ ਹੈਰਾਨੀ ਹੁੰਦੀ ਹੈ ਕਿੰਨੀਆਂ ਕੁ ਸਧਾਰਨ ਤੀਵੀਆਂ ਬਿਨਾਂ ਪਤੀ ਤੋਂ ਕੁਆਰੀ ਮਾਂ ਬਣਨਾ ਪਸੰਦ ਕਰਨਗੀਆਂ। ਫਿਰ ਵੀ ਕੁਦਰਤ ਪ੍ਰਮਾਤਮਾ ਦੀ ਮਰਜੀ ਜਾਂ ਉਸ ਤੋਂ ਬਿਨਾਂ ਅਜਿਹੀ ਸ਼ੈਤਾਨ ਨਹੀਂ ਹੈ। ਕਿਸੇ ਨਵੇਂ ਜੀਅ ਦੀ ਰਚਨਾ ਇਕ ਭੌਤਿਕ ਪ੍ਰਕਿਰਿਆ ਹੈ ਜੋ ਸੂਖ਼ਮ ਸਰੀਰ ਦੇ ਭਰੂਣ ਵਿਚ ਪ੍ਰਵੇਸ਼ ਹੋਣ ਤੋਂ ਲੈ ਕੇ ਮਨੁੱਖੀ ਬਣਤਰ ਦੀ ਪੜਾਅ ਵਾਰ ਉੱਤਪਤੀ ਦੀ ਸਾਰੀ ਵਿਆਖਿਆ ਕਰਦਾ ਹੈ। ਨਵਾਂ ਜੀਅ ਜਿੰਨਾ ਚਿਰ ਮਾਤਾ ਦੇ ਗਰਭ ਤੋਂ ਬਾਹਰ ਨਾ ਆ ਜਾਵੇ ਇਸ ਦਾ ਬਾਹਰੀ ਦੁਨੀਆਂ ਨਾਲ ਕੋਈ ਸੰਪਰਕ ਨਹੀਂ ਹੁੰਦਾ। ਸਾਰੇ ਰੂਹਾਨੀ ਗੁਣਾਂ ਦਾ ਅਧਾਰ ਜੀਵਨ ਹੀ ਹੈ। ਨਿਰਜਿੰਦ ਤਾਂ ਵਸਤੂ ਹੀ ਹੁੰਦੀ ਹੈ। ਜੀਵਾਂ ਨੂੰ ਵਸਤੂਆਂ ਤੋਂ ਨਿਖੇੜਨ ਵਾਲੀ ਚੀਜ ਦਾ ਨਾਂ ਜੀਵਨ ਹੈ, ਜੋ ਕਿ ਇਕ ਰਸਾਇਣਕ ਪ੍ਰਕਿਰਿਆ ਹੈ। ਅੰਡੇ ਨਾਲ ਸਪਰਮ ਦੇ ਮੇਲ ਹੋਣ ਤੇ ਇਕ ਨਵਾਂ ਜੀਅ ਪੈਦਾ ਹੁੰਦਾ ਹੈ। ਆਤਮਾ ਕਿਥੋਂ ਆ ਵੜਦੀ ਹੈ? ਜੇਕਰ ਇਹ ਇਕ ਦੇਹ-ਮੁਕਤ ਆਤਮਾ ਹੈ ਤੇ ਇਸ ਦੇ ਅਜੀਬ ਤਾਰੀਕੇ ਵਿਗਿਆਨ ਦੀ ਸਮਝ ਤੋਂ ਬਾਹਰ ਹਨ। ਅੱਛਾ, ਇਸ ਨੂੰ ਇਸੇ ਤਾਰੀਕੇ ਨਾਲ ਲੈਂਦੇ ਹਾਂ। ਤਾਂ ਫਿਰ ਪੁਨਰ-ਜਨਮ ਦੇ ਸਿਧਾਂਤ ਨੂੰ ਤਿਆਗਣਾ ਹੋਵੇਗਾ ਕਿਉਂਕਿ ਇਸ ਦਾ ਸੂਖ਼ਮ ਸਰੀਰ ਤੋਂ ਬਿਨਾਂ ਕੋਈ ਗੁਜਾਰਾ ਨਹੀਂ ਹੈ ਤੇ ਉਹ ਸਪੱਸ਼ਟ ਤੌਰ 'ਤੇ ਦੇਹ-ਮੁਕਤ ਨਹੀਂ ਹੈ।

ਰੂਹਾਨੀ ਮਰਹਮ ਵਿਚ ਅਜੇ ਵੀ ਮੱਖੀ ਮੌਜੂਦ ਹੈ। ਨਵੇਂ ਜੀਅ ਦਾ ਜਨਮ ਦੋ ਚੀਜਾਂ ਦੇ ਮੇਲ ਤੋਂ ਹੁੰਦਾ ਹੈ, ਅੰਡਾ ਤੇ ਸਪਰਮ। ਜੇਕਰ ਹਰ ਇਕ ਜਿੰਦਾ ਸ਼ਰੀਰ ਇਕ ਆਤਮਾ ਦਾ ਘਰ ਹੈ, ਜਾਂ ਦੂਸਰੇ ਸ਼ਬਦਾਂ ਵਿਚ ਜੇਕਰ ਆਤਮਾ ਦੀ ਮੌਜੂਦਗੀ ਜੀਵਨ-ਚੱਕਰ ਦਾ ਕਾਰਨ ਹੈ ਤਾਂ ਫਿਰ ਗਰਭ-ਧਾਰਨ ਵਿਚ ਦੋ ਆਤਮਾਵਾਂ ਦੀ ਸ਼ਮੂਲੀਅਤ ਹੁੰਦੀ ਹੈ, ਜਿਸ ਦਾ ਨਤੀਜਾ ਇਕ ਸ਼ਰੀਰ ਹੁੰਦਾ ਹੈ। ਦੂਸਰੀ ਆਤਮਾ ਦਾ ਫਿਰ ਕੀ ਹੁੰਦਾ ਹੈ? ਹੋਣ ਵਾਲੇ ਨਵੇਂ ਘਰ ਦੀ ਦੋਹਾਂ ਜੂਝ ਰਹੀਆਂ ਆਤਮਾਵਾਂ ਵਿੱਚ ਕਿਸ ਨੂੰ ਮਲਕੀਅਤ ਮਿਲਦੀ ਹੈ? ਪੁਨਰ-ਜਨਮ ਧਾਰਨ ਲਈ ਭਾਲਦੀਆਂ ਦੋਹਾਂ ਆਤਮਾਂਵਾ ਦੇ ਘੋਲ ਦਾ ਨਿਤਾਰਾ ਕਿਵੇਂ ਹੁੰਦਾ ਹੈ? ਪੁਨਰ-ਜਨਮ ਦੇ ਸਿਧਾਂਤ ਦੀ ਵਿਗਿਆਨਕ ਵਿਆਖਿਆ ਉਤਨਾ ਚਿਰ ਮੰਨੀ ਨਹੀਂ ਜਾ ਸਕਦੀ। ਜਿੰਨਾ ਚਿਰ ਇਹਨਾਂ ਪ੍ਰਸ਼ਨਾਂ ਦਾ ਵਿਗਿਆਨਕ ਉੱਤਰ ਨਾ ਦਿੱਤਾ ਜਾਵੇ। ਕਹਿਣ ਦਾ ਮਤਲਬ ਹੈ ਕਿ ਜਿੰਨਾ ਇਸ ਦੇ ਅਜਿਹੇ ਉੱਤਰ ਨਹੀਂ ਮਿਲਦੇ ਜੋ ਕਿ ਨਿਯਤੰਰਣ ਅਧੀਨ ਵਿਗਿਆਨਕ ਪੜਤਾਲ ਦਾ ਸਾਹਮਣਾ ਕਰ ਸਕਦੀ।

ਦੋ ਜੀਵਤ ਹਸਤੀਆਂ ਇਕ ਨਵੇਂ ਜੀਅ ਦੇ ਨਿਰਮਾਣ ਲਈ ਮਿਲਦੀਆਂ ਹਨ, ਅਲੱਗ ਅਲੱਗ ਸਰੀਰਾਂ ਵਿਚੋਂ ਆਉਂਦੀਆਂ ਹਨ। ਜੇਕਰ ਉਹ ਕਿਸੇ ਯਾਦ ਦੇ ਕੋਈ ਨਿਸ਼ਾਨ ਨਾਲ ਲੈ ਕੇ ਆਉਣਗੀਆਂ ਤਾਂ ਇਹ ਉਹਨਾਂ ਦੇ ਪਿਤਰੀ ਸਰੀਰ ਦੀ ਯਾਦ ਵਿਚੋਂ ਹੋਣਗੇ। ਇਹ ਉਹਨਾਂ ਸਰੀਰਾਂ ਵਿਚ ਪਲੀਆਂ ਹੋਣ ਕਰਕੇ ਬਾਹਰੀ ਜਾਣਕਾਰੀ ਦੀ ਜਗ੍ਹਾ ਵੀ ਹੋ ਸਕਦੀਆਂ ਹਨ। ਸਾਇੰਸ ਦੀ ਖੋਜ ਅਨੁਸਾਰ ਪਿਤਰੀ ਗੁਣ, ਮਾਨਸਿਕ, ਭਾਵਨਾਤਮਿਕ ਤੇ ਉਵੇਂ ਹੀ ਸ਼ਰੀਰਕ ਇਸ ਢੰਗ ਨਾਲ ਵਿਰਾਸਤ ਵਿਚ ਪ੍ਰਾਪਤ ਹੁੰਦੇ ਹਨ। ਪਰ ਘਟਨਾਂਵਾਂ ਦੀ ਯਾਦਾਸ਼ਤ ਉਸ ਵਿਰਾਸਤ ਦਾ ਹਿੱਸਾ ਨਹੀਂ ਹਨ। ਜਿਸ ਨੂੰ ਮਨੁੱਖ ਦੀ ਉੱਤਪਤੀ ਤੇ ਵਿਕਾਸ ਤੱਕ ਵੇਖਿਆ ਜਾ

ਸਕਦਾ ਹੈ। ਕਿਸੇ ਵੀ ਮਨੁੱਖੀ ਜੀਵ ਦਾ ਪੂਰਵਲਾ ਜਨਮ ਦੋ ਥਾਵਾਂ ਤੇ ਜੀਵਿਆ ਜਾਂਦਾ ਹੈ। ਮਾਂ ਅਤੇ ਉਸੇ ਤਰ੍ਹਾਂ ਪਿਤਾ ਦੇ ਸਰੀਰ ਵਿਚ। ਇਹ ਛੋਟੇ ਛੋਟੇ ਵਿਸਾਣੂੰਆਂ ਦੇ ਰੂਪ ਵਿਚ ਹੁੰਦਾ ਹੈ। ਜਿੰਨਾ ਦਾ ਕੋਈ ਦਿਮਾਗ਼ ਨਹੀਂ ਹੁੰਦਾ ਅਤੇ ਇਹਨਾਂ ਦੀ ਕੋਈ ਯਾਦ ਵੀ ਨਹੀਂ ਹੋ ਸਕਦੀ। ਕਿਸੇ ਵੀ ਹਾਲਤ ਵਿਚ ਪਿਛਲਾ ਜਨਮ ਦੋ ਅਲੱਗ ਅਲੱਗ ਸਰੀਰਾਂ ਦੀਆਂ ਪ੍ਰਜਣਣ ਨਾੜੀਆਂ ਵਿਚ ਜੀਵਿਆ ਹੋਣ ਕਰਕੇ ਪਿਛਲੇ ਮਨੁੱਖੀ ਜਾਮੇ ਵਿਚ ਵਾਪਰੀਆਂ ਘਟਨਾਵਾਂ ਨੂੰ ਯਾਦ ਰੱਖਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਇਹ ਵਿਗਿਆਨਕ ਗਿਆਨ ਦੀ ਸੀਮਾ ਤੋਂ ਬਾਹਰ ਹੈ।

ਨਵੇਂ ਜੀਵ ਦੇ ਜਨਮ ਦੀ ਪ੍ਰਕਿਰਿਆ ਵਿਚ ਅਜੇ ਇਕ ਹੋਰ ਤੱਥ ਵੀ ਹੈ ਜੋ ਪੁਨਰ-ਜਨਮ ਦੇ ਸਿਧਾਂਤ ਦੇ ਪੈਰੋਕਾਰਾਂ ਦੇ ਕੇਸ ਨੂੰ ਵਚਿੱਤਰ ਬਣਾ ਦਿੰਦਾ ਹੈ। ਜੀਵ ਨੂੰ ਬਾਹਰੋਂ ਕਿਤੋਂ ਟੀਕੇ ਨਾਲ ਅੰਦਰ ਨਹੀਂ ਦਾਖਲ ਕੀਤਾ ਜਾਂਦਾ। ਇਹ ਪਿਤਰੀ-ਸਰੀਰਾਂ ਤੋਂ ਵਿਰਾਸਤ ਵਿਚ ਮਿਲਦਾ ਹੈ। ਮਾਮਲਾ ਇਸ ਤਰ੍ਹਾਂ ਹੋਣ ਤੇ ਪੁਨਰ-ਜਨਮ ਦੀ ਤਲਾਸ਼ ਵਿਚ ਜੋ ਆਤਮਾਵਾਂ ਹੁੰਦੀਆਂ ਆਪਣੇ ਆਪ ਨਵੇਂ ਸ਼ਰੀਰ ਵਿਚ ਦਾਖਲ ਨਹੀਂ ਹੋ ਸਕਦੀਆਂ ਅਤੇ ਨਾ ਹੀ ਉਹ ਆਪਣੀ ਦੁਨਿਆਵੀ ਰਿਹਾਇਸ਼ ਦੀ ਚੋਣ ਹੀ ਕਰ ਸਕਦੀਆਂ ਹਨ। ਉਹਨਾਂ ਨੂੰ ਪਿਤਰੀ ਸਰੀਰਾਂ ਵਿਚ ਦਾਖਲ ਹੋ ਕੇ ਨਵੇਂ ਜਨਮ ਲਈ ਮੌਕੇ ਦੀ ਇੰਤਜ਼ਾਰ ਕਰਨੀ ਹੋਵੇਗੀ। ਪਰ ਵਿਸ਼ਾਣੂ ਪਿੱਤਰੀ ਸਰੀਰਾਂ ਵਿਚ ਪੈਦਾ ਹੁੰਦੇ ਹਨ। ਇਸ ਲਈ ਉਹਨਾਂ ਵਿਚ ਵਾਸ ਕਰਨ ਲਈ ਬਾਹਰੋਂ ਆਉਣ ਵਾਲੀਆਂ ਆਤਮਾਵਾਂ ਇਕ ਭੁਲੇਖਾ ਹੈ ਪਰ ਅਜੇ ਵੀ ਜੋ ਹੋਰ ਵੱਚਿਤਰ ਹੈ, ਮੰਨ ਲਉ ਕਿ ਆਤਮਾਵਾਂ ਬਾਹਰੋਂ ਆਉਂਦੀਆਂ ਹਨ, ਤਾਂ ਹਰ ਆਤਮਾ ਨੂੰ ਆਪਣੇ ਆਪ ਨੂੰ ਦੋ ਹਿੱਸਿਆ ਵਿਚ ਵੰਡਣਾ ਪਵੇਗਾ। ਅੱਧਾ-ਹਿੱਸਾ ਮਾਂ ਦੇ ਸਰੀਰ ਵਿਚ ਅਤੇ ਦੂਸਰਾ ਅੱਧਾ ਪਿਤਾ ਦੇ ਸਰੀਰ ਵਿਚ। ਨਹੀਂ ਤਾਂ ਨਵਾਂ ਘਰ ਮਲੱਣ ਦੀ ਲੜਾਈ ਨੂੰ ਟਾਲਿਆ ਨਹੀਂ ਜਾ ਸਕਦਾ। ਪਰ ਫਿਰ ਵੀ ਇਕ ਨਵੀਂ ਸਮੱਸਿਆ ਖੜ੍ਹੀ ਹੋ ਜਾਂਦੀ ਹੈ। ਇਸ ਦੀ ਕੀ ਗਰੰਟੀ ਹੈ ਕਿ ਗਰਭ-ਧਾਰਨ ਸਮੇਂ ਦੋਵੇਂ ਵੱਖਰੇ ਹਿੱਸੇ ਇਕੱਠੇ ਹੋ ਸਕਣਗੇ?

ਮਾਸਿਕ-ਧਰਮ ਦੀ ਅਵਸਥਾ ਵਿਚ ਸਰੀਰ ਵਿਚ ਬੇਇੰਤਹਾ ਵਿਧਾਣੂੰ ਪੈਦਾ ਹੁੰਦੇ ਹਨ। ਜਿਨ੍ਹਾਂ ਵਿਚੋਂ ਬਹੁਤ ਘੱਟ ਨਵੇਂ ਜੀਅ ਦੀ ਪੈਦਾਇਸ ਵਿਚ ਸ਼ਾਮਿਲ ਹੁੰਦੇ ਹਨ। ਇਸ ਹਾਲਤ ਵਿਚ ਦੋ ਹਿੱਸਿਆ ਵਿਚ ਵੰਡੀ ਆਤਮਾ ਦੀ ਇਕ ਸਰੀਰ ਵਿਚ ਇਕੱਠੇ ਹੋਣ ਦੀ ਸੰਭਾਵਨਾ ਬਹੁਤ ਘੱਟ ਰਹਿ ਜਾਂਦੀ ਹੈ। ਇਥੇ ਪੁਨਰ-ਅਵਤਾਰੀ ਵਿਗਿਆਨਕ ਇਕ ਗੱਲ ਸਿੱਧ ਕਰ ਸਕਦਾ ਸੀ। ਕਿ ਆਮ ਤੌਰ ਤੇ ਪੂਰਵਲਾ ਜਨਮ ਚੰਗੀ ਤਰ੍ਹਾਂ ਯਾਦ ਨਹੀਂ ਰਹਿੰਦਾ, ਕਿਉਕਿ ਬਹੁਤ ਘੱਟ ਹੀ ਅਜਿਹੇ ਕੇਸ ਹੁੰਦੇ ਹਨ ਜਿਨ੍ਹਾਂ ਵਿਚੋਂ ਇਹ ਸੰਭਵ ਹੁੰਦਾ ਹੈ। ਪਰ ਇਸ ਨੁੱਕਤੇ ਨੂੰ ਸਿੱਧ ਕਰਨ ਲਈ, ਜੋ ਆਪਣੇ ਆਪ ਵਿਚ ਏਨਾ ਮਜਬੂਤ ਨਹੀਂ ਉਸ ਨੂੰ ਆਪਣਾਂ ਸਾਰਾ ਪੱਖ ਹੀ ਗੁਆਉਣਾ ਪੈਣਾ ਹੈ। ਉਸ ਨੂੰ ਇਹ ਮੰਨਣਾ ਪੈਣਾ ਹੈ ਕਿ ਪੁਨਰ-ਜਨਮ ਪ੍ਰਤੱਖ ਨਹੀਂ ਹੈ। ਅਤੇ ਫਿਰ ਉਸ ਨੂੰ ਸਾਬਤ ਕਰਨਾ ਹੋਵੇਗਾ ਕਿ ਵਿਸਾਣੂੰ ਪੁਨਰ-ਜਨਮ ਪ੍ਰਾਪਤ ਕਰਨ ਵਾਲੀਆਂ ਆਤਮਾਵਾਂ ਦਾ ਘਰ ਹੁੰਦੇ ਹਨ। ਚਲੋਂ ਉਸ ਨੂੰ ਆਪਣੇ ਕੇਸ ਦੀ ਪੈਰਵਾਈ ਕਰਨ ਦਿਉ, ਅਤੇ ਅਸੀਂ ਆਪਣੀ ਦਲੀਲ ਦੀ ਗੱਲ ਕਰਦੇ ਹਾਂ।

ਇਹ ਤਾਂ ਪਤਾ ਹੈ ਕਿ ਇਕ ਨਵੇਂ ਜੀਅ ਦੀ ਉੱਤਪਤੀ ਦੀ ਪ੍ਰਕਿਰਿਆ ਵਿਚ ਬਹੁਤ ਸਾਰੇ ਵਿਸ਼ਾਣੂੰ ਮਰ ਜਾਂਦੇ ਹਨ। ਜੇ ਕਰ ਕੁਆਰੇਪਨ ਦੇ ਸਮੇਂ ਜਮਾਂ ਹੁੰਦੇ ਰਹਿੰਦੇ ਹਨ ਤਾਂ ਜੋ ਕਿ ਅਕਸਰ ਅਜਮਾਉਣ ਨਾਲੋਂ ਮੰਨਿਆ ਵਧੇਰੇ ਜਾਂਦਾ ਹੈ, ਉਹ ਦਿਮਾਗ਼ ਵਿਚ ਪੈਦਾ ਹੁੰਦੇ ਹਨ। ਉਥੇ ਹੀ ਉਹ ਕਾਮ-ਜਗਾਉਂਦੇ ਰਹਿੰਦੇ ਹਨ, ਜਿਸ ਦਾ ਪੈਦਾ ਹੋਣਾ ਰੂਹਾਨੀ ਉਥਾਨ ਦਾ ਰਸਤਾ ਨਹੀਂ ਹੈ, ਸਗੋਂ ਮਾਨਸਿਕ ਅਸੰਤੁਲਨ ਦੀ ਵਜ੍ਹਾ ਹੈ। ਉਹਨਾਂ ਆਤਮਾਂਵਾਂ ਜਾਂ ਅਰਧ-ਆਤਮਾਂਵਾਂ ਨੂੰ ਫਿਰ ਕੀ ਵਾਪਰਦਾ ਹੈ, ਜਿਨ੍ਹਾਂ ਦੀ ਦੁਬਾਰਾ ਜਨਮ ਲੈਣ ਦੀ ਉਮੀਦ ਇਸ ਤਰ੍ਹਾਂ ਬਰਬਾਦ ਹੋ ਜਾਂਦੀ ਹੈ? ਉਹ ਦੂਸਰੇ ਮੌਕੇ ਦੀ ਤਲਾਸ਼ ਵਿਚ ਨਵੇਂ-ਵਿਸ਼ਾਣੂੰਆਂ ਵਿਚ ਦਾਖਲ ਨਹੀਂ ਹੋ ਸਕਦੀਆਂ ਹਰ ਇਕ ਨਵਾਂ ਵਿਸ਼ਾਣੂੰ ਇਕ ਮੁਕੰਮਲ ਜੀਵ ਹੁੰਦਾ ਹੈ। ਇਸ ਦੀ ਆਪਣੀ ਆਤਮਾ ਹੁੰਦੀ ਹੈ ਅਤੇ ਕਿਸੇ ਹੋਰ ਬੇਘਰ ਆਤਮਾ ਲਈ ਘਰ ਨਹੀਂ ਹੁੰਦਾ। ਫਿਰ ਵੀ ਦੁਨੀਆਂ ਵਿਚ ਨਵੀਂ ਮਨੁੱਖੀ ਹੋਂਦ ਦਾ ਮੌਕਾ ਬਹੁਤ ਹੀ ਥੋੜ੍ਹਿਆਂ ਨੂੰ ਮਿਲਦਾ ਹੈ ਤੇ ਉਹ ਵੀ ਅਚਾਨਕ ਹੀ। ਇਸ ਲਈ ਬਹੁਤੀਆਂ ਆਤਮਾਵਾਂ ਨੂੰ ਨਵਾਂ-ਜਨਮ ਲੈਣ ਤੋਂ ਵਾਂਝੇ ਹੀ ਰਹਿਣਾ ਪੈਂਦਾ ਹੈ, ਉਹ ਵਿਚਾਰੀਆਂ ਆਪਣੇ ਕਰਮਾਂ ਦਾ ਹਿਸਾਬ ਕਰਨ?

ਅਜੇ ਇਕ ਹੋਰ ਮੁਸਕਿਲ ਹੱਲ ਹੋਣੀ ਬਾਕੀ ਹੈ। ਜਿਨ੍ਹਾਂ ਬੀਜ-ਰੂਪਾਂ ਤੋਂ ਸ਼ਾਂਤੀ ਦੇਵੀ ਦੀ ਰਚਨਾ ਹੋਈ ਉਹ ਮਿਲਣ ਤੋਂ ਪਹਿਲਾਂ ਉਸ ਦੇ ਮਾਪਿਆਂ ਦੇ ਸਰੀਰ ਵਿਚ ਮੌਜੂਦ ਸਨ। ਇਸ ਲਈ ਸ਼ਾਂਤੀ ਦੇਵੀ ਦੀ ਆਤਮਾ ਮਥਰਾ ਵਾਲੀ ਔਰਤ ਦੀ ਮੌਤ ਤੋਂ ਪਹਿਲਾਂ ਹੀ ਪੁਨਰ-ਜਨਮ ਦੀ ਉਡੀਕ ਕਰ ਰਹੀ ਹੋਣੀ ਹੈ। ਤੁਸੀਂ ਦੋਹਾਂ ਨੂੰ ਕਿਵੇਂ ਮਿਲਾਉਂਦੇ ਹੋ? ਹਕੀਕਤ (ਅਗਰ ਹਕੀਕਤ ਹੈ ਤਾਂ) ਕਿ ਸ਼ਾਂਤੀ ਦੇਵੀ ਦੇ ਜਨਮ ਤੋਂ ਬਿੰਦ ਕੁ ਪਹਿਲਾਂ ਮਥਰਾ ਵਿਚ ਔਰਤ ਦੀ ਮੌਤ ਹੋਣੀ ਸੀ, ਬਿਲਕੁੱਲ ਉਹ ਗੱਲ ਝੁਠਲਾਉਂਦਾ ਹੈ ਜਿਸ ਨੂੰ ਕਿ ਇਸ ਨੇ ਸਾਬਤ



ਕਰਨਾ ਹੈ। ਮੁਰਦਾ ਔਰਤ ਦੀ ਆਤਮਾ ਸ਼ਾਂਤੀ ਦੇਵੀ ਵਿਚ ਸੰਭਵ ਤੌਰ ਤੇ ਮੁੜ ਸੁਰਜੀਤ ਨਹੀਂ ਹੋ ਸਕਦੀ। ਅਜਿਹਾ ਹੋਣ ਦੀ ਰੱਤੀ ਭਰ ਵੀ ਸੰਭਾਵਨਾ ਫਿਰ ਸੀ ਜੇਕਰ ਉਹ ਬਹੁਤ ਪਹਿਲਾਂ ਮਰ ਜਾਂਦੀ। ਉਹ ਉਸ ਵਕਤ ਵੀ ਜ਼ਿੰਦਾ ਜਦੋਂ ਜਾਂ ਤਾਂ ਸ਼ਾਂਤੀ ਦੇਵੀ ਦਾ ਸੂਖਮ ਸਰੀਰ ਅੱਧਾ ਅੱਧਾ ਆਪਣੇ ਮਾਪਿਆਂ ਦੇ ਸਰੀਰ ਵਿਚ ਸੀ, ਜਾਂ ਸੰਭਵ ਤੌਰ ਤੇ ਮਾਂ ਦੇ ਗਰਭ ਵਿਚ ਸੀ। ਇਸ ਮੁਸ਼ਕਿਲ ਵਿਚੋਂ ਨਿਕਲਣ ਦਾ ਰਸਤਾ ਇਹ ਕਹਿਣਾ ਹੋਵੇਗਾ ਕਿ ਮੁਰਦਾ ਔਰਤ ਦੀ ਆਤਮਾ ਸਿੱਧੀ ਲੜਕੀ ਦੇ ਭਰੂਣ ਵਿਚ ਚਲੀ ਗਈ ਹੋਵੇਗੀ। ਇਹ ਵਿਗਿਆਨਕ ਤੌਰ ਤੇ ਮੰਨਿਆਂ ਨਹੀਂ ਜਾ ਸਕਦਾ। ਇਸ ਤੋਂ ਇਲਾਵਾ ਇਹ ਤਬਾਹਕੁੰਨ ਇਕਬਾਲ ਕਰਨਾ ਹੋਵੇਗਾ ਕਿ ਜ਼ਿੰਦਾ ਸਰੀਰ, ਸਿਰਫ ਵਿਸਾਣੂੰ ਹੀ ਨਹੀਂ ਬਲਿਕ ਇਕ ਮਨੁੱਖੀ ਭਰੂਣ ਵੀ ਬਿਨਾਂ ਆਤਮਾ ਤੋਂ ਹੋ ਸਕਦਾ ਹੈ। ਕਿਉਂਕਿ ਜੇ ਕਿਤੇ ਬੀਜ ਜਿਨ੍ਹਾਂ ਨਾਲ ਸ਼ਾਂਤੀ ਦੇਵੀ ਦੀ ਰਚਨਾ ਹੋਈ ਸੀ ਜਾਂ ਉਸ ਦੇ ਭਰੂਣ ਦੀ ਆਤਮਾ ਹੁੰਦੀ ਤਾਂ ਇਕ ਹੋਰ ਆਤਮਾ ਦੇ ਸਿੱਧੀ ਮਥਰਾ ਤੋਂ ਆਣ ਕੇ ਉਸ ਵਿਚ ਪ੍ਰਵੇਸ਼ ਕਰਨ ਦਾ ਕੋਈ ਮੌਕਾ ਹੀ ਨਹੀਂ ਹੁੰਦਾ ਸੀ। ਜਾਂ ਪਹਿਲੇ ਵਾਸੀ ਨੂੰ ਬੇਘਰ ਕਰਨ ਦੀ ਕੀ ਲੋੜ ਸੀ? ਆਤਮਾ ਤੋਂ ਬਿਨਾਂ ਜੀਵਨ ਦੀ ਸੰਭਾਵਨਾ ਨੂੰ ਮੰਨ ਲੈਣਾ ਅਧਿਆਤਮਵਾਦ ਲਈ ਤਬਾਹਕੁੰਨ ਹੈ ਕਿਉਂਕਿ ਆਤਮਾ ਦੀ ਕਾਢ ਜ਼ਿੰਦਗੀ ਦੀ ਪ੍ਰਕਿਰਿਆ ਦੀ ਵਿਆਖਿਆ ਲਈ ਕੀਤੀ ਗਈ ਸੀ।

ਸ਼ੁਰੂ ਵਿਚ ਜ਼ਰੂਰੀ ਪ੍ਰਕਿਰਿਆ ਦੀ ਵਿਆਖਿਆ ਲਈ ਆਤਮਾ ਨੂੰ ਮੰਨਿਆ ਸੀ। ਹੁਣ ਇਸ ਨੂੰ ਕਿਸੇ ਵੀ ਜੀਵਤ ਧਾਰਨਾ ਤੋਂ ਬਿਨਾ ਹੀ ਦੱਸਿਆ ਜਾ ਸਕਦਾ ਹੈ। ਇਹ ਮਕੈਨੀਕਲ ਪ੍ਰਕਿਰਿਆ ਹਨ ਜੋ ਕਿ ਵਸਤੂ ਦੇ ਇਕ ਖਾਸ ਭੌਤਿਕ ਰਸਾਇਣਕ ਪ੍ਰਬੰਧ ਨਾਲ ਜੁੜੀਆਂ ਹੋਈਆਂ ਹਨ। ਜੀਵਨ ਆਪਣੇ ਆਪ ਹੀ ਇਕ ਰਸਾਇਣਕ ਪ੍ਰਕਿਰਿਆ ਹੈ। ਇਸ ਵਿਚ ਆਤਮਾ ਕਿਥੋਂ ਆ ਟੱਪਕੀ? ਇਹ ਅੰਧਵਿਸ਼ਵਾਸ਼ ਹੋ ਸਕਦਾ ਹੈ, ਇਕ ਰੂੜੀ। ਇਸ ਦੀ ਹਾਲਤ ਏਨੀ ਖ਼ਸਤਾ ਨਾ ਹੁੰਦੀ ਜੇਕਰ ਭਰੂਣ ਦੀ ਉਤਪੱਤੀ ਦੀ ਪ੍ਰਕਿਰਿਆ ਵਿਚ ਕੋਈ ਰੁਕਾਵਟ ਲੱਭਦੀ ਸੰਭਵ ਹੋ ਜਾਂਦੀ। ਫਿਰ ਇਹ ਕਿਹਾ ਜਾ ਸਕਦਾ ਹੈ ਸੀ ਕਿ ਮਕੈਨੀਕਲ ਪ੍ਰਕਿਰਿਆ ਵਿਚ ਰੁਕਾਵਟ ਦੇ ਦੌਰਾਨ ਆਤਮਾ ਮਲਕੜੇ ਜਿਹੇ ਅੰਦਰ ਜਾ ਵੜੀ ਹੋਈ ਹੈ। ਅਜਿਹੀ ਕਿਸੇ ਵੀ ਰੁਕਾਵਟ ਦੇ ਨਾਂ ਹੋਣ ਤੇ, ਧੰਨਵਾਦ ਹੋ ਮਕੈਨੀਕਲ ਪ੍ਰਕਿਰਿਆ ਦੇ ਪਰਿ-ਪੂਰਣ ਹੋਣ ਦਾ, ਇਸ ਸੁਆਲ ਦਾ ਉੱਤਰ ਦੇਣਾ ਸੰਭਵ ਨਹੀਂ ਹੈ। ਆਤਮਾ ਨਵੇਂ ਸਰੀਰ ਵਿਚ ਪ੍ਰਵੇਸ਼ ਕਿਵੇਂ ਕਰਦੀ ਹੈ? ਇਹ ਤੇ ਅਜਿਹੇ ਹੀ ਹੋਰ ਸੁਆਲ ਅਧਿਆਤਮਵਾਦੀਆਂ ਦੇ ਉੱਤਰ ਦੇਣ ਦੀ ਸਮਰੱਥਾ ਨਾ ਹੋਣ ਕਰਕੇ ਵਿਗਿਆਨ ਦੇ ਖਿਲਾਫ਼ ਉਹਨਾਂ ਦੇ ਜਹਾਦ ਵਿਚ ਉਨ੍ਹਾਂ ਨੂੰ ਅਧਾਰਹੀਣ ਕਰ ਦਿੰਦੇ ਹਨ। ਜਦੋਂ ਕਿ ਉਹਨਾਂ ਦਾ ਦੂਸਰਾ ਵਿਚਾਰ ਬੇ-ਸਿਰ ਪੈਰ ਤੋਂ ਸਿਵਾਏ ਕਿ ਅੰਧ-ਵਿਸ਼ਵਾਸ ਦੇ। ਉਹਨੂੰ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਦਲੀਲ ਨਾਲ ਰੱਦ ਨਹੀਂ ਕਰ ਸਕਦੇ। ਅਤੇ ਵਿਗਿਆਨਕ ਵਿਚਾਰਧਾਰਾ ਕਿਸੇ ਬਦਲਵੇਂ ਵਿਚਾਰ ਦੀ ਬਿਨਾਂ ਤੇ ਨਹੀਂ ਖੜ੍ਹੀ ਬਲਿਕ ਆਪਣੀ ਇਕਾਈ ਦੇ ਅਧਾਰ ਤੇ ਖੜ੍ਹੀ ਹੈ। ਅਧਿਆਤਮਵਾਦੀ ਵਿਚਾਰਧਾਰਾ ਜੀਵਨ ਨੂੰ ਪ੍ਰਕਿਰਤੀ ਦੇ ਭੌਤਿਕ ਨਿਯਮਾਂ ਅਨੁਸਾਰ ਵਿਆਖਿਆ ਕਰਨ ਵਿਚ ਅਸਮਰਥ ਰਹਿਣ ਵਿਚੋਂ ਪੈਦਾ ਹੋਈ ਸੀ, ਇਹ ਵਿਗਿਆਨਕ ਵਿਚਾਰਧਾਰਾ ਦੀ ਅਣਹੋਂਦ ਵਿਚ ਜ਼ਿੰਦਾ ਰਹੀ। ਵਿਗਿਆਨ ਦੀ ਆਮਦ ਨੇ ਅਧਿਆਤਮਵਾਦ ਦਾ ਸੰਖ ਪੂਰ ਦਿੱਤਾ।

ਭਾਰਤ ਦੇ ਬਹੁਤ ਲੋਕ ਅਜੇ ਵੀ ਵਿਗਿਆਨ ਤੋਂ ਪਹਿਲੇ ਯੁੱਗ ਵਿਚ ਘਾਹ ਚਰਦੇ ਹਨ। ਏਸੇ ਲਈ ਕ੍ਰਿਸ਼ਮਿਆ ਵਿਚ ਵਿਸ਼ਵਾਸ਼ ਦੈਵੀ, ਅਗੰਮੀ ਵਿਸ਼ਵਾਸ ਪ੍ਰਚਲਤ ਹੈ। ਰੱਤੀ ਭਰ ਅਜੋਕੇ ਸਿਖਿਆ ਪ੍ਰਾਪਤੀ ਲੋਕਾਂ ਉਪਰ ਆਮ ਅਗਿਆਨਤਾ ਦਾ ਏਨਾ ਬੋਝ ਹੈ ਉਹ ਅਧੁਨਿਕ ਵਿਗਿਆਨਕ ਦੇ ਮਾਰਗ ਦਰਸ਼ਕ ਬਣਨ ਦੀ ਬਜਾਏ, ਵਹਿਮ ਦੀ ਪ੍ਰਥਾ ਦੇ ਬਹਾਦਰ ਪੈਰੋਕਾਰ ਬਣੇ ਹੋਏ ਹਨ। ਵਿਗਿਆਨ ਦੇ ਖਿਲਾਫ਼ ਸ਼ੋਰ-ਸ਼ਰਾਬਾ ਇਕ ਵਿਅਰਥ ਯਤਨ ਹੈ ਜੋ ਜੀਵਨ ਦੀ ਉਸ ਵਿਚਾਰਧਾਰਾ ਨੂੰ ਬਚਾਉਣ ਲਈ ਪਾਇਆ ਜਾ ਰਿਹਾ ਹੈ। ਜਿਸ ਦਾ ਭਾਰਤ ਦੇ ਜ਼ਿੰਦਾ ਰਹਿਣ ਲਈ ਖਤਮ ਹੋਣਾ ਜ਼ਰੂਰੀ ਹੈ। ਪੁਨਰ-ਜਨਮ ਵਿਚ ਵਿਸ਼ਵਾਸ਼ ਢਹਿੰਦੀ ਕਲਾ ਨੂੰ ਜਨਮ ਦਿੰਦਾ ਹੈ। ਢਹਿੰਦੀ ਕਲਾ ਉਦਮ ਦਾ ਸਤਿਆਨਾਸ ਕਰ ਦਿੰਦੀ ਹੈ। ਅਧਿਆਤਮਕਵਾਦੀ ਸਭਿਆਚਾਰ ਨੇ ਭਾਰਤੀਆਂ ਨੂੰ ਮਲੰਗ ਕਰ ਛੱਡਿਆ ਹੈ। ਵਿਦਰੋਹ ਦੀ ਭਾਵਨਾ ਨੂੰ ਉਹ ਜਾਣਦੇ ਹੀ ਨਹੀਂ ਹਨ। ਉਹਨਾਂ ਨੂੰ ਵਿਦਰੋਹ ਕਰਨਾ ਚਾਹੀਦਾ ਹੈ, ਨਹੀਂ ਤਾਂ ਆਪਣੇ ਅਧਿਆਤਮਵਾਦੀ ਸਭਿਆਚਾਰ ਦੇ ਸੰਦੇਸ਼ ਨਾਲ ਦੁਨੀਆਂ ਨੂੰ ਬਚਾਉਣ ਦੀ ਬਜਾਏ ਉਹ ਆਪ ਦੂਸਰੇ ਪੁਰਾਤਨ ਲੋਕਾਂ ਵਾਂਗ ਗੁੰਮਨਾਮੀ ਵਿਚ ਪਹੁੰਚ ਜਾਣਗੇ।

ਭਵਿੱਖ ਨੂੰ ਜਿੱਤਣ ਲਈ ਭੂਤ ਤੋਂ ਛੁਟਕਾਰਾ ਪਾਉਣਾ ਹੋਵੇਗਾ। ਭਾਰਤ ਦੇ ਲੋਕਾਂ ਨੂੰ ਦ੍ਰਿੜ ਹੋਣਾ ਚਾਹੀਦਾ ਹੈ ਕਿ ਮਨੁੱਖ ਆਪਣੀ ਕਿਸਮਤ ਆਪ ਬਣਾਉਂਦਾ ਹੈ। ਕਰਮ, ਕਿਸਮਤ, ਪੁਨਰ-ਜਨਮ, ਸੰਨਿਆਸ, ਅਮਰ ਰੂਹਾਨੀ ਹੋਂਦ, ਰੱਬੀ ਹੁਕਮ ਇਹ ਸਾਰੇ ਬੀਤੇ ਹੋਏ ਦੇ ਭੂਤ ਹਨ। ਬੀਤੇ ਨੂੰ ਆਪਣੇ ਮੁਰਦੇ ਦਫਨਾਉਣ ਦਿਓ ਤਾਂ ਕਿ ਭਾਰਤ ਦੇ ਲੋਕ ਵਰਤਮਾਨ ਨਾਲੋਂ ਉੱਜਲੇ ਭਵਿੱਖ ਵਿਚ ਜੀਅ ਸਕਣ। ੦

**ਅਨੁਵਾਦ : ਗਿਆਨ ਸਿੰਘ ਬੱਲ**

## ਰੂਹ ਦੀ ਜੂਹ (ਇਕਬਾਲਦੀਪ)




ਲੰਮੇ ਅਰਸੇ ਤੋਂ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵੰਨਗੀਆਂ ਵਿੱਚ ਸਿਰਜਣਾ ਕਰਦਾ ਇਕਬਾਲ ਦੀਪ ਇਕ ਵਾਰ ''ਰੂਹ ਦੀ ਜੂਹ' ਨਾਮਕ ਕਹਾਣੀ ਸੰਗ੍ਰਹਿ ਨਾਲ ਪਾਠਕਾਂ ਸਾਹਵੇਂ ਆ ਖਲੋਇਆ ਹੈ।

ਸੰਗ੍ਰਹਿ ਦੀ ਪਹਿਲੀ ਹੀ ਕਹਾਣੀ 'ਸੁਰ-ਤਾਲ' ਪਿਉ-ਪੁੱਤਰ ਦੇ ਜਿਸ ਯਾਰਾਂ ਵਰਗੀ ਮਸਤੀ ਤੇ ਮਾਹੌਲ ਨੂੰ ਸਿਰਜਦੀ ਹੈ, ਉਹ ਪੰਜਾਬੀ ਕਹਾਣੀ ਮੁਹਾਂਦਰੇ ਅਨੁਸਾਰ ਕਾਫੀ ਨਵੀਨ ਜਾਪਦੀ ਹੈ। ਇਸ ਕਹਾਣੀ ਵਿਚ ਪੁੱਤਰ ਪਿਉ ਨੂੰ ਪਿੰਡ ਦੀ ਕਿਸੇ ਇਸਤਰੀ ਸ਼ਾਮੋ ਦਾ ਨਾਂ ਲੈ ਮਸ਼ਕਰੀਆਂ ਕਰਦਾ ਤੇ ਛੇੜਦਾ ਹੈ, ਸਗੋਂ ਖੁਲ੍ਹੇ ਦਿਲ ਨਾਲ ਚਾਹੁੰਦਾ ਵੀ ਹੈ ਕਿ ਪਿਓ ਉਸ ਨੂੰ ਅਪਨਾ ਲੈਣ। ਜ਼ਿੰਦਗੀ ਵਿੱਚ ਵਾਪਰੇ ਇਕ ਹਾਦਸੇ ਨੇ ਪਿਉ-ਪੁੱਤਰ ਦੀ ਇਸ ਜ਼ਿੰਦਾਦਿਲ ਜੋੜੀ ਨੂੰ ਸਦਾ ਲਈ ਅਧੂਰਾ ਕਰ ਦਿੱਤਾ ਤੇ ਸੁਰ-ਤਾਲ ਖਿੰਡ-ਪੁੰਡ ਗਿਆ। ਇਕਬਾਲ ਦੀਪ ਨੇ ਸਮਲੈਂਗਿਕ ਵਰਗੇ ਬੋਲਡ ਵਿਸ਼ੇ ਨੂੰ ਲੈ ਕੇ 'ਪੁੱਠੇ ਪੈਰੀਂ' ਨਾਮਕ ਕਹਾਣੀ ਦੀ ਰਚਨਾ ਕੀਤੀ। ਉਸ ਨੇ ਦੋ ਕੁੜੀਆਂ ਸੁਮਰਾ ਤੇ ਰੌਸ਼ਨੀ ਦੇ ਸਮਲੈਂਗਿਕ ਰਿਸ਼ਤੇ ਦੇ ਪਿੱਛੇ ਲੁੱਕੇ ਸੱਚ ਨੂੰ ਉਜਾਗਰ ਕੀਤਾ ਹੈ। ਇਸ ਲੁਕੇ ਸੱਚ ਵਿੱਚ ਕਿੰਨੀ ਨਮੋਸ਼ੀ ਕਿੰਨਾ ਦਰਦ ਤੇ ਪੀੜਾ ਹੈ ਤੇ ਆਪਣੇ ਆਪ ਨੂੰ ਲੱਭਣ ਤੇ ਗਵਾਏ ਜਾਣ ਦਾ ਅਹਿਸਾਸ ਵਧੇਰੇ ਝਲਕਦਾ ਹੈ।

'ਹੱਡ ਸਾਨੂੰ ਚੁੱਕਣਾ ਪਿਆ' ਕਹਾਣੀ ਵੀ ਜਵਾਨੀ ਦੇ ਇਕ ਲੰਮੇ ਪੜਾਅ ਨੂੰ ਪਾਰ ਕਰਨ ਮਗਰੋਂ ਇਕੱਲੇਪਨ ਤੋਂ ਉਭਰਨ ਦੇ ਚੱਕਰ ਵਿੱਚ ਦੋਸਤੀ ਦੀ ਹੱਦ ਪਿੱਛੇ ਪਸਰੇ ਲਾਲਚ ਦੇ ਘਿਨੌਣੇ ਸੱਚ ਨੂੰ ਜਾਨਣ ਦੀ ਹੈ। ਇਸ ਤਰ੍ਹਾਂ ਇਕਬਾਲ ਦੀਪ ਦੀਆਂ ਜ਼ਿਆਦਾਤਰ ਕਹਾਣੀਆਂ ਵਿੱਚ 'ਭੁੱਖ', 'ਤਾੜੀ ਮਾਰ ਉਡਾ ਨਾ ਸਾਨੂੰ', 'ਡੱਬ ਖੜੱਬੀ ਛਾਂ', 'ਧਰਮ', 'ਬਹਾਦਰੀ' ਵਿੱਚ ਪਰਿਵਾਰਕ ਮਾਹੌਲ ਦੇ ਦਰਸ਼ਨ ਤਾਂ ਹੁੰਦੇ ਹਨ ਪਰ ਘਰ ਦੇ ਜੀਆਂ ਵਿਚਕਾਰ ਪਰਿਵਾਰਕ ਮੁੱਲਾਂ ਦੇ ਲੰਗਾਰ ਲੱਥੇ ਨਜ਼ਰ ਆਉਂਦੇ ਹਨ। ਉਹ ਇਕੱਠੇ ਰਹਿੰਦੇ ਜ਼ਰੂਰ ਦਿੱਸਦੇ ਹਨ ਪਰ ਅੰਦਰੋਂ ਖਿੰਡੇ-ਪੁੰਡੇ ਤੇ ਲਹੂ-ਲੁਹਾਨ ਹੋਣ ਕਾਰਣ ਉਦਾਸ ਹੋ ਕੇ ਸਿਰਫ ਘਿਸਟ-ਘਿਸਟ ਕੇ ਜੀਣ ਲਈ ਮਜ਼ਬੀਰ ਹੁੰਦੇ ਹਨ। ਕਈ ਵਾਰ ਦੂਜੇ ਨੂੰ ਖੁਸ਼ੀ ਦੇਣ ਖਾਤਿਰ ਵੀ ਉਹ ਆਪਣੇ ਦੁੱਖ ਨੂੰ ਭੁਲਾਵਾ ਦੇਂਦੇ ਪ੍ਰਤੀਤ ਹੁੰਦੇ ਹਨ।


ਕੁਝ ਵੱਖਰੇ ਢੰਗ ਦੀਆਂ ਕਹਾਣੀਆਂ 'ਬੱਬਰ' ਤੇ 'ਮਲੰਗ' ਹਨ। ਬੱਬਰ ਇਕ ਕੁੱਤੇ ਦੀ ਕਹਾਣੀ ਹੈ ਜਿਸ ਦੇ ਮੋਹ ਭਿੱਜੇ ਵਿਹਾਰ ਤੇ ਵਫਾਦਾਰੀ ਦਾ ਪ੍ਰਗਟਾਵਾ ਕਰਦਿਆਂ ਆਮ ਲੋਕਾਂ ਦੇ ਵਿਹਾਰ ਉਤੇ ਵੀ ਰੌਸ਼ਨੀ ਪੈਂਦੀ ਹੈ। 'ਮਲੰਗ' ਬਹੁਆਯਾਮੀ ਤੇ ਗੂੜੇ ਅਰਥਾਂ ਵਾਲੀ ਕਹਾਣੀ ਹੈ। ਜਿਸ ਨੂੰ ਕਿਸੇ ਇਕ ਅਰਥ ਹੇਠ ਵਿਸ਼ਲੇਸ਼ਿਤ ਨਹੀਂ ਕੀਤਾ ਜਾ ਸਕਦਾ। ਫਿਰ ਵੀ ਇਸ ਨੂੰ ਡਾਢੇ ਤੇ ਤਾਕਤਵਾਰ ਅੱਗੇ ਹਾਰ ਨਾ ਮੰਨਣ ਪੱਖੋਂ ਵੀ ਦੇਖਿਆ ਜਾ ਸਕਦਾ ਹੈ। ਸਮਝਦਾਰੀ ਨਾਲ ਔਖਾ ਵੇਲਾ ਟਾਲਣ ਪੱਖੋਂ ਵੀ। ਇਕ ਥਾਂ ਪੱਕੇ ਪੈਰੀਂ ਖੜੇ ਹੋਣ ਨਾਲ ਕਿਸੇ ਵਲੋਂ ਆਸਾਨੀ ਨਾਲ ਨਾ ਹਿਲਾਏ ਦੇ ਮਜ਼ਬੂਤ ਇਰਾਦੇ ਦੀ ਵੀ ਪੈਰਵੀ ਕਰਦੀ ਦਿੱਸਦੀ ਹੈ ਤੇ ਮੋਹ-ਮਮਤਾ ਨੂੰ ਛਾਂਗ ਨਿਹੱਥਾ ਹੋ ਸਾਰੀਆਂ ਪਰੇਸ਼ਾਨੀਆਂ ਤੋਂ ਮੁਕਤ ਹੋ ਸਹੀ ਅਰਥਾਂ ਵਿੱਚ ਰਿਸ਼ੀ ਸੰਨਿਆਸੀ ਜਾਂ ਮਲੰਗ ਨਾਲ ਵੀ ਜਾ ਜੁੜਦੀ ਹੈ। ਜਿਸ ਕਹਾਣੀ ਵਿੱਚ ਅਰਥਾਂ ਦੀ ਐਨੀ ਵਿਸ਼ਾਲਤਾ ਹੋਵੇ, ਉਹ ਧਿਆਨ ਜ਼ਰੂਰ ਆਕਰਸ਼ਿਤ ਕਰੇਗੀ। ਮਾਂ-ਧੀ ਦੇ ਭੇਦ ਤੇ ਦੁੱਖ ਸਾਂਝੇ ਕਰਦੀ ਕਹਾਣੀ 'ਗੋਲੇ ਕਬੂਤਰ' ਵੀ ਆਧੁਨਿਕ ਮੱਧ ਸ਼ਹਿਰੀ ਜੀਵਨ ਦੇ ਪਸਾਰੇ ਨੂੰ ਬਿਆਨ ਕਰਦੀ ਹੈ।

ਸੰਗ੍ਰਹਿ ਦੀ ਵਿਸ਼ੇਸ਼ਤਾ ਇਹ ਹੈ ਕਿ ਕਹਾਣੀਆਂ ਆਧੁਨਿਕ ਜੀਵਨ ਦੇ ਪਿੰਡਾਂ ਤੇ ਸ਼ਹਿਰੀ ਦਾ ਸਜੀਵ ਚਿਤਰਣ ਕਰਦੇ ਹੋਏ ਹਰ ਪਰਿਵੇਸ਼ ਦੇ ਜਨ-ਜੀਵਨ, ਉਨ੍ਹਾਂ ਦੇ ਮੁੱਲ-ਕੀਮਤਾਂ ਦੇ ਨਾਲ-ਨਾਲ ਪਾਤਰਾਂ ਦੀ ਇਲਾਕਾਈ ਬੋਲੀ ਵੱਲ ਵਿਸ਼ੇਸ਼ ਧਿਆਨ ਦੇਂਦਾ ਹੈ। ਪਾਤਰ ਲੇਖਕ ਦੀ ਆਪਣੀ ਬੋਲੀ ਨਹੀਂ ਬੋਲਦੇ, ਆਪਣੇ ਰਹਿਣ-ਸਹਿਣ ਦੇ ਖੇਤਰ ਦੀ ਬੋਲੀ ਬੋਲ ਸਹਿਜ ਤੇ ਸੁਭਾਵਿਕਤਾ ਦਾ ਪ੍ਰਗਟਾਵਾ ਕਰਦੇ ਹਨ।

**- ਡਾ. ਜਸਵਿੰਦਰ ਕੌਰ ਬਿੰਦਰਾ**



## ਪੰਖ, ਪਿੰਜਰਾ ਤੇ ਪਰਵਾਜ਼
### (ਸੰਪਾਦਕ ਗੁਰਬਚਨ ਸਿੰਘ ਸਚਦੇਵ, ਅਮਰਜੀਤ ਦਰਦੀ, ਪ੍ਰੋ. ਹਰਭਜਨ ਸਿੰਘ)




ਇਹ ਅਮਰੀਕੀ ਪੰਜਾਬੀ ਕਹਾਣੀ ਸੰਗ੍ਰਹਿ ਹੈ ਜੋ ਸਮਕਾਲੀ ਅਮਰੀਕੀ ਪੰਜਾਬੀ ਕਹਾਣੀ ਦੀ ਤਰਜਮਾਨੀ ਕਰਦਾ ਹੈ। ਇਸ ਤੋਂ ਪਹਿਲਾਂ ਇਨ੍ਹਾਂ ਸੰਪਾਦਕਾਂ ਦੁਆਰਾ ਸੰਪਾਦਿਤ 'ਸੁਪਨੇ ਤੇ ਸੰਤਾਪ' ਨਾਮੀ ਕਹਾਣੀ ਸੰਗ੍ਰਹਿ ਕਾਫੀ ਚਰਚਿਤ ਹੋਇਆ। ਇਸ ਸੰਗ੍ਰਹਿ ਵਿਚ ਜਿੱਥੇ ਪ੍ਰਵਾਸੀ ਪੰਜਾਬੀ ਜੀਵਨ ਨਾਲ ਸੰਬੰਧਿਤ ਮੁੱਖ ਮੁੱਦਿਆ ਦੀ ਪੇਸ਼ਕਾਰੀ ਹੋਈ ਹੈ। ਉਥੇ ਅਤਿ ਵਿਕਸਿਤ ਅਖਵਾਉਂਦੇ ਦੇਸ਼ ਅਮਰੀਕਾ ਵਿੱਚ ਆਰਥਿਕ ਸਭਿਆਚਾਰਕ ਵਿਤਕਰਿਆਂ ਅਤੇ ਕਾਨੂੰਨੀ ਸਿਸਟਮ ਦੇ ਹੋਏ ਘਾਣ ਨੂੰ ਪੇਸ਼ ਕੀਤਾ ਗਿਆ ਹੈ। ਇਸ ਸੰਗ੍ਰਹਿ ਦੀ ਪ੍ਰਮੁਖ ਵਿਲੱਖਣਤਾ ਇਹ ਹੈ ਕਿ ਇਸ ਵਿੱਚ ਪੰਜ ਕਹਾਣੀਆਂ ਅਜਿਹੀਆਂ ਹਨ ਜੋ 11 ਸਤੰਬਰ ਨੂੰ ਹੋਈ ਖ਼ੌਫ਼ਨਾਕ ਵਾਰਦਾਤ ਦਾ ਜ਼ਿਕਰ ਪ੍ਰਮੁਖ ਰੂਪ ਵਿਚ ਕਰਦੀਆਂ ਹਨ। ਝੰਡੇ ਨੂੰ ਲੱਗੀ ਮੈਲ (ਡਾ. ਜਗਜੀਤ ਬਰਾੜ), ਗਰਾਊਂਡ ਜ਼ੀਰੋ, ਰੇਸ ਕਲਾਸ ਤੇ ਜੰਗ (ਡਾ. ਹਰਭਜਨ ਸਿੰਘ), ਫੈਂਸ (ਕਰਮ ਸਿੰਘ ਮਾਨ), ਕਰਫਿਊ ਜਾਰੀ ਹੈ (ਰਾਣੀ ਨਾਗੇਂਦਰ), ਕਹਾਣੀਆਂ ਵਿਚ 11 ਸਤੰਬਰ ਦੀ ਖ਼ੌਫਨਾਕ ਘਟਨਾ ਦਾ ਹਵਾਲਾ ਦੇ ਕੇ ਜਾਤੀ-ਜਮਾਤੀ ਵਿਤਕਰੇ, ਨਸਲਵਾਦ ਅਮਰੀਕੀ ਕਾਨੂੰਨੀ ਸਿਸਟਮ ਦੀ ਦੋਗਲੀ ਨੀਤੀ ਅਤੇ ਜੰਗ ਪ੍ਰਤੀ ਆਮ ਜਨਤਾ ਦੀ ਨਫ਼ਰਤ ਨੂੰ ਉਭਾਰਿਆ ਗਿਆ ਹੈ।


ਆਵਾਜ਼ ਆਵਾਜ਼ ਹੈ (ਰਾਣੀ ਨਾਗੇਂਦਰ) ਪ੍ਰਵਾਸੀ ਪੰਜਾਬੀ ਨਾਰੀ ਸ਼ੋਸ਼ਣ ਦੀ ਗਾਥਾ ਪੇਸ਼ ਕਰਦੀ ਹੈ, ਡਾਰੋਂ ਵਿਛੜੀ ਕੂੰਜ (ਨੀਲਮ ਸੈਣੀ) ਦੀ ਪ੍ਰਮੁੱਖ ਪਾਤਰ ਆਪਣੇ ਆਪ ਨੂੰ ਪ੍ਰਦੇਸ਼ਾ ਵਿਚ ਇਕਲਤਾ ਦੇ ਭੰਵਰ 'ਚ ਫਸੀ ਮਹਿਸੂਸ ਕਰਦੀ ਹੈ। ਜਗਜੀਤ ਬਰਾੜ ਦੀ ਕਹਾਣੀ 'ਚਿੱਟੀ ਕਬੂਤਰੀ ਦੀ ਤਸਵੀਰ' ਪ੍ਰਵਾਸੀ ਪੰਜਾਬੀਆਂ ਦੀ ਗੋਰੀਆਂ ਬਾਰੇ ਦਕਿਆਨੂਸੀ ਸੋਚ ਨੂੰ ਪ੍ਰਗਟ ਕਰਦੀ ਕਰਦੀ ਹੈ ਅਤੇ ਉਸਦੀ ਅਸਲੀ ਤਸਵੀਰ ਪੇਸ਼ ਕਰਦੀ ਹੈ। ਕਹਾਣੀ 'ਖੇੜੇ' ਵਿੱਚ ਪ੍ਰਵਾਸੀ ਜੀਵਨ ਜਾਂਚ ਨੂੰ ਅਪਨਾਉਂਦੀ ਪ੍ਰਵਾਸੀਆਂ ਦੀ ਦੂਜੀ ਪੀੜ੍ਹੀ ਅਤੇ ਪਹਿਲੀ ਪੀੜ੍ਹੀ ਵਿਚਕਾਰ ਵਿਚਾਰਾ ਦੀ ਵਖਰਤਾ ਦਰਸਾਈ ਹੈ। ਪੂੰਜੀਵਾਦੀ ਯੁੱਗ ਵਿੱਚ ਮਨੁੱਖੀ ਰਿਸ਼ਤਿਆਂ ਦੇ ਹੋ ਰਹੇ ਘਾਣ ਭਰਮ ਜਾਲ (ਮਨਜੀਤ ਸੇਖੋਂ) ਸ਼ਰਧਾਂਜਲੀ (ਕਰਮ ਸਿੰਘ ਮਾਨ) ਕਹਾਣੀਆਂ ਵਿਚ ਦ੍ਰਿਸ਼ਟੀਗੋਚਰ ਹੋਏ ਹਨ। ਆਰਥਿਕ ਮਜਬੂਰੀਆਂ ਕਾਰਨ ਪ੍ਰਵਾਸ ਧਾਰ ਗਏ ਪੰਜਾਬੀਆਂ ਦੀ ਮਨੋਦਸ਼ਾ ਅਤੇ ਉਦਰੇਵੇਂ ਨੂੰ ਪੰਜਾਬ (ਰਾਬਿੰਦਰ ਸਿੰਘ ਅਟਵਾਲ), ਸਿਟੀਜਨਸ਼ਿਪ (ਨੀਲਮ ਸੈਣੀ), ਕੱਚਾ ਮਕਾਨ (ਗੁਰਦਿਆਲ ਸਿੰਘ ਸੰਘਾ), ਝੂਠ ਦਾ ਸੰਤਾਪ (ਪਿਆਰਾ ਸਿੰਘ ਕੁੱਦੋਵਾਲ), ਕਹਾਣੀਆਂ ਵਿਚ ਪੇਸ਼ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਭਾਸ਼ਾ ਦੀ ਸਮੱਸਿਆਵਾ, ਪਹਿਰਾਵਾ, ਪੀੜ੍ਹੀ ਪਾੜਾ, ਸਭਿਆਚਾਰਕ ਟਕਰਾਅ, ਨਸਲੀ ਵਿਤਕਰਾ ਜਿਹੀਆਂ ਸਮੱਸਿਆਵਾਂ 'ਨੋ ਯੂ ਟਰਨ', 'ਡਾਲਰ ਦੌੜ' (ਅਮਰਜੀਤ ਦਰਦੀ) ਸਤਰੰਗੀ ਪੀਂਘ (ਰਾਠੀ ਸੁਰਾਪੁਰੀ) ਵਿਚ ਦ੍ਰਿਸ਼ਟੀਗੋਚਰ ਹੋਈਆਂ ਹਨ।

ਸਮੁੱਚੀ ਕਿਤਾਬ ਦੀ ਪਰਖ ਉਪਰੰਤ ਕਿਹਾ ਜਾ ਸਕਦਾ ਹੈ ਕਿ ਮਨੁੱਖੀ ਜੀਵਨ ਦੀਆਂ ਸਮੱਸਿਆਵਾਂ ਤੇ ਸਰੋਕਾਰਾਂ ਦੀ ਪੇਸ਼ਕਾਰੀ ਕਰਨ ਵਾਲੇ, ਇਹ ਕਹਾਣੀ ਸੰਗ੍ਰਹਿ ਵਿਚਲੇ ਲੇਖਕ ਜਿਥੇ ਵਿਸ਼ੇ ਪੱਖੋਂ ਪਾਠਕਾਂ ਦੀ ਖਿਚ ਦਾ ਕੇਂਦਰ ਬਣਦੇ ਹਨ, ਉਥੇ ਆਪਣੇ ਸੋਹਜਮਈ ਪ੍ਰਗਟਾ ਅਤੇ ਕਲਾਤਮਕ ਖੂਬੀਆਂ ਨੂੰ ਵੀ ਦ੍ਰਿਸ਼ਟੀ ਗੋਚਰ ਕਰਦੇ ਹਨ। ਸੰਪਾਦਕਾਂ ਦੀ ਸਾਹਿਤਕ ਸੂਝ ਅਤੇ ਅਣਥੱਕ ਮਿਹਨਤ ਸਦਕਾ ਇਹ ਸੰਗ੍ਰਹਿ ਸਮਕਾਲੀ ਅਮਰੀਕੀ ਪੰਜਾਬੀ ਕਹਾਣੀ ਦਾ ਪ੍ਰਤੀਨਿਧ ਨਮੂਨਾ ਹੋਣ ਦਾ ਮਾਣ ਹਾਸਿਲ ਕਰਦਾ ਹੈ।

**- ਡਾ. ਅਕਵਿੰਦਰ ਕੌਰ ਬਾਹਲ**

## ਪੰਛੀ ਖੁਦਕੁਸ਼ੀ ਨਹੀਂ ਕਰਦੇ (ਸੰਪਾ. ਕੰਵਰਜੀਤ ਭੱਠਲ)




ਇਹ ਕੰਵਰਜੀਤ ਭੱਠਲ ਦੁਆਰਾ ਸੰਪਾਦਿਤ ਚੌਣਵੀਆਂ ਕਹਾਣੀਆਂ ਦਾ ਸੰਗ੍ਰਹਿ ਹੈ। ਜੋ ਨਰੈਣ ਸਿੰਘ ਭੱਠਲ ਦੀ ਯਾਦ ਵਿੱਚ ਸਮੇਂ ਸਮੇਂ 10 ਸਾਲਾਂ ਵਿਚ ਕਰਵਾਏ ਗਏ ਕਹਾਣੀ ਮੁਕਾਬਲੇ ਵਿਚਲੀਆਂ 102 ਕਹਾਣੀਆਂ ਵਿਚੋਂ ਚੁਣੀਆਂ ਗਈਆਂ। ਇਹ ਸੰਗ੍ਰਹਿ ਮਾਨਵਵਾਦੀ ਸੁਰ ਦੀ ਪੇਸ਼ਕਾਰੀ ਕਰਦੀਆਂ ਅਜੋਕੇ ਸਮਾਜ ਵਿੱਚ ਪਨਪ ਰਹੀਆਂ ਸਮਾਜਿਕ ਕੁਰੀਤੀਆਂ, ਮਨੁੱਖੀ ਮਾਨਸਿਕ ਦੁਬਿਧਾਵਾਂ, ਅਕਾਖਿਆਵਾਂ, ਵਰਜਨਾਵਾਂ ਅਤੇ ਰਿਸ਼ਤਿਆਂ ਦੇ ਡਿੱਗਦੇ ਮਿਆਰ ਜਿਹੇ ਮੁੱਦੇ ਉਭਾਰਦੀਆਂ ਹਨ। ਚੌਣਵਾਂ ਕਹਾਣੀ ਸੰਗ੍ਰਹਿ ਹੋਣ ਕਾਰਨ ਵਿਸ਼ਿਆ ਦੀ ਵਿਲੱਖਣਤਾ ਇਸਦਾ ਪ੍ਰਮੁੱਖ ਗਵਾਹ ਹੈ। ਦੂਜਾ ਨੌਜਵਾਨ ਲੇਖਕਾਂ ਦੀ ਉਪਸਥਿਤੀ ਇਸ ਦੇ ਇਹ ਗੁਣਾਂ ਨੂੰ ਹੋਰ ਵੀ ਤੀਖਣ ਕਰਦੀ ਹੈ। ਨੌਜਵਾਨ ਪੀੜ੍ਹੀ ਅੱਜ ਦੇ ਦੌਰ ਵਿਚ ਜੋ ਕੁਝ ਆਪਣੇ ਪਿੰਡੇ ਤੇ ਹਢਾ ਰਹੀ ਹੈ ਅਤੇ ਉਸਦੇ ਪ੍ਰਤੀਕਰਮ ਵਜੋਂ ਸਾਹਮਣੇ ਆ ਰਹੇ ਨਵੇਂ ਪਾਸਾਰਾਂ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਉਂਦੀ ਹੈ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ ਮੁਕਤੀ (ਅਵਤਾਰ ਸਿੰਘ ਪਤੰਗ), ਇਨਸਾਨ ਦੀ ਸਦੀਆਂ ਤੋਂ ਮੁਕਤੀ ਪ੍ਰਾਪਤੀ ਦੀ ਲਾਲਸਾ ਕਾਰਨ ਉਪਜੀ ਮਨੋਦਸ਼ਾ ਦੀ ਪੇਸ਼ਕਾਰੀ ਕਰਦੀ ਹੈ। ਸਦੀਆਂ ਦੀ ਤਲਾਸ਼ ਤੋਂ ਬਾਅਦ ਅੱਜ ਵੀ ਇਨਸਾਨ ਮੁਕਤੀ ਤੱਕ ਪਹੁੰਚਣ ਦੇ ਰਾਹ ਦੀ ਤਲਾਸ਼ ਵਿਚ ਬੇਤਾਬ ਹੈ।

ਪੰਜਾਬੀ ਸਭਿਆਚਾਰ ਵਿਚ ਆਧੁਨਿਕ ਦੌਰ ਵਿਚ ਵੀ ਪਿਤਰਸਤਾਤਮਕ ਸੋਚ ਦੀ ਹਾਮੀ ਭਰਦਾ ਮਰਦ ਨਾਰੀ ਨੂੰ ਪੁੱਤਰ ਪ੍ਰਾਪਤੀ ਦਾ ਸਾਧਨ ਮੰਨਦਾ, ਉਸਦੇ ਜਨਮ ਤੇ ਸੋਗ ਮਨਾਉਂਦਾ ਅਤੇ ਉਸਦੀ ਤ੍ਰਾਸਦਿਕ ਸਥਿਤੀ ਦਾ ਕਾਰਨ ਬਣਦਾ ਹੈ। ਜਿਸ ਨੂੰ ਵਾਰਿਸ (ਭੋਲਾ ਸਿੰਘ ਸੰਘੇੜਾ), ਨਸੀਬੋ (ਨਾਇਬ ਸਿੰਘ ਮੰਡੇਰ), ਨਿਸ਼ਾਨੀ (ਦਿਲਸ਼ੇਰ ਸਿੰਘ ਨਿਰਦੋਸ਼), ਨਾ ਪੁੱਤ ਨਾ (ਜਸਵਿੰਦਰ ਮਹਿਰਮ), ਮੁੱਲ ਦੀ ਤ੍ਰੀਮਤ (ਮਨਮੋਹਨ ਕੌਰ), ਪਰਾਏ ਹੱਥਾ ਦੀ ਚੋਗ (ਹਰਭਜਨ ਨੀਰ) ਕਹਾਣੀਆਂ ਵਿਚ ਦਰਸਾਇਆ ਗਿਆ ਹੈ।

ਕਹਾਣੀਆਂ ਮਰੀਜ਼ (ਮੋਹਨ ਲਾਲ ਫਿਲੌਰੀਆ), ਪੰਛੀ ਖੁਦਕੁਸ਼ੀ ਨਹੀਂ ਕਰਦੇ (ਬਿੰਦਰ ਸਿੰਘ ਭੂਮਸੀ), ਬੇਰੀ 'ਚ ਉੱਗਿਆ ਪਿੱਪਲ (ਜੋਗੇ ਭੰਗਲ), ਧਰਤੀ ਦੇ ਪੁੱਤ (ਇਕਬਾਲ ਸਿੰਘ ਢਿੱਲੋਂ), ਅੰਤਰਿਕਸ਼ ਯਾਤਰੀ (ਹਰਪਾਲ ਸਿੰਘ ਚੌਂਦਾ), ਮਨੁੱਖੀ ਜਿੰਦਗੀ ਦੇ ਬਹੁ-ਪੱਖੀ ਪਾਸਾਰਾ ਨੂੰ ਪੇਸ਼ ਕਰਦੀਆਂ ਉਸਦੀਆਂ ਮਾਨਸਿਕ ਤ੍ਰਿਪਤੀਆਂ ਅਤ੍ਰਿਪਤੀਆਂ ਦਾ ਖੁਲਾਸ਼ਾ ਕਰਦੀਆਂ ਹਨ ਵਰਤਮਾਨ ਯੁੱਗ ਵਿਚ ਪਰਿਵਰਤਨਸ਼ੀਲ ਜ਼ਿੰਦਗੀ ਅਧੀਨ ਬਦਲੀਆਂ ਰਿਸ਼ਤਿਆਂ ਦੀਆਂ ਸਮੀਕਰਨਾ ਅਤੇ ਅਮਾਨਵੀ ਰਿਸ਼ਤਿਆਂ ਕਾਰਨ ਉਪਜੀਆਂ ਪੇਚੀਦਗੀਆਂ ਨੂੰ ਕਹਾਣੀਆਂ ਚਾਦਰ (ਜਸਵੀਰ ਸਿੰਘ ਰਾਣਾ), ਅਤੇ ਨਿਸ਼ਾਨੀ (ਦਿਲਸ਼ੇਰ ਸਿੰਘ ਨਿਰਦੋਸ਼) ਵਿਚ ਪ੍ਰਗਟਾਇਆ ਗਿਆ ਹੈ।

ਇਸ ਤੋਂ ਇਲਾਵਾ ਅੱਤਵਾਦ, ਪੁਲਿਸ ਤਸੱਦਦ, ਪਿਆਰ ਵਿਚ ਨਾ-ਕਾਮਯਾਬੀ ਅਤੇ ਪ੍ਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਕ੍ਰਮਵਾਰ ਟੁਟਦੇ ਤਾਰੇ (ਜਸਪਾਲ ਮਾਨਖੇੜਾ), ਅਗਨ ਤ੍ਰਿਝਣ ਜਾਲੇ (ਇੱਛੂ ਪਾਲ), ਮੁਹੱਬਤ ਮਰਦੀ ਨਹੀਂ (ਸਿਕੰਦਰ ਗੋਸਲ) ਅਤੇ ਪੌਂਡਾ ਦੀ ਜੰਗ (ਗੁਰਦੀਪ ਸਿੰਘ ਪੁਰੀ ), ਕਹਾਣੀਆਂ ਵਿਚ ਪੇਸ਼ ਹੋਈਆਂ ਹਨ।

ਸਮੁਚੇ ਕਹਾਣੀਆਂ ਦੇ ਮੁਲੰਕਣ ਤੋਂ ਬਾਅਦ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਕਹਾਣੀ ਵਿਚ ਕਹਾਣੀ ਲੇਖਕ ਨੇ ਆਪਣੀਆਂ ਕਹਾਣੀਆਂ ਵਿਚ ਜਿਥੇ ਜ਼ਿੰਦਗੀ ਦੇ ਬਹੁਪੱਖੀ ਪਾਸਾਰ ਨੂੰ ਪੇਸ਼ ਕੀਤਾ ਹੈ ਉਥੇ ਕਹਾਣੀਆਂ ਵਿਚ ਬਿਰਤਾਂਤਕ ਜੁਗਤਾਂ ਦੀ ਪੇਸ਼ਕਾਰੀ ਕਰਕੇ ਆਪਣੀ ਕਲਾਤਮਕ ਦ੍ਰਿਸ਼ਟੀ ਦਾ ਸਬੂਤ ਵੀ ਦਿੱਤਾ ਹੈ। ਸੁਚੱਜੀ ਚੋਣ ਅਤੇ ਸਾਹਿਤਕ ਸੂਝ ਕਾਰਨ ਇਹ ਸੰਗ੍ਰਹਿ ਪਾਠਕਾਂ ਦੀ ਖਿਚ ਦਾ ਕੇਂਦਰ ਬਣਦਾ ਹੈ।

**- ਡਾ. ਅਕਵਿੰਦਰ ਕੌਰ ਬਾਹਲ**



## ਹੁੰਗਾਰਾ


ਮੈਨੂੰ ਤੁਹਾਡੇ ਵੱਲੋਂ ਭੇਜਿਆ 'ਕਹਾਣੀ ਧਾਰਾ' ਦਾ ਸਪੈਸ਼ਲ ਨੰਬਰ 'ਪਾਕਿਸਤਾਨੀ ਪੰਜਾਬੀ ਕਹਾਣੀ' ਮਿਲ ਗਿਆ ਹੈ। ਤੁਸੀਂ ਮੇਰੀ ਕਹਾਣੀ ਇਸ ਨੰਬਰ ਵਿਚ ਪ੍ਰਕਾਸ਼ਤ ਕਰਕੇ ਮੈਨੂੰ ਸਰਪ੍ਰਇਜ਼ ਦਿੱਤਾ ਹੈ। ਮੈਂ ਤੁਹਾਡੀ ਸੰਪਾਦਕੀ ਪੜ੍ਹੀ ਹੈ ਮੈਂ ਤੁਹਾਡੀ ਕਲਮ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ। ਮੈਂ 'ਕਹਾਣੀ ਧਾਰਾ' ਦਾ ਪਹਿਲਾ ਕੋਈ ਅੰਕ ਨਹੀਂ ਪੜ੍ਹਿਆ। ਪਰ ਮੈਨੂੰ ਏਧਰੋ-ਉਧਰੋ ਪਤਾ ਲੱਗਾ ਸੀ।

ਮੈਂ ਗੁਰਮੁੱਖੀ ਲਿੱਪੀ ਚੰਗੀ ਤਰ੍ਹਾਂ ਪੜ੍ਹ ਲੈਂਦਾ ਹਾਂ ਤੇ ਕੰਪਿਊਟਰ ਤੇ ਲਿਖ ਵੀ ਲੈਂਦਾ ਹਾਂ। ਸੋ ਮੈਂ ਅਗਲੀ ਚਿੱਠੀ ਤੁਹਾਨੂੰ ਗੁਰਮੁੱਖੀ ਵਿਚ ਲਿਖਾਗਾ। ਮੈਨੂੰ ਤੁਹਾਡਾ ਪਰਚਾ ਵੇਖ ਕੇ ਵਾਕਿਆ ਹੀ ਬੜੀ ਖੁਸ਼ੀ ਹੋਈ ਏ। ਆਸ ਐ ਤੁਸੀਂ ਭਵਿੱਖ ਵਿਚ ਵੀ ਪਰਚਾ ਘੱਲਦੇ ਰਹੋਗੇ। - ਜ਼ਬੇਰ ਅਹਿਮਦ, ਪਾਕਿਸਤਾਨ


'ਕਹਾਣੀ ਧਾਰਾ' ਦਾ ਅਪਰੈਲ-ਜੂਨ ਅੰਕ ਮਿਲ ਗਿਆ ਹੈ। ਧੰਨਵਾਦ। ਇਸ ਤੋਂ ਪਹਿਲਾਂ ਵੀ ਮੈਂ ਤੁਹਾਨੂੰ ਇਕ ਚਿੱਠੀ ਲਿਖੀ ਸੀ। ਸ਼ਾਇਦ ਉਹ ਤੁਹਾਨੂੰ ਨਹੀਂ ਮਿਲੀ। ਪਰਚਾ ਮੈਨੂੰ ਚੰਗਾ ਲੱਗਾ ਹੈ। ਇਹ ਲਗਾਤਾਰ ਵਿਕਾਸ ਕਰ ਰਿਹਾ ਹੈ। ਪਰ ਮੇਰਾ ਇਕ ਸੁਝਾਅ ਹੈ ਕਿ ਇਸ ਦੇ ਮੈਟਰ ਦੇ ਟਾਈਪ ਦਾ ਸਾਈਜ਼ ਥੋੜ੍ਹਾ ਵੱਡਾ ਕਰ ਦਿਉ। ਮੈਟਰ ਭਾਵੇਂ ਥੋੜਾ ਘੱਟ ਆ ਜਾਵੇ। ਪਰ ਜ਼ਰਾ ਫਬੇ ਜ਼ਰੂਰ। ਧਰਮਪਾਲ ਸਾਹਿਲ ਦੀ ਕਹਾਣੀ 'ਹਾਰ-ਜਿੱਤ' ਦਾ ਫੌਂਟ ਸਾਈਜ਼ ਤਾਂ ਹੋਰ ਵੀ ਛੋਟਾ ਹੈ। ਕਹਾਣੀ ਪੜ੍ਹਨ ਵਿਚ ਦਿੱਕਤ ਆਉਂਦੀ ਹੈ। ਪਰੂਫ਼ ਰੀਡਿੰਗ ਵਿਚ ਵੀ ਪਹਿਲਾਂ ਨਾਲੋਂ ਕਾਫ਼ੀ ਸੁਧਾਰ ਹੈ। ਜੋ ਕਿ ਪੰਜਾਬੀ ਦੇ ਕਈ ਹੋਰ ਪਰਚਿਆਂ ਦਾ ਵੀ ਸਭ ਤੋਂ ਕਮਜ਼ੋਰ ਪੱਖ ਹੈ।) ਖ਼ੈਰ ਤੁਸੀਂ ਮਿਹਨਤ ਕਰ ਰਹੇ ਹੋ। - ਪ੍ਰੋ. ਹਰਭਜਨ ਸਿੰਘ, ਯੂ. ਐਸ. ਏ.

'ਕਹਾਣੀ ਧਾਰਾ-5' ਵਿਚ ਕਹਾਣੀ ਬੜੇ ਧਿਆਨ ਨਾਲ ਪੜ੍ਹੀਆਂ। ਕਾਫੀ ਵਿਚਾਰ ਉਤੇਜਿਤ ਹਨ। ਖਾਸ ਕਰਕੇ ਜਿਹੜੀਆਂ ਦਲਿਤ ਮੁੱਦਿਆਂ ਨਾਲ ਸੰਬੰਧ ਰੱਖਦੀਆਂ ਹਨ। ਗੁਰਮੀਤ ਸਿੰਗਲ (ਡੁੱਬਦੇ ਸੂਰਜ ਦੀ ਲਾਲੀ), ਜਗਤਾਰ ਜਜ਼ੀਰਾ (ਧਰਮੀ), ਹਰਨੇਕ ਕਲੇਰ (ਵੱਟਾਂ) ਕਹਾਣੀ ਮੈਨੂੰ ਕਾਫੀ ਪਸੰਦ ਆਈਆਂ। ਪ੍ਰੀਤਮ ਅਤੇ ਬਿੰਦਰ ਬੱਸਰਾ ਦੀਆਂ ਕਹਾਣੀਆਂ ਜ਼ਿੰਦਗੀ ਦੇ ਨਵੇਂ ਪਾਸਾਰ ਪੇਸ਼ ਕਰਦੀਆਂ ਕਹਾਣੀਆਂ ਹਨ। ਪ੍ਰੀਤਮ ਦੀ ਕਹਾਣੀ ਬੜੇ ਗਹਿਰੇ ਅਰਥ ਬਿਆਨ ਕਰਦੀ ਕਹਾਣੀ ਹੈ। ਔਰਤ-ਮਰਦ ਦੇ ਸੰਬੰਧਾਂ ਨੂੰ ਬੜੀ ਕਰੂਰਤਾ ਨਾਲ ਪੇਸ਼ ਕਰਦਾ ਹੈ ਪ੍ਰੀਤਮ ਆਪਣੀ ਕਹਾਣੀ ਵਿਚ। ਬਾਕੀ ਮੈਟਰ ਵੀ ਚੰਗਾ ਸੀ। ਖਾਸ ਕਰਕੇ ਪੰਜਾਬੀ ਕਹਾਣੀ ਸੰਬੰਧੀ ਵਿਚਾਰ ਚਰਚਾ। - ਭਵਨਦੀਪ ਸਿੰਘ, ਸਰੀ ਕੈਨੇਡਾ,

ਮੈਂ ਤੁਹਾਡੇ ਨਾਲ ਦੋ ਨੁਕਤਿਆਂ ਉੱਤੇ ਗੱਲ ਕਰਨੀ ਹੈ। ਉਹ ਨੁਕਤੇ 'ਕਹਾਣੀ ਧਾਰਾ' ਦੇ ਅੰਕ ਅਪ੍ਰੈਲ-ਜੂਨ,2007 ਅੰਕ ਵਿਚ ਛਪੇ ਹਨ। ਪਹਿਲਾ ਹੈ ਤੁਸੀਂ ਪੰਨਾ ਨੰਬਰ 4 ਉੱਤੇ ਅਖੀਰ ਵਿਚ 'ਮੁਹਾਂਦਰਾ' ਦੀ ਟਿੱਪਣੀ ਲਾਈ ਹੈ ਜਿਸ ਵਿਚ ਉਸ ਨੇ ਜਿਕਰ ਕੀਤਾ ਹੈ ਕਿ 'ਡਾ. ਹਰੀਸ਼ ਪੁਰੀ ਨੇ ਪੱਟੀ ਦਰਜ ਜਾਤੀਆਂ ਦੀ ਹਾਲਤ ਬਾਰੇ ਆਪਣੇ ਵਿਚਾਰ ਪ੍ਰਗਟਾਏ ਹਨ। ਜੈ ਭੀਮ, ਜੈ ਸੰਘਰਸ਼।' ਕਿਨੀ ਫਜ਼ੂਲ ਟਿੱਪਣੀ ਹੈ। ਸਾਡੇ ਵਿਦਵਾਨਾ ਨੂੰ ਕਿਸੇ ਸਮਾਜਿਕ ਮੁੱਦੇ ਤੇ ਗੱਲ ਕਰਨੀ ਆਉਂਦੀ ਨਹੀਂ ਹੈ। ਬਸ ਆਪਣੇ ਅੰਦਰਲੀ ਭੜਾਸ ਕੱਢਦੇ ਹਨ। ਅਜਿਹੀਆਂ ਗੈਰ-ਗੰਭੀਰ ਟਿੱਪਣੀਆਂ ਪ੍ਰਕਾਸ਼ਤ ਕਰਕੇ ਤੁਸੀਂ ਕੀ ਪਾਠਕਾਂ ਨੂੰ ਦੱਸਣਾ ਚਾਹੁੰਦੇ ਹੋ। ਡਾ. ਹਰੀਸ਼ ਪੁਰੀ ਦਾ ਉਹ ਲੇਖ ਨਿਹਚੇ ਹੀ ਸਾਡੇ ਦਿਮਾਗ ਦੇ ਜਾਲੇ ਸਾਫ ਕਰਦਾ ਹੈ। ਕਿ ਅਸੀਂ ਕਿੱਥੇ ਖੜੇ ਹਾਂ। ਅਜਿਹੀਆਂ ਟਿੱਪਣੀਆਂ ਜਿਨ੍ਹਾਂ ਦਾ ਨਾ ਸਿਰ ਹੈ ਨਾ ਪੈਰ ਦੀ ਪਰਵਾਹ ਕੀਤੇ ਬਿਨਾ ਤੁਰੀਂ ਸਮਾਜਿਕ ਮੁੱਦੇ ਜਿਹੜੇ ਦਲਿਤਾ ਨਾਲ ਸੰਬੰਧਤ ਹਨ ਉਭਾਰਦੇ ਜਾਓ। ਅਤੇ ਅੰਬੇਡਕਰ ਦੀ ਵਿਚਾਰਧਾਰਾ ਦਾ ਵੱਧ ਤੋਂ ਵੱਧ ਫੈਲਾ ਕਰੋ। ਮੇਰਾ ਦੂਜਾ ਨੁਕਤਾ ਹੈ ਪੰਨਾ ਨੰਬਰ 80 ਤੇ ਕੀਤੀ ਟਿੱਪਣੀ ਨਾਲ ਸੰਬੰਧਤ ਡਾ. ਭੀਮ ਇੰਦਰ ਸਿੰਘ ਨੇ 'ਅਖੌਤੀ ਦਲਿਤ ਕਹਾਣੀਕਾਰ' ਲਿਖਿਆ ਇਹ ਅਖੌਤੀ ਦਲਿਤ' ਕੀ ਹੋਇਆ ਬਈ। ਇਹ ਖੱਬੇ-ਪੱਖੀ ਵਿਦਵਾਨਾ ਨੂੰ ਦਲਿਤ ਕਹਾਣੀ ਤੋਂ ਐਨੀ ਚਿੜ ਕਿਓ ਹੋ ਰਹੀ ਹੈ। 'ਇਹ ਅਜੇ ਤੱਕ ਵਰਗ-ਸੰਘਰਸ਼ ਦੀ ਕਹਾਣੀ ਨੂੰ ਆਪਣੇ ਲੰਮੀਆਂ ਤਣੀਆਂ ਵਾਲੇ ਝੋਲਿਆਂ ਵਿਚੋਂ ਬਾਹਰ ਕਿਉਂ ਨਹੀਂ ਕੱਢ ਸਕੇ। ਮੈਂ ਇਹ ਗੱਲ ਦਾਵੇ ਨਾਲ ਕਹਿੰਦਾ ਹਾਂ ਕਿ ਉਹ ਦਲਿਤ ਕਹਾਣੀ ਹੀ ਜੀਉਂਦੀ ਰਹੇਗੀ ਜਿਹੜੀ ਅੰਬੇਡਕਰੀ ਵਿਚਾਰਧਾਰਾ ਨੂੰ ਨਾਲ ਲੈ ਕੇ ਤੁਰੇਗੀ। ਇਹ ਵਿਦਵਾਨ ਅਜੇ ਵੀ ਜਮਾਤੀ-ਸੰਘਰਸ਼ ਤੋਂ ਬਾਹਰ ਨਹੀਂ ਨਿਕਲੇ। ਇਸ ਦੇ ਪਿਟ ਜਾਣ ਦਾ ਇਹੀ ਵੱਡਾ ਕਾਰਨ ਵੀ ਹੈ। ਜਿਨ੍ਹਾਂ ਚਿਰ ਖੱਬੇ ਪੱਖੀ ਸੋਚ ਵਾਲੇ ਵਿਦਵਾਨਾਂ ਦੀ ਜਕੜ ਪੰਜਾਬੀ ਦਲਿਤ ਕਹਾਣੀ ਤੋਂ ਨਹੀਂ ਟੁੱਟਦੀ ਉਨ੍ਹਾਂ ਚਿਰ ਪੰਜਾਬੀ ਦਲਿਤ ਕਹਾਣੀ ਦੀ ਸਹੀ ਤਸਵੀਰ ਸਾਹਮਣੇ ਨਹੀਂ ਆ ਸਕੇਗੀ। ਸਾਡਾ ਇਹ ਦੁਖਾਂਤ ਹੈ ਹੁਣ ਤੱਕ ਉਹੀ ਦਲਿਤ ਕਹਾਣੀ ਉਭਾਰੀ ਜਾ ਰਹੀ ਜਿਹੜੀ ਦਲਿਤਾ ਦੀ ਜਾਂ ਤਾਂ ਖਿੱਲੀ ਉਡਾਉਂਦੀ ਹੈ। ਜਾਂ ਉਨ੍ਹਾਂ ਸਹੀ ਤਰ੍ਹਾਂ ਪੇਸ਼ ਨਹੀਂ ਕਰਦੀ। ਉਮੀਦ ਹੈ ਤੁਸੀਂ ਮੇਰੇ ਵਿਚਾਰਾਂ ਨੂੰ ਪਾਠਕਾਂ ਤੱਕ ਪਹੁਚਾਉਗੇ। - ਡਾ. ਰਵੀਪਾਲ, ਪਿੰਡ ਤੇ ਡਾਕ. ਹੇਲਰ, ਜਲੰਧਰ।



ਪੰਜਾਬੀ 'ਚ ਮਕਬੂਲ ਹੋਈ
ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ
'ਛਾਂਗਿਆ ਰੁੱਖ' ਦਾ ਵਾਣੀ ਪ੍ਰਕਾਸ਼ਨ,
ਦਿੱਲੀ ਵੱਲੋਂ ਪ੍ਰਕਾਸ਼ਤ ਹਿੰਦੀ ਅਨੁਵਾਦ




ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ ਅਨੁਭਵਾਂ ਦਾ ਦੁਰਲੱਭ ਸਾਹਿਤਕ ਰੂਪਾਂਤਰਣ ਹੈ। ਸਵੈ-ਜੀਵਨੀ ਕਾਰ ਨੇ ਜਿਸ ਇਮਾਨਦਾਰੀ, ਸਪੱਸ਼ਟਤਾ ਅਤੇ ਸਹਿਜਤਾ ਨਾਲ ਸਥਿਤੀਆਂ ਨੂੰ ਸ਼ਬਦਾਂ ਵਿਚ ਢਾਲਿਆ ਹੈ। ਉਹ ਦੁਰਲੱਭ ਹੈ। ਇਥੇ ਲੇਖਕ ਤੋਂ ਵੱਧ ਸਥਿਤੀਆਂ ਬੋਲਦੀਆਂ ਹਨ। ਇਹ ਸਥਿਤੀਆਂ ਸਮਾਜਿਕ ਹਨ। ਸਾਹਿਤਕ ਹਨ। ਆਰਥਿਕ ਹਨ ਅਤੇ ਵਿਚਾਰਕ ਵੀ ਹਨ। ਪੰਜਾਬੀ ਦੀ ਪਹਿਲੀ ਦਲਿਤ ਆਤਮ ਕਥਾ ਹੋਣ ਦਾ ਮਾਣ ਤਾਂ ਇਸ ਕਿਰਤ ਨੂੰ ਹੈ ਹੀ। ਇਸ ਰਚਨਾ 'ਚ ਸਮੱਸਿਆਵਾਂ ਸਾਹਿਤ ਦੀ ਸ਼ਕਲ 'ਚ ਦਲਿਤ ਸ਼ਰਤਾਂ ਨੂੰ ਪੂਰੀਆਂ ਕਰਦੀ ਹੈ। ਵੱਡੇ ਕੈਨਵਸ ਦੀ ਜੀਵਨੀ ਹੈ।-ਡਾ. ਸ਼ਯੋਰਾਜ ਸਿੰਘ ਬੇਚੈਨ